# ਮੇਰੀ ਵਿਸ਼ਵ ਯਾਤਰਾ



ਪ੍ਰੋ. ਹਰਦੇਵ ਸਿੰਘ ਵਿਰਕ

# ਮੇਰੀ ਵਿ ਵ ਯਾਤਰਾ

(ਏ ੀਆ, ਅਫਰੀਕਾ, ਅਸਟ੍ਰੇਲੀਆ ਅਤੇ ਲਤੀਨੀ ਅਮਰੀਕਾ)

ਪ੍ਰੋ. ਹਰਦੇਵ ਸਿੰਘ ਵਿਰਕ

ਪੇ ਕ

ਰਘਬੀਰ ਰਚਨਾ ਪ੍ਰਕਾ ਨ

**ਇਸੇ ਕਲਮ ਤੋਂ:**

' ਬ੍ਰਹਿਮੰਡ ਦੀ ਰਚਨਾ
' ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
' ਵਾਯੂ ਮੰਡਲ
' ਧੁਨੀ ਵਿਗਿਆਨ

' ਤਾਪਗਤੀ ਵਿਗਿਆਨ
' ਐਟਮੀ ਭੌਤਿਕ ਵਿਗਿਆਨ
' ਆਦਰ  ਅਤੇ ਹਕੀਕਤ
' ਸਾਡੇ ਵਿਗਿਆਨੀ
' ਵਿਗਿਆਨ ਦੇ ਕ੍ਰਿ ਮੇ
' ਵਿਗਿਆਨ ਅਤੇ ਵਿਗਿਆਨੀਆਂ ਬਾਰੇ ਰੌਚਿਕ ਕਥਾਵਾਂ
' ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨਕ ਦ੍ਰਿ ਟੀਕੋਣ (ਅੰਗ੍ਰੇ ੀ)
' ਪ੍ਰੋ ੈਸਰ ਪੂਰਨ ਸਿੰਘ : ਵਿਗਿਆਨੀ, ਕਵੀ ਅਤੇ ਚਿੰਤਕ
' ਅਮਰੀਕਾ ਕੈਨੇਡਾ ਦੀ ਯਾਤਰਾ
' ਸਿੱਖ ਕੌਮ ਦਾ ਦਰਦ ਅਤੇ ਸੰਤਾਪ
' ਸਿੱਖ ਧਰਮ ਅਤੇ ਵਿਗਿਆਨ


੍ਹ ਂ ਚਵੀਰਗ

ਥਦਜਵਜਰਅ ਯ 2009

ਰਿਜਫਕ ਯ ਵ੍ਤ। 300[

੧ਛਨਟ ਯ

**ਝਕਗਜ ਡਜਤ਼ੀਡ ਢ਼ਵਗ਼**
(ਓਗ਼ਡਕ;ਤ  ਗਰਚਅਦ ਵੀਕ ਭ;ਰਲਕ)
ਲਖ ਯ ਰਿਗੀ  ਗਦਕਡ ਛਜਅਪੀ ਡਜਗਾ

ਥ[ਠ਼ਜ; ਯ ਼ਿਗਦਕਡਤਜਅਪੀ।ਡਜਗਾ"ਪਠ਼ਜ;।ਫਰਠ

ਚੇਲ;ਜਤੀਕਦ ਲਖ ਯ
ਉ਼ਗ;ਰਫ਼ੀਅ ਚੇਲ;ਜਤੀਕਗਤ
3236, ਛਕਫਵਰਗ 15[ਣ, ਡ਼ੀਅਦਜਪ਼ਗੀ
ੳਕ;। ਯ 0172[4613236 (ਝ) 9878603236
ਥ[ਠ਼ਜ; ਯ ਵ਼ਗ;ਰਫ਼ੀਅਬਚਲ;ਜਤੀਕਗਤ"ਖ਼ੀਰਰ।ਫਰ।ਜਅ

# ਤਤਕਰਾ


| | |
|---|---|
| ਵਿ ਵ ਯਾਤਰਾ ਦੀ ਭੂਮਿਕਾ | 7 |
| ਅਰਬਾਂ ਦੀ ਪ੍ਰਾਹੁਣਾਚਾਰੀ | 13 |
| ਮੈਕਸੀਕੋ ਦੀ ਇਕ ਝਲਕ | 18 |
| ਪੂਰਬ ਦਾ ਵੀਨਸ [ ਬੈਕਾਕ | 23 |
| ਕੁਆਲਾ [ ਲੁੰਪਰ | 30 |

ਪੀਨੈਂਗ ਦਾ ਦੌਰਾ 37

ਮਲੇ ੀਆ ਦਾ ਸਿੱਖ ਕਲਚਰ 43

ਮਾਓ ਦਾ ਚੀਨ 49

ਪੀਕਿੰਗ ਦੀ ਸੈਰ 58

ਤੰਗ ਾਨ ਦੀ ਯਾਤਰਾ 65

ਪੀਕਿੰਗ ਦੇ ਅਜਾਇਬ ਘਰ 73

ਰਾਮ ਤੇਰੀ ਅਯੁੱਧਿਆ : ਭਾਰਤ ਕਿ ਥਾਈਲੈਂਡ 80

ਜਪਾਨ ਦੀ ਯਾਤਰਾ 87

ਇਰਾਨ ਦੀ ਯਾਤਰਾ ਅਤੇ ਕੁਵੈਤ ਦੀ ਇਕ ਝਾਕੀ 97

ਪੰਜਾਬ ਅਤੇ ਇਰਾਨ ਦੀ ਸਭਿਆਚਾਰਕ ਸਾਂਝ 104

ਮਿਲਾਪੜੇ ਲੋਕਾਂ ਦਾ ਹਿਰ - ਇਸਫਾਹਨ 113

ਇਰਾਨੀ ਕਲਚਰ ਦਾ ਪ੍ਰਤੀਕ - ਿ ਰਾ 121

ਰਾਮਸਰ ਦੀ ਯਾਤਰਾ 129

ਕਾਂਗਰੂ ਦੇਸ [ ਅਸਟਰੇਲੀਆ 136

ਕੈਂਬਰਾ ਦੇ ਨ ਾਰੇ 142

ਸਿਡਨੀ ਦੇ ਨ ਾਰੇ 149

ਮੇਰਾ ਆਖਰੀ ਪੜਾਅ [ ਮੈਲਬੋਰਨ 155

ਸਿੰਘਾਪੁਰ ਦੇ ਸਿੱਖ ਬਾਬੇ 162

ਜਪਾਨ ਦੀ ਦੂਜੀ ਫੇਰੀ 170

ਟੋਕੀਓ ਦੀ ਸੈਰ 177

ਹਾਕੋਨੇ ਅਤੇ ਕਾਮਾਕੂਰਾ 183

ਓਡਾਵਾਰਾ : ਜਪਾਨ ਦੀ ਤੀਸਰੀ ਯਾਤਰਾ 190

ਦੱਖਣੀ ਕੋਰੀਆ [ ਇਕ ਪੰਛੀ ਝਾਤ 197

ਤਾ ਕੰਦ ਦੀ ਯਾਤਰਾ 202

ਤੈਮੂਰ ਅਤੇ ਉਲਗਬੇਗ ਦਾ ਹਿਰ [ ਸਮਰਕੰਦ 210

ਦਰਵੇ ਾਂ ਦਾ ਹਿਰ : ਐਲ[ਬੁਖਾਰਾ 216

ਯਹੂਦੀਆਂ ਦੀ ਜਨਮ ਭੂਮੀ : ਇ ਰਾਈਲ 222

ਪੈਗੰਬਰਾਂ ਦਾ ਹਿਰ : ਯੂਰੋ ਲਮ 228

ਜਾਰਡਨ ਦੀ ਯਾਤਰਾ ਅਤੇ ਅਰਬਾਂ ਦੀ ਪ੍ਰਾਹੁਣਾਚਾਰੀ 234

ਰੰਗੂਨ ਦੀ ਯਾਤਰਾ 239

ਅਫਰੀਕਾ ਦਾ ਫੁੱਲ: ਅਦੀਸ ਅਬਾਬਾ 244

ਮਿਸਰ ਦਾ ਨਗੀਨਾ: ਕਾਇਰਾ 249

# ਵਿ ਵ ਯਾਤਰਾ ਦੀ ਭੂਮਿਕਾ

(1970 2008)

---

ਮੇਰਾ ਮੁਢਲਾ ਬਚਪਨ ਪਾਕਿਸਤਾਨ ਦੇ ਜਿਲਾ ਲਾਇਲਪੁਰ ਦੇ ਚੱਕ ਨੰਬਰ 270 ਮਾਝੀਵਾਲਾ ਭੁਲੇਰ ਆਪਣੇ ਨਾਨਕੇ ਘਰ ਵਿਚ ਬੀਤਿਆ । 1947 ਵਿਚ ਆਪਣੇ ਦਾਦਕੇ ਘਰ ਕਾਮੋ ਕੇ ਮੰਡੀ ਸਕੂਲ ਵਿਚ ਪੜ੍ਹਨੇ ਪਿਆ ਅਜੇ ਤਿੰਨ ਮਹੀਨੇ ਹੀ ਹੋਏ ਸਨ ਕਿ ਦੇ ਦੀ ਵੰਡ ਹੋ ਗਈ ਅਤੇ ਅਸੀਂ ਰਨਾਰਥੀ ਬਣ ਕੇ ਭਾਰਤ ਵਿਚ ਆ ਵੱਸੇ । ਮਾਲੇਰਕੋਟਲੇ ਦੇ ਲਾਗੇ ੋਕਰਾਂ ਪਿੰਡ ਵਿਚ ਮੇਰੇ ਨਾਨਕੇ ਪਿੰਡ ਵਾਲੇ ਆ ਆਬਾਦ ਹੋਏ ਅਤੇ 1948 ਦੇ ੁਰੂ ਵਿਚ ਪਿੰਡ ਲਸੋਈ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਹੋ ਗਿਆ । ਮੇਰੀ ਉਮਰ 6 ਸਾਲ ਸੀ ਅਤੇ ਹੋ ਵਾਲਾ ਬਚਪਨ ਅਤੇ ਵਿਦਿਆ ਪ੍ਰਾਪਤੀ ਦਾ ਸਮਾਂ ਪਿੰਡ ੋਕਰਾਂ ਵਿਚ ਹੀ ਬੀਤਿਆ । ਕੁਝ ਯਾਦਾਂ ਬਾਰ ਦੇ ਇਲਾਕੇ ਦੀਆਂ ਵੀ ਯਾਦ ਕਤੀ ਦਾ ਹਿੱਸਾ ਬਣ ਗਈਆਂ ਹਨ । ਮਾਝੀ ਵਾਲਾ ਭੁਲੇਰ ਤੋਂ ਲਾਇਲਪੁਰ ਅਤੇ ਕਾਮੋ ਕਿਆਂ ਨੂੰ ਜਾਣ ਲਗਿਆਂ ਰੇਲ ਗੱਡੀ ਦਾ ਸਫਰ ਇਕ ਅਨੋਖਾ ਤਜਰਬਾ ਹੋਇਆ ਕਰਦਾ ਸੀ । ਜਾਂਗਲੀ ਲੋਕਾਂ ਦੇ ਪਿੰਡ ਰਸਤੇ ਵਿਚ ਆਇਆ ਕਰਦੇ । ਮੈਨੂੰ ਉਨ੍ਹਾਂ ਦੀ ਬੋਲੀ ਕਦੇ ਸਮਝ ਨਹੀਂ ਸੀ ਆਉਂਦੀ ਪਰੰਤੂ ਪਾਣੀ ਭਰਦੀਆਂ ਜਾਂਗਲੀ ਮੁਟਿਆਰਾਂ ਦੇ ਮੁਹਾਂਦਰੇ ਮੇਰੇ ਮਨ ਦੇ ਚਿਤਰਪਟ ਤੇ ਉਕਰੇ ਹੋਏ ਹਨ । ਨਾਨਕੇ ਪਿੰਡ ਤੋਂ ਸਮੁੰਦਰੀ ਅਤੇ ਨਨਕਾਣਾ ਸਾਹਿਬ ਦੀ ਯਾਤਰਾ ਵੀ ਬਚਪਨ ਵਿਚ ਕੀਤੀ । ਕਾਮੋਕਿਆਂ ਤੋਂ ਏਮਨਾਬਾਦ ਅਤੇ ਰੋੜੀ ਸਾਹਿਬ ਦੇ ਦਰ ਨ ਵੀ ਕੀਤੇ । ਪਾਕਿਸਤਾਨ ਬਣਨ ਉਪਰੰਤ ਲਾਹੌਰ ਹਿਰ ਵਿਚ ਕਤਲੇਆਮ ਹੁੰਦਾ ਵੀ ਵੇਖਿਆ । ਸਰਹੱਦ ਪਾਰ ਕਰਕੇ ਅੰਮ੍ਰਿਤਸਰ ਇਕ ਮਹੀਨਾ ਰਨਾਰਥੀ ਕੈਂਪ ਵਿਚ ਕੱਟਿਆ ਜੋ ਮੌਜੂਦਾ ਮੈਡੀਕਲ ਕਾਲਜ ਵਿਚ ਲਗਿਆ ਸੀ । ਕੈਂਪ ਵਿਚੋਂ ਦਰਬਾਰ ਸਾਹਿਬ ਦੇ ਦਰ ਨ ਕਰਨ ਜਾਇਆ ਕਰਦੇ । ਪਿੰਡ ੋਕਰਾਂ ਤੋਂ ਬਟਾਲਾ ਅਤੇ ਕਾਦੀਆਂ ਦੀ ਯਾਤਰਾ ਕਈ ਸਾਲ ਗਰਮੀ ਦੀਆਂ ਛੁਟੀਆਂ ਵਿਚ ਕੀਤੀ ਕਿਉਂਕਿ ਬਹੁਤੇ ਰਿ ਤੇਦਾਰ ਇਧਰ ਹੀ ਰਹਿੰਦੇ ਸਨ । ਮਲੇਰਕੋਟਲੇ ਤੋਂ ਅੱਧੀ ਰਾਤੀਂ ਗੱਡੀ ਵਿਚ ਸਵਾਰ ਹੋ ਕੇ ਸਵੇਰੇ ਸੂਰਜ ਚੜ੍ਹੇ ਅੰਮ੍ਰਿਤਸਰ ਪਹੁੰਚ ਜਾਣਾ । ਦਰਬਾਰ ਸਾਹਿਬ ਦੇ ਦਰ ਨ ਕਰਕੇ ਅਗਲੀ ਯਾਤਰਾ ਆਰੰਭ ਕਰ ਦੇਣੀ । ਇਨ੍ਹਾਂ ਬਚਪਨ ਦੀਆਂ ਯਾਤਰਾਵਾਂ ਨੇ ਮਨ ਨੂੰ ਖੇੜੇ ਵਿਚ ਲੈ ਆਉਣਾ । ਮੇਰੀ ਨਾਨੀ ਆਮ ਤੌਰ ਤੇ ਯਾਤਰਾ ਦੌਰਾਨ ਮੇਰੀ ਅਗਵਾਈ ਕਰਿਆ ਕਰਦੀ ਸੀ । ਉਸ ਨੇ ਹਮੇ ਾਂ ਮੇਰੀ ਮਾਂ ਨੂੰ ਕਹਿਣਾ ਤੇਰਾ ਮੁੰਡਾ ਤਾਂ ਸ ਰ ਵਿਚ ਮੇਰਾ ਸਿਰ ਖਾ ਲੈਂਦਾ ਹੈ। ਇਸ ਨੇ ਪਤਾ ਨਹੀਂ ਕੀ ਕਾਂ ਖਾਂਦੇ ਹਨ । ਵਾਕਿਆ ਹੀ ਮੇਰੀ ਉਤਸੁਕਤਾ ਹੁੰਦੀ ਕਿ ਹਰ ਜਗਹ ਬਾਰੇ ਜਾਣਕਾਰੀ ਹਾਸਲ ਕਰਾਂ। ਯਾਤਰਾ ਦੌਰਾਨ ਮੈ ਰਾਤ ਭਰ ਜਾਗ ਕੇ ਸ ਰ ਪੂਰਾ ਕਰਦਾ ਤਾਂ ਕਿ ਕੋਈ ਨਜਾਰਾ ਵੇਖੇ ਬਗੈਰ ਨਾ ਲੰਘ ਜਾਵੇ। ਮਲੇਰਕੋਟਲੇ ਤੋਂ ਅੰਮ੍ਰਿਤਸਰ ਤੱਕ ਰਾਹ ਵਿਚ ਆਉਂਦੇ ਸਾਰੇ ਸਟੇ ਨਾਂ ਦੇ ਨਾਮ, ਦਰਿਆਵਾਂ ਅਤੇ ਨਹਿਰਾਂ ਬਾਰੇ ਪੂਰੀ ਵਾਕ ੀ ਅਤੇ ਹੋਰ ਨ ਾਰਿਆਂ ਦਾ ਵੇਰਵਾ ਮੇਰੀ ਯਾਦ ਦਾ ਹਿਸਾ ਬਣ ਜਾਂਦਾ । ਯਾਤਰਾ ਤੋਂ ਬਾਅਦ ਪੜ੍ਹਾਈ ਵਿਚ ਰੁੱਝ ਜਾਣਾ ਅਤੇ ਅਗਲੇ ਸਾਲ ਦੀਆਂ ਗਰਮੀ ਦੀਆਂ ਛੁੱਟੀਆਂ ਦੀ ਉਡੀਕ ਕਰਨੀ ।

ਕਾਲਜ ਦੀ ਪੜ੍ਹਾਈ ਦੌਰਾਨ ਯਾਤਰਾ ਕਰਨ ਦਾ ਮੌਕਾ ਨਾ ਮਿਲਿਆ । ਘਰ ਦੀ ਮਾਲੀ ਹਾਲਤ ਬਹੁਤ ਨਿਘਰ ਗਈ ਅਤੇ ਮੈਨੂੰ ਆਪਣੀ ਪੜ੍ਹਾਈ ਨੂੰ ਨੇਪਰੇ ਚਾੜ੍ਹਨਾ ਹੀ ਮੁ ਕਲ ਜਾਪਣ ਲੱਗਿਆ । ਆਪਣੇ ਉਸਤਾਦਾਂ ਦੀ ਮੱਦਦ ਨਾਲ ਅਤੇ ਆਪਣੀ ਸਖਤ ਮਿਹਨਤ ਦੇ ਆਸਰੇ ਮੈ ਸਕੂਲ ਵਿਚੋਂ ਅੱਵਲ ਰਹਿ ਕੇ ਦਸਵੀਂ ਦਾ ਇਮਤਿਹਾਨ ਪਾਸ ਕੀਤਾ ਅਤੇ ਕਾਲਜ ਵਿਚ ਵੀ ਚੰਗਾ ਨਾਮਣਾ ਖੱਟਿਆ । ਸ ਰ ਦਾ ਕਿਰਾਇਆ ਬਚਾਣ ਖਾਤਰ ਮੈ ਕਈ ਵਾਰ ਸੌ ਸੌ ਕਿਲੋਮੀਟਰ ਦਾ ਸਫਰ ਆਪਣੇ ਸਾਈਕਲ ਉਪਰ ਹੀ ਕਰ ਆਉਂਦਾ । ਲਗਭਗ ਹਰ ਹਫਤੇ ਪਟਿਆਲੇ ਮਹਿੰਦਰਾ ਕਾਲਜ ਤੋਂ ਆਪਣੇ ਪਿੰਡ ੋਕਰਾਂ 60 ਕਿਲੋਮੀਟਰ ਦਾ ਸਫਰ ਸਾਈਕਲ ਤੇ ਕਰਕੇ ਆਉਣਾ ਅਤੇ ਅਗਲੇ ਦਿਨ ਇਹੋ ਸਫਰ ਕਰਕੇ ਵਾਪਸ ਪਰਤ ਜਾਣਾ । ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਦਾ ਲ ਹੋ ਕ 1961 ਵਿਚ ਦਿੱਲੀ, ਮੇਰਠ ਅਤੇ ਆਗਰਾ ਵੇਖਣ ਦਾ ਮੌਕਾ ਮਿਲਿਆ । ਪੰਜਾਬ ਤੋਂ ਬਾਹਰ ਇਹ ਪਹਿਲਾ ਮੌਕਾ ਸੀ ਕਿ ਮੈਨੂੰ ਦੋ ਸਾਲ ਮੁਸਲਿਮ ਯੂਨੀਵਰਸਿਟੀ ਵਿਚ ਰਹਿ ਕੇ ਪੜ੍ਹਨਾ ਪਿਆ । ਭਾਵੇ ਮੇਰੀ ਪੜ੍ਹਾਈ ਉਪਰ ਤਾਂ ਇਸ ਤਬਦੀਲੀ ਦਾ ਮਾੜਾ ਅਸਰ ਹੀ ਪਿਆ । ਪਰੰਤੂ ਮੇਰੀ ਜੀਵਨ ਯਾਤਰਾ ਵਿਚ ਇਹ ਤਜਰਬਾ ਕਾਫੀ ਸਹਾਈ ਹੋਇਆ । ਓਪਰੇ ਧਰਮ ਅਤੇ ਖਿੱਤੇ ਦੇ ਲੋਕਾਂ ਵਿਚ ਰਲ ਮਿਲ ਕੇ ਰਹਿਣ ਦਾ ਇਹ ਪਹਿਲਾ ਮੌਕਾ ਸੀ ।

1963 ਵਿਚ ਮੇਰੀ ਨੌਕਰੀ ਪਹਿਲਾਂ ਜਲੰਧਰ ਅਤੇ ਫਿਰ ਲੁਧਿਆਣੇ ਵਿਖੇ ਲਗ ਗਈ । ਘਰ ਦੀ ਮਾਲੀ ਹਾਲਤ ਵੀ ਸੁਧਰ ਗਈ ਅਤੇ ਮੇਰੀ ਸਵਾਰੀ ਸਾਈਕਲ ਦੀ ਬਜਾਏ ਮੋਟਰ ਸਾਈਕਲ ਉਪਰ ਹੋ ਗਈ । ਹੁਣ ਅੰਮ੍ਰਿਤਸਰ ਮੋਟਰ ਸਾਈਕਲ ਤੇ ਪਹੁੰਚ ਜਾਣਾ । ਕਈ ਵਾਰ

ਸੰਤ ਈ ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਦੀਵਾਨਾਂ ਵਿਚ ਮੋਟਰ ਸਾਈਕਲ ਉਪਰ ਸਵਾਰ ਹੋ ਕੇ ਹਾਜਰੀ ਭਰ ਆਉਣੀ । ਇਸੇ ਤਰ੍ਹਾਂ ਹੀ ਅਖੰਡ ਕੀਰਤਨੀ ਜਥੇ ਦੇ ਕਈ ਰੈਣ ਸਬਾਈ ਪ੍ਰੋਗਰਾਮ ਸੁਣਨ ਦਾ ਮੌਕਾ ਬਣਿਆ।

1965 ਵਿਚ ਮੈ ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਜਾ ਨੌਕਰੀ ਕੀਤੀ । ਮੋਟਰ ਸਾਈਕਲ ਤੇ ਪੰਜਾਬ ਦੇ ਹਿਰਾਂ ਅਤੇ ਪਿੰਡਾਂ ਦਾ ਦੌਰਾ ਕੀਤਾ । ਗੁਰਦੁਆਰਿਆਂ ਦੀ ਯਾਤਰਾ ਵੀ ਕੀਤੀ ਅਤੇ ਇਕ ਪੰਜਾਬੀ ਕਾਨਫਰੰਸ ਦੌਰਾਨ ਪਾਉਂਟਾ ਸਾਹਿਬ ਦੀ ਯਾਤਰਾ ਪਹਾੜੀ ਰਸਤੇ ਕੀਤੀ । ਜਿਥੇ ਬਚਪਨ ਵਿਚ ਮੇਰੀ ਨਾਨੀ ਸਾਥ ਹੋਇਆ ਕਰਦੀ ਸੀ, ਹੁਣ ਮੇਰੀ ਮਾਂ ਨੇ ਸਾਥ ਦੇਣਾ ੁਰੂ ਕਰ ਦਿੱਤਾ । ਉਹ ਬੜੀ ਧਾਰਮਿਕ ਰੁਚੀ ਦੀ ਮਾਲਕ ਸੀ, ਅਤੇ ਮੇਰੀ ਯਾਤਰਾ ਵਿਚ ਕਈ ਧਾਰਮਿਕ ਸਥਾਨ ਾਮਲ ਹੋ ਜਾਂਦੇ । ਪਟਿਆਲੇ ਦੀ ਨੌਕਰੀ ਦੌਰਾਨ ਕਈ ਵਿਦਿਆਰਥੀਆਂ ਦੇ ਗਰੁੱਪ ਵੀ ਲਿਜਾਣ ਦਾ ਮੌਕਾ ਮਿਲਿਆ । ਭਾਖੜਾ ਨੰਗਲ, ਪਿੰਜੋਰ, ਜੈਪੁਰ, ਡੇਹਰਾਦੂਨ, ਮਸੂਰੀ, ਿਮਲਾ ਤੋਂ ਬਾਅਦ ਇਕ ਚੱਕਰ ਨੇਪਾਲ ਦੀ ਰਾਜਧਾਨੀ ਕਾਠਮੰਡੂ ਦਾ ਵੀ ਲੱਗਾ। ਬਲਕਿ ਵਿਦਿਆਰਥੀ ਕਿਸੇ ਹੋਰ ਦੀ ਅਗਵਾਈ ਵਿਚ ਟੂਰ ਤੇ ਜਾਣਾ ਪਸੰਦ ਹੀ ਨਹੀਂ ਸਨ ਕਰਦੇ । ਉਹ ਹਮੇ ਾਂ ਮੈਨੂੰ ਨਾਲ ਲੈ ਜਾਣ ਲਈ ਖਹਿੜੇ ਪੈ ਜਾਂਦੇ । ਕਈ ਹੋਰ ਸਾਥੀ ਅਧਿਆਪਕ ਤਾਂ ਇਸ ਗਲੋਂ ਮੇਰੇ ਨਾਲ ਰੰਜ ਵੀ ਕਰਦੇ । ਮੇਰੀ ਕਾਮਯਾਬੀ ਦਾ ਸਿਹਰਾ ਇਸ ਗੱਲ ਤੇ ਨਿਰਭਰ ਕਰਦਾ ਸੀ ਕਿ ਮੈਨੂੰ ਖੁਦ ਵੀ ਯਾਤਰਾ ਕਰਨ ਦਾ ੌਕ ਸੀ ਅਤੇ ਵਿਦਿਆਰਥੀ ਮੇਰੇ ਨਾਲ ਖੁ ਰਹਿੰਦੇ ਸਨ । ਰੇਲ ਦੀ ਯਾਤਰਾ ਕਈ ਵਾਰ ਜੋ ਮ ਭਰੀ ਬਣ ਜਾਂਦੀ । ਖਾਸ ਕਰਕੇ ਕਾਠਮੰਡੂ ਦੀ ਯਾਤਰਾ ਦੌਰਾਨ ਬਿਹਾਰ ਦੇ ਇਲਾਕੇ ਵਿਚ ਹੜਾਂ ਕਾਰਨ ਕਈ ਰੂਟ ਬਦਲ ਕੇ ਜਾਣਾ ਪਿਆ ਅਤੇ ਵਾਪਸੀ ਉਪਰੰਤ ਕਸਟਮ ਵਾਲਿਆਂ ਨੇ ਸਾਡਾ ਸਾਰਾ ਸਮਾਨ ਖੋਹ ਕੇ ਹੀ ਬੰਦ ਖਲਾਸੀ ਕੀਤੀ ।

ਪਟਿਆਲੇ ਦੀ ਨੌਕਰੀ ਦੌਰਾਨ 1969 ਵਿਚ ਮੇਰੀ ਰੂਸ ਵਿਖੇ ਉਚ ਵਿਦਿਆ ਪ੍ਰਾਪਤੀ ਲਈ ਚੋਣ ਹੋ ਗਈ । ਮੈ ਮਸਾਕੋ ਜਾਣ ਦੀ ਤਿਆਰੀ ਕਰ ਰਿਹਾ ਸਾਂ ਕਿ ਮੇਰੀ ਯਾਤਰਾ ਵਿਚੇ ਹੀ ਰਹਿ ਗਈ । ਰੂਸ ਵਾਲਿਆਂ ਨੇ ਵ ੀਫਿਆਂ ਦੀ ਗਿਣਤੀ ਘਟਾ ਦਿਤੀ ਅਤੇ ਮੇਰਾ ਪ੍ਰੋਗਰਾਮ ਵਿਚੇ ਹੀ ਰਹਿ ਗਿਆ । 1970 ਵਿਚ ਮੈ ਫਰਾਂਸੀਸੀ ਸਰਕਾਰ ਦੇ ਵਜ਼ੀ ੇ ਤੇ ਪੈਰਿਸ ਜਾਣ ਲਈ ਚੁਣਿਆ ਗਿਆ । ਮੇਰੇ ਸਾਰੇ ਦੋਸਤਾਂ ਨੇ ਕਿਹਾ ਕਿ ਤੇਰੀ ਕਿਸਮਤ ਚੰਗੀ ਨਿਕਲੀ ਹੈ। ਤੂੰ ਮਾਸਕੋ ਦੀ ਬਜਾਏ ਪੈਰਿਸ ਦੇ ਹੁਸੀਨ ਹਿਰ ਪੜ੍ਹਨ ਲਈ ਜਾ ਰਿਹਾ ਏ ਅਤੇ ਰੂਸ ਦੇ ਮੁਕਾਬਲੇ ਫਰਾਂਸ ਵਿਚ ਵਧੇਰੇ ਅ ਾਦ ਮਾਹੌਲ ਵਿਚ ਵਿਚਰ ਸਕੇਗਾ ।

ਅਕਤੂਬਰ 1970 ਨੂੰ ਏਅਰ ਫਰਾਂਸ ਦੇ ਜਹਾ ਤੇ ਸਵਾਰ ਹੋ ਕੇ ਮੈ ਫਰਾਂਸ ਦੀ ਰਾਜਧਾਨੀ ਪੈਰਿਸ ਪਹੁੰਚ ਗਿਆ । ਉਥੇ ਹਰ ਵੀਕ ਐਂਡ ਤੇ ਵਿਦਿਆਰਥੀਆਂ ਲਈ ਟੂਰ ਪ੍ਰੋਗਰਾਮ ਉਲੀਕੇ ਹੁੰਦੇ ਸਨ। ਮੈ ਇਨ੍ਹਾਂ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ । ਫਰਾਂਸ ਦਾ ਹਰ ਕੋਨਾ ਘੁੰਮਿਆ। ਗਰਮੀ ਦੀਆਂ ਛੁੱਟੀਆਂ ਵਿਚ ਵਿਦੇ ਜਾਣ ਦੇ ਪ੍ਰੋਗਰਾਮ ਉਲੀਕੇ ਜਾਂਦੇ । ਮੈ ਇੰਗਲੈਂਡ, ਹਾਲੈਂਡ, ਇਟਲੀ, ਯੂਗੋਸਲਾਵੀਆ, ਚੈਕੋਸਲੋਵਾਕੀਆ, ਜਰਮਨੀ ਅਤੇ ਪੋਲੈਂਡ ਦੀ ਯਾਤਰਾ ਵੀ ਰੇਲ ਗੱਡੀ ਤੇ ਸਵਾਰ ਹੋ ਕੇ ਕੀਤੀ । ਨਵੰਬਰ 1972 ਵਿਚ ਮੈ ਦੋ ਸਾਲ ਦੀ ਵਿਦੇ ਯਾਤਰਾ ਉਪਰੰਤ ਪਟਿਆਲੇ ਪਰਤ ਆਇਆ । ਮੇਰਾ ਵ ੀਫਾ ਤਾਂ ਤਿੰਨ ਸਾਲ ਦਾ ਸੀ ਪਰੰਤੂ ਮੈ ਪੀ. ਐਚ. ਡੀ. ਦੀ ਖੋਜ ਦੋ ਸਾਲ ਚ ਹੀ ਪੂਰੀ ਕਰ ਲਈ ਅਤੇ ਆਪਣੇ ਦੇ ਪਰਤਣਾ ਠੀਕ ਸਮਝਿਆ । ਪੈਰਿਸ ਦੀ ਤਸੱਲੀਬ ਖੋਜ ਪ੍ਰਾਪਤੀ ਵਿਚ ਮੇਰੀਆਂ ਯਾਤਰਾਵਾਂ ਨੇ ਬਹੁਤ ਅਹਿਮ ਰੋਲ ਅਦਾ ਕੀਤਾ । ਹਰ ਯਾਤਰਾ ਉਪਰੰਤ ਮੈ ਦਿਨ ਰਾਤ ਖੋਜ ਕੰਮ ਵਿਚ ਮਗਨ ਹੋ ਜਾਂਦਾ ਅਤੇ ਸਭ ਭਾਰਤੀ ਵਿਦਿਆਰਥੀਆਂ ਨਾਲੋਂ ਪਹਿਲਾਂ ਖੋਜ ਕੰਮ ਪੂਰਾ ਕਰਕੇ ਡਿਗਰੀ ਹਾਸਲ ਕਰ ਲਈ ।

ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਮੇਰੀ ਨਿਯੁਕਤੀ ਵੇਲੇ ਇਕ ਪ੍ਰਣ ਲਿਆ ਗਿਆ ਕਿ ਮੈ ਵਿਗਿਆਨ ਦੇ ਵਿ ਿਆਂ ਨੂੰ ਪੰਜਾਬੀ ਭਾ ਾ ਵਿਚ ਅਧਿਆਪਨ ਕਾਰਜ ਲਈ ਲਾਗੂ ਕਰਨ ਖਾਤਰ ਪੂਰਾ ਯੋਗਦਾਨ ਪਾਵਾਂਗਾ। ਇਸ ਪ੍ਰਤੱਗਿਆ ਉਪਰ ਪੂਰਾ ਉਤਰਣ ਲਈ ਮੈ ਵਿਗਿਆਨਕ ਵਿ ਿਆਂ ਉਪਰ ਪੰਜ ਪੁਸਤਕਾਂ ਤਿਆਰ ਕਰ ਕੇ ਯੂਨੀਵਰਸਿਟੀ ਦੇ ਹਵਾਲੇ ਕੀਤੀਆਂ। ਮਾਧਿਅਮ ਪ੍ਰੀਵਰਤਨ ਦੀ ਇਨਾਮੀ ਸਕੀਮ ਅਧੀਨ ਤਿੰਨ ਵਾਰ ਪਹਿਲਾ ਇਨਾਮ ਵੀ ਹਾਸਲ ਕੀਤਾ । ਪ੍ਰੰਤੂ 1975 ਤੱਕ ਇਹ ਸਪ ਟ ਹੋ ਗਿਆ ਸੀ ਕਿ ਪੰਜਾਬ ਸਰਕਾਰ ਅਤੇ ਇੱਥੋ ਦੀਆਂ ਯੂਨੀਵਰਸਿਟੀਆਂ ਵਿਗਿਆਨ ਦੇ ਖੇਤਰ ਵਿਚ ਪੰਜਾਬੀ ਭਾ ਾ ਲਾਗੂ ਕਰਨ ਲਈ ਤੱਤਪਰ ਨਹੀਂ ।

1977 ਵਿਚ ਇਟਲੀ ਦੇ ਤਰੀਸਤੇ ਹਿਰ ਵਿਚ ਇਕ ਪੰਦਰਾਂ ਹਫਤੇ ਦੀ ਵਰਕ ਾਪ ਦਾ ਸੱਦਾ ਪੱਤਰ ਆ ਗਿਆ । ਇਸ ਹਿਰ ਦੇ ਅੰਤਰਰਾ ਟਰੀ ਭੌਤਿਕ ਵਿਗਿਆਨ ਕੇਂਦਰ ਦਾ ਡਾਇਰੈਕਟਰ ਪ੍ਰੋ: ਅਬਦੁੱਸ ਸਲਾਮ ਸੀ ਅਤੇ ਮੇਰੀ ਤਮੰਨਾ ਸੀ ਕਿ ਇਸ ਮਹਾਨ ਵਿਗਿਆਨੀ ਦੀ ਛਤਰ ਛਾਇਆ ਹੇਠ ਖੋਜ ਕਰਨ ਦਾ ਸੁਭਾਗ ਪ੍ਰਾਪਤ ਕੀਤਾ ਜਾਵੇ। ਮੇਰਾ ਸੁਪਨਾ ਸਾਕਾਰ

ਹੋ ਗਿਆ । 1985 ਵਿਚ ਮੈਨੂੰ ਇਸ ਸੰਸਥਾ ਦਾ ਸੀਨੀਅਰ ਐਸੋਸੀਏਟ ਥਾਪਿਆ ਗਿਆ । ਇਸ ਸੰਸਥਾ ਦਵਾਰਾ ਮੈ ਇਕ ਦਰਜਨ ਤੋ ਵਧੀਕ ਗੇੜੇ ਯੂਰਪ ਅਤੇ ਏ ਿਆ ਦੇ ਦੇ ਾਂ ਦੇ ਲਗਾਣ ਵਿਚ ਕਾਮਯਾਬ ਹੋਇਆ । ਆਪਣੀ ਖੋਜ ਤੋ ਇਲਾਵਾ ਮੈਨੂੰ ਹਰ ਦੇ  ਦੇ ਸਭਿਆਚਾਰ ਦੇ ਅਧਿਐਨ ਦਾ ਚੰਗਾ ਮੌਕਾ ਵੀ ਮਿਲਿਆ । ਮੈ ਤਰੀਸਤੇ ਕੇਂਦਰ ਅਤੇ ਪ੍ਰੋ: ਅਬਦੁੱਸ ਸਲਾਮ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਵਿ ਵ ਯਾਤਰਾ ਦੀ ਤਮੰਨਾ ਪੂਰੀ ਕਰਨ ਵਿਚ ਆਰਥਿਕ ਸਹਾਇਤਾ ਮੁਹੱਈਆ ਕੀਤੀ ।  ਇਸ ਤੋ ਉਪਰੰਤ ਤਾਂ ਚੰਦਰਮਾ ਦੀ ਧਰਤੀ ਵੇਖਣ ਦਾ ਸੁਪਨਾ ਹੀ ਸਾਕਾਰ ਹੋਣਾ ਬਾਕੀ ਰਹਿ ਜਾਵੇਗਾ ।

ਪਿਛਲੇ ਇਠੱਤੀ ਵਰ੍ਹਿਆਂ ਦੌਰਾਨ ਵਿ ਵ ਯਾਤਰਾ ਦਾ ਸੁਪਨਾ ਸਾਕਾਰ ਹੋ ਗਿਆ ਜਾਪਦਾ ਹੈ। ਇਹ ਕਿਸੇ ਸੋਚੀ ਸਮਝੀ ਵਿਚਾਰ ਦਾ ਸਿੱਟਾ ਨਹੀ ਹੈ, ਬਲਕਿ ਇਕ ਮੌਕਾ ਮੇਲ ਹੀ ਕਿਹਾ ਜਾ ਸਕਦਾ ਹੈ । ਪਹਿਲਾਂ ਵਿਦਿਆ ਪ੍ਰਾਪਤੀ ਦੇ ਸੰਬੰਧ ਵਿਚ ਜਾਣ ਦਾ ਮੌਕਾ ਬਣਿਆ ਸੀ ਅਤੇ ਬਾਅਦ ਵਿਚ ਅੰਤਰਰਾ ਟਰੀ ਕਾਨਫਰੰਸਾਂ ਵਿਚ  ਮੂਲੀਅਤ ਦੇ ਸੱਦੇ ਆਉਦੇ ਰਹੇ ਅਤੇ ਮੇਰੀ ਵਿ ਵ ਯਾਤਰਾ ਦਾ ਸਿਲਸਿਲਾ ਜਾਰੀ ਰਿਹਾ ।

ਵਿਦੇ  ਯਾਤਰਾ ਦਾ ਮੇਰਾ ਪਹਿਲਾ ਲੇਖ  ਮਿੱਤਰ ਦੇ  ਯੂਗੋਸਲਾਵੀਆ  1980 ਵਿਚ ਕੌਮੀ ਏਕਤਾ ਵਿਚ ਛਪਿਆ ਸੀ। ਪ੍ਰੋ ਦੀਵਾਨ ਸਿੰਘ ਹੋਰਾਂ ਇਸ ਲੇਖ ਦੀ ਬਹੁਤ  ਲਾਘਾ ਕੀਤੀ । ਉਸ ਤੋ ਬਾਅਦ ਮੇਰੀ ਵਿਦੇ  ਯਾਤਰਾ ਦੇ ਲੇਖ ਪੰਜਾਬੀ ਟ੍ਰੀਬਿਊਨ ਅਤੇ ਅਜੀਤ ਅ ਬਾਰਾਂ ਵਿਚ ਨਿਰੰਤਰ ਛਪਦੇ ਰਹੇ ਹਨ। ਮੇਰੇ ਪਾਠਕਾਂ ਨੇ ਕਈ ਵਾਰ ਸੁਝਾਅ ਦਿਤਾ ਕਿ ਇਨ੍ਹਾਂ ਉਘੜ ਦੁਘੜੇ ਲੇਖਾਂ ਨੂੰ ਮੈ ਪੁਸਤਕ ਦੇ ਰੂਪ ਵਿਚ ਛਪਾ ਦੇਵਾਂ ਤਾਂ ਚੰਗਾ ਹੋਵੇਗਾ । ਆਪਣੇ ਖੋਜ ਪ੍ਰੋਜੈਕਟਾਂ ਵਿਚ ਰੁੱਝੇ ਹੋਣ ਕਾਰਨ ਹਮੇ ਾਂ ਸਮੇ ਦੀ ਥੁੜ ਰਹੀ ਹੈ ਅਤੇ ਇਹ ਕੰਮ ਨੇਪਰੇ ਨਾ ਚੜ੍ਹ ਸਕਿਆ । ਹੁਣ ਨੌਕਰੀ ਤੋ ਸੇਵਾਮੁਕਤ ਹੋ ਕੇ ਮੈ ਯਾਤਰਾ ਲੇਖਾਂ ਨੂੰ ਤਰਤੀਬ ਵਾਰ ਪੁਸਤਕ ਦਾ ਰੂਪ ਦੇਣ ਲਈ ਦ੍ਰਿੜ ਨਿਸਚਾ ਕਰ ਲਿਆ ਹੈ । ਵੰਨ ਸੁਵੰਨੇ ਲੋਕਾਂ ਅਤੇ ਧਰਤੀਆਂ ਬਾਰੇ ਜੋ ਨਿੱਜੀ ਪੱਧਰ ਉਪਰ ਜਾਣਕਾਰੀ ਪ੍ਰਾਪਤ ਹੋਈ ਹੈ, ਉਹ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ । ਮੇਰਾ ਵਿਚਾਰ ਹੈ ਕਿ ਮੇਰੀ ਜਾਣਕਾਰੀ ਨਿਰੀ ਪੁਰੀ ਅੰਕੜਿਆਂ ਤੇ ਅਧਾਰਿਤ ਨਹੀ ਸਗੋ ਵਿਦੇ  ਵਿਚ ਵੱਸ ਰਹੇ ਪੰਜਾਬੀਆਂ ਅਤੇ ਉਥੋ ਦੇ ਲੋਕਾਂ ਨਾਲ ਨਿੱਜੀ ਸੰਪਰਕ ਤੋ ਪ੍ਰਾਪਤ ਹੋਈ ਹੋਣ ਕਰਕੇ ਵਧੇਰੇ ਅਰਥ ਭਰਪੂਰ ਜਾਪਦੀ ਹੈ । ਉਮੀਦ ਹੈ  ਮੇਰੀ ਵਿ ਵ ਯਾਤਰਾ  ਪਾਠਕਾਂ ਦੇ ਮਨਾਂ ਵਿਚ ਵਿਦੇ  ਯਾਤਰਾ ਦੀ ਰੁਚੀ ਨੂੰ ਟੁੰਬੇਗੀ ।

ਪ੍ਰੋ: ਹਰਦੇਵ ਸਿੰਘ ਵਿਰਕ

360 ਸੈਕਟਰ 71, ਮੋਹਾਲੀ

ੋਨ: 9471553347

ਕ[ਨ਼ਜ;ਧ ਿਗਦਕਡਤਜਅਪੀ।ਡਜਗਾ"ਪਨ਼ਜ;।ਫਰਠ

# ਅਰਬਾਂ ਦੀ ਪ੍ਰਾਹੁਣਾਚਾਰੀ

---

ਟਿਊਨਿਸੀਆ ਦੇ ਮੋਨਸਿਫ ਫਿਕੀਹ ਨਾਲ ਮੇਰੀ ਵਾਕਫੀ ਪੈਰਿਸ ਯੂਨੀਵਰਸਿਟੀ ਦੇ ਬਾਹਰ ਇਕ ਕਿਤਾਬਾਂ ਦੀ ਦੂਕਾਨ ਤੇ ਹੋਈ ਜਿਥੇ ਕਦੇ ਕਦਾਈ ਮੈ ਚੁੰਚ ਗਿਆਨ ਦੇ ਵਾਧੇ ਲਈ ਪੁਸਤਕਾਂ ਫਰੋਲਿਆ ਕਰਦਾ ਸੀ ਅਤੇ ਫਿਕੀਹ ਇਸ ਦੁਕਾਨ ਤੇ ਸੇਲ ਮੈਨ ਦਾ ਕੰਮ ਕਰਕੇ ਪੜ੍ਹਾਈ ਦਾ ਖਰਚਾ ਪੂਰਾ ਕਰਦਾ ਸੀ । ਹੌਲੀ ਹੌਲੀ ਇਹ ਵਾਕਫੀ ਦੋਸਤੀ ਦਾ ਰੂਪ ਧਾਰ ਗਈ ਅਤੇ ਜਦੋਂ ਮੈ 1972 ਵਿੱਚ ਖੋਜ ਦਾ ਕੰਮ ਮੁਕਾ ਕੇ ਦੇ  ਪਰਤਿਆ ਤਾਂ ਫਿਕੀਹ ਨਾਲ ਵਾਇਦਾ ਕਰ ਚੁਕਾ ਸਾਂ ਕਿ ਟਿਊਨਿਸੀਆ ਦੀ ਯਾਤਰਾ ਕਰਾਂਗਾ । ਉਹ ਵੀ 1973 ਵਿੱਚ ਦੇ  ਪਰਤ ਗਿਆ ਅਤੇ ਟਿਊਨਿਸ  ਹਿਰ ਵਿੱਚ ਰੁਜਗਾਰ ਅਫਸਰ ਦੀ ਨੌਕਰੀ ਤੇ ਕੰਮ ਕਰਨ ਲਗਾ । 1975 ਵਿੱਚ ਉਸਨੇ ਆਪਣੀ  ਾਦੀ ਤੇ ਸੱਦਾ ਭੇਜਿਆ ਪਰ ਮੈ ਨਾ ਜਾ ਸਕਿਆ ਪਰੰਤੂ 1977 ਵਿੱਚ ਜਦੋਂ ਮੈ ਇਟਲੀ ਅਤੇ ਫਰਾਂਸ ਦੇ  ਦੂਸਰੇ ਦੌਰੇ ਤੇ ਸਾਂ, ਤਾਂ ਦਸੰਬਰ ਦੇ ਅ ੀਰ ਵਿੱਚ ਵੱਡੇ ਦਿਨਾਂ ਦੀਆਂ ਛੁਟੀਆਂ ਫਿਕੀਹ ਦੇ ਦੇ  ਗੁਜਾਰਨ ਦਾ ਵਿਚਾਰ ਬਣਿਆ । 25 ਦਸੰਬਰ ਨੂੰ ਹਵਾਈ ਜਹਾ  ਰਾਹੀਂ ਮੈ ਰੋਮ ਤੋਂ ਟਿਊਨਿਸ  ਹਿਰ ਪਹੁੰਚ ਗਿਆ।

ਟਿਊਨਿਸੀਆ ਰੋਮ ਸਾਗਰ ਦੇ ਕੰਢੇ ਸਿਸਲੀ ਟਾਪੂ ਦੇ ਹੇਠ ਅਫਰੀਕਾ ਮਹਾਂਦੀਪ ਦਾ ਛੋਟਾ ਜਿਹਾ ਦੇਸ ਹੈ ਜਿਸ ਦੀ ਵਸੋਂ ਪੰਜਾਬ ਤੋਂ ਵੀ ਘੱਟ ਹੈ । ਦੇਸ ਦੀ ਅੱਧੀ ਵਸੋਂ ਟਿਊਨਿਸ  ਹਿਰ ਵਿੱਚ ਹੀ ਆਬਾਦ ਹੈ ਜੋ ਰੋਮ ਸਾਗਰ ਦੇ ਕੰਢੇ ਵੱਸਿਆ ਅਰਬਾਂ ਦੀ ਪੁਰਾਣੀ ਅਤੇ ਨਵੀਂ ਸਭਿਅਤਾ ਦਾ ਮਿਲਗੋਭਾ ਹੈ । ਇਸ ਦੇ ਲਾਗੇ ਹੀ ਕਾਰਥੇ   ਹਿਰ ਦਾ ਥੇਹ ਹੈ ਜੋ ਰੋਮਨ ਬਾਦ ਾਹਾਂ ਨੇ ਉਜਾੜਿਆ ਸੀ । ਟਿਊਨਿਸੀਆ ਦਾ ਵਧੇਰੇ ਭਾਗ ਮਾਰੂਥਲ ਹੋਣ ਕਰਕੇ ਬਹੁਤੀ ਵਸੋਂ ਰੋਮ ਸਾਗਰ ਦੇ ਕੰਢੇ ਹੀ ਮਿਲਦੀ ਹੈ । ਅੰਦਰਲੇ ਭਾਗ ਵਿੱਚ ਕੇਵਲ ਬੱਦੂ ਲੋਕ ਹੀ ਰਹਿੰਦੇ ਹਨ ਜੋ ਊਠਾਂ ਦੇ ਕਾਫਲਿਆਂ ਨਾਲ ਪਾਣੀ ਦੇ ਸੋਮਿਆਂ ਅਤੇ ਚਰਾਗਾਹਾਂ ਦੀ ਭਾਲ ਵਿੱਚ ਭਟਕਦੇ ਹਨ । ਸਮੁੰਦਰੀ ਤੱਟ ਤੇ ਜਲਵਾਯੂ ਸੁਹਾਵਣਾ ਹੋਣ ਕਰਕੇ ਯੂਰਪ ਤੋਂ ਸੈਲਾਨੀਆਂ ਦੀ ਭਰਮਾਰ ਰਹਿੰਦੀ ਹੈ ਅਤੇ ਖੇਤੀਬਾੜੀ ਵੀ ਚੰਗੀ ਹੋ ਜਾਂਦੀ ਹੈ । ਜੇਤੂਨ ਅਤੇ ਮਾਲਟੇ ਦੇ ਬਾਗ ਮੀਲਾਂ ਤੱਕ ਪਸਰੇ ਨ ਰ ਆਉਂਦੇ ਹਨ । ਲੋਕਾਂ ਦੀ ਬੋਲੀ ਅਰਬੀ ਹੈ ਪਰੰਤੂ  ਹਿਰਾਂ ਵਿੱਚ ਫਰਾਂਸੀਸੀ ਵੀ ਸਮਝ ਜਾਂਦੇ ਹਨ ।  ਮੇਰੀ ਯਾਤਰਾ ਦੀ ਸਫਲਤਾ ਦੇ ਦੋ ਹੀ ਰਾਜ ਸਨ [ ਅਰਬੀ ਲੋਕਾਂ ਦੀ ਪ੍ਰਾਹੁਣਾਚਾਰੀ ਅਤੇ ਮੇਰੀ ਫਰਾਂਸੀਸੀ ਭਾ ਾ ਦੀ ਵਾਕਫੀਅਤ ।

ਪ੍ਰੋਗ੍ਰਾਮ ਅਨੁਸਾਰ ਮੈ ਟਿਊਨਿਸੀਆ ਵਿੱਚ ਇਕ ਹਫਤਾ ਕੱਟ ਕੇ ਵਾਪਸ ਪਰਤਣਾ ਸੀ । ਸੋ ਮੇਰੇ ਦੋਸਤ ਨੇ ਮੇਰੀ ਸਹੂਲਤ ਲਈ ਸੈਰ ਦਾ ਪ੍ਰਬੰਧ ਕਰ ਰੱਖਿਆ ਸੀ । ਪਹਿਲੇ ਦਿਨ ਦੁਪਹਿਰ ਬਾਅਦ ਅਸੀ ਟਿਊਨਿਸ  ਹਿਰ ਦਾ ਗੇੜਾ ਲਾਇਆ । ਇਥੋਂ ਦੀ ਯੂਨੀਵਰਸਿਟੀ  ਹਿਰ ਤੋਂ ਬਾਹਰ ਇਕ ਥੇਹ ਉਪਰ ਉਸਰੀ ਫਰਾਂਸੀਸੀ ਸਿਸਟਮ ਦੀ ਧਾਰਣੀ ਹੈ । ਸਿੱਖਿਆ ਦਾ ਮਾਧਿਅਮ ਫਰਾਂਸੀਸੀ ਅਤੇ ਅਰਬੀ ਭਾ ਾਵਾਂ ਹਨ ।  ਹਿਰ  ਦੇ ਪੁਰਾਣੇ ਹਿੱਸੇ ਨੂੰ ਮਦੀਨਾ ਆਖਦੇ ਹਨ ਜਿਸਦੇ ਬਾਜਾਰਾਂ ਵਿੱਚ ਵੰਨ ਸਵੰਨੇ ਹੈਂਡੀਕਰਾਫਟ ਦਾ ਸਮਾਨ ਮਿਲਦਾ ਹੈ । ਬਾਜਾਰ ਦੀ ਰੌਣਕ ਤੋਂ ਅੰਦਾਜਾ ਲਗਦਾ ਸੀ ਕਿ ਇਥੇ ਹਰ ਪ੍ਰਕਾਰ ਦਾ ਸਮਾਨ ਖਾਸ ਕਰਕੇ ਸੈਲਾਨੀਆਂ ਦੀ ਲੋੜ ਨੂੰ ਮੁੱਖ ਰੱਖ ਕੇ ਰੱਖਿਆ ਗਿਆ ਹੈ ।  ਕਈ ਦੁਕਾਨਦਾਰ ਸਾਡੇ ਮਗਰ ਵੀ ਪਏ ਪਰ ਅਸੀ ਤਾਂ ਕੇਵਲ ਰੌਣਕ ਦੇ ਹੀ ਗਾਹਕ ਸਾਂ ।  ਇਥੋਂ ਦੇ ਭੀੜੇ ਬਾ ਾਰ ਇਕ ਕਿਲਾਨੁਮਾ ਚਾਰ[ਦੀਵਾਰੀ ਵਿੱਚ ਘਿਰੇ ਹੋਏ ਸਨ । ਧਾੜਵੀਆਂ ਦੇ ਹਮਲਿਆਂ ਤੋਂ ਬਚਣ ਲਈ ਅਜੇਹੀ ਵਿਉਂਤ ਟਿਊਨਿਸੀਆ ਦੇ ਬਾਕੀ  ਹਿਰਾਂ ਵਿੱਚ ਵੀ ਅਪਨਾਈ ਗਈ ਜਿਵੇ ਕਿ ਪੰਜਾਬ ਦੇ ਰਿਆਸਤੀ  ਹਿਰਾਂ ਵਿੱਚ ਵੇਖਿਆ ਜਾ ਸਕਦਾ ਹੈ । ਟਿਊਨਿਸ ਦਾ ਨਵਾਂ ਹਿੱਸਾ ਫਰਾਂਸੀਸੀ ਅਤੇ ਅਰਬੀ ਕਾਰੀਗਰੀ ਦਾ ਸੁਮੇਲ ਹੈ ।   ਹਿਰ ਦੇ ਦੋ ਛੋਟੇ ਬਾ ਾਰ ਮਹਾਤਮਾ ਗਾਂਧੀ ਅਤੇ ਦਿੱਲੀ ਦੇ ਨਾਮ ਨਾਲ ਜਾਣੇ ਜਾਂਦੇ ਹਨ।  ਮੇਰੇ ਦੋਸਤ ਨੇ ਉਚੇਚਾ ਇਨ੍ਹਾਂ ਬ ਾਰਾਂ ਵੱਲ ਧਿਆਨ ਦਿਵਾਇਆ । ਰਾਤ ਪੈਣ ਤੇ ਅਸੀ ਘਰ ਵੱਲ ਪਰਤੇ ਤਾਂ ਬ ਾਰ ਖਚਾਖਚ ਭਰੇ ਹੋਏ ਸਨ । ਅਰਬੀ ਲੋਕ ਕਾਫੀ ਹਾਊਸਾਂ ਵਿੱਚ ਬੈਠੇ ਤੁਰਕਿ  ਕਾਹਵੇ ਅਤੇ ਆਪਣੀ ਮਲਕਾ[ਏ[ਤਰੱਨਮ, ਕੁਲਸਮ ਦੇ ਗਾਏ ਅਰਬੀ ਲੋਕ ਗੀਤਾਂ ਦਾ ਆਨੰਦ ਮਾਣਦੇ ਪ੍ਰਤੀਤ ਹੁੰਦੇ ਸਨ । ਰੇ ਮਾਂ ਵਾਂਗ ਕੁਲਸਮ ਦੀ ਆਵਾ  ਵੀ ਅਰਬੀ ਲੋਕਾਂ ਨੂੰ ਧੂਹ ਪਾਉਂਦੀ ਹੈ ।

ਰਾਤ ਦੇ ਖਾਣੇ ਉਪਰ ਮੋਨਸਿਫ ਫਿਕੀਹ ਦੀ ਘਰਵਾਲੀ ਨੇ ਹੋਰ ਦੋਸਤਾਂ ਨੂੰ ਵੀ ਦਾਹਵਤ ਤੇ ਬੁਲਾਇਆ ਸੀ । ਉਹ ਆਪ ਟਿਊਨਿਸ ਦੇ ਵੱਡੇ ਹਸਪਤਾਲ ਵਿੱਚ ਡਾਕਟਰੀ ਦੀ ਸਿਖਲਾਈ ਲੈ ਰਹੀ ਸੀ । ਅਰਬੀ ਔਰਤਾਂ ਪਿੰਡਾਂ ਦੇ ਮਦਰੱਸੇ ਵਿੱਚ ਪੜ੍ਹਿਆ ਕਰਦੀਆਂ ਸਨ ਪਰੰਤੂ  ਹਿਰ ਅਤੇ ਖਾਸ ਕਰਕੇ ਪੜ੍ਹੇ[ਲਿਖੇ ਘਰਾਣਿਆਂ ਵਿੱਚ ਔਰਤਾਂ ਪੰਜਾਬੀ ਔਰਤਾਂ ਤੋਂ ਵੀ ਅਗਾਂਹਵਧੂ ਪ੍ਰਤੀਤ ਹੁੰਦੀਆਂ ਹਨ । ਉਸਦੇ ਦੋਸਤਾਂ ਦੀਆਂ ਬੀਵੀਆਂ ਸਭ ਨੌਕਰੀਆਂ ਕਰਦੀਆਂ ਸਨ ਅਤੇ ਲਿਬਾਸ ਵਿੱਚ ਪੱਛਮੀ ਪਹਿਰਾਵੇ ਦੀ ਵਰਤੋਂ ਵੀ । ਗੱਲਬਾਤ ਵਿੱਚ ਉਹ ਨਿਝੱਕ ਸਨ

ਅਤੇ ਬੜੀ ਉਤਸੁਕਤਾ ਨਾਲ ਸਾਡੇ ਧਰਮ ਅਤੇ ਪਹਿਰਾਵੇ ਬਾਰੇ ਜਾਣਕਾਰੀ ਮੰਗ ਰਹੀਆਂ ਸਨ । ਦਸੰਬਰ ਦੀ ਰਾਤ ਮਾਰੂਥਲ ਦੇ ਪ੍ਰਭਾਵ ਕਾਰਨ ਪੰਜਾਬ ਵਾਂਗ ਹੀ ਠੰਡੀ ਸੀ ਪਰੰਤੂ ਘਰ ਵਿੱਚ ਪੈਟਰੋਲ ਦੀ ਗੈਸ ਬਾਲਕੇ ਕਮਰੇ ਨਿੱਘੇ ਕੀਤੇ ਹੋਏ ਸਨ । ਪੈਟਰੋਲ ਬਹੁਤ ਸਸਤਾ ਹੋਣ ਕਰਕੇ ਨੌਕਰੀ ਪੇ ਾ ਲੋਕ ਕਾਰਾਂ ਦੀ ਵਰਤੋਂ ਆਮ ਕਰਦੇ ਹਨ ।

ਅਗਲੇ ਦਿਨ  ਨੀਵਾਰ ਸੀ ਅਤੇ ਵੀਕਐਂਡ ਉਪਰ ਮੇਰੇ ਦੋਸਤ ਨੇ ਰੋਮਸਾਗਰ ਦੇ ਕੰਢੇ ਵਸਦੇ  ਹਿਰਾਂ ਬੀ ਰਤ, ਹੇਮਾਮੈਤ, ਕੈਰਵਾਂ ਤੇ ਸੂਸ ਦੀ ਸੈਰ ਕਰਾਣੀ ਸੀ । ਅਸੀਂ ਸਵੇਰੇ ਹੀ ਕਾਰ ਉਪਰ ਨਿਕਲ ਤੁਰੇ ਅਤੇ ਦੋ ਘੰਟੇ ਬਾਅਦ ਬੀ ਰਤ ਦੀ ਬੰਦਰਗਾਹ ਤੇ ਪਹੁੰਚ ਗਏ । ਰਸਤੇ ਵਿੱਚ ਖੁ ਕ ਭੋਂ ਉਪਰ ਫੁਹਾਰਿਆਂ ਰਾਹੀਂ ਪਾਣੀ ਦੇ ਕੇ ਖੇਤੀਬਾੜੀ ਦਾ ਢੰਗ ਵੀ ਵੇਖਿਆ ।  ਕਿਤੇ ਕਿਤੇ ਟਰੈਕਟਰ ਨ ਰੀ ਪਿਆ ਪਰ ਵਧੇਰੇ ਖੇਤੀ ਘੋੜੇ ਜਾਂ ਊਠ ਨੂੰ ਹੱਲ ਜੋ ਕੇ ਹੀ ਕੀਤੀ ਜਾਂਦੀ ਹੈ । ਬੀ ਰਤ ਦਾ ਪੁਰਾਣਾ  ਹਿਰ ਵੀ ਮਦੀਨੇ ਅੰਦਰ ਵਸਿਆ ਹੈ ਅਤੇ ਇਸ ਦੇ ਮੁਨਾਰਿਆਂ ਉਪਰ ਅਜੇ ਵੀ ਤੋਪਾਂ ਬੀੜੀਆਂ ਨ ਰ ਆਉਦੀਆਂ ਹਨ । ਹੇਮਾਮੈਤ ਸਮੁੰਦਰ ਦੇ ਕੰਢੇ ਛੋਟਾ ਜਿਹਾ  ਹਿਰ ਹੈ ਜਿਥੇ ਮਿੱਟੀ ਦੇ ਭਾਂਡਿਆਂ ਦੀ ਮੰਡੀ ਹੈ । ਸੂਸ ਜਾਣ ਤੋਂ ਪਹਿਲਾਂ ਅਸੀਂ ਕੈਰਵਾਂ ਦੇ ਇਤਿਹਾਸਕ  ਹਿਰ ਦਾ ਦੌਰਾ ਕੀਤਾ । ਮੁਸਲਮਾਨ ਖਲੀਫਿਆਂ ਨੇ ਇਥੋ ਹੀ ਇਸਲਾਮ ਦਾ ਪ੍ਰਚਾਰ _ਰੂ ਕੀਤਾ ਸੀ । ਇਥੇ ਸੁੰਦਰ ਮਸਜਿਦਾਂ ਹਨ ਜਿਨ੍ਹਾਂ ਵਿੱਚ ਅਰਬੀ ਚਿਤਰਕਾਰੀ ਦੇ ਨਮੂਨੇ ਭਲੀ ਭਾਂਤ ਕਾਇਮ ਹਨ । ਸਭ ਤੋਂ ਪਵਿੱਤਰ ਮਸਜਿਦ ਵਿੱਚ ਕੇਵਲ ਸਾਬਤ ਸੂਰਤ ਮੁਸਲਮਾਨ ਹੀ ਦਾਖਲ ਹੋ ਸਕਦਾ ਹੈ । ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋ ਮੌਲਵੀ ਨੇ ਮੈਨੂੰ ਤਾਂ ਦਾਖਲ ਹੋਣ ਲਈ ਇ ਾਰਾ ਕੀਤਾ ਪਰ ਮੇਰੇ ਅਰਬੀ ਦੋਸਤ ਨੂੰ ਬਾਹਰ ਹੀ ਖੜ੍ਹਾ ਕਰ ਦਿੱਤਾ । ਮੇਰੇ ਦੋਸਤ ਨੇ ਦੱਸਿਆ ਕਿ ਪਗੜੀ ਅਤੇ ਕੇਸਾਂ ਨਾਲ ਮੌਲਵੀ ਨੇ ਮੈਨੂੰ ਸਾਬਤ ਸੂਰਤ ਦਸਤਾਰ ਸਿਰਾ ਅਤੇ ਈਮਾਨ ਦਾ ਪੱਕਾ ਸਮਝ ਕੇ ਦਾਖਲ ਹੋਣ ਦਿੱਤਾ ਸੀ । ਕੈਰਵਾਂ ਦੇ ਬਜਾਰਾਂ ਵਿੱਚ ਖਾਣਪੀਣ ਦਾ ਸਮਾਨ ਲੱਡੂ ਜਲੇਬੀ ਤਕ ਮਿਲ ਗਿਆ ਅਤੇ ਜਲੇਬੀ ਨੂੰ  ਅਰਬੀ ਲੋਕ ਕਹਿੰਦੇ ਵੀ ਜਲੇਬ ਹਨ ।  ਅਰਬੀ ਭਾ ਾ ਦੇ ਕਈ  ਬਦ ਪੰਜਾਬੀ ਬੋਲੀ ਦਾ ਹਿੱਸਾ ਬਣ ਚੁੱਕੇ ਹਨ।

ਰਾਤ ਪੈਣ ਸਮੇ ਅਸੀਂ ਸੂਸ ਦੇ ਕਸਬੇ ਵਿੱਚ ਪਹੁੰਚ ਗਏ । ਇਥੇ ਹੀ ਫਿਕੀਹ ਦੇ ਪ੍ਰਵਾਰ ਦੇ ਬਾਕੀ ਜੀਅ ਰਹਿੰਦੇ  ਹਨ । ਫਿਕੀਹ ਦੀਆਂ ਭੈਣਾਂ ਆਪਣੀਆਂ ਸਹੇਲੀਆਂ ਨੂੰ ਬੁਲਾ ਲਿਆਈਆਂ। ਆਂਢਗੁਵਾਂਡ ਵਿੱਚ ਵੀ ਪ੍ਰਾਹੁਣੇ ਦਾ ਚਰਚਾ ਹੋ ਗਿਆ । ਅਰਬੀ ਲੋਕ ਪਗੜੀ ਵਾਲੇ ਨੂੰ ਖਾਸ ਸਤਿਕਾਰ ਦਿੰਦੇ ਹਨ ਅਤੇ ਬਹੁਤੇ ਮੈਨੂੰ ਸਾਬਤ ਸੂਰਤ ਮੁਸਲਮਾਨ ਸਮਝਕੇ ਹੀ ਗਲੇ ਮਿਲਦੇ ਰਹੇ । ਫਿਕੀਹ ਦਾ ਬਾਪ ਟੈਕਸੀਆਂ ਦਾ ਕੰਮ ਕਰਦਾ ਸੀ ਅਤੇ ਆਮਦਨੀ ਨਾਲ ਘਰ ਦੇ ਅੱਠ ਬੱਚੇ ਚੰਗੀ ਤਰ੍ਹਾਂ ਪਲ ਰਹੇ ਸਨ । ਘਰ ਵਿੱਚ ਫਲੱ  ਗੁਸਲਖਾਨਾ ਅਤੇ ਹੋਰ ਸਾਜੋ ਸਮਾਨ ਸਾਡੇ ਪੰਜਾਬੀ ਮੱਧ ਵਰਗ ਦੇ ਘਰਾਂ ਨਾਲੋ ਵਧੇਰੇ ਸੁਹਜਸਵਾਦ ਨਾਲ ਰੱਖਿਆ ਜਾਪਦਾ ਸੀ । ਰਾਤ ਦਾ ਖਾਣਾ ਪਰੋਸਿਆ ਗਿਆ ਅਤੇ ਮੇਰੇ ਲਈ ਚਾਵਲ ਤੇ  ਕੁਸਕੁਸ  ਤਿਆਰ ਕੀਤੀ ਗਈ ਜੋ ਅਰਬਾਂ ਦੀ ਮਨਭਾਉਦੀ ਖੁਰਾਕ ਹੈ । ਅਰਬੀ ਲੋਕ ਦੋਸਤਾਂ ਨੂੰ ਮਿਲਣ ਤੇ ਵਿਛੜਨ ਲੱਗਿਆਂ ਗਲੇ ਮਿਲਦੇ ਹਨ ਜਿਵੇ ਪੇਡੂੰ ਪੰਜਾਬੀ ਔਰਤਾਂ ਆਪਸ ਵਿੱਚ ਗਲੇ ਮਿਲਕੇ ਰਾਮਸਤਿ ਕਰਦੀਆਂ ਹਨ ।  ਹਿਰੀਪੁਣੇ ਨੇ ਇਹ ਚੰਗੀ ਰਵਾਇਤ ਸਾਡੀ ਕਲਚਰ ਵਿੱਚੋ ਕੱਢ ਦਿੱਤੀ ਹੈ । ਪਰੰਤੂ ਅਰਬਾਂ ਦੀ ਉਹ ਗਲੇ ਮਿਲਣੀ ਅਤੇ ਬਾਅਦ ਵਿੱਚ ਦਿਲ ਉਪਰ ਹੱਥ ਰੱਖਕੇ ਨੀਝ ਨਾਲ ਤੱਕਣਾ ਇਕ ਐਸੀ ਝਰਨਾਹਟ ਸੀ ਜੋ ਮੈ ਅਜੇ ਵੀ ਕਈ ਵਾਰ ਮਹਿਸੂਸ ਕਰਦਾ ਹਾਂ।

ਅਗਲੀ ਸਵੇਰੇ ਅਸੀਂ ਟਿਊਨਿਸ ਪਰਤ ਆਏ । ਐਤਵਾਰ  ਾਮ ਨੂੰ ਅਸੀਂ ਟਿਊਨਿਸ ਦੇ ਲਾਗੇ ਫਾਰਮਹਾਊਸ ਤੇ ਇਕ ਰੱਜੇ ਪੁਜੇ ਅਰਬੀ ਜਿੰਮੀਦਾਰ ਦੀ ਦਾਹਵਤ ਪ੍ਰਵਾਨ ਕਰਕੇ ਪਹੁੰਚ ਗਏ । ਹਵੇਲੀਨੁਮਾ ਦੋ ਮੰਜਲਾਂ ਘਰ ਮਾਲਟਿਆਂ ਦੇ ਬਾਗ ਦੇ ਅੰਦਰ ਹੀ ਉਸਾਰਿਆ ਗਿਆ ਸੀ । ਨੌਕਰ ਚਾਕਰ ਵੀ ਨਜਰ ਆ ਰਹੇ ਸਨ । ਘਰ ਦਾ ਮਾਲਕ ਮਲਿਕ ਰ ੀਦ ਅਤੇ ਉਸਦੀ ਬੀਵੀ ਨਾਦਰਾ ਬੜੇ ਤਪਾਕ ਨਾਲ ਮਿਲੇ । ਰ ੀਦ ਪੈਰਿਸ ਤੋਂ ਖੇਤੀਬਾੜੀ ਦੀ ਡਿਗਰੀ ਪ੍ਰਾਪਤ ਕਰਕੇ ਆਪ ਫਾਰਮ ਤੇ ਹੀ ਕੰਮ ਕਰਦਾ ਸੀ ਅਤੇ ਨਾਦਰਾ ਘਰ ਦੀ ਦੇਖਭਾਲ ਅਤੇ ਕਬੀਲਦਾਰੀ ਦਾ ਕੰਮ ਚਲਾਉਦੀ ਸੀ । ਉਹ ਟਿਊਨਿਸ ਹਾਈਕੋਰਟ ਦੇ ਜੱਜ ਦੀ ਧੀ ਸੀ । ਉਸ ਰਾਤ ਨਾਦਰਾ ਨੇ ਆਪਣੇ ਹੱਥੀ ਖਾਣਾ ਤਿਆਰ ਕੀਤਾ [ ਅਰਬੀ ਅਤੇ ਯੂਰਪੀਨ ਕਿਸਮ ਦਾ ਮਿਲਵਾਂ । ਖਾਣੇ ਉਪਰ ਉਸ ਦੇ ਕਈ ਰਿ ਤੇਦਾਰ ਵੀ  ਾਮਲ ਹੋਏ । ਹਰ ਪ੍ਰਵਾਰ ਨੇ ਮੈਨੂੰ  ਆਪਣੇ ਘਰ ਵਿੱਚ ਦਾਹਵਤ ਦਿੱਤੀ ਅਤੇ ਟਿਊਨਿਸੀਆ ਬਾਰੇ ਮੇਰੀ ਰਾਏ ਦੀ  ਲਾਘਾ ਕੀਤੀ । ਵਿਦਾ ਹੋਣ ਲੱਗਿਆਂ ਰ ੀਦ ਤੇ ਨਾਦਰਾ ਨੇ ਕਈ ਬੋਰੇ ਜਹੇ ਕਾਰ ਵਿੱਚ ਰੱਖ ਦਿੱਤੇ । ਮੇਰੇ ਦੋਸਤ ਨੇ ਪੁੱਛਿਆ ਤਾਂ ਕਹਿਣ ਲੱਗੇ ਇਹ ਮਾਲਟਿਆਂ ਦੇ ਬੋਰੇ ਸਾਡੇ ਪੰਜਾਬੀ ਮਹਿਮਾਨ ਲਈ ਤੁੱਛ ਭੇਟਾ ਹਨ, ਇਸ ਨੂੰ ਜਹਾਜ ਰਾਹੀਂ ਪੰਜਾਬ ਭੇਜ ਦੇਵੀਂ ।

# ਮੈਕਸੀਕੋ ਦੀ ਇਕ ਝਲਕ

---

ਜਦੋ ਪਿਛਲੇ ਸਾਲ 2 ਅਕਤੂਬਰ 1981 ਨੂੰ ਲੱਗਭੱਗ ਪੰਜੀ ਹ ਾਰ ਕਿਲੋਮੀਟਰ ਦਾ ਹਵਾਈ ਸਫਰ 32 ਘੰਟਿਆਂ ਵਿੱਚ ਪੂਰਾ ਕਰਕੇ ਮੈ ਮੈਕਸੀਕੋ ਏਅਰਪੋਰਟ ਤੇ ਪਹੁੰਚਿਆ ਤਾਂ ਅੱਧੀ ਰਾਤ ਦਾ ਸਮਾਂ ਹੋਣ ਵਾਲਾ ਸੀ । ਪੂਰਬ ਤੋ ਪੱਛਮ ਨੂੰ ਸਫਰ ਕਰਦਿਆਂ ਧਰਤੀ ਦਾ ਗੇੜ ਹੌਲੀ ਹੋ ਗਿਆ ਜਾਪਦਾ ਹੈ ਅਤੇ ਮੇਰੇ ਲਈ ਇਹ ਦਿਨ 24 ਦੀ ਥਾਂ 37 ਘੰਟਿਆਂ ਦਾ ਹੋ ਨਿਬੜਿਆ । ਵੈਸੇ ਵੀ ਦਿੱਲੀ ਅਤੇ ਮੈਕਸੀਕੋ ਦੇ ਸਮੇ ਵਿੱਚ 13 ਘੰਟੇ ਦਾ ਅੰਤਰ ਹੈ । ਏਅਰਇੰਡੀਆ ਨੇ ਟਿਕਟ ਵੇਚਣ ਲੱਗਿਆਂ ਧਰਵਾਸ ਦਿਵਾਈ ਸੀ ਕਿ ਮੈਕਸੀਕੋ ਵਿੱਚ ਮੇਰੇ ਰੈਣ ਬਸੇਰੇ ਲਈ ਹੋਟਲ ਬੁੱਕ ਮਿਲੇਗਾ ਪਰੰਤੂ ਜਦੋ ਮੈ ਏਅਰਪੋਰਟ ਤੋ ਪੁੱਛ ਗਿੱਛ ਕੀਤੀ ਤਾਂ ਪਤਾ ਲੱਗਾ ਕਿ ਮੇਰੇ ਠਹਿਰਣ ਲਈ ਦਿੱਲੀ ਤੋ ਕੋਈ ਸੰਦੇ  ਨਹੀਂ ਮਿਲਿਆ । ਨਾ ਹੀ ਕਾਨਫਰੰਸ ਦੇ ਪ੍ਰਬੰਧਕਾਂ ਵਲੋ ਕੋਈ ਸੱਜਣ ਲੈਣ ਆਇਆ । ਮੈ ਗਵਾਚਾ ਜਿਹਾ ਬਾਹਰ ਵੱਲ ਨਿਕਲ ਕੇ ਕਿਸੇ ਵਾਜਿਬ ਜਹੇ ਹੋਟਲ ਦੀ ਪੁੱਛਗਿੱਛ ਕੀਤੀ । ਏਅਰਪੋਰਟ ਤੇ ਟੈਕਸੀ ਵਾਲਿਆਂ ਦੇ ਝੁਰਮਟ ਤੋ ਬਚਣ ਲਈ ਮੈ ਇਕ ਨੌਜਵਾਨ ਤੋ ਹੀ ਪੁੱਛਣ ਲੱਗਾ ਸਾਂ ਕਿ ਉਸਨੇ ਮੇਰਾ ਸਮਾਨ ਆਪਣੇ ਹੱਥ ਵਿੱਚ ਲੈ ਲਿਆ ਅਤੇ ਵਾ ਬ ਕਿਰਾਏ ਉਪਰ ਮੈਨੂੰ ਚੰਗੇ ਹੋਟਲ ਲੈ ਜਾਣ ਲਈ ਪੇ ਕ  ਕੀਤੀ । ਅੱਧੀ ਰਾਤ ਵੇਲੇ ਮੈਕਸੀਕੋ  ਹਿਰ ਦੀਆਂ ਸੜਕਾਂ ਖਾਲੀ ਸਨ ਅਤੇ ਮੈ ਕਾਰ ਵਿੱਚ ਬੈਠਾ ਸੋਚ ਰਿਹਾ ਸੀ ਕਿ ਅੱਜ ਭਾਵੇ ਕਿਸੇ ਪੁੱਠੇ ਚੱਕਰ ਵਿੱਚ ਹੀ ਫਸ ਗਿਆ ਹੋਵਾਂ। ਕੋਈ ਅੱਧਾ ਘੰਟੇ ਬਾਅਦ ਕਾਰ ਹੋਟਲ  ਪਲਾ  ਮੈਡਰਿਡ  ਅੱਗੇ ਰੁਕੀ ਤਾਂ ਮੈ ਰੱਬ ਦਾ _ਕਰ ਕੀਤਾ । ਸਫਰ ਦੇ ਥਕੇਵੇ ਬਾਅਦ ਇਕ ਰਾਤ ਹੋਟਲ ਦਾ ਸੁੱਖ ਮਾਣ ਕੇ ਅਗਲੀ ਸਵੇਰ ਮੈ ਹਵਾਈ ਜਹਾ  ਰਾਹੀਂ ਮੈਕਸੀਕੋ ਤੋ ਐਕਾਪੁਲਕੋ ਦੇ ਰਮਣੀਕ  ਹਿਰ ਵਿੱਚ ਪਹੁੰਚ ਗਿਆ ।

ਮੈਕਸੀਕੋ ਕੈਲੀਫੋਰਨੀਆ ਤੋ _ਰੂ ਹੋ ਕੇ,  ਾਂਤ ਮਹਾਂਸਾਗਰ ਅਤੇ ਯੂ ਐਸ ਏ ਦੇ ਵਿਚਕਾਰ ਸਥਿਤ, ਹੇਠਲੇ ਪਾਸੇ ਗਵੇਤਮਾਲਾ ਨੂੰ ਜਾ ਛੂੰਹਦਾ ਹੈ । ਇਹ ਲਾਤੀਨੀ ਅਮਰੀਕਾ ਦਾ ਪ੍ਰਮੁੱਖ ਦੇ  ਹੈ ਅਤੇ ਅਜੇ ਤੱਕ ਮਿਲਟਰੀ ਹਕੂਮਤ ਦੀ ਲਪੇਟ ਤੋ ਬਚਿਆ ਹੋਇਆ ਹੈ । ਇਥੋ ਦੇ ਆਦਿਵਾਸੀ ਰੈਡ ਇੰਡੀਅਨ ਕਬੀਲੇ ਦੇ ਲੋਕ ਹਨ ਜੋ  ਹਿਰਾਂ ਤੋ ਬਾਹਰ ਅਲੱਗ ਬਸਤੀਆਂ ਵਿੱਚ ਰਹਿੰਦੇ ਸਨ । ਲੱਗਭੱਗ ਸਾਰੀ ਵਸੋ ਸਪੈਨਿ  ਲੋਕਾਂ ਦੀ ਹੈ ਜੋ ਲਾਤੀਨੀ ਅਮਰੀਕਾ ਉਪਰ ਸੋਲਵੀਂ ਸਦੀ ਵਿੱਚ ਕਾਬ  ਹੋ ਗਏ । ਮੈਕਸੀਕੋ ਵਿੱਚ ਅਮਰੀਕਾ ਦੀ ਸਭ ਤੋ ਪੁਰਾਤਨ ਸਭਿਅਤਾ, ਮਾਇਆ ਅਤੇ ਅ ਤੈਕ ਕਲਚਰ ਦੇ ਚਿੰਨ੍ਹ ਅੱਜ ਵੀ ਭਲੀਭਾਂਤ ਮਿਲਦੇ ਹਨ । ਮਾਇਆ ਲੋਕ ਆਪਣੇ ਮੰਦਰਾਂ ਵਿੱਚ ਸੂਰਜ, ਚੰਨ, ਸੱਪ ਅਤੇ ਹੋਰ ਕਈ ਦੇਵਤਿਆਂ ਦੀ ਪੂਜਾ ਸਾਡੇ ਭਾਰਤੀ ਲੋਕਾਂ ਵਾਂਗ ਕਰਦੇ ਹਨ । ਢਾਈ ਹ ਾਰ ਸਾਲ ਪੁਰਾਣਾ ਮਾਇਆ ਲੋਕਾਂ ਦਾ ਤਿਆਰ ਕੀਤਾ ਸੂਰਜੀ ਕੈਲੰਡਰ (ਪੰਚਾਂਗ) ਅੱਜ ਤੱਕ ਚਰਚਾ ਦਾ ਵਿ  ਹੈ । ਇਹ ਲੋਕ ਦੇਵਤਿਆਂ ਨੂੰ ਖੁ  ਕਰਨ ਲਈ ਸੁੰਦਰ ਯੁਵਤੀਆਂ ਦੀ ਕੁਰਬਾਨੀ ਦਿਆ ਕਰਦੇ ਸਨ । ਮੈਕਸੀਕੋ  ਹਿਰ ਦੇ ਨ ਦੀਕ ਹੀ ਇਨ੍ਹਾਂ ਦੇ ਉਸਾਰੇ ਪਿਰਾਮਿਡ ਵੀ ਮਿਲਦੇ ਹਨ ਜੋ ਮਿਸਰ ਦੇ ਪਿਰਾਮਿਡਾਂ ਤੋ ਵੀ ਵੱਡੇ ਆਕਾਰ ਦੇ ਹਨ ।

ਮੈਕਸੀਕਨ ਲੋਕ ਅਮਰੀਕਨਾਂ ਅਤੇ ਅੰਗਰੇ ਾਂ ਵਾਂਗ ਸੰਜੀਦਾ ਨਹੀਂ ਸਗੋ ਪੰਜਾਬੀਆਂ ਵਾਂਗ ਖੁਲ੍ਹੇ ਡੁੱਲੇ ਸੁਭਾਅ ਦੇ ਮਾਲਕ ਅਤੇ ਮਿਲਾਪੜੇ ਹਨ । ਇਨ੍ਹਾਂ ਦਾ ਹਾਸਾ ਵੀ ਠਹਾਕੇ ਮਾਰਦਾ  ਹੈ । ਇਥੋ ਦੇ ਮਰਦ, ਔਰਤਾਂ ਨੂੰ ਇਕੱਲੇ ਜੋਰ ਦੀ ਅੱਡੀ ਮਾਰਕੇ ਨੱਚਦਿਆਂ ਨੂੰ ਤੱਕ ਕੇ ਪੰਜਾਬੀ ਲੋਕ ਗੀਤ ਦੀਆਂ ਤੁਕਾਂ ਯਾਦ ਆ ਜਾਂਦੀਆਂ ਹਨ  ਅੱਡੀ ਮਾਰਕੇ ਨੱਚੀ ਜਦ ਬੰਤੋ, ਧਰਤੀ ਤੇ ਭੁਚਾਲ ਆ ਗਿਆ  । ਮੈਕਸੀਕਨ ਖਾਣ ਪੀਣ ਵਿੱਚ ਵੀ ਸੰਕੋਚ ਨਹੀਂ ਕਰਦੇ । ਪੰਜਾਬੀਆਂ ਵਾਂਗ ਭਾਵੇ ਸਾਗ ਤਾਂ ਨਹੀਂ ਲੱਭਦਾ ਪਰੰਤੂ ਮੱਕੀ ਦੀਆਂ ਉਬਲੀਆਂ ਛੱਲੀਆਂ ਇਨ੍ਹਾਂ ਦੇ ਨਾ ਤੇ ਵਿੱਚ  ਾਮਲ ਹਨ । ਇਨ੍ਹਾਂ ਦੀ ਖੁਰਾਕ ਵਿੱਚ ਪੇਪੜੀ ਵਰਗੀ ਰੋਟੀ ਵੀ  ਾਮਲ ਹੈ ਜਿਸ ਨੂੰ ਇਹ ਤਾਰਤਿਲੀਓ ਕਹਿੰਦੇ ਹਨ । ਖੁਰਾਕ ਵਿੱਚ ਫਲਾਂ ਦਾ ਰਸ ਅਤੇ ਪੀਣ ਵਾਲਿਆਂ ਲਈ  ਰਾਬ ਵੀ ਹੁੰਦੀ ਹੈ । ਖਾਣੇ ਉਪਰੰਤ ਨਾਰੀਅਲ ਅਤੇ ਤਰਬੂਜ ਵੀ ਰੱਜਵਾਂ ਮਿਲ ਜਾਂਦਾ ਹੈ । ਇਹੋ ਕਾਰਨ ਹੈ ਕਿ ਮੈਕਸੀਕਨ ਲੋਕ ਸਰੀਰਕ ਤੌਰ ਤੇ ਚੋਖੇ ਮੋਟੇ ਠੁੱਲੇ ਨ ਰ ਆਉਦੇ ਹਨ । ਬੁੱਲਫਾਈਟ ਇਨ੍ਹਾਂ ਦਾ ਮਨਭਾਉਦਾ _ਗਲ ਹੈ ।

ਐਕਾਪੁਲਕੋ ਅਮਰੀਕਨ ਸੈਲਾਨੀਆਂ ਦਾ ਮਨਭਾਉਦਾ  ਹਿਰ ਹੈ ਅਤੇ ਇਸ ਦੇ ਵੱਡੇ ਵੱਡੇ ਹੋਟਲ ਵੀ ਅਮਰੀਕਨ ਧਨਾਢਾਂ ਦੇ ਹੀ ਉਸਾਰੇ ਹੋਏ ਹਨ ।  ਹਿਰ ਦੀ ਵਸੋ ਨਾਲੋ ਵਧੇਰੇ ਸੈਲਾਨੀਆਂ ਦੀ ਵਸੋ ਹੈ । ਸਾਡੀ ਕਾਨਫਰੰਸ ਦਾ ਪ੍ਰਬੰਧ ਵੀ ਇਥੋ ਦੇ ਇਕ ਵੱਡੇ ਹੋਟਲ ਵਿੱਚ ਕੀਤਾ ਗਿਆ ਸੀ । ਟੈਕਸੀ ਵਾਲਾ ਹੋਟਲ  ਹੋਲੀਡੇਇਨ  ਛੱਡ ਕੇ ਚਲਾ ਗਿਆ ।  ਾਮ ਨੂੰ ਜਦੋ ਪੁੱਛਗਿਛ ਕੀਤੀ ਤਾਂ ਪਤਾ ਲੱਗਾ ਕਿ

ਇਸ ਨਾਮ ਦੇ ਹੀ ਦੋ ਹੋਰ ਹੋਟਲ ਹਨ ਅਤੇ ਮੇਰੀ ਕਾਨਫਰੰਸ ਕਿਸੇ ਦੂਸਰੇ ਹੋਟਲ ਵਿੱਚ ਸੀ । ਖੈਰ ਮੈ ਸਮੇ ਸਿਰ ਠੀਕ ਹੋਟਲ ਤੇ ਜਾ ਪੁੱਜਾ ਅਤੇ ਡੈਲੀਗੇਟ ਸੂਚੀ ਵਿੱਚ ਆਪਣਾ ਨਾਮ ਪੜ੍ਹ ਕੇ ਤਸੱਲੀ ਹੋਈ । ਇਥੇ ਪਾਕਿਸਤਾਨ ਤੋਂ ਡੈਲੀਗੇਟ ਹਮੀਦ ਅਹਿਮਦ ਅਤੇ ਇੰਗਲੈਂਡ ਤੋਂ ਸੱਈਅਦ ਦੁਰਾਨੀ ਵੀ ਮਿਲ ਪਏ । ਕਲਚਰ ਵੀ ਮਨੁੱਖ ਨੂੰ ਕਿਸ ਤਰ੍ਹਾਂ ਆਪਸ ਵਿੱਚ ਜੋੜਦੀ ਹੈ । ਲਹੌਰੀਆਂ ਦੀ ਸੰਗਤ ਵਿੱਚ ਮੈ ਇਹ ਭੁੱਲ ਹੀ ਗਿਆ ਕਿ ਮੈਕਸੀਕੋ ਦੇ ਕਿਸੇ  ਹਿਰ ਵਿੱਚ ਹਾਂ ਜਾਂ ਆਪਣੇ ਹੀ ਪੰਜਾਬ ਵਿੱਚ । ਅਗਲੀ ਸਵੇਰ ਕਾਨਫੰਰਸ _ਰੂ ਹੋਈ ਤਾਂ ਯੂਰਪ ਦੇ ਹੋਰ ਕਈ ਮਿਤਰ ਵਿਗਿਆਨੀ ਵੀ ਪ੍ਰੀਵਾਰਾਂ ਸਮੇਤ ਮਿਲ ਪਏ । ਹ ਤੇ ਭਰ ਦੀ ਇਸ ਵਿਗਿਆਨਕ ਕਾਨਫਰੰਸ ਦੌਰਾਨ ਹਰ  ਾਮ ਨੂੰ ਐਕਾਪੁਲਕੋ ਦੇ ਸਮੁੰਦਰੀ ਕੰਢੇ ਤੇ ਰਾਤ ਦੇ ਖਾਣੇ ਨਾਲ ਮੈਕਸੀਕੋ ਕਲਚਰ ਦੀਆਂ ਝਾਕੀਆਂ ਵੀ ਪੇ  ਕੀਤੀਆਂ ਜਾਂਦੀਆਂ।

ਐਕਾਪੁਲਕੋ ਤੋਂ ਵਿਦਾਇਗੀ ਬਾਅਦ ਬਹੁਤੇ ਵਿਗਿਆਨੀਆਂ ਮੈਕਸੀਕੋ ਦੇ ਰਸਤੇ ਹੀ ਵਾਪਸ ਪਰਤਣਾ ਸੀ । ਤੁਰਨ ਤੋਂ ਪਹਿਲਾਂ ਮੈਨੂੰ ਮਾਰਥਾ ਐਲੀਸੀਆ ਦੀ ਚਿਠੀ ਮਿਲ ਚੁੱਕੀ ਸੀ ਕਿ ਮੈ ਦੋ ਦਿਨ ਹੋਰ ਮੈਕਸੀਕੋ  ਹਿਰ ਵਿੱਚ ਗੁ ਾਰ ਕੇ ਆਪਣੇ ਦੇ  ਪਰਤਾਂ । ਮਾਰਥਾ ਬਾਰਾਂ ਵਰ੍ਹੇ ਪਹਿਲਾਂ ਮੇਰੇ ਨਾਲ ਪੈਰਿਸ ਵਿੱਚ ਫਰਾਂਸੀਸੀ ਭਾ ਾ ਦਾ ਕੋਰਸ ਕਰਕੇ ਅੱਜਕੱਲ ਮੈਕਸੀਕੋ ਯੂਨੀਵਰਸਿਟੀ ਵਿੱਚ ਹੀ ਨੌਂਕਰੀ ਕਰ ਰਹੀ ਸੀ । ਜਦੋਂ ਮੈ ਮੈਕਸੀਕੋ ਏਅਰਪੋਰਟ ਤੇ ਪਹੁੰਚਿਆ ਤਾਂ ਉਹ ਆਪਣੇ ਦੋਸਤ ਸਮੇਤ ਮੈਨੂੰ ਲੈਣ ਆਈ ਹੋਈ ਸੀ । ਮੈਨੂੰ ਇਉਂ ਜਾਪਿਆ ਜਿਵੇ ਮੈ ਆਪਣੇ ਘਰ ਹੀ ਪਰਤ ਰਿਹਾ ਹੋਵਾਂ । ਕਿੰਨਾ ਫਰਕ ਸੀ ਮੇਰੇ ਪਹੁੰਚਣ ਦੀ ਪਹਿਲੀ ਰਾਤ ਅਤੇ ਅੱਜ ਦੀ ਰਾਤ ਵਿੱਚ । ਉਸ ਦਿਨ ਮੈਨੂੰ ਡਰ ਸੀ ਕਿਧਰੇ ਮੈ ਗਵਾਚ ਨਾ ਜਾਵਾਂ ਅਤੇ ਹੁਣ ਮੈ ਮੈਕਸੀਕੋ  ਹਿਰ ਵਿੱਚ ਗਵਾਚਣ ਲਈ ਉਤਾਵਲਾ ਸਾਂ । ਅੱਜ ਇਹ  ਹਿਰ ਮੈਨੂੰ ਆਪਣਾ ਲਗ ਰਿਹਾ ਸੀ । ਰਸਤੇ ਵਿੱਚ ਮਾਰਥਾ ਨੇ ਆਪਣੇ ਦੋਸਤ ਨਾਲ ਜਾਣ ਪਛਾਣ ਕਰਵਾਈ ਅਤੇ ਨਿਝੱਕ ਹੋ ਕੇ ਦੱਸਿਆ ਕਿ ਉਹ ਆਪਣੇ ਪੈਰਿਸ ਵਿੱਚ ਸਹੇੜੇ ਫਰਾਂਸੀਸੀ ਪਤੀ ਨੂੰ ਤਲਾਕ ਦੇ ਕੇ ਹੁਣ ਆਪਣੇ ਵਿਭਾਗ ਦੇ ਇਸ ਸਾਥੀ ਨਾਲ ਜੀਵਨ ਬਤੀਤ ਕਰ ਰਹੀ ਹੈ ।

ਅਗਲੀ ਸਵੇਰੇ ਅਸੀਂ ਮੈਕਸੀਕੋ  ਹਿਰ, ਯੂਨੀਵਰਸਿਟੀ, ਉਲੰਪਿਕ ਸਟੇਡੀਅਮ ਅਤੇ  ਹਿਰੋਂ ਬਾਹਰ ਪਿਰਾਮਿਡ ਵੇਖਣ ਗਏ । ਰਾਤ ਨੂੰ ਅਸੀਂ ਮੈਕਸੀਕੋ ਦੇ ਓਪੇਰਾ ਘਰ ਵਿੱਚ ਲੋਕਨਿਰਤ ਦਾ ਪ੍ਰੋਗ੍ਰਾਮ ਵੀ ਵੇਖਿਆ । ਸਾਡੇ ਭੰਗੜੇ ਵਾਂਗ ਮੈਕਸੀਕੋ ਦੇ ਜੱਟ ਵੀ ਆਪਣੀ ਗੰਨੇ ਦੀ ਫਸਲ ਵੇਖ ਕੇ ਨੱਚ ਉਠਦੇ ਹਨ। ਇਉਂ ਜਾਪਦਾ ਸੀ ਕਿ ਮੈਕਸੀਕੋ ਅਤੇ ਪੰਜਾਬ ਦਾ ਲੋਕਯਾਨ ਵਿਰਸਾ ਸਾਂਝਾ ਹੋਵੇ । ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਭੰਗੜੇ ਤੋਂ ਅੱਗੇ ਆਪਣੇ ਲੋਕ ਨਿਰਤ ਨੂੰ ਤੋਰ ਨਹੀਂ ਸਕੇ ਜਦ ਕਿ ਮੈਕਸੀਕਨ ਅਤੇ ਹੋਰ ਦੇਸ ਆਪਣੇ ਲੋਕ ਨਿਰਤ ਨੂੰ ਬੈਲੇ (ਨ਼;;ਕਵ) ਦੀ ਪੱਧਰ ਤੱਕ ਲੈ ਗਏ ਹਨ । ਓਪੇਰਾ ਹਾਊਸ ਤੋਂ ਬਾਹਰ ਬਾ ਾਰ ਵਿੱਚ ਮਾਰਥਾ ਮੇਰੇ ਖਾਣ ਪੀਣ ਦਾ ਸਮਾਨ ਖਰੀਦਣ ਵਿੱਚ ਰੁੱਝ ਗਈ । ਇਸ ਦੁਕਾਨ ਤੋਂ ਭਾਰਤੀ ਚੀ ਾਂ, ਮਸਾਲੇ ਆਦਿਕ ਮਿਲਦੇ ਸਨ । ਮੈਕਸੀਕਨ ਦੁਕਾਨਦਾਰ ਨੇ ਮੈਨੂੰ ਵੇਖਦੇ ਸਾਰ ਹੀ ਬੜੇ ਚਾਅ ਨਾਲ ਖਾਣ ਵਾਲੀਆਂ ਵਸਤਾਂ ਦੇ ਬੰਦ ਪਲਾਸਟਿਕ ਪੈਕਟ ਪੇ  ਕੀਤੇ । ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਨ੍ਹਾਂ ਸਾਰਿਆਂ ਪੈਕਟਾਂ ਉਪਰ ਸਤਿਨਾਮ ਲਿਖਿਆ ਹੋਇਆ ਅਤੇ ਖੰਡੇ ਦਾ ਠੱਪਾ ਵੇਖਿਆ । ਮੈ ਕਾਫੀ ਦੇਰ ਸੋਚਦਾ ਰਿਹਾ ਕਿ  ਸਤਿਨਾਮ  ਦਾ ਵਪਾਰੀ ਪੰਜਾਬੀ ਖਾਲਸਾ ਹੈ ਜਾਂ ਹਰਭਜਨ ਯੋਗੀ ਦਾ ਸਿਰਜਿਆ ਅਮਰੀਕਨ ਖਾਲਸਾ ।

# ਪੂਰਬ ਦਾ ਵੀਨਸ [ ਬੈਂਕਾਕ

ਪੱਛਮੀ ਦੇ ਾਂ ਦੀਆਂ ਅਨੇਕ ਫੇਰੀਆਂ ਲਗਾ ਲੈਣ ਉਪਰੰਤ ਮੇਰੀ ਤਮੰਨਾ ਸੀ ਕਿ ਪੂਰਬੀ ਦੇ ਾਂ ਦਾ ਵੀ ਦੌਰਾ ਕੀਤਾ ਜਾਵੇ । ਤੀਸਰੀ ਦੁਨੀਆਂ ਅਕੈਡਮੀ ਦੀ ਫੈਲੋਂ ਿਪ ਮਿਲਣ ਨਾਲ ਇਹ ਸੁਨਹਿਰੀ ਮੌਕਾ ਵੀ ਮਿਲ ਗਿਆ । ੩ ਦਸੰਬਰ ਦੀ ਾਮ ਨੂੰ ਏਅਰ ਇੰਡੀਆ ਦਾ ਜੰਬੋ ਜੈਟ ਦਿੱਲੀ ਤੋਂ ਉਡਾਨ ਭਰ ਕੇ ਅੱਧੀ ਰਾਤ ਮਗਰੋ ਬੈਂਕਾਕ ਦੇ ਹਵਾਈ ਅੱਡੇ ਉਪਰ ਜਾ ਉਤਰਿਆ । ਭਾਵੇ ਮੈ ਬੈਂਕਾਕ ਦੀਆਂ ਦੋਹਾਂ ਯੂਨੀਵਰਸਿਟੀਆਂ ਨੂੰ ਆਪਣੇ ਪੁੱਜਣ ਬਾਰੇ ਇਤਲਾਹ ਭੇਜ ਰੱਖੀ ਸੀ ਪਰੰਤੂ ਮੈਨੂੰ ਲੈਣ ਲਈ ਕੋਈ ਨਹੀਂ ਬਹੁੜਿਆ । ਦਰਅਸਲ, ਮੇਰਾ ਸਰਕਾਰੀ ਚੱਕਰ ਕੁਆਲਾਂਲੰਪਰ ਦਾ ਸੀ ਅਤੇ ਬੈਂਕਾਕ ਮੈ ਆਪਣੇ ਨਿੱਜੀ ਖਰਚ ਉਪਰ ਹੀ ਜਾ ਰਿਹਾ ਸਾਂ । ਹਵਾਈ ਜਹਾ ਵਿੱਚ ਕਈ ਹੋਰ ਵੀ ਭਾਰਤੀ ਮੁਸਾਫਰ ਸਨ ਪਰੰਤੂ ਇਹ ਸਾਰੇ ਹੀ ਵਪਾਰੀ ਲੋਕ ਸਨ ਜੋ ਵਧੇਰੇ ਕਰਕੇ ਕੱਪੜੇ ਦਾ ਵਪਾਰ ਕਰਦੇ ਹਨ । ਚੱਲਣ ਤੋਂ ਪਹਿਲਾਂ ਕੁਝ ਵਾਕਫੀਅਤ ਦੇ ਟਿਕਾਣੇ ਵੀ ਦੱਸੇ ਗਏ ਪਰੰਤੂ ਅੱਧੀ ਰਾਤ ਬੀਤੀ ਮਗਰੋ ਕਿਸੇ ਓਪਰੇ ਦੇ ਘਰ ਜਾਣਾ ਠੀਕ ਨਾ ਸਮਝਿਆ । ਹਵਾਈ ਅੱਡੇ ਤੋਂ ਟੈਕਸੀ ਲੈ ਕੇ ਸਵੇਰ ਦੇ ਤਿੰਨ ਵਜੇ ਮੈ ਬੈਂਕਾਕ ਦੀ ਭਾਰਤੀ ਮਾਰਕੀਟ ਹੁਰਤ ਪਹੁੰਚ ਗਿਆ । ਇਥੇ ਸਾਰੇ ਹੋਟਲ ਅਤੇ ਦੁਕਾਨਾਂ ਭਾਰਤੀ ਲੋਕਾਂ ਦੇ ਕਬਜੇ ਵਿੱਚ ਹਨ । ਸਿੱਖਾਂ ਦਾ ਕਾਰੋਬਾਰ ਵੀ ਇਸ ਮਾਰਕੀਟ ਵਿੱਚ ਹੈ ਅਤੇ ਦੁਨੀਆਂ ਦਾ ਸਭ ਤੋਂ ਵੱਡਾ ਸਿੰਘ ਸਭਾ ਗੁਰਦਵਾਰਾ ਵੀ ਇਸ ਇਲਾਕੇ ਵਿੱਚ ਹੀ ਹੈ ।

ਟੈਕਸੀ ਵਾਲੇ ਨੇ ਬਹੁਤ ਕੋ ਿ ਕੀਤੀ ਪਰੰਤੂ ਗੁਰਦਵਾਰਾ ਅਤੇ ਮੇਰਾ ਦੱਸਿਆ ਸਿੰਘਾਪੁਰ ਗੈਸਟ ਹਾਊਸ ਨਾ ਲੱਭ ਸਕਿਆ । ਇਉ ਜਾਪਦਾ ਸੀ ਕਿ ਅਸੀਂ ਦਿੱਲੀ ਦੇ ਕਿਸੇ ਬਾ ਾਰ ਵਿੱਚੋ ਲੰਘ ਰਹੇ ਹਾਂ । ਚੱਢਾ, ਕੋਹਲੀ ਅਤੇ ਪਾਲ ਬਰਦਰ ਦੇ ਸਾਈਨ ਬੋਰਡ ਪੰਜਾਬੀਆਂ ਦੇ ਕਾਰੋਬਾਰ ਦੀ ਪੁ ਟੀ ਕਰ ਰਹੇ ਸਨ । ਕਈ ਗੈਸਟ ਹਾਊਸਾਂ ਦੇ ਦਰਵਾਜੇ ਖੜਕਾਏ ਪਰੰਤੂ ਏਨੀਂ ਰਾਤ ਗੁਜਰੀ ਕਿਸੇ ਦਰਵਾਜਾ ਨਾ ਖੋਲ੍ਹਿਆ । ਹਾਰ ਕੇ ਟੈਕਸੀ ਵਾਲੇ ਨੇ ਮੈਨੂੰ ਬੈਂਕਾਕ ਹੋਟਲ ਪਹੁੰਚਾ ਦਿੱਤਾ । ਜਦੋ ਮੈ ਅੰਗਰੇ ੀ ਵਿੱਚ ਕਮਰੇ ਦੀ ਮੰਗ ਕੀਤੀ ਤਾਂ ਚੌਕੀਦਾਰ ਨੇ ਹਿੰਦੀ ਵਿੱਚ ਜਵਾਬ ਦਿੱਤਾ ਅਤੇ ਮੈਨੂੰ ਬਗੈਰ ਕਿਸੇ ਹੀਲਾਂਹੁੱਜਤ ਦੇ ਕਮਰਾ ਖੋਲ੍ਹ ਦਿੱਤਾ । ਟੈਕਸੀ ਵਾਲੇ ਵੀ ਪੂਰਾ ਬਣਦਾ ਕਿਰਾਇਆ ਹੀ ਲਿਆ, ਬਲਕਿ ਰਾਤ ਨੂੰ ਜੋ ਖੱਜਣ ਹੋਣਾ ਪਿਆ ਉਸ ਲਈ ਉਸ ਮੁਆਫੀ ਮੰਗੀ । ਦੇਰੀ ਨਾਲ ਸੌਣ ਕਰਕੇ ਮੇਰਾ ਵਿਚਾਰ ਸੀ ਕਿ ਸਵੇਰੇ ਨਾ ਉਠਿਆ ਜਾਵੇ ਪਰੰਤੂ ਸਵੇਰੇ ਸੱਤ ਵਜੇ ਮੇਰੇ ਕਮਰੇ ਦਾ ਏਅਰਕਿੰਡੀ ਨਰ ਕਾਊਟਰ ਤੋਂ ਹੀ ਬੰਦ ਕਰ ਦਿੱਤਾ ਗਿਆ ਜਿਸ ਕਰਕੇ ਕਮਰੇ ਅੰਦਰ ਹੁੰਮਸ ਅਤੇ ਗਰਮੀ ਹੋ ਜਾਣ ਨਾਲ ਮੇਰੀ ਅੱਖ ਖੁੱਲ ਗਈ । ਮੈ ਮਸਾਂ ਤਿੰਨ ਘੰਟੇ ਹੀ ਸੌ ਸਕਿਆ ਅਤੇ ਉਨੀਂਦਰੇ ਦੀ ਹਾਲਤ ਵਿੱਚ ਹੀ ਉਠਣਾ ਪਿਆ । ਭਾਵੇ ਰਾਤ ਨੂੰ ਸਾਨੂੰ ਗੁਰਦਵਾਰਾ ਨਹੀਂ ਸੀ ਲੱਭਿਆ ਪਰੰਤੂ ਜਦੋ ਸਵੇਰ ਹੋਈ ਤਾਂ ਲਾਊਡ ਸਪੀਕਰ ਤੋਂ ਆਸਾ ਦੀ ਵਾਰ ਦਾ ਕੀਰਤਨ ਸੁਣਾਈ ਦੇ ਰਿਹਾ ਸੀ । ਦਰਅਸਲ ਮੇਰਾ ਹੋਟਲ ਗੁਰਦਵਾਰੇ ਦੇ ਲਾਗਲੇ ਬਾ ਾਰ ਵਿੱਚ ਸੀ ਅਤੇ ਪੰਜਾਬ ਵਾਂਗ ਇਥੇ ਵੀ ਲਾਊਡ ਸਪੀਕਰ ਹਾਈ ਪਿੱਚ ਉਪਰ ਹੀ ਰੱਖਦੇ ਹਨ, ਤਾਂ ਕਿ ਬੈਂਕਾਕ ਦੇ ਸਿੰਘ ਨੀਂਦ ਦਾ ਤਿਆਗ ਕਰਕੇ ਗੁਰਦਵਾਰੇ ਪਹੁੰਚ ਜਾਣ ।

ਮੈ ਤਿਆਰ ਹੋ ਕੇ ਨਾ ਤੇ ਲਈ ਹੇਠ ਉਤਰਿਆ ਤਾਂ ਵੇਖਿਆ ਕਿ ਹੋਟਲ ਦੇ ਦਲਾਨ ਵਿੱਚ ਭਾਰਤੀ ਮੁਸਾਫਰਾਂ ਦਾ ਤਾਂਤਾ ਲਗਾ ਹੋਇਆ ਹੈ । ਇਕ ਹੋਰ ਸਿੱਖ ਵਪਾਰੀ ਅੰਮ੍ਰਿਤਸਰ ਦਾ ਟੱਕਰ ਪਿਆ । ਉਸ ਨੇ ਦੱਸਿਆ ਕਿ ਇਥੇ ਗਰੁੱਪ ਰਲ ਕੇ ਇਕ ਕਮਰਾ ਤੈਹਖਾਨੇ ਵਿੱਚ ਲੈ ਕੇ ੧੦੦ ਰੁਪਏ ਵਿੱਚ ਹੀ ਰਾਤ ਗੁਜਾਰ ਸਕਦਾ ਹੈ । ਥਾਈਲੈਂਡ ਦੀ ਕਰੰਸੀ ਬਾਹਟ ਦਾ ਸਾਡੇ ਰੁਪਏ ਦੇ ਬਰਾਬਰ ਹੀ ਮੁੱਲ ਹੈ । ਗੈਸਟ ਹਾਊਸ ਅਤੇ ਹੋਟਲ ਦਿੱਲੀ ਤੋਂ ਸਸਤੇ ਹਨ । ਚਾਹ ਦਾ ਕੱਪ ਪੰਜ ਬਾਹਟ ਅਤੇ ਸਾਦਾ ਖਾਣਾ ਤੀਹ ਬਾਹਟ ਦਾ ਪੈਂਦਾ ਹੈ । ਰੈਡੀਮੇਡ ਕੱਪੜਾ ਵੀ ਭਾਰਤ ਤੋਂ ਸਸਤਾ ਮਿਲਦਾ ਹੈ । ਸੋ ਬੈਂਕਾਕ ਵਿੱਚ ਘਟ ਬੱਜਟ ਤੇ ਗੁ ਾਰਾ ਹੋ ਸਕਦਾ ਹੈ । ਮੇਰੇ ਪਾਸ ਬੈਂਕਾਕ ਘੁੰਮਣ ਲਈ ਕੇਵਲ ਇਕ ਦਿਨ ਹੀ ਸੀ ਕਿਉਕਿ ਪੰਜ ਦਸੰਬਰ ਨੂੰ ਮੈ ਕੁਆਲਾ ਲੰਪਰ ਪਹੁੰਚਣਾ ਸੀ । ਬਾ ਾਰ ਵਿੱਚ ਸਿੱਖ ਮਰਦ ਅਤੇ ਬੀਬੀਆਂ ਕੰਮ ਕਰਦੇ ਦਿਸ ਰਹੇ ਸਨ । ਕਈ ਛੋਟੀਆਂ ਦੁਕਾਨਾਂ ਬੀਬੀਆਂ ਆਪ ਹੀ ਚਲਾ ਰਹੀਆਂ ਸਨ । ਕੋਈ ਰੈਡੀਮੇਡ ਕੱਪੜੇ ਵੇਚ ਰਹੀ ਸੀ ਅਤੇ ਕੋਈ ਚਾਹ ਦੀ ਰੇਹੜੀ ਲਗਾ ਕੇ ਪੈਸੇ ਬਟੋਰ ਰਹੀ ਸੀ । ਥਾਈਲੈਂਡ ਦੇ ਵੱਡੇ ਸਿੱਖ ਧਨਾਢ ਨਾਮਧਾਰੀਏ ਹਨ, ਜਿਨ੍ਹਾਂ ਨੇ ਇਥੋਂ ਦੇ ਬਾਦ ਾਹ ਨਾਲ ਵੀ ਚੰਗਾ ਰਾਬਤਾ ਕਾਇਮ ਕਰ ਰੱਖਿਆ ਹੈ । ਮੈ ਬੈਂਕਾਕ ਹੋਟਲ ਤੋਂ ਮੈਟਰੋ ਗੈਸਟ ਹਾਊਸ ਵਿੱਚ ਿ ਫਟ ਕਰ ਲਿਆ ਅਤੇ ਇਸ ਦਾ ਮਾਲਕ ਨਾਮਧਾਰੀਆ ਮੇਰੇ ਪਾਕਿਸਤਾਨ ਦੇ ਜੱਦੀ ਪਿੰਡ ਕਾਮੋਕਿਆਂ ਦਾ ਨਿਕਲ ਆਇਆ । ਕਈ ਨਾਮਧਾਰੀਏ ਪਾਕਿਸਤਾਨ ਬਣਨ ਉਪਰੰਤ

ਸਿੱਧਾ ਥਾਈਲੈਂਡ ਹੀ ਪਹੁੰਚ ਗਏ ਅਤੇ ਇਥੇ ਆ ਕੇ ਆਪਣਾ ਕਾਰੋਬਾਰ ਕਰਨ ਲੱਗੇ । ਇਨ੍ਹਾਂ ਵਿੱਚੋ ਤਰਲੋਕ ਸਿੰਘ ਨੇ ਕਾਫੀ ਨਾਮਣਾ ਖੱਟਿਆ ਹੈ ।

ਬੈਂਕਾਕ ਹਿਰ ਚਾਓ ਫਰੀਆ ਦਰਿਆ ਦੇ ਦੋਵੇ ਕਿਨਾਰਿਆਂ ਉਪਰ ਵੱਸਿਆ ਹੈ । ਜਿਸ ਤਰ੍ਹਾਂ ਹੁਗਲੀ ਨਦੀ ਕਲਕੱਤੇ ਨੂੰ ਸਮੁੰਦਰ ਨਾਲ ਜੋੜਦੀ ਹੈ ਇਸੇ ਤਰ੍ਹਾਂ ਹੀ ਇਹ ਦਰਿਆ ਬੈਂਕਾਕ ਨੂੰ ਸਮੁੰਦਰ ਨਾਲ ਜੋੜਦਾ ਹੈ । ਇਸਦੇ ਦੋਵੇ ਪਾਸੇ ਹੋਟਲ, ਬੋਧੀ ਮੰਦਿਰ ਅਤੇ ਥਾਈ ਲੋਕਾਂ ਦੇ ਘਰ ਹਨ । ਵਾਕਿਆ ਹੀ ਇਹ ਹਿਰ ਪੂਰਬ ਦਾ ਵੀਨਸ ਹੈ । ਵੀਨਸ ਵਿੱਚ ਤਾਂ ਲੋਕ ਘਰ ਖਾਲੀ ਕਰਕੇ ਚਲੇ ਗਏ ਹਨ ਅਤੇ ਕੇਵਲ ਯਾਤਰੀ ਹੀ ਇਨ੍ਹਾਂ ਵਿੱਚ ਆ ਕੇ ਠਹਿਰਦੇ ਹਨ ਪਰੰਤੂ ਬੈਂਕਾਕ ਦੀ ਅੱਧੀ ਅਬਾਦੀ ਚਾਓ ਫਰੀਆ ਦਰਿਆ ਕਿਨਾਰੇ ਹੀ ਵੱਸ ਰਹੀ ਹੈ । ਦੁਪਹਿਰ ਦਾ ਖਾਣਾ ਖਾ ਕੇ ਮੈ ਕਿ ਤੀ ਉਪਰ ਸਵਾਰ ਹੋ ਗਿਆ ਅਤੇ ਹਿਰ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਦਾ ਗੇੜਾ ਲਾ ਲਿਆ, ਕੇਵਲ 15 ਬਾਹਟ (ਰੁਪਏ) ਹੀ ਖਰਚ ਹੋਏ । ਇਨ੍ਹਾਂ ਕਿ ਤੀਆਂ ਰਾਹੀਂ ਥਾਈ ਲੋਕ ਆਪਣਾ ਕਾਰੋਬਾਰ ਕਰਦੇ ਹਨ । ਸਮੁੰਦਰ ਤੋਂ ਜਹਾਜਾਂ ਰਾਹੀਂ ਮਾਲ ਢੋਇਆ ਜਾਂਦਾ ਹੈ । ਵੀਨਸ ਦੇ ਗੰਡੋਲੇ ਵਾਂਗ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਤੱਕ ਮੁਸਾਫਰ ਆਪਣੇ ਘਰਾਂ ਨੂੰ ਜਾਂਦੇ ਹਨ । ਯਾਤਰੀ ਰਾਤ ਨੂੰ ਹਿਰ ਦੀ ਯਾਤਰਾ ਕਰਦੇ ਹਨ। ਇਹ ਦਰਿਆ ਇਸ ਹਿਰ ਦੀ ਰੀੜ ਦੀ ਹੱਡੀ ਬਣ ਗਿਆ ਹੈ । ਦੋ ਘੰਟੇ ਦੀ ਯਾਤਰਾ ਕਰਕੇ ਮੈ ਾਮ ਨੂੰ ਪੁਰਾਣੇ ਾਹੀ ਮਹੱਲ ਦੇ ਪੱਤਣ ਤੇ ਉਤਰ ਗਿਆ ।

5 ਦਸੰਬਰ ਨੂੰ ਥਾਈਲੈਂਡ ਦੇ ਬਾਦ ਾਹ ਦਾ ਜਨਮ ਦਿਨ ਸੀ ਜੋ ਦੇਸ ਭਰ ਵਿੱਚ ਕੌਮੀ ਦਿਵਸ ਵਜੋਂ ਮਨਾਇਆ ਜਾ ਰਿਹਾ ਸੀ । 4 ਦਸੰਬਰ ਦੀ ਾਮ ਨੂੰ ਾਹੀ ਮਹੱਲ ਦੇ ਬਾਹਰ ਇਕ ਵੱਡੇ ਪਾਰਕ ਵਿੱਚ ਬਾਦ ਾਹ ਦੇ ਜਨਮ ਦਿਨ ਦੀ ਖੁ ੀ ਵਿੱਚ ਜ ਨ ਮਨਾਏ ਜਾ ਰਹੇ ਸਨ । ਹਿਰ ਦੇ ਹਰ ਚੌਂਕ ਵਿੱਚ ਨਾਚ/ਗਾਣੇ ਦਾ ਪ੍ਰਬੰਧ ਸੀ ਪਰੰਤੂ ਾਹੀ ਮਹੱਲ ਦੇ ਬਾਹਰ ਤਾਂ ਬਹੁਤ ਹੀ ਭਾਰੀ ਇਕੱਠ ਸੀ ਅਤੇ ਇਕ ਮੇਲੇ ਵਾਲਾ ਦ੍ਰਿ ਸੀ । ਮਹੱਲ ਦੇ ਗੇਟ ਅੱਗੇ ਖਲੋਤੇ ਸੰਤਰੀ ਨੂੰ ਪੁੱਛ ਕੇ ਮੈ ਅੰਦਰ ਲੰਘ ਗਿਆ ਅਤੇ ਸੁਨਹਿਰੀ ਗੁੰਬਦਾਂ ਵਾਲੇ ਬੋਧੀ ਮੰਦਰ ਦੇ ਦਰ ਨ ਕਰ ਆਇਆ । ਭਗਵੇ ਚੋਲਿਆਂ ਵਾਲੇ ਬੋਧੀ ਭਿਕ੍ਹੂ ਹਿਰ ਦੇ ਹਰ ਕੋਨੇ ਵਿੱਚ ਟੱਕਰ ਪੈਂਦੇ ਹਨ । ਬਾਦ ਾਹ ਬੁੱਧ ਧਰਮ ਦਾ ਪੈਰੋਕਾਰ ਹੈ ਅਤੇ ਥਾਈ ਲੋਕ ਬੁੱਧ ਧਰਮ ਵਿੱਚ ਅਥਾਹ ਵਿ ਵਾਸ ਰੱਖਦੇ ਹਨ । ਵਾਰੇ ਜਾਈਏ ਬ੍ਰਾਹਮਣਾਂ ਦੇ ਜਿਨ੍ਹਾਂ ਬੁੱਧ ਧਰਮ ਦਾ ਭਾਰਤ ਵਿੱਚੋ ਹੂੰਝਾ ਫੇਰ ਦਿੱਤਾ ਅਤੇ ਓਮ ਨਮੋ ਬੁੱਧਮ ਦਾ ਮੰਤਰ ਕੇਵਲ ਭਾਰਤ ਤੋਂ ਬਾਹਰ ਹੀ ਗੂੰਜਿਆ । ਬ੍ਰਾਹਮਣ ਇਤਿਹਾਸਕਾਰਾਂ ਨੇ ਇਕ ਹੋਰ ਦੋ ਬੋਧੀਆਂ ਦੇ ਸਿਰ ਮੜਿਆ ਹੈ : ਅਖਹਿ ਭਾਰਤ ਦੀ ਸਦੀਆਂ ਦੀ ਗੁਲਾਮੀ ਦਾ ਕਾਰਨ ਬੁੱਧ ਧਰਮ ਦਾ ਪ੍ਰਚਾਰ ਸੀ । ਭਲੇਮਾਣਸਾਂ ਨੂੰ ਇਹ ਚੇਤਾ ਕਰਾਣਾ ਬਣਦਾ ਹੈ ਕਿ ਪੂਰਬ ਵਿੱਚ ਕੇਵਲ ਇਕੋ ਇਕ ਦੇ ਗੁਲਾਮੀ ਦੇ ਜੂਲੇ ਤੋਂ ਬਚਿਆ ਰਿਹਾ ਹੈ ਅਤੇ ਇਹ ਹੈ ਥਾਈਲੈਂਡ, ਜਿਸ ਦਾ ਅੱਖਰੀ ਅਰਥ ਹੀ ਆ ਾਦ ਭੂਮੀ ਬਣਦਾ ਹੈ । ਥਾਈ ਲੋਕਾਂ ਨੇ ਕਿਸੇ ਯੂਰਪੀਨ ਕੌਮ ਦੀ ਗੁਲਾਮੀ ਕਬੂਲ ਨਹੀ ਕੀਤੀ ਅਤੇ ਸਦੀਆਂ ਪੁਰਾਣੀ ਬੋਧੀ ਤਹਿ ੀਬ ਦਾ ਪੱਲਾ ਪਕੜੀ ਰੱਖਿਆ ਹੈ । ਬੁੱਧ ਧਰਮ ਦੇ ਪ੍ਰਚਾਰ ਲਈ ਸਰਕਾਰੀ ਪ੍ਰਬੰਧ ਹੈ ਪਰੰਤੂ ਬਾਕੀ ਸਾਰੇ ਧਰਮਾਂ ਨੂੰ ਪ੍ਰਚਾਰ ਦੀ ਪੂਰਨ ਖੁੱਲ੍ਹ ਹੈ ।

ਥਾਈ ਲੋਕ ਧਾਰਮਿਕ ਕੱਟੜਤਾ ਤੋਂ ਮੁਕਤ ਹਨ । ਸਾਡੇ ਭਾਰਤ ਵਾਂਗ ਧਰਮ/ਨਿਰਪੱਖਤਾ ਦਾ ਢੋਂਗ ਨਹੀ ਰਚਦੇ ਅਤੇ ਨਾ ਹੀ ਮੰਦਰ/ ਮਸਜਿਦ ਵਰਗਾ ਬਖੇੜਾ ਪੈਦਾ ਕਰਦੇ ਹਨ । ਬੋਧੀ ਮੰਦਰ ਅਤੇ ਗੁਰਦਵਾਰੇ ਨਾਲੋ ਨਾਲ ਹੀ ਹਨ । ਇਹ ਲੋਕ ਹੋਲੀ ਵਰਗਾ ਤਿਉਹਾਰ ਵੀ ਮਨਾਂਦੇ ਹਨ ਪਰੰਤੂ ਰੰਗ ਪਾਉਣ ਦੀ ਬਜਾਏ ਹਰ ਲੰਘ ਰਹੇ ਯਾਤਰੀ ਉਪਰ ਪਾਣੀ ਦਾ ਛਿੜਕਾਓ ਕਰਦੇ ਹਨ ।

ਥਾਈ ਲੋਕ ਕਾਫੀ ਮਿਲਾਪੜੇ ਹਨ । ਪਾਰਕ ਵਿੱਚ ਜ ਨ ਮਨਾ ਰਹੇ ਲੋਕ ਰੰਗ ਰਲੀਆਂ ਵਿੱਚ ਰੁੱਝੇ ਹੋਏ ਸਨ । ਇਕ ਟੋਲਾ ਤਾਂ ਮੇਰੇ ਖਹਿੜੇ ਹੀ ਪੈ ਗਿਆ ਅਤੇ ਬਦੋ ਬਦੀ ਰਬਤ ਦਾ ਭਰਿਆ ਪਲਾਸਟਿਕ ਲਿਫਾਫਾ ਭੇਟ ਕਰ ਗਿਆ । ਇਕ ਪਾਸੇ ਸਟੇਜ ਉਪਰ ਲੋਕ/ ਨਾਚ ਹੋ ਰਿਹਾ ਸੀ । ਨੱਚਣ ਵਾਲੀਆਂ ਕੁੜੀਆਂ ਦੀਆਂ ਆਦਾਵਾਂ ਭਾਰਤ ਨਟਿਅਮ ਨਾਚ ਨਾਲ ਕੁਝ ਕੁ ਮੇਲ ਖਾਂਦੀਆਂ ਸਨ । ਥਾਈ ਕਲਚਰ ਉਪਰ ਭਾਰਤੀ ਕਲਚਰ ਦੀ ਮੁਹਰ ਛਾਪ ਪ੍ਰਤੱਖ ਨ ਰ ਪੈਂਦੀ ਹੈ । ਇਥੋ ਦੀ ਮੂਰਤੀ ਕਲਾ ਵੀ ਭਾਰਤੀ ਕਲਾ ਦਾ ਪ੍ਰਤੀਕ ਹੈ । ਅਜੰਤਾ ਅਤੇ ਏਲੋਰਾ ਦੀਆਂ ਬੋਧੀ ਗੁਫਾਵਾਂ ਦੀਆਂ ਜੱਤਕ ਕਥਾਵਾਂ ਥਾਈਲੈਂਡ ਦੇ ਬੋਧੀ ਮੰਦਰਾਂ ਵਿੱਚ ਸਾਂਭੀਆਂ ਪਈਆਂ ਹਨ । ਭਾਵੇ ਅਸੀ ਬੁੱਧ ਧਰਮ ਤੋਂ ਮੂੰਹ ਮੋੜ ਲਿਆ ਪਰੰਤੂ ਥਾਈ ਲੋਕਾਂ ਨੇ ਧਿਆਨੀ ਬੁੱਧ ਦੀ ਮੂਰਤ ਨੂੰ ਸਾਕਾਰ ਕਰ ਰੱਖਿਆ ਹੈ ।

ਜਿਸ ਤਰ੍ਹਾਂ ਅਸੀ ਦੀਵਾਲੀ ਦਾ ਤਿਉਹਾਰ ਮਨਾਉਦੇ ਹਾਂ ਇਸੇ ਤਰ੍ਹਾਂ ਹੀ 4 ਦਸੰਬਰ ਦੀ ਰਾਤ ਨੂੰ ਬੈਂਕਾਕ ਵਿੱਚ ਹਰ ਇਮਾਰਤ ਅਤੇ ਘਰ ਵਿੱਚ ਰੋ ਨੀ ਕੀਤੀ ਗਈ । ਸਿੰਘ ਸਭਾ ਗੁਰਦਵਾਰੇ ਦੇ ਬਾਹਰ ਵੀ ਬਾਦ ਾਹ ਦਾ ਚਿਤਰ ਲਗਾ ਕੇ ਜ ਨ ਮਨਾਇਆ ਗਿਆ । ਗੁਰਪੁਰਬ ਵਾਂਗ ਜਨਮ ਦਿਨ ਤੇ ਵਿ ੇ ਸਮਾਗਮ ਹੋਇਆ । ਸਿੱਖ ਬੀਬੀਆਂ ਨੇ ਪੰਜਾਬੀ ਅਤੇ ਥਾਈ ਭਾ ਾ ਵਿੱਚ ਕਵਿਤਾ ਰਾਹੀਂ ਬਾਦ ਾਹ ਦੀ ਲੰਬੀ ਉਮਰ ਦੀ ਕਾਮਨਾ ਕੀਤੀ । ਭਾਈ ਸਾਹਿਬ ਨੇ ਬਾਦ ਾਹ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਕਈ ਸਿੱਖ ਪਰਿਵਾਰਾਂ ਨੇ ਬਾਦ ਾਹ ਦੇ ਨਾਮ ਉਪਰ ਦਾਨ ਭੇਟ ਕੀਤਾ ਅਤੇ ਕੜਾਹ ਪ੍ਰ ਾਦ ਦੀਆਂ ਦੇਗਾਂ ਕਰਵਾਈਆਂ । ਇਸੇ ਤਰ੍ਹਾਂ ਦੇ _ਕਰਾਨੇ ਹੀ ਬੋਧੀ ਮੰਦਰਾਂ ਵਿੱਚ ਅਤੇ ਮਸੀਤਾਂ ਵਿੱਚ ਮੁਸਲਮਾਨਾਂ ਵਲੋ ਕੀਤੇ ਗਏ । ਮੇਰਾ ਿ ਆਲ ਹੈ ਕਿ ਸਿੱਖ ਰਾਜ ਵਿੱਚ ਮਹਾਰਾਜਾ ਰਣਜੀਤ ਸਿੰਘ ਲਈ ਵੀ ਸਿੱਖਾਂ ਇਤਨੀ ਰਧਾ ਨਹੀ ਜਿਤਲਾਈ ਹੋਣੀ ਜਿੰਨੀ ਥਾਈਲੈਂਡ ਦੇ ਸਿੱਖਾਂ ਨੇ ਆਪਣੇ ਬਾਦ ਾਹ ਲਈ ਜਾਹਰ ਕੀਤੀ । ਵਾਕਿਆ ਹੀ ਥਾਈਲੈਂਡ ਦਾ ਬਾਦ ਾਹ ਭੂਮੀਬੋਲ ਆਪਣੀ ਜਨਤਾ ਦਾ ਹਰਮਨ ਪਿਆਰਾ ਨੇਤਾ ਹੈ ਅਤੇ ਬੁੱਧ ਧਰਮ ਦਾ ਪ੍ਰਤੀਕ ਹੈ । ਇਕ ਹੋਰ ਰਵਾਇਤ ਅਨੁਸਾਰ ਥਾਈਲੈਂਡ ਦੇ ਬਾਦ ਾਹ ਨੂੰ ਰਾਮਾ ਕਹਿੰਦੇ ਹਨ । ਅਯੁੱਧਿਆ ਦਾ ਵੀ ਜਿਕਰ ਹੈ । ਕਿ ਇਹ ਭਾਰਤੀ ਰਾਮ ਵਾਲੀ ਅਯੁੱਧਿਆ ਤਾਂ ਨਹੀ ਹੈ ? ਬੈਂਕੌਂਕ ਵਿੱਚ ਇਕ ਬੈਂਕਾਕ ਦਾ ਨਾਮ ਬੈਂਕ ਆਫ ਅਯੁੱਧਿਆ ਮੈ ਆਪ ਵੇਖਿਆ ਹੈ ।

ਬੈਂਕਾਕ ਹਿਰ ਵਿੱਚ ਘੁੰਮਣ ਉਪਰੰਤ ਮੈ ਥੱਕ ਚੁਕਾ ਸਾਂ ਅਤੇ ਲੋਕਲ ਬੱਸ ਰਾਹੀਂ ਆਪਣੇ ਟਿਕਾਣੇ ਤੇ ਪੁੱਜ ਗਿਆ । ਗੁਰਦਵਾਰੇ ਦੇ ਦਰ ਨ ਕਰਨ ਗਿਆ ਤਾਂ ਪਤਾ ਲੱਗਾ ਕਿ ਇਥੇ ਲੰਗਰ ਸੱਤ ਵਜੇ ਹੀ ਵਰਤ ਜਾਂਦਾ ਹੈ । ੈਰ* ਮੈਨੂੰ ਸੇਵਾਦਾਰ ਨੇ ਨਵਾਂ ਮੁਸਾਫਰ ਸਮਝ ਕੇ ਗੱਫਾ ਦੇ ਦਿੱਤਾ ਅਤੇ ਮੇ ਕੁਰਸੀ ਉਪਰ ਬੈਠ ਕੇ ਲੰਗਰ ਛਕਣ ਦੀ ਇਜਾ ਤ ਦੇ ਦਿੱਤੀ ।

ਅਗਲੀ ਸਵੇਰ ਪੰਜ ਦਸੰਬਰ ਗੁਰਦਵਾਰੇ ਦੇ ਖੁੱਲੇ ਦਰ ਨ ਕਰਨ ਦਾ ਵਿਚਾਰ ਬਣ ਗਿਆ । ਛੁੱਟੀ ਦਾ ਦਿਨ ਹੋਣ ਕਰਕੇ ਕਾਫੀ ਰੌਣਕ ਸੀ ਤੇ ਪੰਜਾਬ ਤੋਂ ਕਈ ਰਾਗੀ ਜਥੇ ਕੀਰਤਨ ਸੁਣਾ ਕੇ ਨਿਹਾਲ ਕਰ ਰਹੇ ਸਨ । ਗੁਰਦਵਾਰੇ ਦੇ ਾਨਦਾਰ ਹਾਲ ਵਿੱਚ ਚੌਥੀ ਮੰਜਿਲ ਉਪਰ ਪ੍ਰਕਾ ਕੀਤਾ ਜਾਂਦਾ ਹੈ । ਪੰਜਵੀਂ ਅਤੇ ਛੇਵੀਂ ਮੰਜਿ ਲ ਤੇ ਸਿੱਖ ਵਿਦਿਆਲਾ ਚੱਲ ਰਿਹਾ ਹੈ ਅਤੇ ਦੂਸਰੀ ਮੰਜਿ ਲ ਤੇ ਲੰਗਰ ਦਾ ਪ੍ਰਬੰਧ ਹੈ । ਦੁਨੀਆਂ ਦੇ ਲੱਗਭਗ ਸਾਰੇ ਦੇਸਾਂ ਦੇ ਗੁਰਦਵਾਰੇ ਮੈ ਆਪਣੀਆ ਯਾਤਰਾਵਾਂ ਦੌਰਾਨ ਵੇਖ ਚੁੱਕਾ ਹਾਂ ਪਰੰਤੂ ਜੋ ਸੁਚੱਜਾ ਪ੍ਰਬੰਧ, ਸਫਾਈ ਅਤੇ ਰਧਾ ਥਾਈਲੈਂਡ ਦੇ ਸਿੱਖਾਂ ਵਿੱਚ ਹੈ, ਹੋਰ ਕਿਧਰੇ ਨਹੀ ਲੱਭਦੀ । ਭੋਗ ਉਪਰੰਤ ਕੁਰਸੀਆਂ ਮੇਜਾਂ ਉਪਰ ਸਭ ਨੂੰ ਗੁਰੂ ਕਾ ਲੰਗਰ ਛਕਾਇਆ ਗਿਆ । ਲੰਗਰ ਦੀ ਤਿਆਰੀ ਅਤੇ ਬਰਤਨਾਂ ਦੀ ਸਫਾਈ ਦਾ ਕੰਮ ਥਾਈ ਬੀਬੀਆਂ ਮ ਿਨਾਂ ਨਾਲ ਕਰਦੀਆਂ ਹਨ । ਲੰਗਰ ਸੈਲਫ ਸਰਵਿਸ ਦੇ ਆਧਾਰ ਤੇ ਹੈ ਅਤੇ ਅਜੇਹਾ ਅਨੰਦਮਈ ਮਹੌਲ ਅਤੇ ਲੰਗਰ ਸਾਡੇ ਕਿਸੇ ਵੀ ਗੁਰਦਵਾਰੇ ਵਿੱਚ ਨਹੀਂ ਲੱਭਦਾ । ਕੀਰਤਨ ਸਮੇ ਜੋ ਬਜੁਰਗ ਨਿੰਠ ਕੇ ਨਹੀਂ ਬੈਠ ਸਕਦੇ, ਹਾਲ ਦੀ ਪ੍ਰਕਰਮਾ ਵਿੱਚ ਕੁਰਸੀਆਂ ਉਪਰ ਬੈਠ ਕੇ ਕੀਰਤਨ ਸੁਣਦੇ ਵੇਖੇ ਗਏ । ਮੈ ਸੋਚਿਆ ਥਾਈਲੈਂਡ ਦੇ ਸਿੱਖ ਕਿਧਰੇ ਗੁਰੂਆਿ ੇ ਦੀ ਉਲੰਘਣਾ ਤਾਂ ਨਹੀ ਕਰ ਰਹੇ ਹਨ । ਇਹੋ ਰਵਾਇਤ ਪਾਂਡੀਚਰੀ ਦੇ ਅਰਬਿੰਦੂ ਆ ਰਮ ਵਿੱਚ ਮਿਲਦੀ ਹੈ । ਪੰਗਤ ਦਾ ਮਤਲਬ ਹੈ ਬਰਾਬਰ ਬੈਠ ਕੇ ਲੰਗਰ ਛਕਣਾ, ਚਾਹੇ ਦਰੀ ਤੇ ਬੈਠ ਜਾਵੋ ਚਾਹੇ ਮੇਜ ਕੁਰਸੀ ਉਪਰ । ਸਤੇ ਬਲਵੰਡ ਨੇ ਗੁਰਬਾਣੀ ਵਿੱਚ ਖਡੂਰ ਸਾਹਿਬ ਦੇ ਲੰਗਰ ਵਿੱਚ ਮਾਤਾ ਖੀਵੀ ਦੀ ਤਿਆਰ ਕੀਤੀ ਘਿਓ ਵਾਲੀ ਖੀਰ ਦੀ ਸਿਫਤ ਕੀਤੀ ਹੈ । ਸੋ ਐਸਾ ਰੂਹਾਨੀ ਤਜਰਬਾ ਹੀ ਬੈਂਕਾਕ ਦੇ ਲੰਗਰ ਤੋਂ ਹਾਸਲ ਹੋਇਆ । ਲੋੜ ਹੈ ਕਿ ਸਾਡੀ ੍ਰੋਮਣੀ ਕਮੇਟੀ ਵੀ ਬੈਂਕਾਕ ਦੀ ਸਿੰਘ ਸਭਾ ਤੋਂ ਕੋਈ ਸਬਕ ਸਿੱਖੇ । ਪੰਜ ਦਸੰਬਰ ਦੁਪਹਿਰ ਨੂੰ ਮੈ ਬੈਂਕਾਕ ਦੇ ਹਵਾਈ ਅੱਡੇ ਤੋਂ ਕੁਆਲਾ ਲੰਪਰ ਨੂੰ ਰਵਾਨਾ ਹੋ ਗਿਆ । ਮੈਨੂੰ ਥਾਈ ਲੋਕਾਂ ਦੇ ਫੀਨੇ ਨੱਕ ਅਤੇ ਝਮੀਕੀਆਂ ਅੱਖਾਂ ਦੇ ਬਾਵਜੂਦ ਉਨ੍ਹਾਂ ਦੇ ਦਿਲਾਂ ਦੀ ਸੁੰਦਰਤਾ ਨੇ ਮੋਹ ਲਿਆ ।

# ਕੁਆਲਾ [ ਲੁੰਪਰ

5 ਦਸੰਬਰ 1991 ਦੀ ਰਾਤ ਨੂੰ ਮਿਥੇ ਪ੍ਰੋਗ੍ਰਾਮ ਅਨੁਸਾਰ ਮੈ ਕੁਆਲਾ ਲੁੰਪਰ ਦੇ ਹਵਾਈ ਅੱਡੇ ਤੇ ਪਹੁੰਚ ਗਿਆ ਅਤੇ ਮੇਰਾ ਮੇਜਬਾਨ ਹਾਜੀ ਰੋਸਲੀ ਮਹਾਤ ਆਪਣੀ ਕਾਰ ਵਿੱਚ ਬਿਠਾ ਕੇ ਮੈਨੂੰ ਯੂਨੀਵਰਸਿਟੀ ਲੈ ਗਿਆ । ਦਸੰਬਰ ਦਾ ਮਹੀਨਾ ਮੈ ਕੁਆਲਾ ਲੁੰਪਰ ਯੂਨੀਵਰਸਿਟੀ ਵਿੱਚ ਖੋਜ ਕੰਮ ਅਤੇ ਅੰਤਰਰਾ ਟਰੀ ਕਾਨਫਰੰਸ ਵਿੱਚ ਲੈਕਚਰ ਦੇ ਕੇ ਗੁਜਾਰਨਾ ਸੀ । ਯੂਨੀਵਰਸਿਟੀ ਵਲੋਂ ਮੇਰਾ ਰਿਹਾਇ ੀ ਪ੍ਰਬੰਧ ਉਚੇਚੇ ਤੌਰ ਤੇ ਇਕ ਫਲੈਟ ਵਿੱਚ ਕੀਤਾ ਹੋਇਆ ਸੀ ਜਿਸ ਵਿੱਚ ਟੈਲੀਫੋਨ, ਕਿਚਨ ਅਤੇ ਹੋਰ ਸਭ ਸਹੂਲਤਾਂ ਮੁਹੱਈਆ ਸਨ । ਇਹ ਫਲੈਟ ਵਿਦਿਆਰਥੀਆਂ ਦੇ ਥਾ ਆ ਰਮ ਦਾ ਹਿੱਸਾ ਸੀ । ਇਥੇ ਹੋਸਟਲ ਨੂੰ ਮਲੇ ਭਾ ਾ ਵਿੱਚ ਆ ਰਮ ਕਹਿੰਦੇ ਹਨ । ਕੁਆਲਾ ਲੁੰਪਰ ਯੂਨੀਵਰਸਿਟੀ ਦੇ ਪੰਦਰਾਂ ਹ ਾਰ ਵਿਦਿਆਰਥੀਆਂ ਵਿੱਚੋ ਵਧੇਰੇ ਆ ਰਮਾਂ ਵਿੱਚ ਹੀ ਰਹਿੰਦੇ ਹਨ । ਹਰ ਆ ਰਮ ਵਿੱਚ ਕਈ ਹੋਸਟਲ ਹੁੰਦੇ ਹਨ । ਇਥੇ ਲੜਕੇ ਅਤੇ ਲੜਕੀਆਂ ਦੇ ਹੋਸਟਲ ਨਾਲੋ ਨਾਲ ਹਨ ਅਤੇ ਲੰਗਰ ਸਾਂਝਾ ਹੀ ਪੱਕਦਾ ਹੈ । ਸਾਡੇ ਦੇਸ ਦੇ ਉਲਟ ਵਿਦਿਆਰਥੀਆਂ ਲਈ ਲੰਗਰ ਦਾ ਇੰਤਜਾਮ ਬੀਬੀਆਂ ਕਰਦੀਆਂ ਹਨ । ਸਾਰਾ ਕੰਮ ਮ ੀਨਾਂ ਨਾਲ ਹੀ ਕੀਤਾ ਜਾਂਦਾ ਹੈ । ਹਰ ਆ ਰਮ ਵਿੱਚ ਇਕ ਮਸਜਿਦ ਦਾ ਪ੍ਰਬੰਧ ਹੈ ਅਤੇ ਜੁਮੇ ਦੀ ਨਮਾ ਵਿੱਚ ਹਰ ਮੁਸਲਮਾਨ ਵਿਦਿਆਰਥੀ ਰੀਕ ਹੁੰਦਾ ਹੈ ।

ਮਲੇ ੀਆ ਦਾ ਮੁੱਖ ਧਰਮ ਇਸਲਾਮ ਹੈ ਪਰੰਤੂ ਇਥੇ ਹਰ ਧਰਮ ਦੇ ਲੋਕ ਵੱਸਦੇ ਹਨ। ਇਥੇ ਕਈ ਕੌਮਾਂ ਆ ਕੇ ਵੱਸੀਆਂ ਹੋਣ ਕਰਕੇ ਬੋਧੀ, ਈਸਾਈ, ਹਿੰਦੂ ਅਤੇ ਸਿੱਖ ਧਰਮ ਦੇ ਪੈਰੋਕਾਰ ਵੀ ਪੂਰੀ ਖੁੱਲ ਨਾਲ ਆਪਣਾ ਧਰਮ ਕਰਮ ਨਿਭਾਹ ਰਹੇ ਹਨ। ਸਿੱਖਾਂ ਨੇ ਕਈ ਆਲੀ ਾਨ ਗੁਰਦਵਾਰੇ ਕਾਇਮ ਕੀਤੇ ਹਨਅਤੇ ਹਰ ਐਤਵਾਰ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ । ਵਿਆਹ ਾਦੀਆਂ ਅਤੇ ਹੋਰ ਖੁ ੀ ਗਮੀ ਦੇ ਮੌਕੇ ਵੀ ਇਕੱਠ ਗੁਰਦੁਵਾਰੇ ਹੀ ਕਰ ਲਿਆ ਜਾਂਦਾ ਹੈ । ਇਕ ਕਿਸਮ ਨਾਲ ਗੁਰਦਵਾਰਾ ਸਿੱਖ ਕਲਚਰ ਦਾ ਪ੍ਰਤੀਕ ਬਣ ਗਿਆ ਹੈ । ਬੈਕੌਕ ਵਾਂਗ ਇਥੇ ਵੀ ਗੁਰਦਵਾਰਾ ਅਤੇ ਲੰਗਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਹੈ ।

ਦੁਨੀਆਂ ਦੇ ਹਰ ਦੇਸ ਵਿੱਚ ਸਿੱਖਾਂ ਦੀ ਵੱਖਰੀ ਪਹਿਚਾਣ ਹੋ ਜਾਂਦੀ ਹੈ । ਕੁਝ ਤਾਂ ਦਸਤਾਰ ਅਤੇ ਕੇਸਾਂ ਨੇ ਪਹਿਚਾਣ ਕਰਾਈ ਹੈ ਅਤੇ ਕੁਝ ਕਿੱਤੇ ਕਰਕੇ ਸਿੱਖ ਜਾਣੇ ਜਾਂਦੇ ਹਨ । ਥਾਈਲੈਡ ਵਿੱਚ ਸਿੱਖ ਵਪਾਰੀ ਕਰਕੇ ਜਾਣਿਆ ਜਾਂਦਾ ਹੈ ਪਰੰਤੂ ਸਿੰਘਾਪੁਰ ਅਤੇ ਮਲੇ ੀਆ ਵਿੱਚ ਸਿੱਖ ਦੀ ਪਹਿਚਾਣ ਪੁਲਸ ਦੇ ਸਿਪਾਹੀ ਕਰਕੇ ਹੈ । ਅੰਗਰੇ ਾਂ ਦੇ ਰਾਜ ਸਮੇ ਪੰਜਾਬ ਤੋਂ ਕਈ ਸਿੱਖ ਫੌਜ ਜਾਂ ਪੁਲਸ ਵਿੱਚ ਭਰਤੀ ਹੋ ਕੇ ਮਲਾਇਆ ਅਤੇ ਹੋਰ ਟਾਪੂਆਂ ਵਿੱਚ ਆਏ ਅਤੇ ਹੌਲੀ ਹੌਲੀ ਇਥੇ ਹੀ ਵੱਸ ਗਏ । ਇਥੇ ਪੰਜਾਬੀ ਸਿੱਖਾਂ ਤੋਂ ਵਧੇਰੇ ਤਾਮਿਲ ਅਤੇ ਕੇਰਲਾ ਦੇ ਲੋਕ ਵੀ ਆਏ ਹਨ । ਇਹ ਜਿਆਦਾਤਰ ਦੁਕਾਨਦਾਰੀ ਅਤੇ ਰਬੜ ਦੀ ਖੇਤੀ ਵਿੱਚ ਕੰਮ ਕਰਦੇ ਹਨ । ਕੁਆਲਾ ਲੁੰਪੁਰ ਦੀ ਇਕ ਮਾਰਕੀਟ ਬਰਿਕਫੀਲਡ ਭਾਰਤੀਆਂ ਦਾ ਅੱਡਾ ਬਣ ਚੁਕੀ ਹੈ । ਇਥੇ ਇਡਲੀ ਡੋਸਾ ਤੋਂ ਲੈ ਕੇ ਚਿਕਨ ਤੰਦੂਰੀ ਅਤੇ ਪਰੌਠਾ ਸਭ ਤਰ੍ਹਾਂ ਦੇ ਭਾਰਤੀ ਪਕਵਾਨ ਮਿਲਦੇ ਹਨ । ਮੇਰੀ ਉਡਾਨ ਰਾਤ ਨੂੰ 9 ਵਜੇ ਪਹੁੰਚੀ ਜਿਸ ਕਰਕੇ ਮੇਰੇ ਮੇ ਬਾਨ ਨੇ ਇਕ ਪੰਜਾਬੀ ਢਾਬੇ ਤੇ ਹੀ ਰੋਟੀ ਦਾ ਪ੍ਰਬੰਧ ਕੀਤਾ । ਇਥੋ ਦੇ ਲੋਕ ਤਾਂ ਨਾ ਤੇ ਤੋਂ ਲੈ ਕੇ ਰਾਤ ਦੇ ਖਾਣੇ ਤੱਕ ਚੌਲ ਹੀ ਖਾਂਦੇ ਹਨ । ਇਹ ਸਾਡੇ ਬੰਗਾਲੀਆਂ ਵਾਂਗ ਚੌਲ ਅਤੇ ਮੱਛੀ ਦੇ ੌਕੀਨ ਹਨ ।

ਕੁਆਲਾ ਲੁੰਪਰ ਦੋ ਦਰਿਆਵਾਂ ਦੇ ਸੰਗਮ ਉਪਰ ਵੱਸਿਆ ਸੁੰਦਰ ਹਿਰ ਹੈ । ਇਹ ਦਰਿਆ ਸਾਡੇ ਦਰਿਆਵਾਂ ਵਾਂਗ ਚੌੜੇ ਅਤੇ ਖਤਰਨਾਕ ਨਹੀ ਬਲਕਿ ਪੰਜਾਬ ਦੀ ਕਿਸੇ ਛੋਟੀ ਨਹਿਰ ਦੇ ਬਰਾਬਰ ਹਨ । ਮੇਰੇ ਮੇ ਬਾਨ ਨੇ ਦੱਸਿਆ ਕਿ ਕੁਆਲਾ ਲੁੰਪਰ ਦਾ ਅੱਖਰੀ ਅਰਥ ਵੀ ਇਨ੍ਹਾਂ ਦਰਿਆਵਾਂ ਨਾਲ ਜੁੜਿਆ ਹੋਇਆ ਹੈ ਜਿਸ ਦਾ ਮਤਲਬ ਹੈ ਚਿੱਕੜ ਵਾਲਾ ਦਰਿਆ ਦਾ ਮੂੰਹ । ਹਿਰ ਦੇ ਧੁਰ ਕੇਂਦਰ ਵਿੱਚ ਇਨ੍ਹਾਂ ਦਾ ਸੰਗਮ ਅਸਥਾਨ ਹੈ ਜਿਸ ਦੇ ਕਿਨਾਰੇ ਸਭ ਤੋਂ ਪੁਰਾਣੀ ਜੇਮ ਮਸਜਿਦ ਕਾਇਮ ਹੈ । ਇਥੋ ਦਾ ਰੇਲਵੇ ਸਟੇ ਨ ਾਇਦ ਦੁਨੀਆਂ ਦਾ ਸਭ ਤੋਂ ਸੁੰਦਰ ਸਟੇ ਨ ਹੋਵੇ । ਕੁਆਲਾ ਲੁੰਪਰ ਵਿੱਚ ਯਾਤਰੀਆਂ ਦੇ ਘੁੰਮਣ ਲਈ ਇਕ ਪਹਾੜੀ ਹੈ ਜਿਸ ਉਪਰ ਝੀਲ, ਚਿੜੀਆ ਘਰ, ਵੰਨ ਸਵੰਨੇ ਫੁੱਲਾਂ ਦੇ ਬਾਗ, ਕੌਮੀ ਯਾਦਗਾਰ ਅਤੇ ਪਾਰਲੀਮੈਂਟ ਹਾਊਸ ਹੈ । ਇਥੋ ਦੀ ਧਰਤੀ ਪੱਧਰੀ ਨਹੀਂ ਸਗੋ ਵਿੰਗ ਵਲ ਖਾਂਦੀ ਅਤੇ ਸੁੰਦਰ ਨ ਾਰਾ ਪੇ ਕਰਦੀ ਹੈ ।

ਯੂਨੀਵਰਸਿਟੀ ਇਕ ਪਹਾੜੀ ਦੇ ਕਿਨਾਰੇ ਤੇ ਵਾਕਿਆ ਹੈ । ਮੇਰੇ ਫਲੈਟ ਤੋਂ ਜੰਗਲ _ਰੂ ਹੋ ਜਾਂਦਾ ਹੈ । ਜੰਗਲੀ ਜਾਨਵਾਰ ਘੁੰਮਦੇ ਫਿਰਦੇ ਨ ਰ ਪੈਂਦੇ ਹਨ । ਇਕ ਪਹਾੜੀ ਨਾਲਾ ਮੇਰੇ ਫਲੈਟ ਨੂੰ ਛੂਹ ਕੇ ਲੰਘਦਾ ਹੈ । ਜਦੋਂ ਪਹਾੜੀ ਉਪਰ ਬਰਸਾਤ ਪੈਂਦੀ ਹੈ ਤਾਂ ਇਸ ਦਾ ਪਾਣੀ ਕਈ ਰਾਗ ਛੇੜਦਾ ਹੋਇਆ ਮੇਰੇ ਕੋਲੋਂ ਦੀ ਲੰਘ ਜਾਂਦਾ ਹੈ । ਬੀਤੀ ਰਾਤ ਗਈ ਤੱਕ ਬੀਂਡੇ ਆਪਣਾ ਰਾਗ ਅਲਾਪਦੇ ਰਹਿੰਦੇ ਹਨ ਅਤੇ ਸਵੇਰੇ ਅਮ੍ਰਿਤ ਵੇਲੇ ਪੰਛੀਆਂ ਦੀ ਚਹਿਚਹਾ ਰੰਗ ਬੰਨਦੀ ਹੈ । ਦੂਰੋਂ ਗੁਰਦੁਆਰੇ ਤੋਂ ਆਸਾ ਦੀ ਵਾਰ ਸੁਣਾਈ ਦਿੰਦੀ ਹੈ ਤਾਂ ਜਾਪਦਾ ਹੈ ਕਿ ਗੁਰੂ ਨਾਨਕ ਜਿਸ ਕੁਦਰਤ ਅਤੇ ਕਾਦਰ ਦੇ ਗੀਤ ਗਾ ਰਹੇ ਹਨ ਉਹ ਕੁਆਲਾ ਲੁੰਪਰ ਵਿੱਚ ਹੀ ਵੱਸ ਰਿਹਾ ਹੈ । ਧੰਨ ਹੈ ਗੁਰੂ ਦੀ ਬਾਣੀ ਅਤੇ ਇਸਦਾ ਇਲਾਹੀ ਰਾਗ ਜੋ ਕੁਦਰਤ ਨੂੰ ਕਾਦਰ ਨਾਲ ਜੋੜ ਦਿੰਦਾ ਹੈ । ਕੁਆਲਾ ਲੁੰਪਰ ਦਾ ਇਹ ਵਾਤਾਵਰਣ ਸਿੱਖ ਫਿਲਸਫੇ ਦੀ ਰੂਪ ਰੇਖਾ ਉਘਾੜ ਰਿਹਾ ਪ੍ਰਤੀਤ ਹੁੰਦਾ ਹੈ ।

੭ ਦਸੰਬਰ ਸੋਮਵਾਰ ਦਾ ਦਿਨ ਹੋਣ ਕਰਕੇ ਮੇਰਾ ਪ੍ਰੋਗ੍ਰਾਮ ਇਥੋਂ ਦੀ ਯੂਨੀਵਰਸਿਟੀ ਦੇ ਬਾਕੀ ਵਿਭਾਗ ਅਤੇ ਲਾਇਬ੍ਰੇਰੀ ਦੇਖਣ ਦਾ ਬਣ ਗਿਆ । ਮੁਹੰਮਦ ਯੂਸਫ ਅਮੀਨ, ਜੋ ਮੇਰੇ ਪੁਰਾਣੇ ਮਿੱਤਰ ਨਿਕਲ ਆਏ, ਮੈਨੂੰ ਪਹਿਲਾਂ ਸਟਾਫ ਕੰਨਟੀਨ ਵਿੱਚ ਚਾਹ ਤੇ ਬੁਲਾਇਆ । ਰਸਤੇ ਵਿੱਚ ਵਿਦਿਆਰਥੀਆਂ ਲਈ ਕੰਨਟੀਨ ਵਿਖਾਈ ਜੋ ਖਚਾਖਚ ਭਰੀ ਪਈ ਸੀ । ਯੂਨੀਵਰਸਿਟੀ ਦੀਆਂ ਸਾਰੀਆਂ ਇਮਾਰਤਾਂ ਏਅਰ| ਕੰਡੀ ਨਡ ਹਨ । ਲੈਕਚਰ ਹਾਲ, ਪ੍ਰਯੋਗ ਾਲਾਵਾਂ ਅਤੇ ਲਾਇਬ੍ਰੇਰੀ ਸਭ ਵਿੱਚ ਵਾਤਾ|ਅਨੁਕੂਲਣ ਦਾ ਪ੍ਰਬੰਧ ਹੈ ਜਿਸ ਕਰਕੇ ਵਿਦਿਆਰਥੀ ਆਪਣਾ ਵਿਹਲਾ ਸਮਾਂ ਲਾਇਬ੍ਰੇਰੀ ਵਿੱਚ ਹੀ ਗੁਜਾਰਦੇ ਹਨ । ਹੋਮ ਵਰਕ ਕਰਨ ਲਈ ਲਾਇਬ੍ਰੇਰੀ ਦੇ ਉਪਰ ਇਕ ਹਾਲ ਹੈ ਤਾਂ ਕਿ ਵਿਦਿਆਰਥੀ ਚਾਹੁਣ ਤਾਂ ਰਾਤ ਦੇ ਦਸ ਵਜੇ ਤੱਕ ਲਾਇਬ੍ਰੇਰੀ ਦੀ ਵਰਤੋਂ ਕਰਕੇ ਆਪਣਾ ਹੋਮ|ਵਰਕ ਜਾਂ ਖੋਜ ਦਾ ਕੰਮ ਪੂਰਾ ਕਰ ਲੈਣ । ਇਥੇ ਦੀ ਪੜ੍ਹਾਈ ਦਾ ਸਿਸਟਮ ਇੰਗਲੈਂਡ ਨਾਲ ਮੇਲ ਖਾਂਦਾ ਹੈ ਅਤੇ ਸਹੂਲਤਾਂ ਾਇਦ ਇੰਗਲੈਂਡ ਤੋਂ ਵੀ ਵੱਧ ਹੋਣ । ਵਿਦਿਆਰਥੀ ਹੋਸਟਲ ਵਿੱਚ ਵਿਹਲੇ ਹੋ ਕੇ ਤਫਰੀਹ ਕਰਦੇ ਹਨ ਅਤੇ ਅੱਧੀ ਰਾਤ ਗਈ ਤੱਕ ਮੌਜ ਮੇਲਾ ਕਰਦੇ ਹਨ । ਹਰ ਹੋਸਟਲ ਵਿੱਚ ਮਿਊ ਿਕ ਦਾ ਪ੍ਰਬੰਧ ਹੈ ਅਤੇ ਵਿਦਿਆਰਥੀਆਂ ਦਵਾਰਾ ਚਲਾਈ ਜਾ ਰਹੀ ਕੰਨਟੀਨ ਹੁੰਦੀ ਹੈ । ਮੁੰਡੇ ਕੁੜੀਆਂ ਕਾਫੀ ਰਾਤ ਗਈ ਤੱਕ ਘੁੰਮਦੇ ਨ ਰ ਆਉਂਦੇ ਹਨ ਪਰੰਤੂ ਕੋਈ ਮਾੜੀ ਹਰਕਤ ਕਰਨ ਦਾ ਹੀਆ ਨਹੀਂ ਕਰਦਾ ।

ਹੋਸਟਲ ਵਿੱਚ ਰਾਬ ਅਤੇ ਹੋਰ ਨ ਿਆਂ ਉਪਰ ਸਖਤ ਪਾਬੰਧੀ ਹੈ । ਬਲਕਿ ਨ ੀਲੀ ਦਵਾਈ ਵੇਚਣ ਅਤੇ ਵਰਤਣ ਵਾਲੇ ਨੂੰ ਮੌਤ ਦੀ ਸਜਾ ਹੈ । ਕਤਲ ਕਰਨ ਵਾਲਾ ਭਾਵੇ ਬਚ ਨਿਕਲੇ ਪਰੰਤੂ ਨ ੇ ਕਰਨ ਵਾਲਿਆਂ ਨੂੰ ਲਾ ਮੀ ਫਾਂਸੀ ਮਿਲਦੀ ਹੈ । ਜਦੋਂ ਮੈ ਹਵਾਈ ਅੱਡੇ ਤੇ ਚੈੱਕ|ਇਨ ਕਰਵਾਇਆ ਤਾਂ ਕਸਟਮ ਵਾਲਿਆਂ ਹੋਰ ਕੁਝ ਨਹੀਂ ਪੁੱਛਿਆ ਸਿਰ ਇਕ ਕਾਰਡ ਦਿੱਤਾ ਜਿਸ ਉਪਰ ਲਾਲ ਸਿਆਹੀ ਨਾਲ ਚੇਤਾਵਨੀ ਲਿਖੀ ਸੀ, ਇਸ ਦੇਸ ਵਿੱਚ ਡਰੱਗ ਦੀ ਵਰਤੋਂ ਕਰਨ ਵਾਲੇ ਨੂੰ ਮੌਤ ਦੀ ਸ ਾ ਦਿੱਤੀ ਜਾਂਦੀ ਹੈ । ਮੈਨੂੰ ਆਪਣੇ ਭਾਰਤ ਦੀ ਤਰਸਯੋਗ ਹਾਲਤ ਯਾਦ ਆ ਗਈ ਜਿਥੇ ਦੀਵਾਲੀ ਦੀ ਰਾਤ ਹ ਾਰਾਂ ਲੋਕਾਂ ਦੀ ਜਾਨ ਲਾਈਸੈਸ _ਦਾ ਰਮ ਨੇ ਜਹਿਰੀਲੀ ਰਾਬ ਵੇਚ ਕੇ ਗਵਾ ਦਿੱਤੀ । ਪਰ ਹੈ ਕਿਸੇ ਦੀ ਹਿੰਮਤ ਇਨ੍ਹਾਂ ਮੌਤ ਦੇ ਵਪਾਰੀਆਂ ਨੂੰ ਫਾਂਸੀ ਦੀ ਸ ਾ ਦਿਵਾ ਸਕੇ । ਸਾਡੇ ਦੇ ਦੇ ਕਾਨੂੰਨ ਗਰੀਬਾਂ ਲਈ ਨਹੀਂ ਬਲਕਿ ਅਮੀਰਾਂ ਦੀ ਹਿਫਾ ਤ ਲਈ ਬਣਾਏ ਗਏ ਹਨ ।

ਮਲੇ ੀਆ ਭਾਵੇ ਛੋਟਾ ਦੇ ਹੈ ਪਰੰਤੂ ਇਸ ਦੀਆਂ ਚੌਦਾਂ ਸਟੇਟਸ ਹਨ । ਬਲਕਿ ਕੁਆਲਾ ਲੁੰਪਰ ਦੀ ਯੂਨੀਵਰਸਿਟੀ ਸਲੈਂਗਰ ਸਟੇਟ ਵਿੱਚ ਹੈ ਅਤੇ ਹਿਰ ਕਿਸੇ ਹੋਰ ਵਿੱਚ । ਦੇ ਵਿੱਚ ਲੋਕ ਰਾਜ ਹੈ ਪਰੰਤੂ ਇਕ ਦੋ ਸਟੇਟਾਂ ਖੁਦ ਮੁਖਤਿਆਰ ਵੀ ਹਨ । ਇਥੋਂ ਦਾ ਸਾਰਾ ਲੋਕਰਾਜੀ ਢਾਂਚਾ ਇੰਗਲੈਂਡ ਦੀ ਨਕਲ ਹੈ । ਇੰਗਲੈਂਡ ਦੀ ਮਲਕਾ ਵਾਂਗ ਮਲੇ ੀਆ ਵਿੱਚ ਵੀ ਨਵਾਬੀ ਕਾਇਮ ਹੈ ਭਾਵੇਂ ਸਾਰੀ ਰਾਜਸੀ ਕਤੀ ਪ੍ਰਧਾਨ ਮੰਤਰੀ ਦੇ ਕਬ ੇ ਵਿੱਚ ਹੁੰਦੀ ਹੈ । ਮਲੇ ੀਆ ਵਿੱਚ ਟੁੰਕੂ ਅਬਦੁੱਲ ਰਹਿਮਾਨ ਬਹੁਤ ਹੀ ਹਰਮਨ ਪਿਆਰਾ ਪ੍ਰਧਾਨ ਮੰਤਰੀ ਹੋਇਆ ਹੈ । ਜਿਸ ਤਰ੍ਹਾਂ ਥਾਈਲੈਂਡ ਵਿੱਚ ਲੋਕ ਆਪਣੇ ਬਾਦ ਾਹ ਦੀ ਪੂਜਾ ਕਰਦੇ ਹਨ, ਇਸੇ ਤਰ੍ਹਾਂ ਹੀ ਮਲੇ ੀਅਨ ਆਪਣੇ ਪ੍ਰਧਾਨ ਮੰਤਰੀ ਦੀ । ਲੋਕ ਆਪਣੇ ਨਵਾਬ ਦਾ ਵੀ ਸਤਿਕਾਰ ਕਰਦੇ ਹਨ ਅਤੇ ਹਰ ਈਦ ਉਤੇ ਮਹੱਲ ਦੇ ਦਰਵਾਜੇ ਪ੍ਰੀਤੀ ਭੋਜਨ ਲਈ ਖੋਲ੍ਹ ਦਿੱਤੇ ਜਾਂਦੇ ਹਨ । ਮੈ ਆਪਣੇ ਮੇ ਬਾਨ ਨਾਲ ਮਹੱਲ ਦੇ ਦੁਆਲੇ ਚੱਕਰ ਲਗਾ ਆਇਆ । ਦਰਵਾਜੇ ਅਗੇ ਕੇਵਲ ਦੋ ਪਹਿਰੇਦਾਰ ਹੀ ਨ ਰੀ ਪਏ । ਮੈ ਸੋਚਿਆ ਭਾਰਤ ਵਿੱਚ ਪ੍ਰਧਾਨ ਮੰਤਰੀ ਅਤੇ ਰਾ ਟਰਪਤੀ ਦੀ ਤਾਂ ਗੱਲ ਹੀ ਛੱਡੋ, ਹਰ ਜਣਾ ਖਣਾ ਅੱਧੀ ਦਰਜਨ ਗੰਨਮੈਨ ਲੈ ਕੇ ਤੁਰਿਆ ਫਿਰਦਾ ਹੈ । ਦਰਅਸਲ, ਮਲੇ ੀਆ ਵਿੱਚ ਕਨੂੰਨ ਭੰਗ ਕਰਨ ਵਾਲੇ ਨੂੰ ਸਖਤ ਸ ਾ ਦਿੱਤੀ ਜਾਂਦੀ ਹੈ ਜਿਸ ਕਰਕੇ ਦੇਸ ਵਿੱਚ ਅਮਨ ਾਂਤੀ ਹੈ ਅਤੇ ਕਿਸੇ ਦੰਗੇ ਫਸਾਦ ਦੀ ਨੌਬਤ ਹੀ ਨਹੀਂ ਆਉਂਦੀ ।

ਮਲੇ ਿਆ ਭੂਮਿੱਧ ਰੇਖਾ ਦੇ ਬਿਲਕੁਲ ਨੇੜੇ ਹੋਣ ਕਰਕੇ ਇਥੇ ਸਰਦੀ ਦਾ ਮੌਸਮ ਹੁੰਦਾ ਹੀ ਨਹੀਂ । ਇਥੇ ਮਦਰਾਸ ਵਰਗਾ ਮੌਸਮ ਰਹਿੰਦਾ ਹੈ ਪਰੰਤੂ ਬਾਰ  ਸਾਰਾ ਸਾਲ ਪੈਦੀ ਹੈ । ਦੁਪਹਿਰ ਬਾਅਦ ਅਕਸਰ ਬੱਦਲ ਆ ਜਾਂਦੇ ਹਨ ਅਤੇ ਹਲਕੀ ਜਿਹੀ ਕਿਣਮਿਣ ਕਰ ਜਾਂਦੇ ਹਨ । ਜਿਸ ਦਿਨ ਦਾ ਮੈ ਆਇਆ ਹਾਂ ਅੱਜ ਪਹਿਲਾ ਦਿਨ ਹੈ ਕਿ ਸੂਰਜ ਦੇਵਤੇ ਦੇ ਦਰ ਨ ਹੋਏ ਹਨ । ਦਿਨ ਵੇਲੇ ਭਾਵੇ ਹੁੰਮਸ ਹੋ ਜਾਂਦਾ ਹੈ ਪਰੰਤੂ ਰਾਤ ਨੂੰ ਮੌਸਮ ਸੁਹਾਵਣਾ ਹੋ ਜਾਂਦਾ ਹੈ । ਸਾਰਾ ਸਾਲ ਬਾਰ  ਹੋਣ ਕਰਕੇ ਚਾਵਲ ਕਾਫੀ ਪੈਦਾ ਹੁੰਦਾ ਹੈ । ਰਬਰ, ਕੋਕੋਨਟ ਅਤੇ ਜੰਗਲ ਦੀ ਲਕੜੀ ਦਾ ਵਪਾਰ ਹੁੰਦਾ ਹੈ ।  ਹਿਰ ਦੇ ਧੁਰ ਅੰਦਰਲੇ ਹਿੱਸੇ ਤੱਕ ਹਰਾ ਭਰਾ ਵਾਤਾਵਰਣ ਰੱਖਣ ਲਈ ਜੰਗਲ ਕੱਟਿਆ ਨਹੀ ਗਿਆ । ਯੂਨੀਵਰਸਿਟੀ ਦੇ ਸਾਰੇ ਹੋਸਟਲ ਜੰਗਲ ਵਿੱਚ ਸੜਕਾਂ ਕੱਢ ਕੇ ਉਸਾਰੇ ਗਏ ਹਨ ਪਰੰਤੂ ਆਦਮੀ ਦੀ ਆਮਦ ਦੀ ਦੇਰ ਹੈ ਕੁਦਰਤ ਵਿੱਚ ਭਗਦੜ ਮੱਚ ਜਾਂਦੀ ਹੈ । ਫਿਰ ਵੀ ਜੋ ਕੁਦਰਤੀ ਵਾਤਾਵਰਣ ਇਸ ਯੂਨੀਵਰਸਿਟੀ ਅਤੇ ਕੁਆਲਾ ਲੁੰਪਰ  ਹਿਰ ਦਾ ਹੈ, ਦੁਨੀਆਂ ਦੀ ਕਿਸੇ ਵੀ ਹੋਰ ਰਾਜਧਾਨੀ ਵਿੱਚ ਨਹੀਂ ਲੱਭਦਾ ।

ਮਲੇ ਿਆ ਨੇ ਭਾਰਤ ਤੋਂ ਬਾਅਦ ਆ ਾਦੀ ਹਾਸਲ ਕਰਕੇ ਏਨੀ ਤਰੱਕੀ ਕਿਵੇ ਕਰ ਲਈ ? ਇਹ ਸਵਾਲ ਕਈ ਵਾਰ ਮੇਰੇ ਮਨ ਵਿੱਚ ਆਇਆ  । ਇਸ ਦਾ ਉਤਰ ਮੈਨੂੰ ਆਪਣੇ ਨਿੱਜੀ ਤ ਰਬੇ ਤੋਂ ਹੀ ਪ੍ਰਾਪਤ ਹੋਇਆ ਹੈ । ਇਕ ਤਾਂ ਮਲੇ ਿਆ ਵਿੱਚ ਵਿਦਿਆ ਅਤੇ ਹੁਨਰ ਦੀ ਸਿਖਲਾਈ ਸਭ ਲਈ  ਰੂਰੀ ਹੈ । ਔਰਤਾਂ ਦੀ ਪੜ੍ਹਾਈ ਮਰਦਾਂ ਦੇ ਬਰਾਬਰ ਹੈ । ਦੁਕਾਨਾਂ, ਦ ਤਰਾਂ ਅਤੇ ਵਿਦਿਅਕ ਖੇਤਰ ਵਿੱਚ ਔਰਤਾਂ ਮੋਹਰੀ ਹਨ । ਭਾਵੇ ਦੇਸ ਦਾ ਮੁੱਖ ਧਰਮ ਇਸਲਾਮ ਹੈ ਪਰੰਤੂ ਜੋ ਖੁੱਲ ਮੁਸਲਿਮ ਔਰਤਾਂ ਨੂੰ ਮਲੇ ਿਆ ਵਿੱਚ ਹੈ, ਉਹ ਹੋਰ ਕਿਸੇ ਦੇਸ ਵਿੱਚ ਨਹੀ ।  ਚੀਨੀ ਅਤੇ ਭਾਰਤੀ ਔਰਤਾਂ ਤਾਂ ਹੋਰ ਵੀ ਅਗਾਂਹਵਧੂ ਹਨ । ਮੁਸਲਿਮ ਔਰਤਾਂ ਦੇ ਲਿਬਾਸ ਰਵਾਇਤੀ ਕਿਸਮ ਦੇ ਹਨ ਅਤੇ ਉਹ ਸਿਰ ਤੇ ਕੱਪੜਾ ਰੱਖਦੀਆਂ ਹਨ । ਚੀਨੀ ਔਰਤਾਂ ਪੱਛਮੀ ਲਿਬਾਸ ਪਹਿਨਦੀਆਂ ਹਨ । ਯੂਨੀਵਰਸਿਟੀ ਦੇ ਦਫਤਰ ਵਿੱਚ 80 ਪ੍ਰਤੀ ਤ ਔਰਤਾਂ ਹੀ ਕੰਮ ਕਰਦੀਆਂ ਹਨ । ਜਿਸ ਖੋਜ ਪ੍ਰਯੋਗ ਾਲਾ ਵਿੱਚ ਮੈਨੂੰ ਬੁਲਾਇਆ ਗਿਆ ਹੈ, ਉਸ ਵਿੱਚ ਸਾਰਾ ਕੰਮ ਮੁਸਲਿਮ ਬੀਬੀਆਂ ਦੇ ਸਪੁਰਦ ਹੈ । ਉਹ ਬੜੀ ਲਗਨ ਨਾਲ ਕੰਮ ਕਰਦੀਆਂ ਹਨ ਅਤੇ ਓਪਰੇ ਬੰਦਿਆਂ ਨਾਲ ਕੋਈ ਪਰਦਾ ਨਹੀ ਕਰਦੀਆਂ । ਇਹ ਲੋਕ ਭਾਵੇ ਧਾਰਮਿਕ ਰੁਚੀ ਦੇ ਮਾਲਕ ਹਨ ਪਰੰਤੂ ਧਾਰਮਿਕ ਕੱਟੜਤਾ ਤੋ ਮੁਕਤ ਹਨ । ਇਨ੍ਹਾਂ ਗੁਣਾਂ ਸਦਕਾ ਹੀ ਮਲੇ ਿਆ ਭਾਰਤ ਦੇ ਮੁਕਾਬਲੇ ਇਕ ਅਗਾਂਹਵਧੂ ਦੇ  ਹੋ ਨਿਬੜਿਆ ਹੈ ।

ਇਹ ਠੀਕ ਹੈ ਕਿ ਭਾਰਤ ਨੇ ਨਿਊਕਲੀਅਰ ਊਰਜਾ ਤਿਆਰ ਕਰ ਲਈ ਹੈ, ਪੁਲਾੜ ਵਿੱਚ ਰਾਕਟ ਭੇਜੇ ਹਨ, ਬਹੁਤ ਸਾਰੀਆਂ ਵਸਤਾਂ ਆਪ ਤਿਆਰ ਕੀਤੀਆਂ ਹਨ ਪਰੰਤੂ ਦੇਸ ਦੀ ਹਾਲਤ ਅਗੇ ਨਾਲੋ ਵੀ ਨਿਘਰਦੀ ਜਾ ਰਹੀ ਹੈ । ਦੇਸ ਉਪਰ ਅਰਬਾਂ ਡਾਲਰ ਦਾ ਕਰਜਾ ਹੈ । ਰੁਪਏ ਦੀ ਕੋਈ ਵਟਕ ਨਹੀ ਰਹੀ । ਮਲੇ ਿਆ ਦਾ ਸਿੱਕਾ ਰਿੰਗਟ ਵੀ ਰੁਪਏ ਤੋਂ ਦਸ ਗੁਣਾ ਮੁੱਲ ਦਾ ਹੋ ਗਿਆ ਹੈ । ਹੋਰ ਤਾਂ ਹੋਰ ਹਾਕੀ ਦੇ ਖੇਤਰ ਵਿੱਚ ਵੀ ਮਲੇ ਿਆ ਭਾਰਤ ਨੂੰ ਕੰਡ ਲਾ ਗਿਆ ਹੈ । ਹਾਂ, ਟੀ਼ਵੀ ਤੇ ਅਸੀ  ਰੂਰ ਪ੍ਰਚਾਰ ਕਰਦੇ ਹਾਂ  ਮੇਰਾ ਭਾਰਤ ਮਹਾਨ  ।

# ਪੀਨੈਂਗ ਦਾ ਦੌਰਾ

13 ਦਸੰਬਰ ਨੂੰ ਕੁਆਲਾ ਲੂੰਪਰ ਯੂਨੀਵਰਸਿਟੀ ਵਿਖੇ ਕਾਨਫਰੰਸ ਹੋਈ ਜਿਸ ਵਿੱਚ ਪੀਨੈਂਗ ਯੂਨੀਵਰਸਿਟੀ ਦੇ ਅਧਿਆਪਕ ਵੀ ਮਲ ਹੋਏ । ਮੇਰਾ ਵਿਚਾਰ ਤਾਂ ਪਹਿਲਾਂ ਹੀ ਪੀਨੈਂਗ ਜਾਣ ਦਾ ਬਣ ਚੁਕਾ ਸੀ ਪਰੰਤੂ ਇਸ ਕਾਨਫਰੰਸ ਵਿੱਚ ਮੇਰੇ ਦੋ ਪੁਰਾਣੇ ਮਿੱਤਰ ਵੀ ਨਿਕਲ ਆਏ, ਡਾ਼ ਅਹਿਮਦ _ਕਰੀ ਅਤੇ ਅਬਦੁਲ ਅ ੀ । ਇਹ ਕੁਝ ਸਾਲ ਪਹਿਲਾਂ ਇਟਲੀ ਦੇ ਅੰਤਰਰਾ ਟਰੀ ਕੇਂਦਰ ਵਿੱਚ ਮੇਰੇ ਨਾਲ ਰਹਿ ਚੁਕੇ ਸਨ । 14 ਦਸੰਬਰ ਨੂੰ ਕਾਨਫਰੰਸ ਤਮ ਹੋਈ ਤਾਂ ਇਹ ਦੋਵੇ ਸੱਜਣ ਮੈਨੂੰ ਪੀਨੈਂਗ ਯੂਨੀਵਰਸਿਟੀ ਵਿੱਚ ਲੈਕਚਰ ਦੇਣ ਦਾ ਸੱਦਾ ਦੇ ਗਏ । ਮੈ ਖੁ ੀ ਖੁ ੀ ਸੱਦਾ ਪ੍ਰਵਾਨ ਕਰ ਲਿਆ ਅਤੇ 17 ਦਸੰਬਰ ਨੂੰ ਗੱਡੀ ਰਾਹੀਂ ਪੀਨੈਂਗ ਵੱਲ ਰਵਾਨਾ ਹੋ ਪਿਆ ।

ਕੁਆਲਾ ਲੂੰਪਰ ਤੋਂ ਸਿੰਘਾਪੁਰ ਅਤੇ ਬੈਂਕਾਕ ਨੂੰ ਰੇਲ ਗੱਡੀ ਜਾਂਦੀ ਹੈ ਪਰੰਤੂ ਇਹ ਰੇਲਵੇ ਲਾਈਨ ਮੀਟਰ ਗੇ ਹੈ ਅਤੇ ਅੰਗਰੇ ਾਂ ਵੇਲੇ ਦੀ ਬਣੀ ਹੋਈ ਹੈ । ਪਿਛਲੇ ਸੌ ਸਾਲਾਂ ਵਿੱਚ ਇਸ ਨੂੰ ਡਬਲ ਲਾਈਨ ਵੀ ਨਹੀਂ ਕੀਤਾ ਗਿਆ ਜਿਸ ਕਰਕੇ ਆਵਾਜਾਈ ਦਾ ਮੁੱਖ ਸਾਧਨ ਸੜਕਾਂ ਹਨ ਜੋ ਯੂਰਪ ਅਤੇ ਅਮਰੀਕਾ ਦਾ ਮੁਕਾਬਲਾ ਕਰਦੀਆਂ ਹਨ । ਮਲੇ ੀਆ ਵਿੱਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ ਮੁੱਖ ਸੜਕਾਂ 6 ਜਾਂ 8 ਲੇਨ ਦੀਆਂ ਹਨ । ਕੁਆਲਾ ਲੂੰਪਰ ਤੋਂ ਪੀਨੈਂਗ ਦਾ ਸਫਰ ਸੱਤ ਘੰਟੇ ਦਾ ਹੈ ਅਤੇ ਮੈ ਰੇਲ ਰਾਹੀਂ ਸਫਰ ਕਰਨ ਨੂੰ ਤਰਜੀਹ ਦਿੱਤੀ ਕਿਉਂਕਿ ਰੇਲਵੇ ਲਾਈਨ ਸੁੰਦਰ ਪਹਾੜੀ ਇਲਾਕੇ ਅਤੇ ਵਾਦੀਆਂ ਵਿੱਚੋ ਹੋ ਕੇ ਗੁ ਰਦੀ ਹੈ । ਦੁਪਹਿਰ ਬਾਅਦ ਤਿੰਨ ਵਜੇ ਰੇਲ ਗੱਡੀ ਸਿੰਘਾਪੁਰ ਤੋਂ ਕੁਆਲਾ ਲੂੰਪਰ ਦੇ ਸਟੇ ਨ ਤੇ ਪਹੁੰਚ ਗਈ ਅਤੇ ਮੈ ਆਪਣੀ ਸੈਕੰਡ ਕਲਾਸ ਕੋਚ ਵਿੱਚ ਰਾਖਵੀ ਸੀਟ ਤੇ ਬੈਠ ਗਿਆ । ਗੱਡੀ ਵਿੱਚ ਫਸਟ ਤੇ ਸੈਕੰਡ ਏ ਸੀ ਕੋਚ ਸਨ ਅਤੇ ਥਰਡ ਕਲਾਸ ਬਿਨ੍ਹਾ ਏ ਸੀ । ਪਰੰਤੂ ਸਾਰੇ ਕੋਚਾਂ ਵਿੱਚ ਸੀਟਾਂ ਗੱਦੇਦਾਰ ਅਤੇ ਖੁਲੀਆਂ ਸਨ । ਸ ਾਈ ਦੇ ਪ੍ਰਬੰਧ ਲਈ ਹਰ ਕੋਚ ਵਿੱਚ ਬੀਬੀਆਂ ਝਾੜੂ ਆਦਿ ਲੈ ਕੇ ਘੁੰਮ ਰਹੀਆਂ ਸਨ । ਇਨ੍ਹਾਂ ਦੀਆਂ ਸਾ ਅਤੇ ਚੁਸਤ ਵਰਦੀਆਂ ਤੋਂ ਕੋਈ ਅੰਦਾ ਾ ਨਹੀਂ ਸੀ ਲਗਾ ਸਕਦਾ ਕਿ ਇਹ ਗੱਡੀ ਵਿੱਚ ਬਾਥਰੂਮਾਂ ਦੀ ਸ ਾਈ ਦਾ ਕੰਮ ਕਰਦੀਆਂ ਹਨ । ਗੱਡੀ ਵਿੱਚ ਖਾਣ ਪੀਣ ਦਾ ਪ੍ਰਬੰਧ ਵੀ ਸੀ ਪਰ ਰੇਟ ਬਾ ਾਰ ਨਾਲੋ ਤਿੰਨ ਗੁਣਾਂ ਸਨ ਅਤੇ ਵਧੇਰੇ ਮੁਸਾਫਰ ਆਪਣੀ ਖੁਰਾਕ ਦਾ ਸਮਾਨ ਲੈ ਕੇ ਸਫਰ ਕਰਦੇ ਹਨ । ਹਰ ਘੰਟੇ ਬਾਅਦ ਸ ਾਈ ਵਾਲੀ ਕੋਚ ਦਾ ਮੁਆਇਨਾਂ ਕਰ ਜਾਂਦੀ ਅਤੇ ਕੂੜਾ ਕਰਕਟ ਹੂੰਝ ਲੈ ਜਾਂਦੀ । ਮਲੇ ੀਆ ਵਿੱਚ ਯੂਰਪ ਵਾਂਗ ਔਰਤਾਂ ਹਰ ਕਿੱਤੇ ਵਿੱਚ ਮਰਦਾਂ ਵਾਂਗ ਹੀ ਕੰਮ ਕਰਦੀਆਂ ਹਨ । ਭਾਵੇ ਇਸਲਾਮ ਦੇ ਪ੍ਰਭਾਵ ਹੇਠ ਇਹ ਬਹੁਤ ਧਾਰਮਿਕ ਦੇ ਹੈ ਪਰ ਔਰਤਾਂ ਨੂੰ ਕਾਫੀ ਖੁੱਲ ਮਿਲੀ ਹੋਈ ਹੈ ਅਤੇ ਇਹ ਬੜੇ ਫ ਰ ਨਾਲ ਹਰ ਖੇਤਰ ਵਿੱਚ ਅਗੇ ਵਧ ਰਹੀਆਂ ਹਨ ।

ਅੱਧੇ ਸ ਰ ਤੋਂ ਬਾਅਦ ਹਨੇਰਾ _ਰੂ ਹੋ ਗਿਆ । ਰੇਲਵੇ ਲਾਈਨ ਦੇ ਦੋਹੀਂ ਪਾਸੀਂ ਟਿਨ (ਕਲੀ) ਧਾਤ ਦੀਆਂ ਖਾਨਾਂ ਸਨ । ਅੰਗਰੇ ਾਂ ਨੇ ਇਸ ਦੇ ਵਿੱਚ ਰਬੜ ਦਾ ਬੂਟਾ ਲਿਆਂਦਾ । ਇਥੋ ਦੇ ਜਲਵਾਯੂ ਕਾਰਨ ਰਬੜ, ਜੂਰ, ਕੋਕੋਨਟ ਅਤੇ ਹੋਰ ਕਈ ਕਿਸਮ ਦੇ ਫਲ ਉਗਾਏ ਜਾਂਦੇ ਹਨ ਜੋ ਭਾਰਤ ਵਿਚ ਨਹੀਂ ਲੱਭਦੇ । ਸਾਡੀ ਗੱਡੀ ਹਰੇ ਭਰੇ ਬਾਗਾਂ ਵਿੱਚੋਂ ਗੁ ਰ ਰਹੀ ਸੀ । ਜਿੱਥੇ ਬਾ ਤਮ ਹੋ ਜਾਂਦਾ ਉਥੇ ਸਫੈਦ ਮਿੱਟੀ ਨ ਰ ਆਉਂਦੀ ਜੋ ਟਿਨ ਦੀਆਂ ਪੁਰਾਣੀਆਂ ਅਤੇ ਨਵੀਆਂ ਖਾਨਾਂ ਦਾ ਪ੍ਰਤੀਕ ਹੈ । ਮਲੇ ੀਆ ਟਿਨ ਦੀ ਪੈਦਾਵਾਰ ਕਰਕੇ ਦੁਨੀਆਂ ਵਿੱਚ ਸਭ ਤੋਂ ਅੱਗੇ ਸੀ ਪਰੰਤੂ ਹੁਣ ਟਿਨ ਤਮ ਹੋ ਰਿਹਾ ਹੈ ਅਤੇ ਮਲੇ ੀਆ ਪਾਮ ਤੇਲ ਦੀ ਐਕਸਪੋਰਟ ਵਿੱਚ ਸਭ ਤੋਂ ਅੱਗੇ ਹੈ । ਰਸਤੇ ਵਿੱਚ ਇਪੋ ਦਾ ਹਿਰ ਆਇਆ ਜੋ ਅੰਗਰੇ ਾਂ ਦੀ ਫੌਜੀ ਛਾਉਣੀ ਹੋਇਆ ਕਰਦੀ ਸੀ । ਇਸ ਹਿਰ ਵਿੱਚ ਵੀ ਸਿੱਖਾਂ ਦੀ ਵਸੋਂ ਕਾਫੀ ਹੈ ।

ਰੇਲਵੇ ਦੀ ਇਕਹਰੀ ਪਟੜੀ ਹੋਣ ਕਾਰਨ ਉਸ ਦਿਨ ਇਕ ਮੁਸੀਬਤ ਖੜੀ ਹੋ ਗਈ। ਪੀਨੈਂਗ ਵਲੋਂ ਆ ਰਹੀ ਮਾਲ ਗੱਡੀ ਦਾ ਇੰਜਨ ਖਰਾਬ ਹੋ ਗਿਆ ਅਤੇ ਉਹ ਪਟੜੀ ਮੱਲ ਕੇ ਖਲੋ ਗਈ । ਸਾਡੀ ਗੱਡੀ ਵੀ ਉਸੇ ਲਾਈਨ ਉਪਰ ਜਾਣੀ ਸੀ, ਸੋ ਨਵਾਂ ਇੰਜਨ ਆਉਣ

ਤੱਕ ਸਾਡੀ ਗੱਡੀ ਨੂੰ ਰਸਤੇ ਵਿੱਚ ਰੋਕ ਦਿੱਤਾ ਗਿਆ । ਜਦੋ ਮੈ ਪੀਨੈਂਗ ਦੇ ਸਟੇ ਨ ਤੇ ਪਹੁੰਚਿਆ ਤਾਂ ਸਵੇਰ ਦਾ ਇਕ ਵੱਜ ਚੁਕਾ ਸੀ । ਮੈ ਸੋਚਿਆ ਜੇਕਰ ਮੇਰਾ ਦੋਸਤ ਨਾਂ ਲੈਣ ਆਇਆ ਤਾਂ ਸਟੇ ਨ ਤੇ ਹੀ ਰਾਤ ਗੁ ਾਰਨੀ ਪਵੇਗੀ । ਮੈ ਗੱਡੀ ਤੋਂ ਉਤਰ ਕੇ ਉਨੀਂਦਰੇ ਦਾ ਝੰਬਿਆ ਹੋਇਆ ਲੜਖੜਾਂਦਾ ਤੁਰਿਆ ਜਾ ਰਿਹਾ ਸਾਂ ਕਿ ਡਾ ̲ਕਰੀ ਨੇ ਆ ਕੇ ਸਲਾਮ ਗੁਜਾਰੀ । ਉਹ ਮੈਨੂੰ ਕਾਰ ਵਿੱਚ ਬਿਠਾ ਕੇ ਯੂਨੀਵਰਸਿਟੀ ਗੈਸਟ ਹਾਊਸ ਲੈ ਗਿਆ ਜੋ ਕਿ ਸਮੁੰਦਰ ਦੇ ਪਾਰ ਪੰਦਰਾਂ ਕਿਲੋਮੀਟਰ ਦੂਰ ਸੀ । ਦਰਅਸਲ, ਪੀਨੈਂਗ ਸਮੁੰਦਰ ਵਿੱਚ ਇਕ ਸੁੰਦਰ ਟਾਪੂ ਹੈ ਅਤੇ ਰੇਲਵੇ ਸਟੇ ਨ ਤੋਂ ਫੈਰੀ ਜਾਂ ਸੜਕ ਰਾਹੀਂ ਮੁਸਾ ਰ ਪੀਨੈਂਗ ਪਹੁੰਚਦੇ ਹਨ । ਦੋ ਵਜੇ ਦੇ ਕਬੀਰ ਅਸੀਂ ਗੈਸਟ ਹਾਊਸ ਪਹੁੰਚੇ । ਜਦੋ ਯੂਨੀਵਰਸਿਟੀ ਦੇ ਮੇਨ ਗੇਟ ਅੰਦਰ ਦਾ ਲ ਹੋਣ ਲੱਗੇ ਤਾਂ ਇਕ ਛੇ ਫੁੱਟਾ ਸਿੱਖ ਨੌਜਵਾਨ ਸੀਕਿਊਰਟੀ ਗਾਰਡ ਡਿਊਟੀ ਤੇ ਖੜਾ ਸੀ । ਮੈ ਕਿਹਾ ਧਨ ਹਨ ਗੁਰੂ ਦੇ ਸਿੱਖ ਜੋ ਦੇ ਾਂ ਦੇ ਾਂਤਰਾਂ ਵਿੱਚ ਵੀ ਰੱਖਿਆ ਕਰ ਰਹੇ ਹਨ ।

18 ਦਸੰਬਰ ਨੂੰ ਮੈ ਸਵੇਰੇ ਉਠ ਕੇ ਗੈਸਟ ਹਾਊਸ ਦੀ ਪਹਾੜੀ ਤੋਂ ਸਮੁੰਦਰ ਅਤੇ  ਹਿਰ ਦਾ ਨ ਾਰਾ ਵੇਖਿਆ । ਅਜੇ ਬੱਤੀਆਂ ਜਗ ਰਹੀਆਂ ਸਨ ਜਿਸ ਕਰਕੇ ਮੂੰਹ ਹਨੇਰੇ ਵਿੱਚ ਕਾਰਾਂ ਅਤੇ ਸਮੁੰਦਰੀ ਜਹਾ  ਟਾਪੂ ਵੱਲ ਆਉਦੇ ਸੁੰਦਰ ਦ੍ਰਿ  ਪੇ  ਕਰ ਰਹੇ ਸਨ । ਪੀਨੈਂਗ ਟਾਪੂ ਮਲੇ ੀਆ ਦੀ ਇਕ ਰਿਆਸਤ ਹੈ ਅਤੇ ਇਸ ਵਿੱਚ ਹਰ ਧਰਮ ਅਤੇ ਹਰ ਦੇ  ਦੇ ਲੋਕ ਆ ਕੇ ਵੱਸੇ ਹੋਏ ਹਨ । ਕਲਚਰ ਦਾ ਜੋ ਮਿਲਗੋਭਾ ਇਸ ਟਾਪੂ ਵਿੱਚ ਮਿਲਦਾ ਹੈ ਹੋਰ ਕਿਧਰੇ ਨਹੀਂ ਲੱਭ ਸਕਦਾ । ਇਥੇ ਚੀਨੀ, ਥਾਈ ਅਤੇ ਬਰਮੀ ਬੋਧੀ ਮੰਦਰ ਹਨ, ਹਿੰਦੂ ਤਾਮਿਲਾਂ ਦੇ ਮੰਦਰ, ਸਿੱਖਾਂ ਦੇ ਗੁਰਦਆਰੇ, ਮਲੇ ਮੁਸਲਿਆਂ ਦੀਆਂ ਮਸੀਤਾਂ ਅਤੇ ਰੋਮਨ ਕੈਥੋਲਿਕਾਂ ਦੇ ਗਿਰਜੇ ਘਰ ਹਨ । ਗੱਲ ਕੀ ਹਰ ਧਰਮ ਅਤੇ ਹਰ ਫਿਰਕੇ ਨੇ ਇਸ ਟਾਪੂ ਵਿੱਚ ਪੈਰ ਜਮਾਏ ਹੋਏ ਹਨ ਅਤੇ ਆਪਣੀ ਹੋਂਦ ਕਾਇਮ ਰੱਖੀ ਹੈ । ਵਪਾਰ ਦਾ ਸਾਰਾ ਕੰਮ ਚੀਨੀ ਅਤੇ ਭਾਰਤੀ ਲੋਕਾਂ ਦੇ ਹੱਥ ਵਿੱਚ ਹੈ ।  ਹਿਰ ਸਮੁੰਦਰ ਦੇ ਕੰਢੇ ਵੱਸਿਆ ਹੋਇਆ ਹੈ ਅਤੇ ਗੋਆ ਦੇ ਪੰਜਿ ਮ   ਹਿਰ ਨਾਲ ਮੇਲ ਖਾਂਦਾ ਹੈ ।

18 ਦਸੰਬਰ ਤਿੰਨ ਵਜੇ ਬਾਅਦ ਦੁਪਹਿਰ ਮੇਰਾ ਲੈਕਚਰ ਸੀ । ਅਸੀਂ ਯੂਨੀਵਰਸਿਟੀ ਦਾ ਇਕ ਚੱਕਰ ਲਗਾਇਆ ਜੋ ਸਮੁੰਦਰ ਦੇ ਕੰਢੇ ਇਕ ਪਹਾੜੀ ਉਪਰ ਕਾਇਮ ਹੈ । ਦੁਪਹਿਰ ਦੇ ਭੋਜਨ ਲਈ ਅਸੀਂ ਯੂਨੀਵਰਸਿਟੀ ਦੀ ਮਾਰਕੀਟ ਵਿੱਚ ਗਏ ਜਿਥੇ ਹਰ ਤਰ੍ਹਾਂ ਦੀ ਖੁਰਾਕ ਸਸਤੇ ਭਾਅ ਮਿਲ ਜਾਂਦੀ ਹੈ । ਮੈਨੂੰ ਇਹ ਜਾਣ ਕੇ ਬਹੁਤ ਖੁ ੀ ਹੋਈ ਕਿ ਇਥੇ ਰੋਟੀ ਵੀ ਮਿਲਦੀ ਹੈ । ਮੈ ਆਪਣੇ ਮੇ ਬਾਨ ਦੇ ਪ੍ਰੀਵਾਰ ਸਮੇਤ ਮਾਰਕੀਟ ਵਿੱਚ ਰੋਟੀ ਵਾਲਾ ਢਾਬਾ ਲੱਭ ਲਿਆ । ਇਸ ਦਾ ਮਾਲਕ ਜੀਤ ਆਪਣੀ ਪਤਨੀ ਸਮੇਤ ਕੰਮ ਕਰ ਰਿਹਾ ਸੀ । ਜਦੋ ਮੈ ਦੱਸਿਆ ਕਿ ਅੰਮ੍ਰਿਤਸਰੋ ਆਇਆਂ ਹਾਂ ਤਾਂ ਜੀਤ ਦੇ ਚਿਹਰੇ ਤੇ ਖੇੜਾ ਆ ਗਿਆ । ਉਸ ਨੇ ਕਿਹਾ ਕਿ ਉਹ ਬਾਸਰਕੇ ਗਿੱਲਾਂ ਤੋਂ ਹੈ । ਬਸ ਫਿਰ ਕੀ ਸੀ ਉਸਦੀ ਘਰਵਾਲੀ ਫੁਲਕੇ ਤਿਆਰ ਕਰਕੇ ਲੱਸੀ ਦੇ ਗਿਲਾਸ ਨਾਲ ਪਰੋਸ ਲਿਆਈ । ਜੀਤ ਨੌਕਰੀ ਤੋਂ ਰਿਟਾਇਰ ਹੋ ਕੇ ਯੂਨੀਵਰਸਿਟੀ ਵਿੱਚ ਪੰਜਾਬੀ ਢਾਬਾ ਚਲਾ ਰਿਹਾ ਹੈ । ਮੀਆਂ ਬੀਬੀ ਚਾਹੁੰਦੇ ਸਨ ਕਿ ਪੰਜਾਬ ਬਾਰੇ ਗੱਲਾਂ ਕਰਾਂ ਪਰੰਤੂ ਬਾਸਰਕੇ ਗਿੱਲਾਂ ਵਿੱਚ  ਾਦੀ ਦੇ ਮੌਕੇ ਹੋਏ ਦਰਜਨ ਤੋਂ ਵਧੀਕ ਕਤਲਾਂ ਦੀ ਤਾ ੀ ਯਾਦ ਨੇ ਮੈਨੂੰ ਚੁੱਪ ਕਰਾ ਛੱਡਿਆ । ਮੈਨੂੰ ਡਰ ਸੀ ਕਿ ਜੀਤ ਕਿਸੇ ਅਜਿਹੇ ਪ੍ਰੀਵਾਰ ਦਾ ਸਬੰਧੀ ਨਾ ਹੋਵੇ ਜੋ ਪੰਜਾਬ ਦਾ ਸੰਤਾਪ ਭੋਗ ਰਹੇ ਹਨ ।

ਅਗਲੇ ਦਿਨ 19 ਦਸੰਬਰ ਨੂੰ ਪੀਨੈਂਗ ਦੇ ਟਾਪੂ ਦਾ ਦੌਰਾ ਕਰਨ ਦਾ ਪ੍ਰੋਗ੍ਰਾਮ ਸੀ । ਅਸੀ ਕਾਰ ਵਿੱਚ ਸਵਾਰ ਹੋ ਕੇ ਪਹਿਲਾਂ  ਹਿਰ ਦੇ ਪੁਰਾਣੇ ਹਿੱਸੇ ਜਾਰ ਟਾਊਨ ਵਿੱਚ ਘੁੰਮੇ । ਇਥੇ ਚੀਨੀਆਂ ਦੇ ਘਰ, ਦੁਕਾਨਾਂ ਅਤੇ ਬੋਧੀ ਮੰਦਰ ਹਨ । ਇਸ ਹਿੱਸੇ ਨੂੰ ਚਾਈਨਾ ਟਾਊਨ ਕਿਹਾ ਜਾਂਦਾ ਹੈ । ਕੁਝ ਘਰ ਖਾਸ ਕਿਸਮ ਦੇ ਬਣੇ ਹੋਏ ਹਨ ਅਤੇ ਦੱਸਿਆ ਜਾਂਦਾ ਹੈ ਕਿ ਇਹ  ਬਾਬਾ  ਲੋਕਾਂ ਦੇ ਘਰ ਹਨ । ਚੀਨੀ ਬਾਬੇ ਇਕ ਧਾਰਮਿਕ ਫਿਰਕੇ ਦੇ ਲੋਕ ਹਨ ਜੋ ਬੁੱਧ ਧਰਮ ਦੇ  ਰਧਾਲੂ ਹਨ ।  ਹਿਰ ਵਿੱਚ ਸਭ ਤੋਂ ਪੁਰਾਣੀ ਮਸਜਿਦ ਇਕ ਹਿੰਦੁਸਤਾਨੀ ਵਪਾਰੀ ਨੇ ਬਣਾਈ ਸੀ ਜੋ ਦੱਖਣੀ ਭਾਰਤ ਤੋਂ ਆ ਕੇ ਇਥੇ ਵੱਸ ਗਿਆ। ਸਿੱਖਾਂ ਦੀ ਆਮਦ ਅੰਗਰੇ ਾਂ ਦੇ ਆਉਣ ਬਾਅਦ ̲ਰੂ ਹੋਈ । ਪਹਿਲੇ ਵਿ ਵ ਯੁੱਧ ਸਮੇ ਸਿੱਖ ਅੰਗਰੇਜੀ ਫੌਜ ਵਿੱਚ ਭਰਤੀ ਹੋ ਕੇ ਇਥੇ ਆਏ । ਮਲੇ ੀਆ ਦੀ ਪੁਲਿਸ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਹੋਇਆ ਕਰਦੀ ਸੀ ਅਤੇ ਇਹ ਦੇ  ਦੇ ਪੱਛਮੀ ਤੱਟ ਉਪਰ ਵੱਸ ਗਏ । ਪੀਨੈਂਗ  ਹਿਰ ਦਾ ਦੌਰਾ ਕਰਕੇ ਅਸੀਂ ਸਮੁੰਦਰ ਦੇ ਕੰਢੇ ਤੇ ਆ ਨਿਕਲੇ ਜਿਥੇ ਕਦੀ ਅੰਗਰੇਜ ਤੇ ਚੀਨੀ ਵਪਾਰੀ ਲੋਕ ਆ ਕੇ ਵਸੇ ਸਨ । ਇਸ ਤੋਂ ਅੱਗੇ ਸਮੁੰਦਰ ਕਿਨਾਰੇ ਯਾਤਰੀਆਂ ਲਈ ਨਵੇ ਹੋਟਲ ਹਨ ਜੋ ਸਮੁੰਦਰੀ ਰੇਤ ਨਾਲ ਘਿਰੇ ਹੋਣ ਕਾਰਨ ਯਾਤਰੀਆਂ ਦੀ ਸੈਰਗਾਹ ਬਣੇ ਹੋਏ ਹਨ । ਜਦੋ ਅਸੀਂ ਰੇਤ ਉਪਰ ਘੁੰਮਣ ਲਈ ਨਿਕਲ

ਤੁਰੇ ਤਾਂ ਅਗੇ ਵੇਖਿਆ ਇਕ ਸਿੱਖ ਪ੍ਰਵਾਰ ਸਮੁੰਦਰ ਵਿੱਚ ਟੁੱਭੀਆਂ ਲਾ ਰਿਹਾ ਹੈ । ਬਲਬੀਰ ਸਿੰਘ ਨੇ ਦੱਸਿਆ ਕਿ ਉਹ ਸਿੰਘਾਪੁਰ ਦੇ ਪੋਲੀਟੈਕਨਿਕ ਵਿੱਚ ਲੈਕਚਰਾਰ ਹੈ ਅਤੇ ਛੁੱਟੀਆਂ ਮਨਾਉਣ ਇਸ ਟਾਪੂ ਉਪਰ ਪ੍ਰਵਾਰ ਸਮੇਤ ਆਇਆ ਹੈ ।

ਸਮੁੰਦਰ ਕਿਨਾਰੇ ਬੀਚਾਂ ਦੀ ਸੈਰ ਕਰਕੇ ਅਸੀ ਯੂਨੀਵਰਸਿਟੀ ਨੂੰ ਪਰਤਣ ਲਈ ਪਹਾੜੀ ਰਸਤੇ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ । ਪਹਾੜੀ ਸੜਕ ਤਿੰਨ ਹ ਾਰ ਫੁੱਟ ਦੀ ਉਚਾਈ ਤੇ ਹੋਣ ਕਰਕੇ ਹੇਠਾਂ ਸਮੁੰਦਰ ਦਾ ਨ ਾਰਾ ਹੋਰ ਵੀ ਰਮਣੀਕ ਲਗ ਰਿਹਾ ਸੀ । ਪਹਾੜ ਉਪਰ ਤਿਤਲੀਆਂ ਦਾ ਪਾਰਕ ਵੀ ਵੇਖਣ ਯੋਗ ਹੈ ਜਿਥੇ ਰੰਗ ਬਰੰਗੀਆਂ ਤਿਤਲੀਆਂ ਫੁੱਲਾਂ ਉਪਰ ਝੁਰਮਟ ਪਾ ਰਹੀਆਂ ਸਨ । ਮੇਰੇ ਦੋਸਤ ਨੇ ਉਚੇਚੇ ਤੌਰ ਤੇ ਮਲੇ ੀਆ ਦੇ ਫਲ ਵੀ ਵਿਖਾਏ ਜੋ ਪਹਾੜੀ ਬਾਗਾਂ ਵਿੱਚ ਲੱਗੇ ਹੋਏ ਸਨ । ਇਕ ਘੰਟੇ ਦੇ ਸ ਰ ਤੋਂ ਬਾਅਦ ਅਸੀ ਯੂਨੀਵਰਸਿਟੀ ਪਹੁੰਚ ਗਏ । ਦੋ ਵਜੇ ਦਾ ਸਮਾਂ ਸੀ ਅਤੇ ਖਾਣ ਪੀਣ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਸਨ । ਅਸੀ ਕਾਰ ਪਾਰਕ ਕਰਨ ਲੱਗੇ ਤਾਂ ਪੰਜਾਬੀ ਢਾਬੇ ਦਾ ਮਾਲਕ ਜੀਤ ਆਪਣੀ ਬੀਵੀ ਸਮੇਤ ਕਾਰ ਵਿੱਚ ਜਾਂਦਾ ਨ ਰ ਆਇਆ । ਮੇਰੇ ਦੋਸਤ ਨੇ ਕਿਹਾ ਅੱਜ ਤੇਰੀ ਪੰਜਾਬੀ ਰੋਟੀ ਤੇ ਲੱਸੀ ਮਾਰੀ ਗਈ । ਉਸਨੇ ਇਕ ਮਲੇ ੀਅਨ ਦੁਕਾਨ ਤੋਂ ਨੂਡਲ  ਦਾ ਪ੍ਰਬੰਧ ਕੀਤਾ ਪਰੰਤੂ ਜੋ ਮ ਾ ਜੀਤ ਦੇ ਢਾਬੇ ਦੀ ਰੋਟੀ ਦਾ ਸੀ ਉਹ ਭਲਾ ਚੀਨੀ ਪਕਵਾਨਾਂ ਵਿੱਚ ਕਿੱਥੇ ।

ਦੋ ਘੰਟੇ ਗੈਸਟ ਹਾਊਸ ਵਿੱਚ ਆਰਾਮ ਕਰਕੇ  ਾਮ ਨੂੰ ਪੰਜ ਵਜੇ ਅਸੀ ਬੋਧੀ ਮੰਦਰਾਂ ਦੀ ਯਾਤਰਾ ਲਈ ਨਿਕਲ ਤੁਰੇ । ਇਥੇ ਬੁੱਧ ਧਰਮ ਦੇ ਪੈਰੋਕਾਰ ਚੀਨ, ਥਾਈਲੈਂਡ ਅਤੇ ਬਰਮਾਂ ਤੋਂ ਆ ਕੇ ਵੱਸ ਗਏ । ਇਕ ਸੱਤ ਮੰਿ ਲਾ  ਕੈਕ[ਲੋਕ[ਸੀ  ਬੋਧੀ ਮੰਦਰ ਸੌ ਫੁੱਟ ਉੱਚਾ ਹੈ ਜਿਸ ਵਿੱਚ ਤਿੰਨਾਂ ਦੇ ਾਂ ਦੀ ਮਿਲਵੀਂ ਭਵਨ ਕਲਾ ਦੇ ਨਮੂਨੇ ਮਿਲਦੇ ਹਨ । ਇਸ ਦਾ ਪਗੋਂਦਾ ਸਭ ਤੋਂ ਉਚਾ ਮੰਨਿਆਂ ਜਾਂਦਾ ਹੈ । ਇਕ ਹੋਰ ਬੋਧੀ ਮੰਦਰ ਵਿੱਚ ਲੇਟੇ ਹੋਏ ਬੁੱਧ ਦਾ ਬੁੱਤ ਹੈ ਜੋ 100 ਫੁੱਟ ਲੰਬਾਈ ਦਾ ਹੈ । ਇਸ ਮੰਦਰ ਵਿੱਚ ਬੁੱਧ ਜੀ ਦੇ ਸੈਕੜੇ ਹੋਰ ਵੀ ਬੁੱਤ ਹਨ । ਮੰਦਰ ਦੀਆਂ ਦੀਵਾਰਾਂ ਉਪਰ ਬੁੱਧ ਦੇ ਜੀਵਨ ਦੀਆਂ ਝਾਕੀਆਂ ਜੱਤਕ ਕਥਾਵਾਂ ਦੇ ਆਧਾਰ ਤੇ ਚਿਤਰਤ ਹਨ । ਇਸ ਵਿੱਚ ਹ ਾਰਾਂ ਬੋਧੀ ਭਿਖੂਆਂ ਅਤੇ ਹੋਰ  ਰਧਾਲੂਆਂ ਦੀਆਂ ਅਸਤੀਆਂ ਰੱਖੀਆਂ ਹੋਈਆਂ ਹਨ । ਹਰ ਇਕ ਦਾ ਨਾਮ ਅਤੇ ਜੀਵਨ ਬਿਓਰਾ ਵੀ ਦਿੱਤਾ ਗਿਆ ਹੈ । ਪੀਨਾਂਗ ਦਾ ਟਾਪੂ ਬੋਧੀ ਮੰਦਰਾਂ ਲਈ ਮ ਹੂਰ ਹੈ । ਇਕ ਵਚਿਤਰ ਮੰਦਰ ਬੋਧੀ ਭਿਖੂ  ਚੋਰ[ਸੁ[ਕੋਗ  ਦੀ ਯਾਦ ਵਿੱਚ 1850 ਵਿੱਚ ਉਸਾਰਿਆ ਗਿਆ । ਇਸ ਵਿੱਚ  ਹਿਰੀਲੇ ਸੱਪ ਰੱਖੇ ਹੋਏ ਹਨ ਜੋ ਪਤਾ ਨਹੀਂ ਧੂਪ ਦੇ ਅਸਰ ਹੇਠ ਕੀਲੇ ਜਾਂਦੇ ਹਨ ਅਤੇ ਕਿਸੇ ਨੂੰ ਡਸਦੇ ਨਹੀਂ। ਇਹ ਸੀਖਾਂ ਨਾਲ ਲਿਪਟੇ ਰਹਿੰਦੇ ਹਨ ਅਤੇ ਲੋਕ ਧੂਪ ਜਗਾ ਜਾਂਦੇ ਹਨ । ਕਈ ਹਿੰਮਤ ਕਰਕੇ ਇਨ੍ਹਾਂ ਨੂੰ ਪਲੋਸਦੇ ਵੀ ਹਨ ਅਤੇ ਕਈ ਇਨ੍ਹਾਂ ਨੂੰ ਗਲ ਵਿੱਚ ਪਾ ਕੇ ਫੋਟੋ ਵੀ ਖਿਚਵਾਂਦੇ ਹਨ । ਦੱਸਿਆ ਜਾਂਦਾ ਹੈ ਕਿ ਇਸ ਬੋਧੀ ਭਿਖੂ ਵਿੱਚ ਲੋਕਾਂ ਨੂੰ ਰਾਜੀ ਕਰਨ ਦੀ ਕਰਾਮਾਤ ਸੀ ਅਤੇ ਉਹ ਜਹਿਰੀਲੇ ਸੱਪਾਂ ਨੂੰ ਆਪਣੇ ਵੱਸ ਵਿੱਚ ਕਰੀ ਬੈਠਾ ਸੀ ।

ਅਸੀ  ਾਮ ਨੂੰ ਵਾਪਸ ਪਰਤੇ ਤਾਂ ਯੂਨੀਵਰਸਿਟੀ ਗਰਾਊਂਡ ਵਿੱਚ ਖੇਡਾਂ ਹੋ ਰਹੀਆਂ ਸਨ । ਯੂਨੀਵਰਸਿਟੀ ਦਾ ਹਰ ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈਂਦਾ ਹੈ । ਹਾਕੀ ਗਰਾਊਂਡ ਵਿੱਚ ਪਟਕਿਆਂ ਵਾਲੇ ਕੁਝ ਸਿੱਖ ਲੜਕੇ ਵੀ ਨ ਰ ਆਏ । ਉਹ ਇਪੋ  ਹਿਰ ਦੀ ਟੀਮ ਦੇ ਖਿਡਾਰੀ ਸਨ । ਮਲੇ ੀਆ ਵਿੱਚ ਹਾਕੀ ਦਾ ਕਾਫੀ  ੌਕ ਹੈ ਅਤੇ ਇਹ ਕਈ ਵਾਰ ਭਾਰਤ ਨੂੰ ਹਰਾ ਚੁਕੇ ਹਨ । ਖਾਸ ਕਰਕੇ ਲੜਕੀਆਂ ਦੀਆਂ ਟੀਮਾਂ ਤਾਂ ਭਾਰਤ ਨਾਲੋਂ ਕਿਤੇ ਚੰਗਾ ਖੇਡ ਪ੍ਰਦਰ ਨ ਕਰ ਰਹੀਆਂ ਸਨ ।

ਰਾਤ ਨੂੰ ਗਿਆਰਾਂ ਵਜੇ ਮੇਰੀ ਗੱਡੀ ਕੁਆਲਾ ਲੰਪਰ ਵੱਲ ਰਵਾਨਾ ਹੋਣੀ ਸੀ । ਮੈ ਦਸ ਵਜੇ ਸਟੇ ਨ ਤੇ ਪਹੁੰਚ ਕੇ ਇੰਤ ਾਰ ਕਰਨ ਲਗਾ । ਗੱਡੀ ਦੇ ਟਿਕਟ ਚੈਕਰ ਵੀ ਸਿੱਖ ਸਨ ਜੋ ਇਪੋ  ਹਿਰ ਤੱਕ ਜਾ ਰਹੇ ਸਨ । ਮੇਰੇ ਫਸਟ ਕਲਾਸ ਏ ਸੀ ਕੋਚ ਵਿੱਚ ਇਕ ਹੋਰ ਸਾਥੀ ਮੁਸਾਫਰ ਸਫਰ ਕਰ ਰਿਹਾ ਸੀ । ਉਹ ਬਹੁਤ ਹੀ ਨੇਕ ਦਿਲ ਨੌਜਵਾਨ ਸੀ । ਉਸਦਾ ਬਾਪ ਰੋਮਨ ਕੈਥੋਲਿਕ ਪੁਰਤਗੀ  ਅਤੇ ਮਾਂ ਮਲੇ ੀਆ ਦੀ ਸੀ । ਅਸੀ ਕਾਫੀ ਰਾਤ ਤੱਕ ਗੁਫਤਗੂ ਜਾਰੀ ਰੱਖੀ । ਉਹ ਬੜਾ ਤਹਿ ੀਬ ਯਾਫਤਾ ਸੀ ਅਤੇ ਮੇਰੇ ਮਨ ਨੂੰ ਭਾਇਆ । ਪਤਾ ਨਹੀ ਇਹ ਗੁਣ ਪੰਜਾਬ ਦੇ ਨੌ ਵਾਨਾਂ ਵਿੱਚ ਕਿਉਂ ਨਹੀ ਪ੍ਰਵੇ  ਕਰ ਸਕੇ । ਰਾਤ ਨੂੰ ਸੌਣ ਲਗਿਆਂ ਮੈਨੂੰ ਕਦੇ ਧਿਆਨੀ ਬੁਧ ਦਾ ਚਿਤਰ ਯਾਦ ਆਵੇ ਅਤੇ ਕਦੀ ਕੀਲੇ ਹੋਏ ਸੱਪਾਂ ਦਾ ਨ ਾਰਾ । ਦਿਨ ਚੜ੍ਹੇ ਮੈ ਕੁਆਲਾ ਲੰਪਰ ਦੇ ਸਟੇ ਨ ਤੇ ਪਹੁੰਚ ਗਿਆ ਅਤੇ ਆਪਣੇ ਟਿਕਾਣੇ ਤੇ ਪਰਤ ਆਇਆ ।

# ਮਲੇ ਿਆ ਦਾ ਸਿੱਖ ਕਲਚਰ

---

ਜਦੋ ਮੈ 5 ਦਸੰਬਰ ਨੂੰ ਕੁਆਲਾ ਲੁੰਪਰ ਦੇ ਹਵਾਈ ਅੱਡੇ ਉਪਰ ਉਤਰਿਆ ਤਾਂ ਪਾਸਪੋਰਟ ਚੈਕ ਕਰਨ ਵਾਲੇ ਕਾਊਟਰ ਤੇ ਸਿੱਖ ਨੌਜਵਾਨ ਡਿਊਟੀ ਦੇ ਰਿਹਾ ਸੀ । ਮੈ ਸਮਝ ਗਿਆ ਕਿ ਹੁਣ ਮੁਸੀਬਤ ਆ ਗਈ ਕਿਉਕਿ ਮੇਰਾ ਦਿੱਲੀ ਦੇ ਹਵਾਈ ਅੱਡੇ ਦਾ ਤਜਰਬਾ ਹੈ ਕਿ ਜੇਕਰ ਡਿਊਟੀ ਤੇ ਸਿੱਖ ਕੰਮ ਕਰ ਰਿਹਾ ਹੋਵੇ ਤਾਂ ਉਹ ਸਿੱਖ ਮੁਸਾਫਰਾਂ ਦੀ ਚੰਗੀ ਭੁਗਤ ਸਵਾਰਦਾ ਹੈ । ਾਇਦ ਇਹ ਵਤੀਰਾ ਇਸ ਕਰਕੇ ਹੈ ਕਿ ਬਾਕੀ ਦੇ ਅਫਸਰ ਕਿਤੇ ਉਸਨੂੰ ਘੂਰਨ ਨਾ ਕਿ ਉਹ ਆਪਣੇ ਸਿੱਖ ਭਰਾਵਾਂ ਦੀ ਰਿਆਇਤ ਕਰ ਰਿਹਾ ਹੈ । ਏਅਰਪੋਰਟ ਤੋਂ ਬਾਹਰ ਨਿਕਲਿਆ ਤਾਂ ਕਈ ਭਾਰਤੀ ਕਲ ਦੇ ਲੋਕ ਨ ਰੀ ਪਏ ਅਤੇ ਇਕ ਅੱਧ ਟੈਕਸੀ ਵਾਲਾ ਸਰਦਾਰ ਵੀ । ਮੇਰੇ ਮੇ ਬਾਨ ਨੇ ਦੱਸਿਆ ਕਿ ਇਥੇ ਵਧੇਰੇ ਸਿੱਖ ਪੁਲਸ ਵਿੱਚ ਕੰਮ ਕਰਦੇ ਹਨ । ਮਲੇ ਿਆ ਬਾਰੇ ਮੈ ਕਾਫੀ ਸੁਣ ਰੱਖਿਆ ਸੀ। ਇੰਗਲੈਂਡ ਵਾਂਗ ਇਥੇ ਵੀ ਸਿੱਖ ਲੋਕ ਅੰਗਰੇ ਾਂ ਦੀ ਨੌਕਰੀ ਕਰਨ ਆਏ ਵੱਸ ਗਏ ਸਨ। ਬਹੁਤੇ ਫੌਜ ਜਾਂ ਪੁਲਸ ਦੇ ਸਿਪਾਹੀ ਬਣ ਕੇ ਹੀ ਆਏ । ਇਥੇ ਅੰਗਰੇ ੀ ਰਾਜ ਸਮੇ ਸਿੱਖਾਂ ਦਾ ਬੋਲਬਾਲਾ ਦੱਸਿਆ ਜਾਂਦਾ ਹੈ ਅਤੇ ਸਿੱਖਾਂ ਲਈ ਹਰ ਥਾਣੇ ਵਿੱਚ ਗੁਰਦੁਵਾਰੇ ਅਤੇ ਲੰਗਰ ਦਾ ਅਲਹਿਦਾ ਪ੍ਰਬੰਧ ਸੀ । ਅੰਗਰੇ ਤਾਂ ਮਲੇ ਿਆ ਛੱਡ ਕੇ ਚਲੇ ਗਏ ਪਰੰਤੂ ਪੰਜਾਬੀ ਆਪਣਾ ਹੱਕ ਜਮਾ ਕੇ ਇਥੇ ਹੀ ਬੈਠੇ ਰਹੇ । ਦੱਸਿਆ ਜਾਂਦਾ ਹੈ ਕਿ ਮਲੇ ਿਅਨ ਲੋਕ ਜੋ ਵਧੇਰੇ ਮੁਸਲਿਮ ਹਨ, ਬਹੁਤ ਹੀ ਪਛੜੇ ਹੋਏ ਸਨ ਅਤੇ ਭਾਰਤੀ ਅਤੇ ਚੀਨੀ ਲੋਕਾਂ ਦੀ ਗੁਲਾਮੀ ਕਰਦੇ ਸਨ ।

8 ਦਸੰਬਰ ਐਤਵਾਰ ਦੇ ਦਿਨ ਮੈ ਪੈਤਾਲਿੰਗ ਜਿਆ ਦੇ ਗੁਰਦਵਾਰੇ ਮੱਥਾ ਟੇਕਣ ਗਿਆ ਤਾਂ ਵੇਖਿਆ ਕਿ ਕਾਫੀ ਗਿਣਤੀ ਵਿੱਚ ਸਿੱਖ ਸੰਗਤ ਗੁਰਦਵਾਰੇ ਦੀ ਹਾ ਰੀ ਭਰ ਰਹੀ ਹੈ । ਕੁਝ ਬ_ਰਗ ਬਰਾਂਡੇ ਵਿੱਚ ਬੈਠੇ ਜਲੇਬੀਆਂ ਛਕ ਰਹੇ ਸਨ । ਜਾਪਦਾ ਸੀ ਕਿਸੇ ਘਰ ਾਦੀ ਹੋ ਕੇ ਹਟੀ ਹੈ ਅਤਜਲੇਬੀਆਂ ਦਾ ਟੋਕਰਾ ਪ੍ ਾਦ ਵਜੋ ਭੇਟ ਕੀਤਾ ਗਿਆ ਹੈ । ਮੈਨੂੰ ਵੀ ਜਲੇਬੀਆਂ ਦੇ ਟੋਕਰੇ ਵੱਲ ਇ ਾਰਾ ਕੀਤਾ ਗਿਆ ਪਰੰਤੂ ਭੂਰ ਚੂਰ ਹੀ ਬਾਕੀ ਰਹਿ ਗਿਆ ਸੀ। ਗੁਰਦਵਾਰੇ ਅੰਦਰ ਭਾਰਤ ਤੋਂ ਆਇਆ ਰਾਗੀ ਜਥਾ ਕੀਰਤਨ ਕਰ ਰਿਹਾ ਸੀ । ਕੀਰਤਨ ਦੀ ਸਮਾਪਤੀ ਹੋਈ ਤਾਂ ਸੈਕਟਰੀ ਨੇ ਪ੍ਰੋ: ਮਨਮੋਹਨ ਸਿੰਘ ਨੂੰ ਕਥਾ ਕਰਨ ਦੀ ਬੇਨਤੀ ਕੀਤੀ । ਬਾਅਦ ਚ ਪਤਾ ਲੱਗਾ ਕਿ ਇਹ ਕਥਾਕਾਰ ਵੀ ਪੰਜਾਬ ਤੋਂ ਆਪਣੇ ਸਲਾਨਾ ਦੌਰੇ ਤੇ ਆਏ ਹੋਏ ਸਨ । ਜਦੋ ਦਿੱਲੀ ਤੋਂ ਕਨੇਡਾ ਵੱਲ ਨੂੰ ਜਾਓ ਤਾਂ ਏਅਰ ਇੰਡੀਆ ਅਤੇ ਐਰੋਫਲੋਟ ਦੇ ਜਹਾਜ ਰਾਗੀਆਂ ਨਾਲ ਭਰੇ ਜਾਂਦੇ ਹਨ ਪਰੰਤੂ ਬੈਕਾਕ, ਕੁਆਲਾ ਲੁੰਪਰ ਅਤੇ ਸਿੰਘਾਪੁਰ ਵੀ ਹੁਣ ਪਿੱਛੇ ਨਹੀਂ ਰਹੇ । ਇਥੇ ਵੀ ਕਨੇਡਾ ਵਾਂਗ ਰਾਗੀਆਂ, ਢਾਡੀਆਂ, ਕਵੀ ਰਾਂ ਤੇ ਕਥਾਕਾਰਾਂ ਦਾ ਅਖਾੜਾ ਬਣ ਗਿਆ ਹੈ ।

ਭੋਗ ਉਪਰੰਤ ਮਲੇ ਿਆ ਸਿੱਖ ਨੌਜਵਾਨ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਮਿਲ ਪਏ । ਉਨ੍ਹਾਂ ਨੇ ਆਪਣੇ ਕੰਮ ਬਾਰੇ ਸੰਖੇਪ ਜਿਹਾ ਵਰਣਨ ਕੀਤਾ ਅਤੇ ਨੌਜਵਾਨ ਸਭਾ ਦੇ ਗੁਰਦਵਾਰੇ ਵਿੱਚ ਆਉਣ ਦਾ ਸੱਦਾ ਵੀ ਦਿੱਤਾ । ਮੈ ਆਪਣੀ ਰੋਟੀ ਦੀ ਸਮੱਸਿਆ ਤੋਂ ਜਾਣੂੰ ਕਰਵਾਇਆ ਅਤੇ ਦੱਸਿਆ ਕਿ ਯੂਨੀਵਰਸਿਟੀ ਵਾਲੇ ਤਾਂ ਹਰ ਵਕਤ ਚੌਲ ਹੀ ਖਵਾ ਰਹੇ ਹਨ । ਅਵਤਾਰ ਸਿੰਘ ਨੇ ਕਿਹਾ ਕਿ ਅਸੀ ਤੁਹਾਡੇ ਲਈ ਪ੍ਰਬੰਧ ਕਰ ਸਕਦੇ ਹਾਂ ਜੇਕਰ ਤੁਸੀ ਾਮ ਨੂੰ ਸਾਡੇ ਗੁਰਦਵਾਰੇ ਤੱਕ ਪਹੁੰਚ ਸਕੋ । ਅਗਲੇ ਐਤਵਾਰ ਉਹ ਮੈਨੂੰ ਨੌਜਵਾਨ ਸਭਾ ਦੇ ਦਫਤਰ ਲੈ ਗਏ ਅਤੇ ਆਪਣੀਆ ਗਤੀਵਿਧੀਆਂ ਤੋਂ ਜਾਣੂ ਕਰਵਾਇਆ ।

ਸਿੱਖ ਨੌਜਵਾਨ ਸਭਾ ਮਲੇ ਿਆ ਵਿੱਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਹੋ ਕੇ ਸਿੱਖੀ ਦਾ ਪ੍ਰਚਾਰ ਕਰ ਰਹੀ ਹੈ । ਇਸ ਦੇ ਮੈਬਰਾਂ ਦੀ ਗਿਣਤੀ ਤਿੰਨ ਹ ਾਰ ਦੇ ਕਰੀਬ ਹੈ। ਨੌਜਵਾਨ ਸਭਾ ਦਾ ਆਪਣਾ ਦਫਤਰ ਹੈ ਜੋ ਕੁਆਲਾ ਲੁੰਪਰ ਦੇ ਬੰਗਸਰ ਇਲਾਕੇ ਵਿੱਚ ਹੈ । ਸਭਾ ਵਲੋ ਹਰ ਐਤਵਾਰ ਾਮ ਨੂੰ ਕੀਰਤਨ ਦਾ ਪ੍ਰੋਗ੍ਰਾਮ ਕੀਤਾ ਜਾਂਦਾ ਹੈ ਜਿਸ ਵਿੱਚ ਨੌਜਵਾਨ ਆਪ ਹੀ ਰਲ ਮਿਲ ਕੇ ਕੀਰਤਨ ਕਰਦੇ ਹਨ । ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਅਤੇ ਧਾਰਮਿਕ ਸਿੱਖਿਆ ਦੇਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ । ਹਰ ਹਿਰ ਵਿੱਚ ਨੌਜਵਾਨ ਸਭਾ ਦੀਆਂ ਾਖਾ ਹਨ । ਧਾਰਮਿਕ ਪ੍ਰਚਾਰ ਅਤੇ ਸਿੱਖ ਕਲਚਰ ਦੀ ਵਾਕਫੀ ਲਈ ਸਲਾਨਾ ਕੈਂਪ ਲਗਾਏ ਜਾਂਦੇ ਹਨ । ਅੰਮ੍ਰਿਤ ਪ੍ਰਚਾਰ ਵੀ ਕੀਤਾ ਜਾਂਦਾ ਹੈ । ਪਟਿਆਲੇ ਤੋਂ ਸੰਤ ਨਰਿੰਜਨ ਸਿੰਘ ਕਈ ਵਾਰ ਧਾਰਮਿਕ ਕੈਂਪਾਂ ਵਿੱਚ ਅਗਵਾਈ ਦੇਦੇ ਰਹੇ ਹਨ ।

ਮਲੇ ਿਆ ਦੀ ਸਰਕਾਰ ਵਲੋਂ ਸਾਰੇ ਧਰਮਾਂ ਨੂੰ ਆਪਣੇ ਧਾਰਮਿਕ ਅਸਥਾਨ ਆਪਣੀ ਮਰ ੀ ਨਾਲ ਚਲਾਣ ਦੀ ਖੁੱਲ ਹੈ । ਧਰਮ ਪ੍ਰਚਾਰ ਪੰਜਾਬ ਨਾਲੋਂ ਕਿਤੇ ਚੰਗੇ ਢੰਗ ਨਾਲ ਕੀਤਾ ਜਾ ਰਿਹਾ ਹੈ । ਪੰਜਾਬ ਵਿੱਚ ਸਿੱਖੀ ਪ੍ਰਚਾਰ ਦਾ ਕੰਮ ਪਰੰਪਰਾਵਾਦੀ ਅਤੇ ਰੂੜੀਗਤ ਕਿਸਮ ਦਾ ਰਹਿ ਗਿਆ ਹੈ । ਪ੍ਰਚਾਰਕ ਧੜਾ ਧੜ ਅਮ੍ਰਿੰਤਧਾਰੀ ਸਿੱਖ ਪੈਦਾ ਕਰਨ ਦੀ ਕੋਸਿ ਚ ਹਨ । ਬੌਧਿਕ ਪੱਧਰ ਉਪਰ ਸਿੱਖੀ ਦਾ ਕੋਈ ਵਿਕਾਸ ਨਹੀਂ ਹੋ ਰਿਹਾ । ਮਲੇ ਿਆ ਵਿੱਚ ਖਾਲਸਾ ਮੁੜ ਕਾਇਮ ਹੋ ਰਿਹਾ ਹੈ । ਹਰ ਿਹਰ ਵਿੱਚ ਗੁਰਦਵਾਰੇ ਕਾਇਮ ਹਨ, ਬਲਕਿ ਕੁਆਲਾ ਲੁੰਪਰ ਵਿੱਚ ਸਿੱਖ ਮਖੌਲ ਕਰਦੇ ਹਨ ਕਿ ਿਹਰ ਵਿੱਚ ਬਾਰਾਂ ਮਸੀਤਾਂ ਅਤੇ ਚੌਦਾਂ ਗੁਰਦਵਾਰੇ ਹਨ । ਹਰ ਗੁਰਦੁਵਾਰੇ ਐਤਵਾਰ ਸੰਗਤ ਜੁੜਦੀ ਹੈ ਅਤੇ ਲੰਗਰ ਦਾ ਆਹਲਾ ਦਰਜੇ ਦਾ ਪ੍ਰਬੰਧ ਹੁੰਦਾ ਹੈ । ਸਿੱਖਾਂ ਦੇ ਰਸਮੋ ਰਿਵਾਜ ਵੀ ਗੁਰਦਵਾਰੇ ਨਾਲ ਜੁੜ ਗਏ ਹਨ ।

ਕਰਿਸਮਿਸ ਦੀ ਰਾਤ ਮਲੇ ਿਆ ਦੇ ਸਿੱਖ ਗੁਰਦਵਰਿਆਂ ਚ ਰੈਣ ਸੁਬਾਈ ਕੀਰਤਨ ਕਰਕੇ ਗੁਜ਼ਾਰਦੇ ਹਨ । ਮੇਰੇ ਲਈ ਇਹ ਇਕ ਅਨੋਖਾ ਤਜਰਬਾ ਸੀ । 24 ਦਸੰਬਰ ਦੀ ਾਮ ਨੂੰ ਰਵਾਂ ਿਹਰ ਵਿੱਚ ਕੀਰਤਨ ਸਮਾਗਮ _ਰੂ ਹੋਇਆ ਜੋ ਅਗਲੀ ਸਵੇਰ ਤੱਕ ਜਾਰੀ ਰਿਹਾ । ਰੈਣ ਸਬਾਈ ਦੇ ਸਾਰੇ ਜਥੇ ਲੋਕਲ ਸਨ ਅਤੇ ਕੋਈ ਵੀ ਭਾਰਤ ਤੋਂ ਨਹੀਂ ਸੀ । ਗੁਰਦਵਾਰੇ ਦਾ ਹਾਲ ਸੰਗਤ ਨਾਲ ਭਰਿਆ ਸੀ । ਸਾਰਾ ਪ੍ਰਬੰਧ ਸਕੂਲ ਦੀਆਂ ਬੱਚੀਆਂ ਕਰ ਰਹੀਆਂ ਸਨ । ਪੰਜਾਬ ਤੋਂ ਹ ਾਰਾਂ ਮੀਲ ਦੂਰ ਖਾਲਸੇ ਦੇ ਦੀਦਾਰ ਹੋ ਰਹੇ ਸਨ । ਮਲੇ ਿਆ ਮਾਨੋ ਪੰਜਾਬ ਹੀ ਪ੍ਰਤੀਤ ਹੋ ਰਿਹਾ ਸੀ ।

ਜਦੋਂ ਕੁਆਲਾ ਲੁੰਪਰ ਯੂਨੀਵਰਸਿਟੀ ਵਿਖੇ ਮੇਰੇ ਭਾ ਣਾਂ ਦੀ ਲੜੀ ਜਾਰੀ ਸੀ ਤਾਂ ਕਦੇ ਕਦਾਈਂ ਸਿੱਖ ਵਿਦਿਆਰਥੀ ਵੀ ਆ ਾਮਲ ਹੁੰਦੇ । ਲਗਭਗ ਹਰ ਵਿਭਾਗ ਵਿੱਚ ਸਿੱਖ ਵਿਦਿਆਰਥੀ ਪੜ੍ਹ ਰਹੇ ਹਨ । ਮੇਰੀ ਬੜੀ ਇੱਛਾ ਸੀ ਕਿ ਇਨ੍ਹਾਂ ਵਿਦਿਆਰਥੀਆਂ ਨਾਲ ਤਾਲਮੇਲ ਵਧਾਇਆ ਜਾਵੇ ਅਤੇ ਇਨ੍ਹਾਂ ਨੂੰ ਵਿਚਾਰ ਵਟਾਂਦਰੇ ਵਿੱਚ ਾਮਲ ਕੀਤਾ ਜਾਵੇ । ਪਰੰਤੂ ਸਾਡੇ ਪੰਜਾਬ ਵਾਂਗ ਇਨ੍ਹਾਂ ਵਿੱਚ ਵੀ ਬੌਧਿਕ ਪੱਧਰ ਦੀ ਗੋ ਟੀ ਵਿੱਚ ਹਿੱਸਾ ਲੈਣ ਦੀ ਆਦਤ ਨਹੀਂ ਜਾਪਦੀ । ਬਲਕਿ, ਬਹੁਤ ਸਾਰੇ ਭਾਰਤੀ, ਚੀਨੀ ਅਤੇ ਮਲੇ ਿਅਨ ਕੌਮਾਂ ਦੇ ਹੋਰ ਵਿਦਿਆਰਥੀ ਮੇਰੇ ਨਾਲ ਰਾਤ ਦੇ ਖਾਣੇ ਉਪਰੰਤ ਧਰਮ ਅਤੇ ਵਿਗਿਆਨ ਦੇ ਵਿ ਿਆਂ ਉਪਰ ਗੁਫਤਗੂ ਕਰਦੇ । ਦੁਨੀਆਂ ਵਿੱਚ ਵਿਗਿਆਨ ਏਕੀਕਰਨ ਦਾ ਸਿਧਾਂਤ ਪੇ ਕਰ ਚੁਕਾ ਹੈ, ਜਿਸ ਅਨੁਸਾਰ ਬ੍ਰਹਿਮੰਡ ਦੀਆਂ ਸਾਰੀਆਂ ਮੂਲ ਪ੍ਰਕਿਰਿਆਵਾਂ ਦਾ ਸੋਮਾ ਇਕ ਹੈ, ਹੁਣ ਲੋੜ ਹੈ ਇਸ ਸਿਧਾਂਤ ਨੂੰ ਧਰਮ ਦੇ ਖੇਤਰ ਵਿੱਚ ਲਾਗੂ ਕਰਨ ਦੀ । ਬੜੇ ਅਫਸੋਸ ਦੀ ਗੱਲ ਹੈ ਕਿ ਸਿੱਖ ਜਥੇਬੰਦੀਆਂ ਨੇ ਕੋਈ ਅਜੇਹਾ ਕਦਮ ਨਹੀਂ ਚੁਕਿਆ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੇ ਵਿ ਵ ਵਿਆਪੀ ਸਿਧਾਂਤ ਦੀ ਜਾਣਕਾਰੀ ਸਾਰੀ ਦੁਨੀਆਂ ਸਾਹਮਣੇ ਪੇ ਕੀਤੀ ਜਾਵੇ । ਮੇਰਾ ਵਿ ਵਾਸ ਹੈ ਕਿ ਸਿੱਖ ਧਰਮ ਗ੍ਰੰਥ ਦੁਨੀਆਂ ਦੇ ਧਰਮਾਂ ਦੇ ਏਕੀਕਰਣ ਵਿੱਚ ਸਹਾਈ ਹੋ ਸਕਦਾ ਹੈ । ਭਾਵੇ ਸਿੱਖ ਸਕਾਲਰਾਂ ਨੇ ਸਿੱਖ ਧਰਮ ਉਪਰ ਬਹੁਤ ਪੁਸਤਕਾਂ ਲਿਖ ਕੇ ਛਪਵਾਈਆਂ ਹਨ ਅਤੇ ਸਾਡੀਆਂ ਯੂਨੀਵਰਸਿਟੀਆਂ ਦੇ ਵਿਦਵਾਨ ਵੀ ਕੁਝ ਉਪਰਾਲਾ ਕਰ ਰਹੇ ਹਨ ਪਰੰਤੂ ਮਲੇ ਿਆ ਦੇ ਸਿੱਖ ਨੌਜਵਾਨਾਂ ਦੇ ਉਦਮ ਦੀ ਦਾਦ ਦੇਣੀ ਬਣਦੀ ਹੈ । ਇਨ੍ਹਾਂ ਨੇ ਲੂ ਸਿੰਘ (ਖਾਲਸਾ ਅੰਗਰੇ ) ਦੀ ਮੌਲਿਕ ਪੁਸਤਕ ਸਿੱਖੀ ਦੀ ਸਮਝ ਅੰਗਰੇ ੀ ਵਿੱਚ ਛਾਪ ਕੇ ਵੰਡਣ ਦਾ ਉਪਰਾਲਾ ਕੀਤਾ ਹੈ ।

ਸਿੱਖ ਕਲਚਰ ਪ੍ਰਫੁੱਲਤ ਕਰਨ ਲਈ ਪੰਜਾਬੀ ਭਾ ਾ ਦਾ ਗਿਆਨ ਹੋਣਾ ਰੂਰੀ ਹੈ । ਸਿੱਖ ਨੌਜਵਾਨ ਸਭਾ ਦੇ ਮੌਜੂਦਾ ਜਥੇਦਾਰ ਅਵਤਾਰ ਸਿੰਘ ਦੱਸ ਰਹੇ ਸਨ ਕਿ ਮਲੇ ਿਅਨ ਸਰਕਾਰ ਨੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਹੋਇਆ ਹੈ । ਪਰੰਤੂ ਸਕੂਲਾਂ ਵਿੱਚ ਪੰਜਾਬੀ ਪੜ੍ਹਣ ਵਾਲਿਆਂ ਦੀ ਗਿਣਤੀ ਏਨੀ ਘਟ ਗਈ ਹੈ ਕਿ 1992 ਵਿੱਚ ਪੰਜਾਬੀ ਦੀ ਪੜ੍ਹਾਈ ਬੰਦ ਕਰਨ ਦਾ ਫੈਸਲਾ ਹੋ ਚੁਕਾ ਹੈ । ਜਥੇਦਾਰ ਹਰ ਗੁਰਦਵਾਰੇ ਵਿੱਚ ਮਾਪਿਆਂ ਨੂੰ ਅਪੀਲ ਕਰ ਰਹੇ ਸਨ ਕਿ ਮਾਪੇ ਖੁਦ ਪੰਜਾਬੀ ਪੜ੍ਹਨ ਅਤੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ, ਵਰਨਾ ਉਹ ਸਿੱਖ ਧਰਮ ਅਤੇ ਕਲਚਰ ਤੋਂ ਦੂਰ ਚਲੇ ਜਾਣਗੇ । ਪਿਛਲੇ ਸਾਲਾਂ ਵਿੱਚ ਬਹੁਤ ਸਾਰੇ ਸਿੱਖ ਬੱਚੇ ਈਸਾਈ ਬਣ ਗਏ ਜਾਂ ਸਿੱਖੀ ਸਰੂਪ ਦਾ ਤਿਆਗ ਕਰ ਚੁਕੇ ਹਨ ਪਰੰਤੂ ਹੁਣ ਇਸ ਪ੍ਰਵਿਰਤੀ ਨੂੰ ਠੱਲ ਪੈ ਗਈ ਹੈ ।

ਧਾਰਮਿਕ ਦੀਵਾਨਾਂ ਤੋਂ ਇਲਾਵਾ ਸਿੱਖ ਨੌਜਵਾਨ ਸਭਾ ਯੂਨੀਵਰਸਿਟੀ ਵਿੱਚ ਇਕ ਕਲਚਰਲ ਪ੍ਰੋਗ੍ਰਾਮ ਵੀ ਪੇ ਕਰਦੀ ਹੈ ਜਿਸ ਦਾ ਸਿਰਲੇਖ ਹੈ ਰੰਗੀਲੀ ਰਾਤ । ਦੱਸਿਆ ਜਾਂਦਾ ਹੈ ਕਿ ਇਸ ਪ੍ਰੋਗ੍ਰਾਮ ਵਿੱਚ ਕੁਆਲਾ ਲੁੰਪਰ ਦੇ ਸਾਰੇ ਸਿੱਖ ਅਤੇ ਯੂਨੀਵਰਸਿਟੀ ਦੇ ਸਾਰੇ ਵਿਦਿਆਰਥੀ ਾਮਲ ਹੁੰਦੇ ਹਨ । ਭੰਗੜੇ, ਗਿੱਧੇ ਤੋਂ ਇਲਾਵਾ ਇਸ ਵਿੱਚ ਮਲੇ ਿਆ ਦੇ ਲੋਕਨਾਚ ਵੀ ਪੇ ਕੀਤੇ ਜਾਂਦੇ ਹਨ । ਬਲਕਿ, ਹੁਣ ਤਾਂ ਇੰਗਲੈਂਡ ਦੇ ਲੋਕ ਗਾਇਕ ਵੀ ਆਪਣੇ ਟੋਲੇ ਸਮੇਤ ਇਨ੍ਹਾਂ ਪ੍ਰੋਗ੍ਰਾਮਾਂ ਦੀ ਰੌਣਕ ਵਧਾਣ ਲਈ ਪਹੁੰਚਦੇ ਹਨ ।

ਕੁਆਲਾ ਲੁੰਪਰ ਤੋਂ ਮੇਰੀ ਵਾਪਸੀ ੩੧ ਦਸੰਬਰ ਦੀ ਸੀ । ਮੈ ਸਿੰਘਾਪੁਰ ਦੇ ਰਸਤੇ ਦਿੱਲੀ ਪਰਤਣਾ ਸੀ । ਜਦੋ ਮੇਰੀ ਉੜਾਨ ਸਿੰਘਾਪੁਰ ਪਹੁੰਚੀ ਅਤੇ ਮੈ ਜਹਾਜ ਤੋਂ ਉਤਰ ਰਿਹਾ ਸਾਂ ਤਾਂ ਸਿੰਘਾਪੁਰ ਏਅਰ ਲਾਈਨ  ਦੀ ਇਕ ਮੁਟਿਆਰ ਬੀਬੀ ਮੇਰਾ ਇੰਤ ਾਰ ਕਰ ਰਹੀ ਸੀ । ਉਹ ਮੇਰਾ ਸਮਾਨ ਲੈ ਕੇ ਸਿੱਧੀ ਏਅਰਪੋਰਟ ਤੋਂ ਬਾਹਰ ਲੈ ਆਈ । ਉਹ ਬੀਬੀ ਲਾਜਵੰਤ ਕੌਰ ਅੰਮ੍ਰਿਤਸਰ ਦੇ ਪਿੰਡ ਜਾਮਾਰਾਏ ਦੇ ਸਰਦਾਰ ਹਰਬੰਸ ਸਿੰਘ ਦੀ ਲੜਕੀ ਸੀ, ਜੋ ਸਿੰਘਾਪੁਰ ਕਸਟਮ ਵਿੱਚ ਨੌਕਰੀ ਕਰਨ ਉਪਰੰਤ ਰੀਟਾਇਰ ਹੋ ਕੇ ਸਿੱਖ ਐਜੂਕੇ ਨ ਫਾਊਡੇ ਨ ਦੇ ਦਫਤਰ ਵਿੱਚ ਕੰਮ ਕਰ ਰਹੇ ਸਨ । ਮੇਰੀ ਰਹਾਇ  ਦਾ ਪ੍ਰਬੰਧ ਸਿੰਘਾਪੁਰ ਦੇ ਕੇਂਦਰੀ ਸਿੰਘ ਸਭਾ ਗੁਰਦਵਾਰੇ ਵਿੱਚ ਕੀਤਾ ਗਿਆ ਸੀ ।

੩੧ ਦਸੰਬਰ ਨੂੰ ਸਿੰਘਾਪੁਰ ਦੇ ਬਾ ਾਰਾਂ ਵਿੱਚ ਗਹਿਮਾ ਗਹਿਮ ਅਤੇ ਰੌ ਨੀ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਸਾਡੀ ਦੀਵਾਲੀ ਨੂੰ ਮਾਤ ਪਾ ਰਿਹਾ ਸੀ। ਕੁਆਲਾ ਲੁੰਪਰ ਵਾਂਗ ਇਥੇ ਵੀ ਸਿੱਖ ਨੌਜਵਾਨਾਂ ਨੂੰ ਡਿਸਕੋ ਡਾਂਸ ਦੀ ਬੀਮਾਰੀ ਤੋਂ ਦੂਰ ਰੱਖਣ ਲਈ ਇਕ ਹੋਰ ਗੁਰਦਵਾਰੇ ਵਿੱਚ ਰੈਣ ਸਬਾਈ ਦਾ ਪ੍ਰਬੰਧ ਕੀਤਾ ਗਿਆ ਸੀ ।  ਮੈ ਵੀ ਨੋਟ ਕਰ ਰਿਹਾ ਸਾਂ ਕਿ ਅੱਧੀ ਰਾਤ ਤੱਕ ਕੇਵਲ ਇਕ ਦਰਜਨ ਦੇ ਕਰੀਬ ਬ_ਰਗ ਹੀ ਗੁਰਦਵਾਰੇ ਵਿੱਚ ਕੀਰਤਨ ਸੁਣ ਰਹੇ ਸਨ । ਜਦੋ ਪਹਿਲੀ ਜਨਵਰੀ ਚੜ੍ਹ ਗਈ ਤਾਂ ਨਵੇ ਸਾਲ ਦਾ ਜ ਨ ਮਨਾ ਕੇ ਨੌਜਵਾਨ ਵੀ ਗੁਰਦਵਾਰੇ ਰੈਣ ਸਬਾਈ ਵਿੱਚ  ਾਮਲ ਹੋ ਗਏ । ਵਾਕਿਆ ਹੀ ਮਲੇ ੀਆ ਅਤੇ ਸਿੰਘਾਪੁਰ ਦੇ ਗੁਰਦਵਾਰੇ ਸਿੱਖ ਨੌਜਵਾਨਾਂ ਨੂੰ ਸਿੱਖ ਕਲਚਰ ਨਾਲ ਜੋੜੀ ਰੱਖਣ ਵਿੱਚ ਯਤਨ ੀਲ ਹਨ, ਭਾਵੇ ਡਿਸਕੋ ਡਾਂਸ ਅਤੇ ਰੈਣ ਸਬਾਈ ਦਾ ਮਿਲਗੋਭਾ ਕਲਚਰ ਹੀ ਕਿਉ ਨਾ ਪੈਦਾ ਹੋਵੇ ।

ਸਿੰਘਾਪੁਰ ਦੇ ਸਿੱਖ ਪੰਜਾਬੀ ਦੀ ਪੜ੍ਹਾਈ ਸਕੂਲਾਂ ਵਿੱਚ ਲਾਗੂ ਕਰਨ ਵਿੱਚ ਵਧੇਰੇ ਕਾਮਯਾਬ ਹੋਏ ਹਨ । ਸਰਕਾਰ ਪੂਰੀ ਸਹਾਇਤਾ ਕਰ ਰਹੀ ਹੈ । ਹਰ  ਨਿਚਰਵਾਰ ਸਿੰਘਾਪੁਰ ਦੇ ਗੁਰਦਵਾਰਿਆਂ ਅਤੇ ਸਿੰਘਪੁਰ ਖਾਲਸਾ ਐਸੋਸੀਏ ਨ ਦੀ  ਾਨਦਾਰ ਬਿਲਡਿੰਗ ਵਿੱਚ ਪੰਜਾਬੀ ਕਲਾਸਾਂ ਦਾ ਪ੍ਰਬੰਧ ਕੀਤਾ ਗਿਆ ਹੈ । ਬੱਚਿਆਂ ਨੂੰ ਬੱਸਾਂ ਰਾਹੀਂ ਘਰਾਂ ਤੋਂ ਲਿਆਂਦਾ ਜਾਂਦਾ ਹੈ । ਪੰਜਾਬੀ ਦੀਆਂ ਪਾਠ ਪੁਸਤਕਾਂ ਇੰਗਲੈਂਡ ਤੋਂ ਮੰਗਵਾਈਆਂ ਜਾਂਦੀਆਂ ਹਨ ਅਤੇ ਆਡੀਓਵਿ_ਅਲ ਵਿਧੀ ਵਰਤੀ ਜਾ ਰਹੀ ਹੈ । ਗੁਰਦਵਾਰੇ ਵਿੱਚ ਚੌਵੀ ਘੰਟੇ ਲੰਗਰ ਦਾ ਪ੍ਰਬੰਧ ਰਹਿੰਦਾ ਹੈ । ਸਵੇਰੇ ਪਰੌਂਠੇ, ਦਪਹਿਰ ਖੀਰ ਅਤੇ ਰਾਤ ਨੂੰ ਵੰਨ ਸਵੰਨੇ ਭੋਜਨ ਮੇਜ ਕੁਰਸੀਆਂ ਉਪਰ ਛਕ ਕੇ ਹਰ ਕੋਈ ਕਹਿ ਉਠਦਾ ਹੈ : ਧੰਨ ਹਨ ਗੁਰੂ ਦੇ ਸਿੱਖ ਅਤੇ ਸਿੱਖੀ, ਜੋ ਮਲੇ ੀਆ ਅਤੇ ਸਿੰਘਾਪੁਰ ਦੇ ਗੁਰਦਵਾਰਿਆਂ ਦੀ ਦੇਣ ਹੈ ।

# ਮਾਓ ਦਾ ਚੀਨ

---

ਜੂਨ 1991 ਵਿੱਚ ਰੂਸ ਦੀ ਯਾਤਰਾ ਕਰਨ ਉਪਰੰਤ ਮੇਰਾ ਅਨੁਭਵ ਸੀ ਕਿ ਕਮਿਊਨਿਸਟ ਦੇ ਾਂ ਦੇ ਲੋਕ ਜਲਦੀ ਹੀ ਸਮਾਜਵਾਦੀ ਢਾਂਚੇ ਨੂੰ ਤਬਦੀਲ ਕਰਕੇ ਲੋਕਤੰਤਰ ਨੂੰ ਅਪਨਾ ਲੈਣਗੇ। ਸੋਵੀਅਤ ਯੂਨੀਅਨ ਜੋ ਕਿਸੇ ਸਮੇ ਅਮਰੀਕਾ ਵਰਗੇ ਮਹਾਨ ਲੋਕਤੰਤਰੀ ਢਾਂਚੇ ਲਈ ਹਊਆ ਬਣਿਆ ਹੋਇਆ ਸੀ, ਆਪਣੀਆਂ ਕਮ ੋਰੀਆਂ ਕਾਰਨ ਨਿਘਰਦਾ ਜਾ ਰਿਹਾ ਸੀ। ਸਮਾਜਵਾਦ ਨੇ ਸੋਵੀਅਤ ਲੋਕਾਂ ਦੀਆਂ ਰਚਨਾਤਮਕ ਗਤੀਵਿਧੀਆਂ ਨੂੰ ਠੇਸ ਪਹੁੰਚਾਈ ਸੀ ਅਤੇ ਮਨੁੱਖੀ ਮਨ ਨੂੰ ਇਕ ਐਸੇ ਿ ਕੰਜੇ ਵਿੱਚ ਜਕੜ ਰੱਖਿਆ ਸੀ ਜਿਸ ਤੋਂ ਬੌਧਿਕ ਮਨੁੱਖ ਉਪਰਾ ਗਿਆ ਸੀ ਅਤੇ ਬੰਦਖਲਾਸੀ ਚਾਹੁੰਦਾ ਸੀ। ਜਿਸ ਰਾਤ ਮੈ ਮਾਸਕੋ ਦੀਆਂ ਗਲੀਆਂ ਅਤੇ ਬ ਾਰਾਂ ਵਿੱਚੋ ਲੰਘ ਰਿਹਾ ਸਾਂ, ਮੈਨੂੰ ਇਕ ਮਾਤਮੀ ਕਿਸਮ ਦਾ ਮਾਹੌਲ ਨ ਰ ਆ ਰਿਹਾ ਸੀ। ਜਾਪਦਾ ਸੀ ਹਿਰ ਦੇ ਲੋਕ ਸਦਾ ਦੀ ਨੀਂਦ ਸੁੱਤੇ ਹੋਣ। ਇਕ ਕਬਰਸਤਾਨ ਦੀ ਚੁੱਪ ਛਾਈ ਹੋਈ ਸੀ। ਮੈ ਆਪਣੇ ਅਨੁਭਵ ਨੂੰ ਕੁਝ ਲੇਖਾਂ ਦਵਾਰਾ ਪੇ ਕੀਤਾ। ਮੇਰੇ ਕਈ ਸਾਥੀ ਜੋ ਕਾਮਰੇਡੀ ਦੀ ਟੌਹਰ ਵਿੱਚ ਰਹਿੰਦੇ ਸਨ, ਝਟ ਸਟਪਟਾ ਉਠੇ ਕਿ ਤੂੰ ਕੀ ਲਿਖ ਮਾਰਿਆ ਹੈ। ਮੇਰੇ ਦੇ ਪਰਤਣ ਦੀ ਦੇਰ ਹੀ ਸੀ ਕਿ ਸੋਵੀਅਤ ਯੂਨੀਅਨ ਵਿੱਚ ਤਰਥੱਲੀ ਮੱਚ ਗਈ। ਰੂਸੀ ਲੋਕਾਂ ਨੇ ਬਗਾਵਤ ਦਾ ਝੰਡਾ ਚੁੱਕ ਲਿਆ। ਪਬਲਿਕ ਪਾਰਕਾਂ ਅਤੇ ਚੌਰਾਹਿਆਂ ਵਿੱਚ ਲੈਨਿਨ ਅਤੇ ਮਾਰਕਸ ਦੇ ਬੁੱਤ ਭੰਨ ਸੁਟੇ। ਇਕੋ ਕਸਰ ਬਾਕੀ ਰਹਿ ਗਈ, ਰੈਡ ਸੁਕੇਅਰ ਵਿੱਚ ਲੈਨਿਨ ਦੀਆਂ ਹੱਡੀਆਂ ਰੁਲਣੋ ਬਚ ਗਈਆਂ। ਗੋਰਬਾਚੋਵ ਦਾ ਭੋਗ ਪੈ ਗਿਆ ਪਰੰਤੂ ਯੈਲਸਿਨ ਰੂਸੀਆਂ ਦਾ ਹਰਮਨ ਪਿਆਰਾ ਨੇਤਾ ਬਣ ਕੇ ਉਭਰਿਆ। ਇਹ ਤਹਿਸ[ਨਹਿਸ ਦਾ ਦੌਰ ਅਜੇ ਵੀ ਜਾਰੀ ਹੈ।

ਮੇਰੇ ਮਨ ਦੀ ਤੀਬਰ ਇੱਛਾ ਸੀ ਕਿ ਮਾਓ ਦਾ ਚੀਨ ਵੀ ਵੇਖਿਆ ਜਾਵੇ। ਕਿਸੇ ਸਮੇ ਵਿਦਿਆਰਥੀ ਜੀਵਨ ਵਿੱਚ ਹਿੰਦੀ ਚੀਨੀ ਭਾਈ ਭਾਈ ਦੇ ਨਾਹਰੇ ਲਾਏ ਸਨ ਅਤੇ ਬੜੇ ੌਕ ਨਾਲ ਪੰਚ ੀਲ ਉਪਰ ਲੇਖ ਲਿਖੇ ਸਨ। ਚੀਨ ਨੇ ਤਿਬਤ ਉਪਰ ਕਬਜਾ ਕਰਕੇ ਨਹਿਰੂ ਦੀ ਪਾਲਸੀ ਦਾ ਪਾਜ ਉਘਾੜ ਦਿੱਤਾ ਅਤੇ ਪੰਡਿਤ ਜੀ ਇਸ ਨਮੋ ੀ ਕਾਰਨ ਚਲਾਣਾ ਕਰ ਗਏ। ਦਲਾਈ ਲਾਮਾ ਅਤੇ ਉਸਦੇ ਸੰਗੀ ਸਾਥੀ ਭਾਰਤ ਵਿੱਚ ਆਣ ਛੁਪੇ। ਇਹ ਸੌਦਾ ਭਾਰਤ ਨੂੰ ਬਹੁਤ ਹੀ ਮਹਿੰਗਾ ਪਿਆ। ਇਕ ਤਾਂ ਚੀਨ ਨਾਲ ਮਿੱਤਰਤਾ ਗਵਾ ਕੇ ਦੁ ਮਣੀ ਮੁੱਲ ਲਈ ਅਤੇ ਦੂਸਰਾ ਪਾਕਿਸਤਾਨ ਨੂੰ ਇਕ ਤਕੜੀ ਕੌਮ ਦਾ ਸਾਥ ਹਾਸਲ ਹੋ ਗਿਆ ਜਿਸ ਨੇ ਭਾਰਤ ਦਾ ਨੱਕ ਵਿੱਚ ਦਮ ਕਰ ਰੱਖਿਆ ਹੈ। ਚੀਨ ਨਾਲ ਭਾਰਤ ਦੇ ਸਬੰਧ ਐਸੇ ਵਿਗੜੇ ਕਿ ਤੀਹ ਸਾਲ ਤੱਕ ਠੰਡੀ ਜੰਗ ਚਲਦੀ ਰਹੀ। ਪਿਛਲੇ ਸਾਲ ਹੀ ਕੁਝ ਆਵਾਜਾਈ ਆਰੰਭ ਹੋਈ। ਜਦੋ ਭਾਰਤ ਦੇ ਰਾ ਟਰਪਤੀ ਚੀਨ ਦੀ ਕੰਧ ਉਪਰ ਘੁੰਮ ਰਹੇ ਸਨ ਤਾਂ ਮੈ ਸੋਚਿਆ ਵੀ ਨਹੀਂ ਸੀ ਕਿ ਮੇਰੀ ਯਾਤਰਾ ਇੰਨੀ ਜਲਦੀ ਨੇਪਰੇ ਚੜ੍ਹ ਜਾਵੇਗੀ। ਕੁਦਰਤ ਨੇ ਐਸੇ ਢੋ ਢੁਕਾ ਦਿੱਤਾ ਕਿ ਪੀਕਿੰਗ ਵਿੱਚ ਇਕ ਅੰਤਰ[ਰਾ ਟਰੀ ਕਾਨਫਰੰਸ ਵਿੱਚ ਭਾਗ ਲੈਣ ਲਈ ਮੈਨੂੰ ਉਚੇਚਾ ਸੱਦਾ ਆ ਗਿਆ। ਮੈ ਅਜੇ ਸੋਚ ਵਿਚਾਰ ਹੀ ਕਰ ਰਿਹਾ ਸਾਂ ਕਿ ਤੀਸਰੀ ਦੁਨੀਆਂ ਵਿਗਿਆਨ ਅਕੈਡਮੀ ਨੇ ਮੇਰਾ ਸਫਰ ਖਰਚਾ ਦੇਣਾ ਮੰਨ ਲਿਆ ਅਤੇ ਚੀਨ ਵਿੱਚ ਮੇਰੀ ਰਹਾਇ ਅਤੇ ਦੇਖਭਾਲ ਦੀ ੍ਮੇਵਾਰੀ ਇਥੋਂ ਦੀ ਪਰਮਾਣੂ ਊਰਜਾ ਸੰਸਥਾ ਨੇ ਪ੍ਰਵਾਨ ਕਰ ਲਈ। ਬਾਕੀ ਰਹਿ ਗਈ ਸ ਰ ਦੀ ਤਿਆਰੀ : ਇਹ ਮੇਰੇ ਲਈ ਕੋਈ ਸਮੱਸਿਆ ਨਹੀਂ ਹੁੰਦੀ ਕਿਉਕਿ ਕੁਦਰਤ ਨੇ ਐਸੀ ਭਉਣ ਮਿੱਟੀ ਲਾਈ ਹੈ ਕਿ ਸਾਰੇ ਵਿ ਵ ਨੂੰ ਮੈ ਆਪਣੇ ਕਲਾਵੇ ਵਿੱਚ ਲੈਣ ਲਈ ਉਤਾਵਲਾ ਰਹਿੰਦਾ ਹਾਂ। ਮੇਰੀ ਯਾਤਰਾਵਾਂ ਵਿੱਚ ਆਸਟਰੇਲੀਆ ਅਤੇ ਐਂਟਾਰਿਕਟਾ ਦੇ ਮਹਾਂਦੀਪ ਹੀ ਬਚੇ ਹਨ।

ਦੋ ਸਤੰਬਰ ਨੂੰ ਏਅਰ ਇੰਡੀਆ ਦਾ ਜੰਬੋਜੈਟ ਹਾਂਗਕਾਂਗ ਦੇ ਹਵਾਈ ਅੱਡੇ ਤੇ ਉਤਰਿਆ ਤਾਂ ਚੀਨੀ ਲੋਕਾਂ ਦੇ ਦੀਦਾਰ ੍ਰੂ ਹੋ ਗਏ। ਸਾਰੇ ਹਵਾਈ ਅੱਡੇ ਉਪਰ ਕੋਈ ਅੰਗਰੇ ਨ ਰ ਨਾ ਆਇਆ। ਇਉ ਜਾਪਦਾ ਸੀ ਕਿ ਹਾਂਗਕਾਗ ਦੇ ਚੀਨ ਵਿੱਚ ਾਮਲ ਹੋਣ ਤੋਂ ਪਹਿਲਾਂ ਹੀ ਅੰਗਰੇ ਇਥੋਂ ਕੂਚ ਕਰ ਗਏ ਹਨ। ਏਅਰਪੋਰਟ ਤੇ ਕੋਈ ਕੋਈ ਭਾਰਤੀ ਹੀ ਨ ਰ ਪੈਂਦਾ ਸੀ ਜੋ ਨਾ ਤਾਂ ਅੰਗਰੇ ਾਂ ਦੇ ਦੇ ਵਿੱਚ ਸਵੀਕਾਰਿਆ ਜਾਂਦਾ ਹੈ ਅਤੇ ਨਾ ਹੀ ਉਹ ਆਪਣੇ ਦੇਸ ਪਰਤਣ ਦਾ ਹੀਆ ਰੱਖਦਾ ਹੈ। ਮੈ ਵੀ ਵਾਪਸੀ ਉਪਰ ਹਾਂਗਕਾਂਗ ਵੇਖਣ ਦਾ ਮਨ ਬਣਾ ਲਿਆ ਅਤੇ ਅੰਮ੍ਰਿਤਸਰ ਜਿਲੇ ਦੇ ਇਕ ਟੈਕਸੀ ਡਰਾਈਵਰ ਦੇ ਘਰ ਫੋਨ ਕਰ ਦਿੱਤਾ। ਉਸ ਦੀ ਘਰਵਾਲੀ ਨੇ ਕਿਹਾ ਕਿ ਉਹ ਤਾਂ ਜੀ ਆਪਣੀ ਕੰਪਨੀ ਦੇ ਦਫਤਰ ਵਿੱਚ ਹਨ, ਉਥੇ ਹੀ ਗੱਲ ਕਰ ਲਵੋ। ਮੈ ਅਮ੍ਰਿਤਸਰ ਦਾ ਹਵਾਲਾ ਦੇ ਕੇ ਬੰਦੇ ਨੂੰ ਲੱਭ ਹੀ ਲਿਆ। ਉਸ ਮਾਂ ਦੇ ਪੁੱਤ ਨੇ ਬਗੈਰ ਕਿਸੇ ਝਿਜਕ ਦੇ ਆਪਣੇ ਟੈਕਸੀ ਦੇ ਕੰਮ ਧੰਧੇ ਬਾਰੇ ਦੱਸਿਆ ਅਤੇ ਕਿਹਾ ਕਿ ਵਾਪਸੀ

ਉਪਰ ਮੇਰੇ ਰਹਿਣ ਦਾ ਪ੍ਰਬੰਧ ਉਹ ਆਪਣੇ ਹੀ ਘਰ ਕਰੇਗਾ । ਫਿਰ ਵੀ ਪੰਜਾਬੀ ਭਰਾ ਆਪਣੇ ਵਤਨ ਤੋ ਆਏ ਦੀ ਆਓਭਗਤ ਲਈ ਸਦਾ ਤੱਤਪਰ ਰਹਿੰਦਾ ਹੈ ।

ਦੁਪਹਿਰ ਸਾਢੇ ਬਾਰਾਂ ਵਜੇ ਮੇਰੀ ਉਡਾਨ ਹਾਂਗਕਾਂਗ ਤੋ ਪੀਕਿੰਗ ਵੱਲ ਰਵਾਨਾ ਹੋਈ । ਸਵੇਰ ਦੇ ਭੁੱਖੇ ਭਾਣੇ ਅਸੀ ਸਵਾਰੀਆਂ ਦੇ ਦੀਦਾਰ ਕਰਕੇ ਅੱਖੀਆਂ ਦੀ ਭੁੱਖ ਤਾਂ ਮਿਟਾ ਰਹੇ ਸਾਂ ਪਰੰਤੂ ਢਿੱਡ ਦੀ ਭੁੱਖ ਦਾ ਇਲਾਜ ਇਸ ਤਰ੍ਹਾਂ ਨਹੀਂ ਸੀ ਹੋ ਸਕਦਾ । ਮੇਰੇ ਹੈਂਡਬੈਗ ਵਿੱਚੋ ਘਰ ਦੀਆਂ ਮੱਠੀਆਂ ਅਤੇ ਦੋ ਸੇਬ ਨਿਕਲ ਆਏ । ਮੈ ਆਪਣੇ ਸਾਥੀ ਅਨੰਦਪਾਲ ਨੂੰ ਕਿਹਾ ਕਿ ਆਪਣੇ ਗੁਜਾਰੇ ਜੋਗਾ ਸਮਾਨ ਨਿਕਲ ਆਇਆ ਹੈ ਏਅਰਪੋਰਟ ਵਾਲਿਆਂ ਤਾਂ ਚੰਗੀ ਛਿਲ ਲਾਹ ਲੈਣੀ ਸੀ ।

ਦਿੱਲੀ ਤੋ ਏਅਰ ਇੰਡੀਆ ਵਾਲਿਆਂ ਮੇਰਾ ਸਮਾਨ ਹਾਂਗਕਾਂਗ ਲਈ ਬੁੱਕ ਕਰ ਦਿੱਤਾ ਜਿਸ ਕਰਕੇ ਇਕ ਹੋਰ ਪੰਗਾ ਖੜਾ ਹੋ ਗਿਆ । ਸਮਾਨ ਚੁੱਕਣ ਲਈ ਕਸਟਮ ਕਲੀਅਰ ਕਰਨਾ ਪੈਣਾ ਸੀ ਅਤੇ ਘੱਟੋ ਘੱਟ ਵੀਹ ਡਾਲਰ ਏਅਰਪੋਰਟ ਟੈਕਸ ਵੀ ਦੇਣਾ ਪੈਣਾ ਸੀ । ਮੇਰੀ ਹਾਂਗਕਾਂਗ ਤੋ ਅਗਲੀ ਉਡਾਨ ਚਾਈਨੀ ਏਅਰਲਾਈਨ ਦੀ ਸੀ । ਸੋ ਮੈ ਏਅਰਲਾਈਨ ਦੇ ਉਚਅਧਿਕਾਰੀ ਨੂੰ ਮਿਲ ਕੇ ਬਗੈਰ ਟੈਕਸ ਭਰਿਆਂ ਆਪਣਾ ਸਮਾਨ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ। ਦਰਅਸਲ, ਇਸ ਵਿੱਚ ਮੇਰਾ ਵੀ ਕਸੂਰ ਸੀ । ਮੈ ਕਈ ਵਾਰ ਏਅਰਪੋਰਟ ਤੇ ਆਪਣਾ ਸਮਾਨ ਉਡਾਨ ਬਦਲਣ ਸਮੇ ਗਵਾ ਬੈਠਾ ਹਾਂ ਜਿਸ ਕਰਕੇ ਮੈ ਏਅਰ ਇੰਡੀਆ ਨੂੰ ਸਮਾਨ ਦੇ ਠੀਕਠਾਕ ਪਹੁੰਚਣ ਬਾਰੇ ਹਦਾਇਤ ਕਰ ਦਿੱਤੀ ਅਤੇ ਕਹਿ ਬੈਠਾ ਕਿ ਹਾਂਗਕਾਂਗ ਤੋ ਪੀਕਿੰਗ ਦੀ ਉਡਾਨ ਸਮੇ ਮੈ ਸਮਾਨ ਚੈਕ ਕਰਨਾ ਚਾਹੁੰਦਾ ਹਾਂ । ਉਨ੍ਹਾਂ ਨੇ ਮੇਰੀ ਗੱਲ ਮੰਨ ਕੇ ਮੈਨੂੰ ਹੀ ਕੁੜਿੱਕੀ ਵਿੱਚ ਫਸਾ ਦਿੱਤਾ। ੈਰ, ਮੇਰਾ ਸਮਾਨ ਮੇਰੇ ਨਾਲ ਹੀ ਪੀਕਿੰਗ ਵਾਲੇ ਜਹਾਜ ਵਿੱਚ ਚੜ੍ਹਾ ਦਿੱਤਾ ਗਿਆ ।

ਚੀਨ 1992 ਦਾ ਸਾਲ ਯਾਤਰੀ ਵਰ੍ਹੇ ਦੇ ਤੌਰ ਉਪਰ ਮਨਾ ਰਿਹਾ ਸੀ । ਜਿਸ ਕਰਕੇ ਬਦੇ ੀ ਯਾਤਰੀਆਂ ਲਈ ਖਾਸ ਸਹੂਲਤਾਂ ਮੁਹੱਈਆ ਕਰ ਰਿਹਾ ਸੀ । ਸਾਡਾ ਜੰਬੋਜੈਟ ਨਵਾਂ ਨਿਕੋਰ ਹੀ ਜਾਪਦਾ ਸੀ । ਜਹਾਜ ਵਿੱਚ ਯਾਤਰੀਆਂ ਨੂੰ ਭੋਜਨ ਅਤੇ ਹੋਰ ਡਰਿੰਕਸ ਦਿੱਤੀਆਂ ਗਈਆਂ । ਏਅਰ ਇੰਡੀਆ ਤਾਂ ਬੱਚਿਆਂ ਨੂੰ ਵਰਚਾਉਣ ਵਾਂਗ ਆਪਣੀ ਸਰਵਿਸ ਟਾਫੀਆਂ ਤੋ ੁਰੂ ਕਰਦਾ ਹੈ । ਸਭ ਤੋ ਪਹਿਲਾਂ ਚੀਨ ਬਾਰੇ ਜਾਣਕਾਰੀ ਅਤੇ ਪੀਕਿੰਗ ਬਾਰੇ ਇਕ ਫਿਲਮ ਵੀ ਵਿਖਾਈ ਗਈ ਜਿਸ ਤੋ ਯਾਤਰੀਆਂ ਨੂੰ ਹੋਟਲਾਂ ਬਾਰੇ ਅਤੇ ਹੋਰ ਵੇਖਣਯੋਗ ਟਿਕਾਣਿਆਂ ਬਾਰੇ ਜਾਣਕਾਰੀ ਦਿੱਤੀ ਗਈ । ਕਿਹਾ ਚੰਗਾ ਹੋਵੇ ਜੇਕਰ ਏਅਰ ਇੰਡੀਆ ਵੀ ਅਮਿਤਾਬ ਬਚਨ ਦੀਆਂ ਫਿਲਮਾਂ ਬਜਾਏ ਟੂਰਿਸਟਾਂ ਦੇ ਮਲਤਬ ਦਾ ਪ੍ਰੋਗ੍ਰਾਮ ਪੇ ਕਰਿਆ ਕਰੇ । ਸਾਡੇ ਤਾਂ ਪਾਲਮ ਏਅਰਪੋਰਟ ਤੇ ਉਤਰਣ ਦੀ ਦੇਰ ਹੁੰਦੀ ਹੈ ਕਿ ਟੈਕਸੀ ਅਤੇ ਹੋਟਲ ਵਾਲੇ ਟੂਰਿਸਟ ਦੇ ਗਲ ਹੀ ਪੈ ਜਾਂਦੇ ਹਨ । ਟੂਰਿਸਟ ਦੀ ਭੁਗਤ ਸਵਾਰਣ ਲਈ ਹਰ ਕੋਈ ਕਮਰ ਕੱਸੇ ਕਰੀ ਖਲੋਤਾ ਉਡੀਕ ਰਿਹਾ ਹੁੰਦਾ ਹੈ ਅਤੇ ਗਿਰਝਾਂ ਵਾਂਗ ਆ ਘੇਰਦੇ ਹਨ ।

ਤਿੰਨ ਘੰਟੇ ਦੀ ਉਡਾਨ ਬਾਅਦ ਸਾਡਾ ਜਹਾਜ ਪੀਕਿੰਗ ਦੇ ਹਵਾਈ ਅੱਡੇ ਉਪਰ ਉਤਰਿਆ । ਪਤਾ ਨਹੀਂ ਏਅਰਪੋਰਟ ਵਾਲਿਆਂ ਨੂੰ ਕੀ ਭੁਲੇਖਾ ਪਿਆ, ਇਕ ਚੀਨੀ ਮੁਟਿਆਰ ਮੈਨੂੰ ਇਮੀਗ੍ਰੇ ਨ ਕਾਊਂਟਰ ਦੇ ਪਰਿਓ ਲੰਘਾ ਕੇ ਸਿੱਧਾ ਬਾਹਰ ਲੈ ਗਈ ਜਦਕਿ ਬਾਕੀ ਸਾਰੇ ਯਾਤਰੀ ਕਾਊਟਰ ਅਗੇ ਕਤਾਰਾਂ ਬੰਨੀ ਖਲੋਤੇ ਸਨ । ਮੈ ਸਮਝ ਗਿਆ ਕਿ ਇਥੇ ਸਿੱਖ ਕੋਈ ਵਿਰਲਾ ਟਾਵਾਂ ਹੀ ਆਉਦਾ ਹੈ ਅਤੇ ਉਹ ਮੈਨੂੰ ਡਿਪਲੋਮੈਟ ਸਮਝ ਕੇ ਬਾਹਰ ਲੈ ਆਈ ਹੈ । ਜਦੋ ਮੈ ਆਪਣਾ ਪਾਸਪੋਰਟ ਮੋਹਰ ਲਗਾਉਣ ਲਈ ਪੇ ਕੀਤਾ ਤਾਂ ਉਹ ਮੈਨੂੰ ਮੁੜ ਘੁਮਾ ਕੇ ਕਤਾਰ ਦੇ ਸਿਰੇ ਤੇ ਖੜਾ ਕਰ ਆਈ । ਮੈਂ ਕਿਹਾ ਚੰਗੇ ਫਸੇ ਹੁਣ ਘੰਟਾ ਹੋਰ ਦੇਰੀ ਹੋਵੇਗੀ । ਪਰੰਤੂ ਚੀਨੀ ਅਧਿਕਾਰੀ ਚੁਸਤੀ ਨਾਲ ਕੰਮ ਕਰ ਰਿਹਾ ਸੀ ਅਤੇ ਪੰਦਰਾਂ ਮਿੰਟਾਂ ਬਾਅਦ ਹੀ ਮੇਰੀ ਵਾਰੀ ਆ ਗਈ । ਮੈ ਪਾਸਪੋਰਟ ਤੇ ਮੋਹਰ ਲਵਾ ਕੇ ਆਪਣਾ ਸਮਾਨ ਚੁਕਿਆ ਅਤੇ ਬਗੈਰ ਕਿਸੇ ਰੋਕ ਟੋਕ ਦੇ ਏਅਰਪੋਰਟ ਦੇ ਬਾਹਰਲੇ ਗੇਟ ਵੱਲ ਆ ਗਿਆ । ਕੁਦਰਤੀ ਮੇਰੀ ਫੈਕਸ ਚਿੱਠੀ ਪੀਕਿੰਗ ਪਹੁੰਚ ਚੁਕੀ ਸੀ ਜਿਸ ਕਰਕੇ ਪਰਮਾਣੂ ਊਰਜਾ ਸੰਸਥਾਨ ਵਲੋ ਇਕ ਵਿਗਿਆਨੀ ਮੇਰੇ ਆਓਭਗਤ ਲਈ ਗੇਟ ਦੇ ਬਾਹਰ ਇੰਤ ਾਰ ਕਰ ਰਿਹਾ ਸੀ । ਉਸ ਨੇ ਮੇਰਾ ਨਾਮ ਪੁੱਛ ਕੇ ਮੇਰਾ ਸਮਾਨ ਫੜ ਲਿਆ ਅਤੇ ਏਅਰ ਕੰਡੀ ਨ ਕਾਰ ਵਿੱਚ ਸਵਾਰ ਹੋ ਕੇ ਅਸੀ ਪੀਕਿੰਗ ਦੇ ਮਿੰਜੂ ਹੋਟਲ ਵੱਲ ਰਵਾਨਾ ਹੋ ਪਏ ।

ਅੰਤਰਰਾ ਟਰੀ ਕਾਨਫਰੰਸ 7 ਸਤੰਬਰ ਤੋ ੁਰੂ ਹੋਣੀ ਸੀ ਪਰੰਤੂ ਮੇਰੇ ਮੇ ਬਾਨ ਨੇ 2 ਸਤੰਬਰ ਤੋਂ ਹੀ ਮੇਰੇ ਠਹਿਰਣ ਦਾ ਪ੍ਰਬੰਧ ਹਿਰ ਦੇ ਵਿਚਕਾਰ ਇਕ ਚੰਗੇ ਹੋਟਲ ਵਿੱਚ ਕਰ ਰੱਖਿਆ ਸੀ । ਇਹ ਤੀਹ ਸਾਲ ਪੁਰਾਣਾ ਹੋਟਲ ਮਾਓਸੇਤੁੰਗ ਨੇ ਬਦੇ ੀ ਡੈਲੀਗੇਟਸ

ਲਈ ਬਣਾਇਆ ਸੀ ਅਤੇ ਪੰਡਿਤ ਨਹਿਰੂ ਵੀ ਆਪਣੇ ਟੋਲੇ ਸਮੇਤ ਇਥੇ ਰਹਿ ਗਿਆ ਸੀ । ਅਜੇ ਵੀ ਇਹ ਹੋਟਲ ਇਥੋ ਦੇ ਮ ਹੂਰ ਹੋਟਲਾਂ ਵਿੱਚ ਗਿਣਿਆ ਜਾਂਦਾ ਹੈ ਭਾਵੇ ਹੁਣ ਪੀਕਿੰਗ ਵਿੱਚ ਸੌ ਦੇ ਕਰੀਬ ਚੰਗੇ ਹੋਟਲ ਬਣ ਗਏ ਹਨ । ਸਫਰ ਦੇ ਥਕੇਵੇ ਕਾਰਨ ਮੈ ਸੋਚਿਆ 9 ਵਜੇ ਦੇ ਕਰੀਬ ਖਾਣਾ ਖਾਣ ਜਾਵਾਂਗਾ । ਜਦੋ ਮੈ ਰੈਸਤੋਰਾਂ ਵੱਲ ਗਿਆ ਤਾਂ ਸਾਰੇ ਦਰਵਾਜੇ ਬੰਦ ਹੋ ਚੁਕੇ ਸਨ । ਨੋਟਿਸ ਉਪਰ ਡਿਨਰ ਦਾ ਸਮਾ 6 ਤੋ 8 ਵਜੇ ਾਮ ਲਿਖਿਆ ਸੀ । ਦਰਅਸਲ, ਚੀਨੀ ਲੋਕ ਸਵੇਰੇ ਅੱਠ ਵਜੇ ਤੋ ਾਮ ਪੰਜ ਵਜੇ ਤੱਕ ਲਗਾਤਾਰ ਕੰਮ ਕਰਦੇ ਹਨ ਅਤੇ ਘਰ ਮੁੜਦੇ ਸਾਰ ਹੀ 6 ਵਜੇ ਖਾਣੇ ਦੇ ਮੇਜ ਦੁਵਾਲੇ ਜੁੜ ਬੈਠਦੇ ਹਨ । ਬਲਕਿ ਹੋਟਲਾਂ ਵਿੱਚ ਤਾਂ ਫਿਰ ਵੀ ਅੱਠ ਵਜੇ ਤੱਕ ਡਿਨਰ ਮਿਲ ਸਕਦਾ ਹੈ ਪਰੰਤੂ ਪਰਮਾਣੂ ਊਰਜਾ ਸੰਸਥਾਨ ਦੇ ਗੈਸਟ ਹਾਊਸ ਵਿੱਚ ਤਾਂ ਛੇ ਵਜੇ ਹੀ ਖਾਣਾ ਮਿਲ ਜਾਂਦਾ ਹੈ । ਆਦਤ ਅਨੁਸਾਰ, ਮੈ ਜਿਸ ਦਿਨ ਸਾਢੇ ਛੇ ਵਜੇ ਡਾਈਨਿੰਗ ਹਾਲ ਵਿੱਚ ਪਹੁੰਚਦਾ ਹਾਂ ਤਾਂ ਦਰਵਾਜਾ ਬੰਦ ਮਿਲਦਾ ਹੈ । ਜਾਪਦਾ ਹੈ ਚੀਨੀ ਲੋਕ ਰੱਜ ਕੇ ਕੰਮ ਕਰਨ ਅਤੇ ਰੱਜ ਕੇ ਖਾਣ ਦੇ _ਕੀਨ ਹਨ । ਕੰਮ ਨੂੰ ਜੇਕਰ ਕੋਈ ਕੌਮ ਭਗਤੀ ਸਮਝਦੀ ਹੈ ਤਾਂ ਇਹ ਚੀਨੀ ਲੋਕ ਹਨ ।

ਪਹਿਲੀ ਰਾਤ ਭੁੱਖਿਆਂ ਗੁਜਾਰ ਕੇ ਤਕਲਿਫ ਤਾਂ ਹੋਈ ਪਰੰਤੂ ਅਗੇ ਤੋ ਸਮੇ ਸਿਰ ਪਹੁੰਚਣ ਦਾ ਉਪਰਾਲਾ ਕਰਨਾ ਠੀਕ ਸਮਝਿਆ । ਇਕ ਤਾਂ ਛੇ ਵਜੇ ਸੂਰਜ ਛਿਪਣ ਤੋ ਪਹਿਲਾਂ ਡਿਨਰ ਖਾਣਾ ਅਜੀਬ ਲੱਗ ਰਿਹਾ ਸੀ, ਦੂਸਰੇ ਸਰੀਰਕ ਘੜੀ ਅਜੇ ਭਾਰਤੀ ਸਮੇ ਅਨੁਸਾਰ ਹੀ ਚਲ ਰਹੀ ਸੀ । ਇਥੋ ਦੇ ਛੇ ਵਜੇ ਭਾਰਤੀ ਸਮੇ ਅਨੁਸਾਰ ਸਾਢੇ ਤਿੰਨ ਵਜੇ ਹੀ ਬਣਦੇ ਹਨ ਸੋ ਭੁੱਖ ਕਿਵੇ ਲਗਦੀ । ਕੁਝ ਦਿਨਾਂ ਬਾਅਦ ਮਜਬੂਰੀ ਨੂੰ ਛੇ ਵਜੇ ਹੀ ਡਿਨਰ ਖਾਣਾ _ਰੂ ਕਰ ਦਿੱਤਾ ਅਤੇ ਅੱਧੀ ਰਾਤ ਨੂੰ ਜਦੋ ਫਿਰ ਭੁੱਖ ਲਗਦੀ ਤਾਂ ਫਲ ਅਤੇ ਹੋਰ ਮਠਿਆਈਆਂ ਖਾ ਕੇ ਗੁ ਾਰਾ ਕਰ ਲੈਣਾ ਠੀਕ ਸਮਝਿਆ । ਚੀਨ ਵਿਚ ਫਲ ਤਾਂ ਮਹਿੰਗਾ ਹੈ ਪਰੰਤੂ ਹਦਵਾਣਾ ਅਤੇ ਮੱਕੀ ਦੀਆਂ ਛੱਲੀਆਂ ਬਾ ਾਰ ਵਿੱਚ ਆਮ ਮਿਲਦੀਆਂ ਹਨ, ਬਲਕਿ ਪੰਜਾਬ ਵਾਂਗ ਹੀ ਸੜਕ ਕਿਨਾਰੇ ਇਹ ਸੌਦਾ ਵਿਕ ਰਿਹਾ ਹੁੰਦਾ ਹੈ । ਬਾਕੀ ਰਹੀ ਮਠਿਆਈ ਦੀ ਗੱਲ, ਦੁਨੀਆਂ ਭਰ ਵਿੱਚ ਭਾਰਤ ਦਾ ਮੁਕਾਬਲਾ ਕੋਈ ਦੇ ਨਹੀ ਕਰ ਸਕਦਾ । ਹਾਂ, ਚੀਨ ਵੀ ਸਾਡੇ ਮੁਕਾਬਲੇ ਤੇ ਭਾਂਤ ਭਾਂਤ ਦੇ ਕੇਕ ਅਤੇ ਮਠਿਆਈਆਂ ਤਿਆਰ ਕਰ ਰਿਹਾ ਹੈ । ਭੋਜਨ ਦੀ ਸਮੱਸਿਆ ਮੇਰੀ ਹਮੇ ਾਂ ਹੀ ਬਣੀ ਰਹਿੰਦੀ ਹੈ । ਪਤਾ ਨਹੀ ਾਕਾਹਾਰੀਆਂ ਲਈ ਚੰਗੇ ਭੋਜਨ ਦਾ ਪ੍ਰਬੰਧ ਕਿਉ ਨਹੀ ਹਰ ਦੇ ਦੀ ਸਰਕਾਰ ਉਚੇਚੇ ਤੌਰ ਤੇ ਕਰ ਰਹੀ ? ਚੀਨ ਵਿੱਚ ਤਾਂ ਹੋਰ ਵੀ ਖਤਰਾ ਹੈ, ਧਰਤੀ ਤੇ ਚੱਲਣ ਅਤੇ ਅਸਮਾਨ ਵਿੱਚ ਉਡਣ ਵਾਲਾ ਐਸਾ ਕੋਈ ਜਾਨਵਰ ਨਹੀ ਹੈ ਜੋ ਚੀਨੀ ਲੋਕ ਹ ਮ ਨਹੀ ਕਰ ਸਕਦੇ । ਸੱਪ, ਡੱਡੂ ਅਤੇ ਕੁੱਤੇ ਤੱਕ ਦਾ ਮਾਸ ਬੜੇ ੌਕ ਨਾਲ ਖਾ ਜਾਂਦੇ ਹਨ । ਇਨ੍ਹਾਂ ਦੀ ਖੁਰਾਕ ਬੜੀ ਕਿਸਮ ਦੀ ਹੈ । ਚੌਲ, ਨੂਡਲ ਅਤੇ ਕਈ ਕਿਸਮਾਂ ਦੇ ਸੂਪ ਇਨ੍ਹਾਂ ਦੀ ਖੁਰਾਕ ਦਾ ਹਿੱਸਾ ਹਨ ।

ਭਾਰਤ ਵਾਂਗ ਚੀਨ ਵੀ ਪੁਰਾਤਨ ਸਭਿਅਤਾ ਵਾਲਾ ਦੇਸ ਹੈ । ਪੀਕਿੰਗ ਹਿਰ ਤੋ 50 ਕਿਲੋਮੀਟਰ ਦੂਰ ਪਹਾੜੀਆਂ ਹਨ ਜਿਨ੍ਹਾਂ ਦੀਆਂ ਕੰਦਰਾਂ (ਗੁਫਾਵਾਂ) ਵਿੱਚੋ ਦੁਨੀਆਂ ਦੇ ਸਭ ਤੋ ਪੁਰਾਤਨ ਸਭਿਅ ਮਨੁੱਖ ਦੀਆਂ ਖੋਪਰੀਆਂ ਅਤੇ ਹੋਰ ਸਾਜੋ ਸਮਾਨ ਮਿਲਿਆ ਹੈ । ਲੱਗਭੱਗ ਚਾਰ ਲੱਖ ਸਾਲ ਪਹਿਲਾਂ ਮਨੁੱਖ ਆਪਣੇ ਮੌਜੂਦਾ ਸਰੂਪ ਵਿੱਚ ਬੰਦਰ ਦੀ ਜੂਨ ਤਿਆਗ ਕੇ ਧਰਤੀ ਉਪਰ ਵਿਚਰਣ ਲੱਗ ਪਿਆ । ਸਭ ਤੋ ਪਹਿਲਾਂ ਉਸ ਨੇ ਕੁਦਰਤ ਵਿੱਚ ਅੱਗ ਪੈਦਾ ਕੀਤੀ ਅਤੇ ਇਸ ਦੀ ਵਰਤੋ ਕਰਕੇ ਆਪਣਾ ਭੋਜਨ ਤਿਆਰ ਕਰਨਾ _ਰੂ ਕੀਤਾ ਅਤੇ ਜੰਗਲੀ ਜਾਨਵਰਾਂ ਤੋ ਆਪਣਾ ਬਚਾ ਕਰਨ ਲਈ ਵੀ ਅੱਗ ਦੀ ਵਰਤੋ ਕੀਤੀ । ਪੀਕਿੰਗ ਦੀਆਂ ਪਹਾੜੀਆਂ ਦੀ ਸੈਰ ਕਰਕੇ ਅਸੀ ਪੀਕਿੰਗ ਮੈਨ ਦੀਆਂ ਗੁਫਾਵਾਂ ਵੇਖੀਆਂ ਅਤੇ ਆਦਿ ਕਾਲ ਦੇ ਮਨੁੱਖ ਦੇ ਰਹਿਣ ਸਹਿਣ ਦਾ ਤੌਰ ਤਰੀਕਾ ਵੇਖ ਕੇ ਹੈਰਾਨ ਰਹਿ ਗਏ । ਚਾਰ ਲੱਖ ਸਾਲ ਪਹਿਲਾਂ ਮਨੁੱਖ ਆਪਣੇ ਹੁਣ ਦੇ ਆਕਾਰ ਤੋ ਭਿੰਨ ਸੀ ਪਰੰਤੂ ਉਹ ਆਪਣੇ ਇ ਟ ਦੀ ਪੂਜਾ, ਪਰਿਵਾਰ ਦੀ ਰੱਖਿਆ ਅਤੇ ਆਪਣੇ ਸਰੀਰ ਦੀ ਸੁੰਦਰਤਾ ਲਈ ਹੱਡੀਆਂ ਦੀ ਮਾਲਾ ਵੀ ਪਹਿਨਦਾ ਸੀ । ਸਰੀਰ ਕੱਜਣ ਲਈ ਬਸਤਰ ਦੀ ਜਗਹ ਵੇਲ ਬੂਟਿਆਂ ਦੀ ਵਰਤੋ ਅਤੇ ਹੱਡੀ ਦੀ ਸੂਈ ਬਣਾ ਕੇ ਲੰਗੋਟੀ ਤਿਆਰ ਕਰ ਲੈਦਾ ਸੀ । ਇਨ੍ਹਾਂ ਗੁਫਾਵਾਂ ਵਿੱਚੋ ਮੱਨੁਖ ਦਵਾਰਾ ਵਰਤੇ ਹਥਿਆਰ ਅਤੇ ਹੋਰ ਜਾਨਵਰਾਂ ਦੇ ਪਿੰਜਰ ਵੀ ਮਿਲੇ ਹਨ । ਮਾਨਵ ਵਿਗਿਆਨ ਅਤੇ ਪੁਰਾਤੱਤਵ ਵਿਗਿਆਨੀ ਪ੍ਰਾਪਤ ਸਿਟਿਆਂ ਦੀ ਛਾਣਬੀਣ ਕਰ ਰਹੇ ਹਨ ਅਤੇ ਅਜੋਕੇ ਮਨੁੱਖ ਨੂੰ ਬੰਦਰ ਦੀ ਸੰਤਾਨ ਸਿੱਧ ਕਰਨ ਦੀ ਕੋ ਿ ਕਰ ਰਹੇ ਹਨ ।

ਜੇਕਰ ਕਿਸੇ ਚੀਨੀ ਨੂੰ ਉਸਦਾ ਧਰਮ ਪੁੱਛਿਆ ਜਾਵੇ ਤਾਂ ਉਹ ਸਿਰ ਹਿਲਾ ਦਿੰਦਾ ਹੈ, ਜਿਸ ਦਾ ਮਤਲਬ ਹੈ ਉਸ ਦਾ ਕੋਈ ਧਰਮ ਨਹੀ । ਵੈਸੇ ਇਥੇ ਮੁਸਲਿਮ, ਬੋਧੀ ਅਤੇ ਕਨਫੂਸੀਅਸ ਦੇ ਪੈਰੋਕਾਰਾਂ ਤੋ ਇਵਾਲਾ ਹੋਰ ਵੀ ਕਈ ਫਿਰਕੇ ਹਨ । ਪਰੰਤੂ ਮਾਓਜੇਤੁੰਗ ਨੇ ਧਰਮ ਦਾ ਐਸਾ ਹੂੰਝਾ ਫੇਰਿਆ ਹੈ ਕਿ ਚੀਨੀ ਆਪਣਾ ਦੀਨ ਈਮਾਨ ਹੀ ਭੁੱਲ ਗਏ ਹਨ । ਮੈ ਬਹੁਤ ਹੈਰਾਨ ਸਾਂ ਕਿ ਧਰਮ ਤੋ ਬਗੈਰ

ਚੰਗੇ ਆਰਚਣ ਦੀ ਚੀਨ ਵਿੱਚ ਕੀ ਬੁਨਿਆਦ ਹੋ ਸਕਦੀ ਹੈ ? ਕਿਉਂਕਿ ਚੀਨ ਵਿੱਚ ਭਾਰਤ ਦੇ ਮੁਕਾਬਲੇ ਨੌਜਵਾਨ ਪੀੜੀ ਵਧੇਰੇ ਮਿਹਨਤੀ, ਈਮਾਨਦਾਰ ਅਤੇ ਉਚੇ ਸੁਚੇ ਆਚਰਣ ਦੀ ਧਾਰਣੀ ਹੈ ।

ਚੀਨ ਵਿੱਚ ਮੈਨੂੰ ਕਿਧਰੇ ਨਾ ਮੰਗਤਾ ਮਿਲਿਆ ਹੈ ਨਾ ਕੋਈ ਵਿਹਲੜ ਸਾਧ । ਸਾਰੇ ਹੱਥ ਸੁਚੀ ਕਿਰਤ ਵਿੱਚ ਰੁੱਝੇ ਹੋਏ ਸਨ । ਇਥੇ ਚੋਰ ਉਚੱਕੇ, ਗੁੰਡਾ ਗਰਦੀ, ਬੈਂਕ ਘੁਟਾਲੇ, ਹੜਤਾਲਾਂ, ਵਿਹਲੜ ਅਤੇ ਨਿਕੰਮੇ ਲੋਕ ਵੀ ਭਾਰਤ ਨਾਲੋਂ ਕਿਤੇ ਘੱਟ ਹਨ । ਮੇਰੇ ਮੇਜਬਾਨ ਨੇ ਦੱਸਿਆ ਕਿ ਆਚਰਣ ਘੜਨ ਦੀ ਜਿ ਮੇਵਾਰੀ ਘਰ ਦੇ ਵੱਡੇ ਵਡੇਰੇ ਨਿਭਾਉਂਦੇ ਹਨ ਅਤੇ ਰਹਿੰਦੀ ਕਸਰ ਮਾਓ ਦਾ ਡੰਡਾ ਪੂਰੀ ਕਰਦਾ ਹੈ । ਅੱਜ ਕੱਲ ਭਾਵੇ ਚੀਨ ਦੁਨੀਆਂ ਭਰ ਲਈ ਖੁੱਲ ਗਿਆ ਹੈ ਅਤੇ ਪਾਬੰਦੀਆਂ ਖਤਮ ਹੋ ਰਹੀਆਂ ਹਨ ਪਰੰਤੂ ਅਖਬਾਰਾਂ ਤੋਂ ਪਤਾ ਲੱਗਦਾ ਹੈ ਕਿ ਮਾਮੂਲੀ ਫੰਡਾਂ ਦੀ ਹੇਰਾ ਫੇਰੀ ਅਤੇ ਬੈਂਕ ਘੁਟਾਲੇ ਲਈ ਮੌਤ ਦੀ ਸ ਾ ਦਿੱਤੀ ਜਾਂਦੀ ਹੈ । ਅ ਕੇ ਮੇਰੇ ਭਾਰਤ ਦੇ ਜਿੱਥੇ ਬੋਫਰ ਅਤੇ ਸੀਕਿਉਰਿਟੀ ਫੰਡ ਸਕੈਮ ਦੇ ਮੁਜਰਮ ਵੀ ਖਿੜੇ ਮੱਥੇ ਦਨਦਨਾਂਦੇ ਹੋਏ ਕਹਿਚਰੀ ਵਿੱਚ ਪੇ ਹੋ ਰਹੇ ਹਨ । ਬੱਸ ਇਹੋ ਫਰਕ ਹੈ ਮਾਓ ਦੇ ਚੀਨ ਅਤੇ ਨਹਿਰੂ ਦੇ ਭਾਰਤ ਵਿੱਚ । ਕਹਾਵਤ ਹੈ, ਜਥਾ ਰਾਜਾ ਤਥਾ ਪ੍ਰਜਾ । ਨਹਿਰੂ ਦਾ ਭਾਰਤ ਬੇਈਮਾਨੀ ਦੇ ਰਾਹ ਤੇ ਪੈ ਚੁਕਾ ਹੈ ਕਿਉਂਕਿ ਇਹ ਇਕ ਖਾਨਦਾਨੀ ਪੇ ਾ ਬਣ ਗਿਆ । ਮਾਓ ਦਾ ਚੀਨ ਖਾਨਦਾਨੀ ਹਕੂਮਤ ਤੋਂ ਬਚ ਨਿਕਲਿਆ ਹੈ ।

# ਪੀਕਿੰਗ ਦੀ ਸੈਰ

---

ਤਿੰਨ ਸਤੰਬਰ ਸਵੇਰੇ 8 ਵਜੇ ਦੇ ਕਰੀਬ ਮੈ ਉਠਿਆ ਤਾਂ ਨਾ ਤੇ ਦਾ ਸਮਾਂ ਲੰਘ ਚੁਕਾ ਸੀ । ਇਥੇ ਭਾਰਤ ਵਾਂਗ ਤਾਂ ਹੈ ਨਹੀਂ ਕਿ ਜਦੋ ਦਿਲ ਕੀਤਾ ਬੈਹਰੇ ਨੂੰ ਆਵਾਜ ਮਾਰੀ ਅਤੇ ਪਰੌਠੇ ਦਾ ਆਰਡਰ ਦੇ ਦਿੱਤਾ । ਰਾਤ ਦਾ ਡਿਨਰ ਮਿਸ ਕਰਕੇ ਪਤਾ ਲੱਗ ਗਿਆ ਸੀ ਕਿ ਚੀਨੀ ਲੋਕ ਸਮੇ ਦੇ ਪਾਬੰਧ ਹੋ ਗਏ ਹਨ । ਕਿਥੇ ਇਹ ਅਫੀਮਚੀਆਂ ਦਾ ਦੇ ਜੋ ਦੁਨੀਆਂ ਭਰ ਵਿੱਚ ਆਲਸੀ ਅਤੇ ਦਲਿਦਰੀ ਲੋਕਾਂ ਕਰਕੇ ਬਦਨਾਮ ਸੀ ਅਤੇ ਕਿਥੇ ਭਾਰਤ ਤੋਂ ਬਾਅਦ ਅਕਤੂਬਰ 1949 ਵਿੱਚ ਆ ਾਦ ਹੋ ਕੇ ਚੀਨ ਨੇ ਭਾਰਤ ਨੂੰ ਹਰ ਖੇਤਰ ਵਿੱਚ ਪਛਾੜ ਦਿੱਤਾ ਹੈ । ਪੱਛਮੀ ਦੇ ਾਂ ਵਿੱਚ ਰਹਿ ਕੇ ਮੈ ਵੇਖਿਆ ਕਿ ਸਵੇਰੇ ਉਠਣ ਸਾਰ ਇਸ ਤਰ੍ਹਾਂ ਭੰਭੀਰੀ ਵਾਂਗ ਕੰਮ ਤੇ ਤਿਆਰ ਹੋ ਕੇ ਜਾਂਦੇ ਹਨ ਜਿਸ ਤਰ੍ਹਾਂ ਚਾਬੀ ਵਾਲਾ ਖਿਡਾਉਣਾ ਹੋਵੇ । ਸਾਡੇ ਦੇ ਵਿੱਚ ਤਾਂ ਸਵੇਰ ਦਾ ਕਿਰਿਆ ਕਰਮ ਹੀ ਦੋ ਘੰਟੇ ਲੈ ਬੈਠਦਾ ਹੈ । ਜੇਕਰ ਕਿਧਰੇ ਪੂਜਾ ਵੀ ਕਰਨੀ ਪੈ ਜਾਵੇ ਤਾਂ ਹੋਰ ਵੀ ਟੰਟਾ ਖੜਾ ਹੋ ਜਾਂਦਾ ਹੈ ।

ਆਪਣੇ ਕਮਰੇ ਦੀ ਬਾਰੀ ਵਿੱਚੋ ਸੜਕ ਦਾ ਨ ਾਰਾ ਵੇਖਿਆ ਤਾਂ ਹ ਾਰਾਂ ਲੋਕ ਕਾਫਲੇ ਦੀ ਕਲ ਵਿੱਚ ਸਾਇਕਲਾਂ ਤੇ ਸਵਾਰ ਵਹੀਰਾਂ ਘੱਤੀ ਜਾ ਰਹੇ ਸਨ । ਇਉ ਜਾਪਦਾ ਸੀ ਸੜਕਾਂ ਤੇ ਟਿੱਡੀ ਦਲ ਆ ਗਿਆ ਹੋਵੇ । ਦਰਅਸਲ, ਅਠ ਵਜੇ ਚੀਨੀ ਲੋਕ ਦਫਤਰ ਅਤੇ ਕੰਮ ਧੰਧੇ ਉਪਰ ਪਹੁੰਚਦੇ ਹਨ ਜਿਸ ਕਰਕੇ ਸੜਕ ਤੇ ਪੈਰ ਰੱਖਣ ਨੂੰ ਜਗਹ ਨਹੀਂ ਮਿਲਦੀ । ਮੇਰੇ ਹੋਟਲ ਦੇ ਸਾਹਮਣਿਓ ਪੀਕਿੰਗ ਦੀ ਸਭ ਤੋਂ ਚੌੜੀ ਸੜਕ ਗੁਜਰਦੀ ਹੈ ਜਿਸ ਉਪਰ ਦੋਵੇ ਪਾਸੀ ਚਾਰ ਚਾਰ ਬੱਸਾਂ ਲੰਘ ਸਕਦੀਆਂ ਹਨ ਅਤੇ ਆਲੇ ਦੁਆਲੇ ਇੰਨੀ ਹੀ ਜਗਹ ਸਾਈਕਲ ਸਵਾਰਾਂ ਲਈ ਰਾਖਵੀਂ ਹੈ ਜਿਸ ਉਪਰ ਹੋਰ ਕੋਈ ਵਾਹਣ ਦਾਖਲ ਨਹੀਂ ਹੋ ਸਕਦਾ । ਪੈਦਲ ਤੁਰਨ ਵਾਲਿਆਂ ਲਈ ਬਿਲਕੁਲ ਸੜਕ ਦੇ ਕਿਨਾਰੇ ਖੁੱਲੀ ਪੰਗਡੰਡੀ ਛੱਡੀ ਹੋਈ ਹੈ । ਮੈ ਕੋਈ ਅੱਧਾ ਘੰਟਾ ਇਹ ਸੜਕ ਦੀ ਆਵਾਜਾਈ ਦਾ ਨ ਾਰਾ ਵੇਖਦਾ ਰਿਹਾ । ਕਿਧਰੇ ਕਿਧਰੇ ਕਾਰ ਅਤੇ ਟੈਕਸੀ ਵੀ ਨ ਰ ਪੈ ਜਾਂਦੀ । ਚੀਨ ਵਿੱਚ ਵੱਡੇ ਤੋਂ ਵੱਡੇ ਅਫਸਰ ਵੀ ਕਾਰ ਰੱਖਣ ਦੀ ਹਿੰਮਤ ਨਹੀਂ ਕਰ ਸਕਦੇ ਅਤੇ ਸਰਕਾਰੀ ਕਾਰ ਘਰ ਦੇ ਕੰਮ ਲਈ ਵਰਤਣ ਦੀ ਸ ਤ ਮਨਾਹੀ ਹੈ । ਇਹ ਮੇਰਾ ਭਾਰਤ ਥੋੜਾ ਹੈ ਜਿਥੇ ਅਫਸਰ ਤਾਂ ਸਰਕਾਰੀ ਕਾਰਾਂ ਦੀ ਦੁਰ ਵਰਤੋ ਕਰਦੇ ਹੀ ਹਨ, ਅਫਸਰਾਂ ਦੀਆਂ ਬੀਵੀਆਂ ਵੀ ਸਰਕਾਰੀ ਕਾਰਾਂ ਤੇ ਝੂਟੇ ਲੈ ਕੇ ਪੂਰੀ ਟੌਹਰ ਵਿਖਾਉਦੀਆਂ ਹਨ ।

ਸੜਕ ਦਾ ਨ ਾਰਾ ਵੇਖ ਕੇ ਭੁੱਖ ਤਾਂ ਦੂਰ ਨਹੀਂ ਹੁੰਦੀ । ਸੋ ਮੈ ਨਹਾ ਧੋ ਕੇ ਦਸ ਵਜੇ ਦੇ ਕਰੀਬ ਆਪਣੇ ਹੋਟਲ ਤੋਂ ਬਾਹਰ ਦੀ ਦੁਨੀਆ ਵੇਖਣ ਦਾ ਮਨ ਬਣਾ ਲਿਆ । ਪੀਕਿੰਗ ਵਿੱਚ ਹਰ ਯਾਤਰੀ ਆਪਣੀ ਯਾਤਰਾ ਇਥੋ ਦੇ ਮ ਹੂਰ ਚੌਕ ਤੀਆਨਮੈਨ ਸਕੁਏਅਰ ਤੋਂ _ਰੂ ਕਰਦਾ ਹੈ । 1989 ਵਿੱਚ ਇਹ ਸਕੁਏਅਰ ਵਿ ਵ ਭਰ ਵਿੱਚ ਪ੍ਰਸਿੱਧ ਹੋ ਗਿਆ ਕਿਉਕਿ ਜਮਹੂਰੀ ਹੱਕਾਂ ਲਈ ਜੂਝ ਰਹੇ ਕਈ ਹਜਾਰ ਵਿਦਿਆਰਥੀ ਚੀਨੀ ਫੌਜ ਦੇ ਟੈਕਾਂ ਨੇ ਇਥੇ ਕੁਚਲ ਦਿੱਤੇ ਸਨ । ਸੋਵੀਅਤ ਯੂਨੀਅਨ ਵਿੱਚ ਤਾਂ ਸਰਕਾਰ ਦਾ ਪਲਟਾ ਉਲਟ ਦਿੱਤਾ ਗਿਆ ਪਰੰਤੂ ਚੀਨ ਦੀ ਸਰਕਾਰ ਨੇ ਸਖਤੀ ਨਾਲ ਜਮਹੂਰੀਅਤ ਦੇ ਅੰਦੋਲਨ ਨੂੰ ਕੁਚਲ ਕੇ ਰੱਖ ਦਿੱਤਾ । ਭਾਰਤ ਵਿੱਚ ਵੀ ਟੀ ਵੀ ਉਪਰ ਇਸ ਕਾਰਵਾਈ ਨੂੰ ਪੇ ਕੀਤਾ ਗਿਆ । ਸਾਰੀ ਦੁਨੀਆਂ ਵਿੱਚ ਚੀਨ ਦੀ ਇਸ ਕਾਰਵਾਈ ਬਾਰੇ ਚਰਚਾ ਛਿੜ ਗਿਆ ਅਤੇ ਅਮਰੀਕਾ ਨੇ ਚੀਨ ਦੀ ਬਾਂਹ ਵੀ ਮਰੋੜੀ । ਦਰਅਸਲ, ਅਮਰੀਕਾ ਚਾਹੁੰਦਾ ਹੈ ਕਿ ਦੁਨੀਆਂ ਵਿੱਚੋ ਕਮਿਊਨਿ ਮ ਦਾ ਸਫਾਇਆ ਹੋ ਜਾਵੇ । ਰੂਸ ਦਾ ਤਾਂ ਭੱਠਾ ਬੈਠ ਹੀ ਗਿਆ ਹੈ, ਜੇਕਰ ਚੀਨ ਦੀ ਸਰਕਾਰ ਵੀ ਜਰਕ ਜਾਂਦੀ ਤਾਂ ਅਮਰੀਕਾ ਦੀ ਸਾਰੀ ਦੁਨੀਆਂ ਵਿੱਚ ਚੌਧਰ ਹੋ ਜਾਣੀ ਸੀ । ਸਿਰਫ ਚੀਨ ਹੀ ਅਮਰੀਕਾ ਨੂੰ ਹੁਣ ਰੜਕਦਾ ਹੈ । ਭਾਵੇ ਵੀਅਤਨਾਮ ਵਿੱਚ ਅਮਰੀਕਾ ਨੂੰ ਮੂੰਹ ਦੀ ਖਾਣੀ ਪਈ ਪਰ ਅਜੇ ਵੀ ਕੋਰੀਆ ਅਤੇ ਤੈਵਾਨ ਵਿੱਚ ਅਮਰੀਕਾ ਦਾ ਰਸੂਖ ਕਾਇਮ ਹੈ ਜਿਸ ਕਰਕੇ ਚੀਨ ਸਰਕਾਰ ਨੂੰ ਆਪਣੀ ਸਰਹੱਦ ਉਪਰ ਅਮਰੀਕਾ ਦੀ ਹੋਂਦ ਚੁੱਭਦੀ ਹੈ ।

ਭਾਵੇ ਕਾਫੀ ਗਰਮੀ ਮਹਿਸੂਸ ਹੋ ਰਹੀ ਸੀ ਪਰੰਤੂ ਮੈ ਪੈਦਲ ਤੁਰ ਕੇ ਹੀ ਤੀਆਨਮੈਨ ਦੇ ਇਤਿਹਾਸਕ ਖੇਤਰ ਵਿੱਚ ਪਹੁੰਚ ਗਿਆ । ਇਸ ਸਕੁਏਅਰ ਅੰਦਰ ਚੀਨ ਦੇ ਹੀਦਾਂ ਦੀ ਯਾਦ ਨੂੰ ਸਮਰਪਿਤ ਇਕ ਲਾਠ ਹੈ । ਸਕੁਏਅਰ ਦੇ ਪੂਰਬ ਵੱਲ ਚੀਨੀ ਲੋਕਾਂ ਦੇ ਜੁਝਾਰੂ ਘੋਲ ਨੂੰ ਦਰਸਾਉਦਾ ਅਜਾਇਬ ਘਰ ਹੈ ਅਤੇ ਐਨ ਇਸ ਦੇ ਉਲਟ ਪੱਛਮ ਵਾਲੇ ਪਾਸੇ ਚੀਨ ਦੀ ਪਾਰਲੀਮੈਟ (ਗਰੇਟ ਹਾਲ ਆ ਦੀ ਪੀਪਲ) ਦੀ ਇਮਾਰਤ ਹੈ । ਉਤਰ ਵਾਲੇ ਪਾਸੇ ਚੀਨ ਦੇ ਬਾਦ ਾਹ ਦੇ ਮਹੱਲ ਹਨ ਅਤੇ ਇਸ ਹਿੱਸੇ ਨੂੰ ਵਿਵਰਜਤ ਹਿਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਅੱਜ ਕੱਲ੍ਹ ਮਹੱਲ ਪਬਲਿਕ ਲਈ ਖੁਲ੍ਹੇ ਹਨ ਅਤੇ ਇਕ ਆਲੀ ਾਨ ਆਜਾਇਬ ਘਰ ਚੀਨ ਦੇ ਬਾਦ ਾਹਾਂ ਦੇ

ਆਯਾ ੀ ਭਰੇ ਜੀਵਨ ਦੀਆਂ ਝਲਕੀਆਂ ਪੇ ਕਰਦਾ ਹੈ । ਮਹੱਲਾਂ ਵਿੱਚ ਸੁੰਦਰ ਬਾਗ ਅਤੇ ਝੀਲਾਂ ਕਾਇਮ ਹਨ । ਦੱਸਿਆ ਜਾਂਦਾ ਹੈ ਕਿ ਇਸ ਬਾਦ ਾਹੀ ਹਿਰ ਵਿੱਚ ਆਮ ਮਨੁੱਖ ਨੂੰ ਖੁੱਸੀ ਕਰਕੇ ਹੀ ਰੱਖਿਆ ਜਾਂਦਾ ਸੀ । ਸਿਰਫ ਬਾਦ ਾਹ ਦਾ ਪਰਿਵਾਰ ਅਤੇ ਹੋਰ ਗੋਲੀਆਂ ਹੀ ਅਸਲ ਰੂਪ ਵਿੱਚ ਰਹਿ ਸਕਦੀਆਂ ਸਨ ।

1911 ਦੇ ਇਨਕਲਾਬ ਬਾਅਦ ਬਾਦ ਾਹ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ ਅਤੇ ਆਮ ਪਬਲਿਕ ਨੂੰ ਾਹੀ ਮਹੱਲ ਵਿੱਚ ਜਾਣ ਦੀ ਖੁੱਲ ਹੋ ਗਈ । ਪੀਕਿੰਗ ਵਿੱਚ ਇਹ ਸਭ ਤੋਂ ਸੁੰਦਰ ਮੁਕਾਮ ਹੈ ਅਤੇ ਸਾਰਾ ਦਿਨ ਯਾਤਰੀਆਂ ਦੀ ਭੀੜ ਲੱਗੀ ਰਹਿੰਦੀ ਹੈ । ਮਹੱਲ ਦੇ ਮੁਖ ਦਵਾਰ ਉਪਰ ਮਾਓ ਦਾ ਚਿਤਰ ਨਜਰੀ ਪੈਂਦਾ ਹੈ । ਾਇਦ ਇਹ ਯਾਤਰੀਆਂ ਨੂੰ ਯਾਦ ਕਰਾ ਰਿਹਾ ਹੈ ਕਿ ਚੀਨ ਦੇ ਨਵੇ ਹਾਕਮ ਵੀ ਕਿਸੇ ਬਾਦ ਾਹ ਤੋਂ ਘੱਟ ਨਹੀਂ ਕਰਨ ਲਗੇ ਜਰਾ ਲੋਕ ਰਾਜ ਦੀ ਗੱਲ ਤਾਂ ਕਰ ਕੇ ਵੇਖੋ । ਸਕੁਏਅਰ ਦੇ ਦੱਖਣ ਵਾਲੇ ਪਾਸੇ, ਮਾਓ ਦੇ ਚਿਤਰ ਦੇ ਐਨ ਉਲਟ, ਮਾਓ ਦੀ ਕਬਰ ਜਾਂ ਯਾਦਗਾਰ ਕਾਇਮ ਕੀਤੀ ਗਈ ਹੈ ਜੋ ਕਿਸੇ ਤਰ੍ਹਾਂ ਵੀ ਤਾਜ ਮਹੱਲ ਤੋਂ ਘੱਟ ਨਹੀਂ । ਇਸ ਦਿਓ ਕੱਦ ਇਮਾਰਤ ਅੰਦਰ ਚੇਅਰਮੈਨ ਮਾਓ ਦਾ ਮਿਰਤਕ ਸਰੀਰ ਲੋਕਾਂ ਦੇ ਦਰ ਨ ਲਈ ਸਾਂਭ ਕੇ ਰੱਖਿਆ ਗਿਆ ਹੈ ਅਤੇ ਸਾਹਮਣੇ ਸੰਗਮਰਮਰ ਦਾ ਬੁੱਤ ਕਾਇਮ ਹੈ । ਭਾਵੇ ਮੈ ਇਸ ਸਮਾਰਕ ਪਾਸ ਦੇਰ ਨਾਲ ਹੀ ਪਹੁੰਚਿਆ ਪਰੰਤੂ ਪਹਿਰੇ ਉਪਰ ਤਾਇਨਾਤ ਸਿਪਾਹੀਆਂ ਨੇ ਅੰਦਰ ਜਾਣ ਦੀ ਇਜਾਜਤ ਦੇ ਹੀ ਦਿੱਤੀ । ਇਸ ਅੰਦਰ ਚੀਨੀ ਲੋਕ ਮਾਓ ਦੇ ਬੁੱਤ ਕੋਲ ਖਲੋ ਕੇ ਤਸਵੀਰ ਖਿਚਾਉਂਦੇ ਹਨ ਅਤੇ ਕਈ ਬਜੁਰਗ ਫੁੱਲਾਂ ਦੇ ਗੁਲਦਸਤੇ ਵੀ ਪੇ ਕਰ ਜਾਂਦੇ ਹਨ । ਨੌਜਵਾਨਾਂ ਨੂੰ ਤਾਂ ਮੈ ਇਸ ਇਮਾਰਤ ਅੰਦਰ ਦਾਖਲ ਹੁੰਦਿਆਂ ਘੱਟ ਹੀ ਵੇਖਿਆ ਪਰੰਤੂ ਕਈ ਜੋੜੇ ਾਦੀ ਕਰਵਾ ਕੇ ਵੀ ਇਸ ਦੀ ਯਾਤਰਾ ਕਰਦੇ ਵੇਖੇ ਗਏ । ਮਾਓ ਇਕ ਕਿਸਮ ਦਾ ਚੀਨੀ ਲੋਕਾਂ ਲਈ ਦੇਵਤਾ ਹੀ ਬਣ ਗਿਆ ਜਾਪਦਾ ਹੈ । ਇਥੇ ਰੌਣਕ ਦੇ ਕਈ ਹੋਰ ਵੀ ਕਾਰਨ ਹਨ । ਚੀਨੀ ਲੋਕ ਪਤੰਗਬਾਜੀ ਦੇ ਬਹੁਤ _ਕੀਨ ਹਨ ਅਤੇ ਇਸ ਸਕੁਏਅਰ ਅੰਦਰ ਪਤੰਗਾਂ ਉਡਾਣੀਆਂ ਵੀ ਉਨ੍ਹਾਂ ਦਾ ਇਕ ੌਕ ਬਣ ਗਿਆ ਹੈ ।

ਮੈ ਸਾਰਾ ਦਿਨ ਘੁੰਮਦਾ ਫਿਰਦਾ ਚੀਨੀ ਲੋ ਕਾਂ ਦੇ ਦੀਦਾਰ ਕਰ ਰਿਹਾ ਸਾਂ ਅਤੇ ਚੈਅਰਮੈਨ ਮਾਓ ਦੇ ਕੀਤੇ ਕਾਰਨਾਮਿਆਂ ਦੀ ਝਾਕੀ ਮੇਰੇ ਮਨ ਉਪਰ ਉਘੜ ਰਹੀ ਸੀ। ਮੈ ਸੋਚਿਆ ਕਿਉ ਨਾ ਚੀਨੀ ਲੋਕਾਂ ਦੇ ਇਤਿਹਾਸ ਨੂੰ ਅਜਾਇਬ ਘਰ ਵਿਚ ਜਾ ਕੇ ਵੇਖਿਆ ਜਾਵੇ। ਜਦੋ ਮੈ ਟਿਕਟ ਲੈਂਣ ਲਈ ਜਾ ਰਿਹਾ ਸਾਂ ਤਾਂ ਇਕ ਨੌਜਵਾਨ ਨੇ ਅੰਗਰੇਜੀ ਵਿਚ ਕਿਹਾ ਕਿ ਹੁਣ ਤਾਂ ਅਜਾਇਬ ਘਰ ਬੰਦ ਹੋ ਗਿਆ ਹੈ, ਚੰਗਾ ਹੋਵੇ ਕਿ ਮੈਂ ਕੱਲ੍ਹ ਸਵੇਰੇ ਹੀ ਆ ਕੇ ਵੇਖਾਂ। ਚੀਨ ਵਿਚ ਅੰਗਰੇਜੀ ਬੋਲਣ ਵਾਲਾ ਕੋਈ ਵਿਰਲਾ ਟਾਵਾਂ ਹੀ ਟੱਕਰਦਾ ਹੈ। ਮੈ ਵੀ ਉਸਦੀ ਗੱਲ ਸੁਣ ਕੇ ਪਰਤ ਆਇਆ ਅਤੇ ਉਸ ਤੋਂ ਸਕੁਏਅਰ ਬਾਰੇ ਜਾਣਕਾਰੀ ਲੈਣੀ ਚਾਹੀ । ਨੌਜਵਾਨ ਨੇ ਆਲਾ ਦੁਆਲਾ ਵੇਖ ਕੇ ਦੱਸਿਆ ਕਿ ਉਹ ਤੀਆਨਮੈਨ ਸਕੁਏਅਰ ਦੇ ਕਾਂਡ ਵਿੱਚ ਾਮਲ ਵਿਦਿਆਰਥੀਆਂ ਨਾਲ ਹਮਦਰਦੀ ਰੱਖਣ ਦੇ ਦੋ ਵਿੱਚ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ । ਉਹ ਕਿਸੇ ਫੈਕਟਰੀ ਵਿੱਚ ਮਕੈਨੀਕਲ ਇੰਜੀਨੀਅਰ ਦੀ ਨੌਕਰੀ ਤੇ ਕੰਮ ਕਰਦਾ ਸੀ । ਹੁਣ ਉਸਦੀ ਘਰਵਾਲੀ ਕੁਝ ਕੰਮ ਧੰਧਾ ਕਰਕੇ ਪੈਸੇ ਕਮਾ ਲੈਂਦੀ ਹੈ । ਪਰੰਤੂ ਉਸਦੇ ਮਾਂ ਬਾਪ ਅਤੇ ਪੁੱਤਰ ਦੇ ਨਿਰਬਾਹ ਲਈ ਇਹ ਰਕਮ ਕਾਫੀ ਨਹੀ । ਅੱਜ ਕੱਲ੍ਹ ਉਹ ਚੋਰੀ ਛਿੱਪੀ ਗਾਈਡ ਦਾ ਕੰਮ ਕਰਦਾ ਹੈ ਅਤੇ ਅੰਗਰੇਜੀ ਬੋਲਣ ਸਦਕਾ ਬਦੇ ੀ ਯਾਤਰੀ ਉਸ ਨੂੰ ਕੁਝ ਰਕਮ ਦੇ ਜਾਂਦੇ ਹਨ । ਜਦੋਂ ਚੀਨੀ ਪੁਲਿਸ ਨੂੰ ਪਤਾ ਲੱਗ ਗਿਆ ਤਾਂ ਉਸ ਵਿਰੁੱਧ ਕਾਰਵਾਈ ਹੋ ਸਕਦੀ ਹੈ । ਮੈ ਉਸ ਨੌਜਵਾਨ ਤੋਂ 1989 ਦੀ ਘਟਨਾ ਬਾਰੇ ਜਾਣਕਾਰੀ ਮੰਗੀ । ਉਸ ਨੇ ਡਰਦੇ ਹੋਏ ਦੱਸਿਆ ਕਿ ਤਿੰਨ ਹ ਾਰ ਵਿਦਿਆਰਥੀ ਹੀਦੀ ਪਾ ਗਏ ਸਨ ਪਰੰਤੂ ਚੀਨ ਦੀ ਸਰਕਾਰ ਨੇ 300 ਦਾ ਿ ਕਰ ਹੀ ਕੀਤਾ ਹੈ । ਕੁਝ ਅਮਰੀਕਾ ਅਤੇ ਅਸਟਰੇਲੀਆ ਭੱਜ ਗਏ ਪਰੰਤੂ ਉਹ ਬੁੱਢੇ ਮਾਂ ਬਾਪ ਨੂੰ ਛੱਡ ਕੇ ਕਿਤੇ ਜਾਣ ਜੋਗਾ ਨਹੀਂ ਹੈ । ਇਸ ਨੌਜਵਾਨ ਨਾਲ ਮੈ ਕੇਵਲ ਹਮਦਰਦੀ ਹੀ ਜਾਹਰ ਕਰ ਸਕਿਆ । ਮੈਨੂੰ ਉਸ ਦੀਆਂ ਅੱਖਾਂ ਵਿੱਚ ਇਕ ਉਮੰਗ ਨਜਰ ਆ ਰਹੀ ਸੀ, ਪਤਾ ਨਹੀਂ ਉਹ ਹਮਦਰਦੀ ਮੰਗ ਰਿਹਾ ਸੀ ਕਿ ਕੁਝ ਸਿੱਕੇ ਜੋ ਉਸਦੀ ਭੁਖ ਦੂਰ ਕਰ ਸਕਦੇ । ਮੈ ਉਸ ਤੋਂ ਨਾਮ ਬਾਰੇ ਪੁੱਛਿਆ ਤਾਂ ਉਸ ਗੁਮਨਾਮ ਰਹਿਣ ਵਿੱਚ ਹੀ ਆਪਣਾ ਭਲਾ ਸਮਝਿਆ ।

ਸਵੇਰ ਦਾ ਘੁੰਮ ਘੁਮਾ ਕੇ ਮੈ ਥੱਕ ਚੁਕਾ ਸਾਂ ਅਤੇ ਸਕੁਏਅਰ ਦੇ ਇਕ ਸਿਰੇ ਤੇ ਬੈਚ ਉਪਰ ਬੈਠ ਕੇ ਲੋਕਾਂ ਦੀ ਭੀੜ ਦਾ ਨ ਾਰਾ ਲੈਣ ਲੱਗਾ । ਚੀਨ ਦੀ ਆਬਾਦੀ ਸੌ ਕਰੋੜ ਤੋਂ ਉਪਰ ਟੱਪ ਗਈ ਹੈ ਅਤੇ ਇਕ ਕਰੋੜ ਦੇ ਲੱਗਭਗ ਚੀਨੀ ਪੀਕਿੰਗ ਵਿੱਚ ਹੀ ਰਹਿੰਦੇ ਹਨ । ਚੀਨ ਦਾ ਸਭ ਤੋ ਵੱਡਾ ਹਿਰ ਭਾਵੇ ੰਘਾਈ ਹੈ ਪਰੰਤੂ ਅੰਗਰੇ ਾਂ ਦੇ ਛੱਡ ਜਾਣ ਉਪਰੰਤ ਇਸ ਦੀ ਮਹਾਨਤਾ ਘਟ ਗਈ ਹੈ । ਕਿਸੇ ਜਮਾਨੇ ਪੰਜਾਬ ਦੇ ਗਭਰੂ ਅੰਗਰੇਜੀ ਫੌਜ ਅਤੇ ਪੁਲਿਸ ਦੀ ਨੌਕਰੀ ਕਰਨ ੰਘਾਈ ਜਾਇਆ ਕਰਦੇ ਸਨ ਅਤੇ ਪੰਜਾਬ ਦੀਆਂ ਮੁਟਿਆਰਾਂ ੰਘਾਈ ਦੀ ਬੋਸਕੀ ਹੰਢਾ ਕੇ ਆਪਣੇ ਦੂਰ ਦੁਰਾਡੇ ਢੋਲ ਨੂੰ ਮਿਹਣਾ ਵੀ ਮਾਰਦੀਆਂ ਸਨ:

ਜੰਮ ਕੇ ਨੌ ਕੁੜੀਆਂ ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨ ਦੂੰ

ਚੀਨ ਦੇ ਤਿੰਨ ਹਫਤਿਆਂ ਦੌਰਾਨ ਮੈਨੂੰ ਕੋਈ ਵੀ ਆਪਣਾ ਪੰਜਾਬੀ ਗੱਭਰੂ ਤਾਂ ਹੁਣ ਨ ਰੀ ਨਹੀਂ ਪਿਆ ਪਰ ਪਾਕਿਸਤਾਨੀ ਪੰਜਾਬ ਦੇ ਕੁਝ ਗੱਭਰੂ ਸੈਰ ਸਪਾਟੇ ਤੇ ਆਏ ਜਰੂਰ ਟੱਕਰ ਪਏ । ਚੀਨ ਅਤੇ ਪਾਕਿਸਤਾਨ ਦੇ ਸਬੰਧ ਬਹੁਤ ਹੀ ਚੰਗੇ ਬਣੇ ਆ ਰਹੇ ਹਨ ਅਤੇ ਸੜਕ ਦੇ ਰਸਤੇ ਵੀ ਆਵਾਜਾਈ ਸੰਭਵ ਹੈ । ਅੱਜ ਕੱਲ ਤਾਂ ਚੀਨ ਦੀ ਸਰਕਾਰ ਨੇ ਸਾਰੇ ਰਾਹ ਖੋਲ੍ਹ ਦਿੱਤੇ ਹਨ ਅਤੇ ਹਰ ਯਾਤਰੀ ਤਿੱਬਤ ਤੱਕ ਘੁੰਮ ਸਕਦਾ ਹੈ । ਬਲਕਿ ਸਤੰਬਰ ਦੇ ਮਹੀਨੇ ਇਕ ਉਚੇਚਾ ਸਮਾਗਮ ਰਚਾਇਆ ਗਿਆ ਜਿਸ ਵਿੱਚ ਭਾਰਤ ਅਤੇ ਚੀਨ ਵਿਚਕਾਰ ਤਿੱਬਤ ਦੇ ਰਸਤੇ ਪੁਰਾਣਾ ਇਤਿਹਾਸਕ ਰੇ ਮੀ ਮਾਰਗ (ਸਿਲਕ ਰੂਟ) ਮੁੜ ਚਾਲੂ ਕਰਨ ਦੀ ਤਜਵੀ ਪੇ ਕੀਤੀ ਗਈ ।

ਪੀਕਿੰਗ ਹਿਰ ਵਿੱਚ ਖਾਣ ਪੀਣ ਲਈ ਸੜਕ ਕਿਨਾਰੇ ਰੇਹੜੀਆਂ ਅਤੇ ਢਾਬੇ ਵੀ ਭਾਰਤ ਵਾਂਗ ਆਮ ਮਿਲਦੇ ਹਨ । ਫਰਕ ਰੂਰ ਹੈ ਕਿ ਇਥੇ ਹਰ ਚੀਜ ਸਾਫ ਸੁਥਰੀ ਪੈਕਟਾਂ ਵਿੱਚ ਮਿਲ ਜਾਂਦੀ ਹੈ ਜਦਕਿ ਸਾਡੇ ਗੰਦਗੀ ਖਾਣ ਤੇ ਵੇਚਣ ਦਾ ਰਿਵਾਜ ਹੈ । ਅੱਜ ਕੱਲ ਤਾਂ ਚੀਨੀ ਲੋਕ ਯੂਰਿਪੀਨਾਂ ਵਾਂਗ ਐਨੇ ੌਕੀਨ ਹੋ ਗਏ ਹਨ ਕਿ ਸਾਦਾ ਪਾਣੀ ਕਿਸੇ ਰੈਸਤੋਰਾਂ ਵਿੱਚ ਮਿਲਦਾ ਹੀ ਨਹੀਂ । ਫਲਾਂ ਦਾ ਰਸ, ਬੀਅਰ ਅਤੇ ਕੋਕਾ ਕੋਲਾ ਆਮ ਮਿਲ ਜਾਂਦਾ ਹੈ । ਬਲਕਿ ਪੰਜਾਬ ਤੋਂ ਵੀ ਚੰਗੀ ਮਿੱਠੀ ਲੱਸੀ ਦੇ ਪੈਕਟ ਚੀਨੀ ਲੋਕ ਬੜੇ ੌਕ ਨਾਲ ਪੀਂਦੇ ਹਨ । ਦੁੱਧ ਕਿਤੇ ਨਜਰੀਂ ਨਹੀਂ ਪੈਂਦਾ ਅਤੇ ਨਾ ਹੀ ਕੋਈ ਪੀਂਦਾ ਹੈ । ਸਾਰੇ ਬੀਅਰ ਦੇ ੌਕੀਨ ਹਨ । ਇਨ੍ਹਾਂ ਦੇ ਖਾਣੇ ਵਿੱਚ ਮੀਟ ਪ੍ਰਧਾਨ ਹੈ ਅਤੇ ਨਿਰੇ ਚੌਲ ਖਾਣੇ ਆਪਣੀ ਹੇਠੀ ਸਮਝਦੇ ਹਨ । ਵੈਸੇ ਬੰਗਾਲੀਆਂ ਵਾਂਗ ਚੌਲ ਤੇ ਮੱਛੀ ਇਨ੍ਹਾਂ ਦੀ ਮੁੱਖ ਖੁਰਾਕ ਹੈ ਪਰੰਤੂ ਅੱਜ ਕੱਲ ਇਹ ਸਮੁੰਦਰੀ ਖੁਰਾਕ ਅਤੇ ਗਊ ਮਾਤਾ ਦਾ ਮਾਸ ਖਾ ਕੇ ਪੱਛਮੀ ਪ੍ਰਭਾਵ ਦਾ ਿ ਕਾਰ ਹੋ ਰਹੇ ਹਨ । ਅਫੀਮ ਖਾਣੀ ਤਾਂ ਛੱਡ ਗਏ ਹਨ ਪਰੰਤੂ ਸਿਗਰਟ ਨੋ ੀ ਬਹੁਤ ਹੀ ਵੱਧ ਗਈ ਜਾਪਦੀ ਹੈ । ਰਾਤ ਨੂੰ ਅਤੇ ਸਵੇਰੇ ਹੋਟਲ ਦੇ ਕਮਰੇ ਤੋਂ ਬਾਹਰ ਧੂੰਏ ਦੇ ਬੱਦਲ ਹੀ ਨ ਰੀ ਪੈਂਦੇ ਅਤੇ ਮੈ ਕਮਰੇ ਅੰਦਰ ਜਾਂ ਬਾਹਰ ਖੁੱਲੀ ਹਵਾ ਵਿੱਚ ਵਿਚਰ ਕੇ ਹੀ ਗੁਜਾਰਾ ਕਰਦਾ ।

ਪੀਕਿੰਗ ਵਿੱਚ ਆਵਾਜਾਈ ਦੀ ਸੌਖ ਲਈ ਧਰਤੀ ਹੇਠ ਮੈਟਰੋ ਗੱਡੀ ਚਲਦੀ ਹੈ । ਸਕੁਏਅਰ ਤੋਂ ਹੋਟਲ ਪਰਤਣ ਲਈ ਮੈ ਅੰਡਰ/ ਗਰਾਊਂਡ ਟਰੇਨ ਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ । ਨਕ ੇ ਦੀ ਸਹਾਇਤਾ ਨਾਲ ਮੈ ਆਪਣੇ ਟਿਕਾਣੇ ਲਾਗੇ ਪਹੁੰਚਣ ਲਈ ਸਟੇ ਨ ਦੀ ਚੋਣ ਕਰ ਲਈ । ਦਫਤਰ ਦੇ ਸਮੇ ਹਰ ਪੰਜ ਮਿੰਟ ਦੇ ਵਕਫੇ ਬਾਅਦ ਗੱਡੀ ਚਲਦੀ ਰਹਿੰਦੀ ਹੈ । ਅੰਡਰ/ਗਰਾਊਂਡ ਸਟੇ ਨ ਬੜੇ ਸਾਫ ਸੁਥਰੇ ਰੱਖੇ ਹੋਏ ਹਨ । ਮੈ ਯੂਰਪ ਦੇ ਕਈ ਹਿਰਾਂ ਵਿੱਚ ਮੈਟਰੋ ਗੱਡੀ ਤੇ ਸਵਾਰੀ ਕੀਤੀ ਹੈ ਪਰੰਤੂ ਪੀਕਿੰਗ ਤੋਂ ਵਧੇਰੇ ਸਫਾਈ ਕਿਤੇ ਨਹੀਂ ਵੇਖੀ । ਹਿਰ ਦੀਆਂ ਸੜਕਾਂ ਕਿਨਾਰੇ ਵੀ ਕਿਤੇ ਕੂੜਾ ਕਰਕਟ ਨਜਰੀ ਨਹੀ ਪਿਆ । ਹਰ ਥਾਂ ਕੂੜਾ ਸੁੱਟਣ ਲਈ ਢੋਲ ਗੱਡੇ ਹਨ ਅਤੇ ਮਜਾਲ ਹੈ ਕੋਈ ਕਾਗਜ ਦਾ ਟੁਕੜਾ ਵੀ ਬਾਹਰ ਸੁਟ ਕੇ ਚਲਾ ਜਾਵੇ । ਪਤਾ ਨਹੀਂ ਭਾਰਤ ਵਰ ਨੂੰ ਸਫਾਈ ਦਾ ਸਬਕ ਕੌਣ ਦੇਵੇਗਾ । ਇਸ ਤੋਂ ਗੰਦਾ ਮੁਲਕ ਹੋਰ ਕੋਈ ਨਹੀਂ ਹੋ ਸਕਦਾ, ਾਇਦ ਨਰਕ ਵਿੱਚ ਵੀ ਐਨਾ ਗੰਦ ਨਾ ਹੋਵੇ ।

ਾਮ ਦੇ ਸੱਤ ਵਜੇ ਦੇ ਕਰੀਬ ਮੈ ਹੋਟਲ ਪਰਤ ਆਇਆ ਅਤੇ ਆਪਣੀ ਪੀਕਿੰਗ ਫੇਰੀ ਦੇ ਪਹਿਲੇ ਚੰਗੇ ਪ੍ਰਭਾਵ ਦੀ ਸਿਮਰਤੀ ਵਿੱਚ ਮਗਨ ਹੋ ਗਿਆ ।

# ਤੰਗ ਾਨ ਦੀ ਯਾਤਰਾ

---

ਭਾਰਤ ਤੋਂ ਰਵਾਨਗੀ ਸਮੇ ਮੈਨੂੰ ਚੀਨ ਦੀ ਭੁਚਾਲਾਂ ਸੰਬੰਧੀ ਸੰਸਥਾ ਤੋਂ ਵੀ ਨਿਮੰਤਰਣ ਆ ਚੁੱਕਾ ਸੀ ਕਿ ਮੈ ਉਨ੍ਹਾਂ ਨਾਲ ਆਪਣੀ ਖੋਜ ਬਾਰੇ ਵਿਚਾਰ-ਵਿਟਾਂਦਰਾ ਕਰ ਸਕਦਾ ਹਾਂ । ਪਿਛਲੇ ਪੰਜ ਸਾਲਾਂ ਤੋਂ ਅਸੀ ਕਾਂਗੜਾ ਵਾਦੀ ਦੇ ਵੱਖ-ਵੱਖ ਸਥਾਨਾਂ ਉਪਰ ਭੁਚਾਲਾਂ ਦੀ ਆਮਦ ਅਤੇ ਭਵਿੱਖਬਾਣੀ ਸਬੰਧੀ ਅੰਕੜੇ ਇੱਕਠੇ ਕੀਤੇ ਹਨ ਅਤੇ ਇਸ ਬਾਰੇ ਇਕ ਲੇਖ ਪਿਛਲੇ ਸਾਲ ਪੰਜਾਬੀ ਟ੍ਰੀਬਿਊਨ ਵਿਚ ਛਪ ਚੁੱਕਾ ਰੁ । ਮੇਰੀ ਯਾਤਰਾ ਦਾ ਮਨੋਰਥ ਚੀਨੀ ਭੂ-ਵਿਗਿਆਨੀਆਂ ਨਾਲ ਸੰਪਰਕ ਪੈਦਾ ਕਰਕੇ ਹਿਮਾਲਿਆ ਪਰਬਤ ਦੇ ਭੁਚਾਲੀ ਖੇਤਰ ਦੀ ਛਾਣਬੀਣ ਕਰਨਾ ਸੀ । ਪੀਕਿੰਗ ਪਹੁੰਚ ਕੇ ਪਤਾ ਲੱਗਾ ਕਿ ਤਿੱਬਤ ਭਾਵੇ ਯਾਤਰੀਆਂ ਲਈ ਖੁੱਲ ਗਿਆ ਰੁ ਪਰੰਤੂ ਖੋਜ ਕੰਮ ਲਈ ਘੱਟੋ ਘੱਟ ਇਕ ਮਹੀਨਾ ਲੱਗ ਜਾਵੇਗਾ ਅਤੇ ਇਹ ਜਗ੍ਹਾ ਪੀਕਿੰਗ ਤੋਂ 5000 ਕਿਲੋਮੀਟਰ ਦੂਰ ਹੈ । ਮੈ ਭੂ-ਵਿਗਿਆਨ ਸੰਸਥਾ ਦੇ ਡਾਇਰੈਕਟਰ ਨੂੰ ਮਿਲਿਆ ਅਤੇ ਤੰਗ ਾਨ ਦੇ ਭੁਚਾਲ ਗ੍ਰਸਤ ਇਲਾਕੇ ਦੀ ਯਾਤਰਾ ਦਾ ਪ੍ਰੋਗਰਾਮ ਪੇ  ਕੀਤਾ । ਉਸ ਦਿਨ ਮੇਰੀ ਜਾਣੂ ਵਿਗਿਆਨੀ ਮੈਡਮ ਯਾਂਗ ਯੂਰਾਂਗ ਕਿਤੇ ਦੌਰੇ ਉਪਰ ਗਈ ਹੋਈ ਸੀ ਅਤੇ ਮੈਨੂੰ ਨਿਰਾਸ ਹੀ ਆਪਣੇ  ਹੋਟਲ ਪਰਤਣਾ ਪਿਆ । ਇਕ ਦੋ-ਭਾ ੀਏ ਰਾਹੀਂ ਡਾਇਰੈਕਟਰ ਨੇ 1976 ਦੇ ਤੰਗ ਾਨ ਦੇ ਭੁਚਾਲ ਬਾਰੇ ਪ੍ਰਾਪਤ ਅੰਕੜੇ ਪੇ  ਕੀਤੇ ਅਤੇ ਚੀਨ ਵਿਚ ਭੁਚਾਲਾਂ ਬਾਰੇ ਹੋ ਰਹੀ ਖੋਜ ਦਾ ਕੁਝ ਵੇਰਵਾ ਵੀ ਦਿੱਤਾ । ਇਸ ਗੁਫਤਗੂ ਦੌਰਾਨ ਮੇਰੇ ਲਈ ਜੈਸਮੀਨ ਚਾਹ ਦੇ ਪਿਆਲੇ ਬੜੇ ਸਲੀਕੇ ਨਾਲ ਪੇ  ਕੀਤੇ ਗਏ ।

18 ਸੰਤਬਰ ਨੂੰ ਮਿਥੇ ਪ੍ਰੋਗ੍ਰਾਮ ਅਨੁਸਾਰ ਪ੍ਰੋਫੈਸਰ ਲੀ੍ਹ ਿਨ ਗੂ ਅਤੇ ਮੈਡਮ ਯਾਂਗ ਯੂਰਾਂਗ ਦੇ ਸਾਥ ਅਸੀਂ ਸਵੇਰੇ ਪੰਜ ਵਜੇ ਤੰਗ ਾਨ ਵੱਲ ਰਵਾਨਾ ਹੋ ਪਏ । ਸਵੇਰੇ ਪੀਕਿੰਗ ਵਿਚੋ ਲੰਘਣਾ ਸੌਖਾ ਸੀ ਪਰੰਤੂ ਠੰਡੀ ਹਵਾ ਦੇ ਬੁੱਲ੍ਹੇ ਕਾਰ ਦੇ  ੀੇ ਨੂੰ ਚੀਰ ਕੇ ਸਾਨੂੰ  ਸੀਤ ਕਰੀ ਜਾ ਰਹੇ ਸਨ । ਅਸੀ ਇਕ ਘੰਟੇ ਦੇ ਸਫਰ ਬਾਅਦ  ਹਿਰ ਦੇ ਬਾਹਰਲੇ ਹਿਸੇ ਵਿਚ  ਪਹੁੰਚ ਗਏ । ਸੜਕ ਦੇ ਕਿਨਾਰੇ ਔਰਤਾਂ ਗੈਸ ਉਪਰ ਨਾ ਤਾ ਤਿਆਰ ਕਰ ਰਹੀਆਂ ਸਨ  ਅਤੇ ਪੂਰੀਆਂ ਦੇ ਪੂਰ ਤਿਆਰ ਕਰਕੇ ਸੂਪ ਨਾਲ ਗਾਹਕਾਂ ਨੂੰ ਸੜਕ ਕਿਨਾਰੇ ਲੱਗੇ ਮੇਜਾਂ ਉਪਰ ਸਰਵ ਕਰ ਰਹੀਆਂ ਸਨ । ਇਹ ਪੂਰੀਆਂ ਸਾਡੀ ਰੋਟੀ ਤੋਂ ਵੀ ਵੱਡੇ ਆਕਾਰ ਦੀਆਂ ਹੁੰਦੀਆਂ ਹਨ ਅਤੇ ਇਕ ਨਾਲ ਹੀ ਪੇਟ ਭਰ ਜਾਂਦਾ ਹੈ । ਮੇਰੇ ਸਾਥੀ ਡਰਾਈਵਰ ਸਮੇਤ ਚੀਨੀ ਢਾਬੇ ਉਪਰ ਨਾ ਤਾ ਕਰਨ ਲਈ ਰੁਕੇ । ਮੇਰੇ ਲਈ ਪੁਦੀਨੇ ਦਾ ਸੂਪ ਅਤੇ ਆਪਣੇ ਲਈ ਮੱਛੀ ਦਾ ਸੂਪ ਲੈ ਕੇ ਅਸੀ ਰੋਟੀ ਵਰਗੀਆਂ ਤਲੀਆਂ ਨਮਕੀਨ ਪੂਰੀਆਂ ਦਾ ਆਨੰਦ ਮਾਣ ਰਹੇ ਸਾਂ । ਚੀਨ ਵਿੱਚ ਹਰ ਘਰ ਵਿੱਚ ਇਸ ਨਾ ਤੇ ਨੂੰ ਤਰਜੀਹ ਦਿੱਤੀ ਜਾਂਦੀ ਹੈ । ਹੋਟਲਾਂ ਵਿੱਚ ਪੱਛਮੀ ਨਾ ਤਾ ਬਰੈਡ [ ਆਮਲੇਟ ਵੀ ਮਿਲ ਜਾਂਦਾ ਹੈ ਪਰੰਤੂ ਪਰੌਠਾ ਕਿਧਰੇ ਨਹੀ ਲੱਭਦਾ ।

ਚਾਰ ਘੰਟੇ ਦੇ ਸਫਰ ਬਾਅਦ ਅਸੀ ਦਸ ਵਜੇ ਦੇ ਕਰੀਬ ਤੰਗ ਾਨ  ਹਿਰ ਦੇ ਚੌਕ ਵਿੱਚ ਪਹੁੰਚ ਗਏ । ਜੁਲਾਈ 1976 ਦੇ ਭੁਚਾਲ ਸਮੇ ਇਹ  ਹਿਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ ਅਤੇ ਦਸ ਲੱਖ ਦੀ ਵਸੋ ਵਿੱਚੋ ਅੱਧੀ ਸਦਾ ਦੀ ਨੀਂਦ ਸੌਂ ਗਈ ਅਤੇ ਬਾਕੀ ਜ ਮੀ ਹਾਲਤ ਵਿੱਚ ਤੜਫ ਰਹੇ ਸੀ । ਤੰਗ ਾਨ ਦਾ ਭੁਚਾਲ ਸਵੇਰ ਦੇ ਤਿੰਨ ਵਜੇ ਵਾਪਰਿਆ ਜਿਸ ਵਕਤ ਸਾਰੇ  ਹਿਰ ਨਿਵਾਸੀ ਘੂਕ ਸੁੱਤੇ ਪਏ ਸਨ । ਚੀਨ ਦੇ ਵਿਗਿਆਨੀਆਂ ਨੇ ਦੋ ਸਾਲ ਪਹਿਲਾਂ ਭੁਚਾਲ ਦੀ ਆਮਦ ਬਾਰੇ ਚੇਤਾਵਨੀ ਦੇ ਰੱਖੀ ਸੀ ਅਤੇ ਲਗਾਤਾਰ ਅੰਕੜੇ ਇਕੱਠੇ ਕੀਤੇ ਜਾ ਰਹੇ ਸਨ । ਮੈਡਮ ਯਾਂਗ ਯੂਰਾਂਗ ਦਾ ਗਰੁੱਪ ਵੀ ਭੁਚਾਲ ਵਾਲੀ ਰਾਤ ਤੋਂ ਪਹਿਲਾਂ ਇਥੇ ਖੋਜ ਕਰ ਰਿਹਾ ਸੀ । ਇਕ ਦਿਨ ਪਹਿਲਾਂ ਹੈਬੀ ਸੂਬੇ ਦੇ ਵਿਗਿਆਨੀ ਵੀ ਇਸ  ਹਿਰ ਵਿੱਚ ਆਪਣੇ ਯੰਤਰ ਲੈ ਕੇ ਪਹੁੰਚ ਗਏ ਅਤੇ ਉਨ੍ਹਾਂ ਮੈਡਮ ਨਾਲ ਭੁਚਾਲ ਦੇ ਸਿਗਨਲ ਘੋਖਣ ਦੀ ਪੇ ਕ  ਵੀ ਕੀਤੀ। ਯਾਂਗ ਯੂਰਾਂਗ ਨੇ ਪੀਕਿੰਗ ਜਾਣਾ ਸੀ, ਸੋ ਉਹ ਸੂਰਜ ਛਿਪਣ ਤੋਂ ਪਹਿਲਾਂ ਤੰਗ ਾਨ ਤੋਂ ਰਵਾਨਾ ਹੋ ਗਈ। ਰਾਤ ਨੂੰ ਭੁਚਾਲ ਦੇ ਜਬਰਦਸਤ ਝਟਕੇ ਆਏ ਜਿਸ ਨਾਲ ਸਾਰੇ ਵਿਗਿਆਨੀ ਦਫਨ ਹੋ ਗਏ ਅਤੇ ਮੈਡਮ ਪੀਕਿੰਗ ਜਾਣ ਕਰਕੇ ਬਚ ਗਈ ।

ਵਿਗਿਆਨੀਆਂ ਨੂੰ ਇਹ ਪਤਾ ਨਾ ਲੱਗ ਸਕਿਆ ਕਿ ਭੁਚਾਲ ਇੰਨੀ ਜਲਦੀ ਆ ਰਿਹਾ ਹੈ । ਉਹ ਇਸ ਵੱਲੋਂ ਅਵੇਸਲੇ ਹੋ ਕੇ ਆਪਣੇ ਅੰਕੜੇ ਛਾਣਬੀਣ ਲਈ ਪੀਕਿੰਗ ਦੇ ਖੋਜ ਕੇਂਦਰ ਵਿੱਚ ਭੇਜ ਚੁੱਕੇ ਸਨ । ਹੋਣੀ ਨੂੰ ਕੌਣ ਟਾਲ ਸਕਦਾ ਹੈ, ਅਜੇ ਅੰਕੜੇ ਦੀ ਛਾਣਬੀਣ ਚੱਲ ਹੀ ਰਹੀ ਸੀ ਕਿ ਭੁਚਾਲ ਨੇ ਰਾਤੋ ਰਾਤ ਵਿਗਿਆਨੀਆਂ ਅਤੇ  ਹਿਰ ਦੀ ਜਨਤਾ ਨੂੰ ਆ ਦਬੋਚਿਆ । ਬੜੀ ਹੈਰਾਨੀ ਦੀ ਗੱਲ ਹੈ ਕਿ ਵਿਗਿਆਨੀਆਂ ਨੇ ਪੁਲਾੜ ਉਪਰ ਫਤਹਿ ਹਾਸਲ ਕਰ ਲਈ ਹੈ, ਪਰਮਾਣੂ  ਕਤੀ ਨੂੰ ਬਿਜਲੀ ਪੈਦਾ ਕਰਨ ਲਈ ਦਾਸੀ ਬਣਾ ਲਿਆ ਹੈ, ਲੇ ਰ ਦੀ ਵਰਤੋਂ _ਰੂ ਕਰ ਦਿੱਤੀ ਹੈ ਪਰੰਤੂ ਅਜੇ ਤੱਕ ਧਰਤੀ ਦੇ ਅੰਦਰਲੇ ਵਰਤਾਰੇ ਬਾਰੇ ਪੂਰੀ ਜਾਣਕਾਰੀ ਹਾਸਲ ਨਹੀ ਕੀਤੀ

ਜਿਸ ਕਰਕੇ ਭੁਚਾਲ ਅਤੇ ਜਵਾਲਾਮੁਖੀ ਤਬਾਹੀ ਦਾ ਕਾਰਨ ਬਣ ਜਾਂਦੇ ਹਨ । ਤੰਗ ਾਨ ਦਾ ਭੁਚਾਲ ਧਰਤੀ ਉਪਰ ਸਭ ਤੋਂ ਭਿਆਨਕ ਅਤੇ ਤਬਾਹਕੁੰਨ ਭੁਚਾਲ ਸਾਬਤ ਹੋਇਆ ।

ਮੇਰਾ ਖਿਆਲ ਸੀ ਕਿ ਤੰਗ ਾਨ ਵਿੱਚ ਭੁਚਾਲ ਗ੍ਰਸਤ ਇਲਾਕਾ ਤਬਾਹੀ ਦੇ ਆਸਾਰ ਪੇ  ਕਰੇਗਾ । ਮੈ ਵੇਖ ਕੇ ਹੈਰਾਨ ਰਹਿ ਗਿਆ ਕਿ ਇਹ  ਹਿਰ ਚੀਨ ਦਾ ਸਭ ਤੋਂ ਸੁੰਦਰ  ਹਿਰ ਬਣ ਗਿਆ ਹੈ । ਭੁਚਾਲ ਦੇ ਤੁਰੰਤ ਬਾਅਦ ਚੀਨ ਦੀ ਫੌਜ ਨੇ  ਹਿਰ ਉਪਰ ਕਬਜਾ ਕਰਕੇ ਇਥੋ ਦੀ ਰੱਖਿਆ ਦਾ ਪ੍ਰਬੰਧ ਕੀਤਾ । ਅੰਤਰਰਾ ਟਰੀ ਸਹਾਇਤਾ ਵੀ ਪ੍ਰਾਪਤ ਹੋਈ ਪਰੰਤੂ ਵਧੇਰੇ ਜੁੰਮੇਵਾਰੀ ਚੀਨ ਦੇ ਲੋਕਾਂ ਨੇ ਹੀ ਸੰਭਾਲੀ । ਦੋ ਸਾਲ ਦੇ ਅੰਦਰ ਹੀ ਸਾਰਾ  ਹਿਰ ਮੁੜ ਆਬਾਦ ਹੋ ਗਿਆ । ਬਲਕਿ ਨਵੇ ਬਣੇ  ਹਿਰ ਵਿੱਚ ਚੌੜੀਆਂ ਸੜਕਾਂ, ਖੁੱਲੇ ਪਾਰਕ ਅਤੇ ਸੁੰਦਰ ਇਮਾਰਤਾਂ ਤਿਆਰ ਕੀਤੀਆਂ ਗਈਆਂ । ਅੱਜ ਤੰਗ ਾਨ ਵਿੱਚ ਕਿਧਰੇ ਭੁਚਾਲ ਦੇ ਨਿ ਾਨ ਨਜਰ ਨਹੀ ਆਉਦੇ । ਤਬਾਹੀ ਦੀ ਸਾਰੀ ਕਹਾਣੀ ਫਿਲਮਾਂ ਰਾਹੀਂ ਅਤੇ ਅਜਾਇਬ ਘਰ ਵਿੱਚ ਸਾਂਭੀ ਜਾ ਚੁੱਕੀ ਹੈ ।  ਦੋ ਘੰਟੇ ਅਸੀ ਤੰਗ ਾਨ ਦੇ ਕੇਦਰੀ ਅਜਾਇਬ ਘਰ ਵਿੱਚ ਭੁਚਾਲ ਦੇ ਸਿੱਟਿਆਂ ਬਾਰੇ ਜਾਣਕਾਰੀ ਹਾਸਲ ਕਰਕੇ ਉਹ ਸਥਾਨ ਵੇਖਣ ਗਏ ਜਿਸ ਨੂੰ ਭੁਚਾਲ ਦਾ ਕੇਦਰ ਬਿੰਦੂ ਮੰਨਿਆ ਗਿਆ ਹੈ ।

ਇਕ ਵਲਗਣ ਵਿੱਚ ਇਕ ਇਮਾਰਤ ਅਤੇ ਸੜਕ ਦਾ ਟੋਟਾ ਹੈ ਜਿਸ ਉਪਰ ਭੁਚਾਲ ਦਾ ਪ੍ਰਭਾਵ ਪ੍ਰਤੱਖ ਨਜਰੀ ਪੈਂਦਾ ਹੈ । ਸੜਕ ਅਤੇ ਇਮਾਰਤ ਆਪਣੀ ਅਸਲੀ ਜਗਹ ਤੋ ਨੀਂਹ ਸਮੇਤ ਦੋ ਫੁੱਟ ਪਰਾਂ ਧੱਕੀ ਗਈ ਹੈ । ਜਿਸ ਤਰ੍ਹਾਂ ਹਨੂਮਾਨ ਪਹਾੜ ਚੁੱਕ ਲਿਆਇਆ ਸੀ, ਇਉ ਜਾਪਦਾ ਹੈ ਧੌਲੇ ਬੈਲ ਨੇ ਸਾਰੀ ਧਰਤੀ ਹਿਲਾ ਦਿੱਤੀ ਹੈ । ਕਈ ਜਗਹ ਧਰਤੀ ਫਟ ਗਈ ਅਤੇ ਪਾਣੀ ਦੇ ਝਰਨੇ ਫੁੱਟ ਪਏ ।  ਹਿਰ ਦੇ ਕੇਦਰ ਵਿੱਚ ਭੁਚਾਲ ਦੇ  ਹੀਦਾਂ ਦੀ ਯਾਦ ਵਿੱਚ ਇਕ ਸੁੰਦਰ ਪਾਰਕ ਅਤੇ ਸਮਾਰਕ ਤਿਆਰ ਕੀਤਾ ਗਿਆ । ਅਸੀ ਵੀ ਤੰਗ ਾਨ ਦੇ  ਹੀਦਾਂ ਨੂੰ ਨਮਸਕਾਰ ਕੀਤੀ । ਮਿਊ ਿਅਮ ਦੇ ਡਾਇਰੈਕਟਰ ਨੇ ਰੀਕਾਰਡ ਬੁੱਕ ਲੈ ਆਂਦੀ ਅਤੇ ਮੈਨੂੰ ਆਪਣੇ ਮਨੋਭਾਵ ਲਿਖਣ ਲਈ ਪੇ ਕ  ਕੀਤੀ । ਮੈ ਅੰਗਰੇਜੀ ਅਤੇ ਪੰਜਾਬੀ ਵਿੱਚ  ਰਧਾਂਜਲੀ ਪੇ  ਕੀਤੀ ਅਤੇ ਆਸ ਪਰਗਟ ਕੀਤੀ ਕਿ ਅਸੀ ਚੀਨੀ ਵਿਗਿਆਨੀਆਂ ਦੇ ਸਹਿਯੋਗ ਨਾਲ ਵੀਹਵੀ ਸਦੀ ਦੇ ਅੰਤ ਤੱਕ ਭੁਚਾਲਾਂ ਦੀ ਭਵਿੱਖਬਾਣੀ ਕਰਨ ਦੇ ਯੋਗ ਹੋ ਜਾਵਾਂਗੇ ।

ਦੁਪਿਹਰ ਦੇ ਖਾਣੇ ਲਈ ਯਾਂਗ ਯੁਰਾਂਗ ਨੇ  ਾਕਾਹਾਰੀ ਭੋਜਨ ਦਾ ਪ੍ਰਬੰਧ ਕਰਨਾ ਚਾਹਿਆ । ਅਸੀ ਇਕ ਰੈਸਤੋਰਾਂ ਵਿੱਚ ਸਬ ਿਆਂ ਦਾ ਪਤਾ ਕਰਕੇ ਉਚੇਚਾ ਭੋਜਨ ਤਿਆਰ ਕਰਵਾਇਆ । ਸਾਨੂੰ ਮੱਕੀ ਦੀਆਂ ਛੱਲੀਆਂ, ਮਟਰ, ਲੋਬੀਆ ਅਤੇ ਗੋਭੀ, ਗੱਲ ਕੀ ਹਰ ਪ੍ਰਕਾਰ ਦੀ ਸਬ ੀ ਮਿਲ ਗਈ ਅਤੇ ਚੌਲਾਂ ਦੇ ਪਿਲਾਓ ਸਮੇਤ ਚੰਗਾ ਸਵਾਦੀ ਭੋਜਨ ਪਰੋਸਿਆ ਮਿਲਿਆ । ਦੁਪਹਿਰ ਬਾਅਦ  ਹਿਰ ਦਾ ਗੇੜਾ ਲਾ ਕੇ ਅਸੀ ਪੀਕਿੰਗ ਵੱਲ ਰਵਾਨਾ ਹੋ ਪਏ । ਮੈ ਆਪਣੇ ਸਾਥੀਆਂ ਨੂੰ ਚੀਨ ਦੇ ਕਿਸੇ ਪਿੰਡ ਵਿੱਚ ਰੁਕਣ ਲਈ ਮਨਾ ਲਿਆ ।

ਤੰਗ ਾਨ ਅਤੇ ਪੀਕਿੰਗ ਵਿਚਕਾਰ ਸੜਕ ਦੇ ਦੋਵੀਂ ਪਾਸੀ ਵਸੋ ਹੈ ਜਿਸ ਤਰ੍ਹਾਂ ਭਾਰਤ ਵਿੱਚ ਕੇਰਲਾ ਪ੍ਰਾਂਤ ਦੀਆਂ ਸੜਕਾਂ ਦੁਵਾਲੇ ਆਬਾਦੀ ਹੈ । ਚੀਨੀ ਕਿਸਾਨ ਆਪਣੇ ਪਰਿਵਾਰ ਸਮੇਤ ਮੱਕੀ ਦੀ ਕਟਾਈ ਕਰ ਰਹੇ ਸਨ । ਇਥੇ ਛੋਟੇ ਟਰੈਕਟਰ ਦੀ ਵਰਤੋ ਕੀਤੀ ਜਾਂਦੀ ਹੈ ਅਤੇ ਬੈਲ ਗੱਡੀ ਦੀ ਜਗਹ ਘੋੜਾ ਗੱਡੀ ਵਰਤਦੇ ਹਨ । ਭਾਰੇ ਵਾਹਨਾਂ ਲਈ ਤਿੰਨ ਤਿੰਨ ਘੋੜੇ ਗੱਡੀ ਨੂੰ ਖਿੱਚਦੇ ਹਨ । ਮੇਰੇ ਮੇਜਬਾਨ ਦੱਸ ਰਹੇ ਸਨ ਕਿ ਮਾਓ ਦੇ ਕਲਚਰ ਇਨਕਲਾਬ ਦੌਰਾਨ ਸਾਰੇ ਸਰਕਾਰੀ ਕਰਮਚਾਰੀ ਅਤੇ ਅਧਿਆਪਕ  ਹਿਰਾਂ ਵਿੱਚੋ ਦੋ ਸਾਲ ਲਈ ਪਿੰਡਾਂ ਵਿੱਚ ਆ ਕੇ ਖੇਤੀ ਦਾ ਕੰਮ ਕਰਦੇ ਰਹੇ । ਉਨ੍ਹਾਂ ਨੂੰ ਕਿਸਾਨ ਅਤੇ ਮਜਦੂਰਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਨਾ ਪਿਆ ਅਤੇ ਪੇਡੂ ਲੋਕਾਂ ਦੀ ਸਹੀ ਤਰਜਮਾਨੀ ਕਰਨ ਦਾ ਮੌਕਾ ਮਿਲਿਆ । ਦੇ  ਵਿੱਚ ਤਰਥੱਲੀ ਮੱਚ ਗਈ ਅਤੇ ਕਈ ਬੁੱਧੀਜੀਵੀ ਰੋਸ ਵਜੋ ਬਾਗੀ ਹੋ ਬੈਠੇ । ਮਾਓ ਦੇ ਰੈਡ ਬਰੀਗੈਡ ਇਨ੍ਹਾਂ ਦੀ ਚੰਗੀ ਭੁਗਤ ਸਵਾਰਦੇ ਰਹੇ । ਕਈ ਤਾਂ ਦੇਸ ਛੱਡ ਕੇ ਹੀ ਭੱਜ ਗਏ ਅਤੇ ਕੁਝ ਕੈਦ ਕਰ ਲਏ ਗਏ । ਜਦੋ ਬਾਹਰਲੇ ਦੇ ਾਂ ਵਿੱਚ ਹਾਹਾਕਾਰ ਮਚ ਗਈ ਤਾਂ ਇਸ ਇਨਕਲਾਬ ਨੂੰ ਠੱਲ ਪੈ ਗਈ । ਭੂਤਰੇ ਹੋਏ ਨੌਜਵਾਨਾਂ ਨੂੰ ਨੱਥ ਪਾਉਣੀ ਔਖੀ ਹੋ ਗਈ । ਪਰੰਤੂ ਮਾਓ ਦੇ ਤਜਰਬੇ ਨੇ ਚੀਨ ਵਿੱਚ ਬਰਾਬਰਤਾ ਲੈ ਆਂਦੀ । ਮੈ ਇਸ ਸੰਦਰਭ ਵਿੱਚ ਮਹਾਤਮਾ ਗਾਂਧੀ ਦਾ ਹਰੀਜਨ ਬਸਤੀਆਂ ਵਿੱਚ ਰਹਿਣਾ ਮਹਿ  ਇਕ ਪਖੰਡ ਹੀ ਸਮਝਦਾ ਹਾਂ । ਇਕ ਪਾਸੇ ਟਾਟੇ ਬਿਰਲਿਆਂ ਦੀ ਪ੍ਰਾਹੁਣਚਾਰੀ ਅਤੇ ਰਾਜਕੁਮਾਰੀਆਂ ਦੀ ਸੰਗਤ ਦਾ ਆਨੰਦ ਮਾਨਣ ਵਾਲਾ ਫਕੀਰ ਭਲਾ ਹਰੀਜਨਾਂ ਨਾਲ ਕਿਵੇ ਇਕ ਮਿਕ ਹੋ ਸਕਦਾ ਹੈ । ਡਾ: ਅੰਬੇਦਕਰ ਨੂੰ ਗਾਂਧੀ ਦਾ ਇਹ ਡੰਭ ਨਹੀ ਸੀ ਭਾਉਦਾ ਅਤੇ ਹਾਰ ਕੇ ਉਨ੍ਹਾਂ ਨੇ ਹਰੀਜਨਾਂ ਨੂੰ ਬੁੱਧ ਧਰਮ ਅਪਨਾਉਣ ਦੀ ਨਸੀਹਤ ਕਰ ਦਿੱਤੀ ਕਿਉਕਿ ਸਾਡੇ ਸਿੱਖ ਆਗੂਆਂ ਨੇ ਉਸਨੂੰ ਮੂੰਹ ਨਾ ਲਾਇਆ ਵਰਨਾ ਅੱਜ ਤੀਹ ਕਰੋੜ ਖਾਲਸੇ ਦੀ ਭਾਰਤ ਵਿੱਚ ਜੈ ਜੈਕਾਰ ਹੋ ਜਾਣੀ ਸੀ ।

ਾਮ ਢਲ ਰਹੀ ਸੀ ਅਤੇ ਸਾਡੀ ਕਾਰ ਪੀਕਿੰਗ ਿਹਰ ਦੀ ਤਰਫ ਤੇਜੀ ਨਾਲ ਵਧ ਰਹੀ ਸੀ । ਸੜਕਾਂ ਦੇ ਕਿਨਾਰੇ ਪਿੰਡ ਵਾਲਿਆਂ ਨੇ ਫੁੱਲ ਲਗਾਏ ਹੋਏ ਸਨ । ਹਰ ਕਿਲੋਮੀਟਰ ਟੋਟੇ ਉਪਰ ਝਾੜੂ ਲਈ ਸਫਾਈ ਮਜਦੂਰ ਕੰਮ ਕਰ ਰਹੇ ਸਨ । ਜਦੋਂ ਵੀ ਕੋਈ ਰੇਹੜਾ ਲੰਘਦਾ, ਸੜਕਾਂ ਦੀ ਸਫਾਈ ਕਰ ਦਿੱਤੀ ਜਾਂਦੀ। ਾਇਦ ਚੀਨ ਹੀ ਅਜਿਹਾ ਦੇ ਾ ਹੋਵੇ ਜਿੱਥੇ ਜਰਨੈਲੀ ਸੜਕਾਂ ਦੀ ਸਫਾਈ ਹਰ ਰੋ ਹੁੰਦੀ ਹੈ ਵਰਨਾ ਸਾਡੇ ਭਾਰਤ ਵਿੱਚ ਤਾਂ ਘਰਾਂ ਦੀ ਸਫਾਈ ਤੋਂ ਇਲਾਵਾ, ਸਾਰੇ ਭਾਰਤੀ ਸੜਕਾਂ ਉਪਰ, ਗੱਡੀਆਂ ਅਤੇ ਬੱਸਾਂ ਵਿੱਚ ਗੰਦਗੀ ਪਾਉਣ ਵਿੱਚ ਉਲੰਪਿਕ ਗੋਲਡ ਮੈਡਲ ਪ੍ਰਾਪਤ ਕਰਨ ਦੇ ਹੱਕਦਾਰ ਹਨ । ਅਸੀਂ ਕੁਝ ਮਿੰਟਾਂ ਲਈ ਸੜਕ ਦੇ ਕਿਨਾਰੇ ਇਕ ਪੇਂਡੂ ਕਿਸਾਨ ਦੇ ਘਰ ਰੁਕੇ । ਘਰ ਵਿੱਚ ਮੱਕੀ ਸੁਕਣੇ ਪਾਈ ਹੋਈ ਸੀ । ਇਕ ਰਿਹਾਇ ੀ ਕਮਰਾ ਅਤੇ ਨਾਲ ਇਕ ਗੁਦਾਮ ਸੀ । ਪ ੂਆਂ ਲਈ ਵੱਖਰਾ ਕਮਰਾ, ਕਈ ਘਰਾਂ ਵਿੱਚ ਮੁਰਗੀਖਾਨਾ ਵੀ ਸੀ । ਮੇਰੇ ਮੇਜਬਾਨ ਦੱਸ ਰਹੇ ਸਨ ਕਿ ਿਹਰ ਦੇ ਲਾਗਲੇ ਪਿੰਡ ਬਹੁਤ ਅਮੀਰ ਹੋ ਗਏ ਹਨ । ਕਿਸਾਨ ਆਪਣੇ ਗੁਜਾਰੇ ਲਈ ਕੁਝ ਜਮੀਨ ਲੈ ਕੇ ਖੇਤੀ ਕਰਦੇ ਹਨ । ਸਬਜੀਆਂ ਅਤੇ ਫਲ ਿਹਰ ਵੇਚ ਕੇ ਇਹ ਚੰਗੇ ਪੈਸੇ ਵੱਟ ਲੈਂਦੇ ਹਨ । ਹੋ ਸਕਦਾ ਹੈ ਿਹਰਾਂ ਤੋਂ ਦੂਰ ਪਿੰਡਾਂ ਵਿੱਚ ਗਰੀਬੀ ਹੋਵੇ ਪਰੰਤੂ ਹਰ ਚੀਨੀ ਨੂੰ ਢਿਡ ਭਰ ਕੇ ਰੋਟੀ ਮਿਲਦੀ ਹੈ ਅਤੇ ਤਨ ਕੱਜਣ ਲਈ ਕੱਪੜਾ ਹੈ, ਚਾਹੇ ਉਹ ਮਾਓ ਦੀ ਵਰਦੀ ਪਹਿਨ ਲਵੇ ਜਾਂ ਆਪਣੀ ਮਰਜੀ ਦਾ ਸਾਦਾ ਪਹਿਰਾਵਾ ।

ਰਸਤੇ ਵਿੱਚ ਅਸੀਂ ਚੀਨ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਦਾ ਕੰਮ ਵੀ ਵੇਖਿਆ । ਚੀਨ ਦੀ ਸਰਕਾਰ ਨੇ ਹਰ ਿਹਰ ਕਈ ਕੁੱਲੀ, ਗੁੱਲੀ ਅਤੇ ਜੁੱਲੀ ਦਾ ਪ੍ਰਬੰਧ ਕਰ ਦਿੱਤਾ ਹੈ । ਸਰਕਾਰੀ ਮਕਾਨ ਇਕੋ ਜਹੇ ਲਗਾਤਾਰ ਤਿਆਰ ਹੁੰਦੇ ਰਹਿੰਦੇ ਹਨ ਤਾਂ ਕਿ ਵਸੋਂ ਦੇ ਵਾਧੇ ਨਾਲ ਘਰਾਂ ਦੀ ਸਮੱਸਿਆ ਨਾ ਬਣ ਜਾਵੇ । ਸਾਡੇ ਤਾਂ ਸਮਾਜਵਾਦ ਦੇ ਫੋਕੇ ਨਾਹਰੇ ਹੀ ਲੋਕਾਂ ਦਾ ਢਿੱਡ ਭਰ ਰਹੇ ਹਨ । ਦਿੱਲੀ ਅਤੇ ਬੰਬਈ ਵਰਗੇ ਿਹਰਾਂ ਵਿੱਚ ਆਲੀ ਾਨ ਇਮਾਰਤਾਂ ਦੇ ਐਨ ਹੇਠਾਂ ਝੁੱਗੀ ਝੌਂਪੜੀ ਵਾਲਿਆਂ ਦੀ ਵਸੋਂ ਮਹਿਲਾਂ ਦੀ ਵਸੋਂ ਤੋਂ ਕਿਤੇ ਤੇਜ ਰਫਤਾਰ ਨਾਲ ਵਧ ਰਹੀ ਹੈ । ਕਈਆਂ ਨੂੰ ਤਾਂ ਅਜੇ ਵੀ ਫੁੱਟਪਾਥਾਂ ਤੇ ਹੀ ਰੈਣ ਬਸੇਰਾ ਕਰਨਾ ਪੈ ਰਿਹਾ ਹੈ । ਕਿਉਂਕਿ ਭਾਰਤ ਲੋਕਰਾਜੀ ਪਰੰਪਰਾ ਦਾ ਧਾਰਨੀ ਹੈ, ਸੋ ਹਰ ਿਹਰੀ ਪੂਰਨ ਆਜਾਦੀ ਨਾਲ ਜਿੱਥੇ ਜੀ ਕਰੇ ਸੌਂ ਸਕਦਾ ਹੈ ਅਤੇ ਗੰਦਗੀ ਖਿਲਾਰ ਸਕਦਾ ਹੈ ।

ਚੀਨ ਵਿੱਚ ਕੂੜਾ ਕਰਕਟ ਢੋਣ ਲਈ ਰੇਹੜੇ ਦੀ ਵਰਤੋਂ ਕਰਦੇ ਹਨ । ਮੈ ਇਕ ਨੌਜਵਾਨ ਸਫਾਈ ਮਜਦੂਰ ਨੂੰ ਫੋਟੋ ਖਿਚਵਾਣ ਲਈ ਕਿਹਾ ਪਰੰਤੂ ਉਹ ਖਿਸਕ ਗਿਆ । ਇਕ ਕਿਸਾਨ ਨੂੰ ਰੋਕਿਆ ਅਤੇ ਉਹ ਰਾਜੀ ਹੋ ਗਿਆ । ਸਿਰ ਤੇ ਭਾਰ ਚੁੱਕਣ ਦਾ ਰਿਵਾਜ ਨਹੀਂ ਅਤੇ ਸਾਰੇ ਮਜਦੂਰ ਮ ੀਨਾਂ ਦੀ ਵਰਤੋਂ ਕਰਦੇ ਹਨ । ਪਿੰਡਾਂ ਵਿੱਚ ਵੀ ਉਸਾਰੀ ਦਾ ਕੰਮ ਕਰੇਨਾਂ ਨਾਲ ਕੀਤਾ ਜਾਂਦਾ ਹੈ, ਜੇਕਰ ਇੱਟਾਂ ਚੁੱਕਣੀਆਂ ਵੀ ਪੈਣ ਤਾਂ ਮੋਢਿਆਂ ਉਪਰ ਚੁੱਕਦੇ ਹਨ, ਸਿਰ ਉਪਰ ਨਹੀਂ । ਹਾਂ, ਹਰ ਕੰਮ ਵਿੱਚ ਔਰਤਾਂ ਮਰਦਾਂ ਦਾ ਸਾਥ ਦਿੰਦੀਆਂ ਹਨ ਪਰੰਤੂ ਇਮਾਰਤਾਂ ਦੀ ਉਸਾਰੀ ਵਿੱਚ ਸਿਰਫ ਮਰਦ ਹੀ ਕੰਮ ਕਰਦੇ ਹਨ । ਸਾਡੇ ਤਾਂ ਔਰਤ ਗੁਲਾਮੀ, ਮਜਦੂਰੀ ਅਤੇ ਬੱਚੇ ਪੈਦਾ ਕਰਨ ਦੀ ਮ ੀਨ ਬਣ ਕੇ ਰਹਿ ਗਈ ਹੈ । ਗਊ ਮਾਤਾ ਦੀ ਤਾਂ ਹਿੰਦੂ ਸਮਾਜ ਵਿੱਚ ਕਦਰ ਕੀਤੀ ਜਾਂਦੀ ਹੈ ਪਰੰਤੂ ਜਗਤ ਦੀ ਮਾਤਾ ਅਜੇ ਵੀ ਧ੍ਰਿਗਕਾਰ ਦੀ ਿ ਕਾਰ ਬਣੀ ਹੋਈ ਹੈ ।

ਚੀਨ ਦੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਨਾਲ ਕਿੱਤਾ ਸਿਖਲਾਈ ਦਾ ਪੂਰਾ ਪ੍ਰਬੰਧ ਹੈ । ਦਸਵੀਂ ਜਮਾਤ ਦਾ ਵਿਦਿਆਰਥੀ ਮੋਟਰ ਮਕੈਨਿਕ, ਬਿਜਲੀ ਦਾ ਕੰਮ ਅਤੇ ਰਾਜਗੀਰੀ ਵਿੱਚ ਮੁਹਾਰਤ ਹਾਸਲ ਕਰ ਲੈਂਦਾ ਹੈ । ਸਾਰੇ ਚੀਨ ਵਿੱਚ ਇਕ ਦਾਖਲਾ ਟੈਸਟ ਲਿਆ ਜਾਂਦਾ ਹੈ । ਜੋ ਇਸ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋ ਜਾਣ ਉਹ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖਲ ਹੋ ਸਕਦੇ ਹਨ । ਬਾਕੀ ਸਭ ਨੂੰ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਤੇ ਲਾਇਆ ਜਾਂਦਾ ਹੈ । ਕੋਈ ਨ ਰਾ ਨਹੀਂ ਕਰ ਸਕਦਾ, ਸੜਕਾਂ ਦੀ ਸਫਾਈ ਤੋਂ ਲੈ ਕੇ ਫੈਕਟਰੀਆਂ ਵਿੱਚ ਕੰਮ ਕਰਨ ਲਈ ਚੋਣ ਕਰ ਲਈ ਜਾਂਦੀ ਹੈ । ਕਿਉਂਕਿ ਤਨਖਾਹ ਵਿੱਚ ਕੋਈ ਖਾਸ ਫਰਕ ਨਹੀਂ ਜਿਸ ਕਰਕੇ ਹਰ ਆਦਮੀ ਹਰ ਕੰਮ ਕਰਨ ਨੂੰ ਤਿਆਰ ਰਹਿੰਦਾ ਹੈ । ਕੋਈ ਕੰਮ ਮਾੜਾ ਨਹੀਂ ਗਿਣਿਆ ਜਾਂਦਾ । ਸਾਡੇ ਨੌਜਵਾਨ ਤਾਂ ਅਮਰੀਕਾ ਦੀਆਂ ਸੜਕਾਂ ਸਾਫ ਕਰਨਾ ਫ ਰ ਸਮਝਦੇ ਹਨ ਪਰੰਤੂ ਆਪਣੇ ਦੇ ਵਿੱਚ ਹੱਥੀਂ ਕੰਮ ਕਰਨਾ ਹੇਠੀ । ਮੈ ਕਈ ਚੰਗੇ ਪੜ੍ਹੇ ਲਿਖੇ ਭਾਰਤੀ ਯੂਰਪ ਦੇ ਹੋਟਲਾਂ ਵਿੱਚ ਭਾਂਡੇ ਮਾਂਜਦੇ ਵੇਖੇ ਹਨ ।

ਚੀਨ ਵਿੱਚ ਸਾਰੇ ਲੋਕਾਂ ਨੂੰ ਕੰਮ ਮੁਹੱਈਆ ਕਰਨਾ ਸਰਕਾਰ ਦੀ ਜਿੰਮੇਵਾਰੀ ਹੈ । ਰਿਟਾਇਰ ਹੋ ਕੇ ਵੀ ਤਨਖਾਹ ਬਰਾਬਰ ਸਰਕਾਰੀ ਭੱਤਾ ਜਾਰੀ ਰਹਿੰਦਾ ਹੈ ਜਿਸ ਕਰਕੇ ਬਜੁਰਗ ਆਪਣੇ ਬੱਚਿਆਂ ਉਪਰ ਬੋਝ ਨਹੀਂ ਬਣਦੇ । ਹਾਂ, ਆਪਣੇ ਪੋਤਰੇ ਪੋਤਰਿਆਂ ਦੀ ਦੇਖਭਾਲ ਜਰੂਰ ਕਰਦੇ ਹਨ । ਬਜੁਰਗਾਂ ਲਈ ਸਿਹਤ ਕੇਂਦਰ ਅਤੇ ਮਨੋਰੰਜਨ ਦਾ ਪ੍ਰਬੰਧ ਵੀ ਹੈ । ਚੀਨ ਵਿੱਚ ਸਿਹਤ ਦਾ ਖਿਆਲ ਰੱਖਿਆ ਜਾਂਦਾ ਹੈ ਅਤੇ

ਹਰ ਬੱਚਾ, ਨੌਜਵਾਨ ਅਤੇ ਬਜ਼ੁਰਗ ਸਵੇਰੇ ਮੈਦਾਨ ਵਿੱਚ ਨਿਤਰਦਾ ਹੈ । ਖੇਡਾਂ ਅਤੇ ਮਾਰ ਲ ਆਰਟਸ ਦੀ ਟ੍ਰੇਨਿੰਗ ਦਿੱਤੀ ਜਾਦੀ ਹੈ । ਇਹੋ ਕਾਰਨ ਹੈ ਕਿ ਉਲਿੰਪਕ ਖੇਡਾਂ ਵਿੱਚ ਚੀਨ ਚੌਥੇ ਸਥਾਨ ਉਪਰ ਆ ਗਿਆ ਹੈ ।

ਵਿ ਵ ਭਰ ਦੀ ਯਾਤਰਾ ਦੌਰਾਨ ਕਈ ਵੰਨ ਸੁਵੰਨੇ ਦੇ ਾਂ ਅਤੇ ਕੌਮਾਂ ਨਾਲ ਵਾਹ ਪਿਆ ਹੈ । ਪੈਰਿਸ ਦੀ ਪੜ੍ਹਾਈ ਦੌਰਾਨ ਮੇਰਾ ਪੀ਼ ਐਚ਼ ਡੀ਼ ਗਾਈਡ ਵੀ ਚੀਨੀ ਪ੍ਰੋਫੈਸਰ ਸੀ । ਪਰ ਜੋ ਆਨੰਦ ਚੀਨ ਦੀ ਯਾਤਰਾ ਦਾ ਆਇਆ ਉਹ ਪਹਿਲਾਂ ਕਦੇ ਵੀ ਨਸੀਬ ਨਹੀਂ ਹੋਇਆ । ਚੀਨ ਅਤੇ ਭਾਰਤ ਦੋ ਮਹਾਨ ਦੇ  ਹਨ, ਭਾਰਤ ਚੀਨ ਤੋਂ ਗਰੀਬੀ ਦੂਰ ਕਰਨ ਦਾ ਹੱਲ ਲੱਭ ਸਕਦਾ ਹੈ, ਵਰਨਾ ਭਵਿੱਖ ਧੁੰਧਲਾ ਹੈ ।

# ਪੀਕਿੰਗ ਦੇ ਅਜਾਇਬ ਘਰ

---

ਕਿਸੇ ਦੇ  ਦੀ ਸੱਭਿਅਤਾ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਕਿਤਾਬਾਂ ਤੋਂ ਵੀ ਵਧੀਆ ਸਾਧਨ ਉਥੋਂ ਦੇ ਅਜਾਇਬ ਘਰ ਹੋਇਆ ਕਰਦੇ ਹਨ। ਪੈਰਿਸ ਦਾ ਅਜਾਇਬ ਘਰ ਦੁਨੀਆਂ ਭਰ ਦੀ ਜਾਣਕਾਰੀ ਦਿੰਦਾ ਹੈ ਅਤੇ ਮੈ ਕਈ ਵਾਰੀ ਉਥੋ ਦੇ ਲੂਵਰ ਮਿਊ ਿਅਮ ਵਿੱਚ ਵੀਕ  ਐਡ ਗੁਜਾਰਨ ਲਈ ਜਾਇਆ ਕਰਦਾ ਸਾਂ । ਪੀਕਿੰਗ ਵਿੱਚ ਵੀ ਕਈ ਅਜਾਇਬ ਘਰ ਕਾਇਮ ਕੀਤੇ ਗਏ ਹਨ । ਸਭ ਤੋ ਸੁੰਦਰ ਅਤੇ ਯਾਤਰੀਆਂ ਦੀ ਖਿੱਚ ਦਾ ਕੇਂਦਰ ਤਾਂ  ਾਹੀ ਮਹੱਲ ਦਾ ਅਜਾਇਬ ਘਰ ਹੀ ਹੈ । ਮੈ ਆਪਣੇ ਮੇ ਬਾਨ ਨੂੰ ਰਾਜੀ ਕਰ ਲਿਆ ਕਿ ਉਹ ਮੈਨੂੰ ਅਜਾਇਬ ਘਰ ਵਿਖਾ ਲਿਆਵੇ ਅਤੇ ਗਾਈਡ ਦਾ ਕੰਮ ਵੀ ਕਰੇ ਕਿਉਕਿ ਅੰਗਰੇਜੀ ਭਾ ਾ ਵਿੱਚ ਪੂਰਾ ਵੇਰਵਾ ਨਹੀਂ ਮਿਲਦਾ।

ਅਸੀ ਦੋਵੇ ਜਣੇ ਦਸ ਵਜੇ ਦੇ ਕਰੀਬ  ਾਹੀ ਮਹੱਲ ਵਿੱਚ ਪਹੁੰਚ ਗਏ । ਇਹ ਦੁਨੀਆਂ ਦਾ ਸਭ ਤੋਂ ਵੱਡਾ ਮਹੱਲ ਹੈ ਜਿਸ ਦੇ ਨੌ ਹ ਾਰ ਨੌ ਸੌ ਨੜਿਨਵੇ ਕਮਰੇ ਹਨ । ਇਸ ਮਹੱਲ ਨੂੰ ਚੀਨ ਦੇ ਮਿੰਗ ਖਾਨਦਾਨ ਦੇ ਬਾਦ ਾਹ ਨੇ ਤਾਮੀਰ ਕਰਵਾਇਆ ਸੀ ਅਤੇ ਇਹ 1420 ਈਸਵੀ ਵਿੱਚ ਮੁਕੰਮਲ ਹੋਇਆ । ਮਹੱਲ ਦੇ ਦੋਵੀ ਪਾਸੀ ਬਾਗ ਹਨ ਅਤੇ ਇਸ ਦਾ ਰਕਬਾ ਇਕ ਛੋਟੇ ਕਸਬੇ ਜਿੰਨਾ ਹੈ । ਇਸ ਮਹੱਲ ਵਿੱਚ 24 ਬਾਦ ਾਹਾਂ  ਨੇ ਰਾਜ ਕੀਤਾ । ਪਹਿਲਾਂ ਮਿੰਗ ਖਾਨਦਾਨ ਦਾ ਕਬ ਾ ਰਿਹਾ ਅਤੇ ਬਾਅਦ ਦੇ ਦਸ ਬਾਦ ਾਹ ਕਿੰਗ ਖਾਨਦਾਨ ਨਾਲ ਸਬੰਧਤ ਸਨ । 1911 ਦੇ ਪਹਿਲੇ ਇਨਕਲਾਬ ਬਾਅਦ ਚੀਨ ਦੇ ਬਾਦ ਾਹ ਨੂੰ ਗੱਦੀ ਤੋ ਉਤਾਰ ਦਿੱਤਾ ਗਿਆ ਅਤੇ ਉਹ ਆਪਣੀ ਜਿੰਦਗੀ ਦੇ ਕਈ ਵਰ੍ਹੇ ਇਸ ਮਹੱਲ ਵਿੱਚ ਗੁਜਾਰ ਕੇ ਚਲਾਣਾ ਕਰ ਗਿਆ।

ਚੀਨ ਦੇ ਮਹੱਲ ਲੱਕੜੀ ਦੇ ਛੱਤ ਵਾਲੇ ਹਨ ਅਤੇ ਇਨ੍ਹਾਂ ਦੀ ਬਣਤਰ ਨਿਵੇਕਲੀ ਕਿਸਮ ਦੀ ਹੈ । ਦੂਰੋ ਇਹ ਇਕ ਬੇੜੀ ਦੀ  ਕਲ ਦੇ ਜਾਪਦੇ ਹਨ । ਛੱਤ ਅਤੇ ਦੀਵਾਰਾਂ ਉਪਰ ਵੇਲ ਬੂਟੇ ਅਤੇ ਖਾਸ ਕਰਕੇ ਡਰੇਗਨ (ਡਾਇਣ) ਦੇ ਚਿਤਰ ਉਲੀਕੇ ਮਿਲਦੇ ਹਨ । ਚੀਨ ਦੀ ਸਭਿਅਤਾ ਉਪਰ ਟਾਓਇ ਮ, ਕਨਫੂਸੀਅਨਿ ਮ ਅਤੇ ਬੁੱਧਮੱਤ ਦਾ ਪ੍ਰਭਾਵ ਪਿਆ ਅਤੇ ਇਨ੍ਹਾਂ ਦੇ ਮਿਲਗੋਭੇ ਅਸਰ ਦਾ ਸਦਕਾ ਇਨ੍ਹਾਂ ਦੇ ਆਰਟ ਉਪਰ ਵੀ ਇਕ ਮਿਲਵਾਂ ਪ੍ਰਭਾਵ ਹੈ । ਕਲਾ ਆਕ੍ਰਿਤੀਆਂ ਵਿੱਚ ਡਰੈਗਨ ਆਮ ਮਿਲਦੀ ਹੈ ਜਿਸ ਤਰ੍ਹਾਂ ਸਾਡੇ ਦੇ  ਵਿੱਚ ਦੇਵੀ ਦੇਵਤਿਆਂ ਦੇ ਚਿਤਰ ਪ੍ਰਧਾਨ ਹਨ । ਚੀਨੀਆਂ ਨੇ ਸਾਡੇ ਮਹਾਤਮਾ ਬੁੱਧ ਦੇ ਚਿੱਤਰ ਵੀ ਆਪਣੀ  ਕਲ ਦੇ ਬਣਾ ਰੱਖੇ ਹਨ । ਸਾਕਿਆਮੁਨੀ ਭਾਰਤ ਦਾ ਸੁੰਦਰ ਰਾਜਕੁਮਾਰ ਸੀ ਪਰੰਤੂ ਚੀਨ ਦੇ ਬੁੱਤਘਾੜੇ ਉਸਨੂੰ ਫੀਨੇ ਨੱਕ ਵਾਲਾ ਘੜ ਲੈਂਦੇ ਹਨ। ਜਦੋ ਮੈ ਕੋਈ ਚੀਨੀ ਮੁਟਿਆਰ ਆਪਣੇ ਪੁੱਤਰ ਨਾਲ ਲਾਡ ਮਲਾਰ ਕਰਦੀ ਵੇਖਦਾ ਤਾਂ ਮੈਨੂੰ ਉਹ ਬੱਚਾ ਮਹਾਤਮਾ ਬੁੱਧ ਦਾ ਸਾਕਾਰ ਰੂਪ ਲੱਗਦਾ । ਭਾਰਤ ਵਾਸੀਆਂ ਤਾਂ ਆਪਣੇ ਪੈਗੰਬਰ ਨੂੰ ਵਿਸਾਰ ਛੱਡਿਆ ਹੈ ਪਰੰਤੂ ਚੀਨ, ਜਪਾਨ, ਥਾਈਲੈਡ ਅਤੇ ਕੰਬੋਡੀਆ ਦੇ ਬੋਧੀ ਮੰਦਰ ਇਸ ਮਹਾਂਬਲੀ ਨੂੰ ਸਾਂਭੀ ਬੈਠੇ ਹਨ । ਮੈ ਵੀ ਕਈ ਬੋਧੀ ਮੰਦਰਾਂ ਦੀ ਸੈਰ ਕਰਕੇ ਆਪਣੇ ਪਿਆਰੇ ਬੁੱਧ ਜੀ ਦੀ ਸਮਾਧੀ ਨੂੰ ਨਮਸਕਾਰ ਕਰਦਾ ਰਿਹਾ । ਕੀ ਗੁਰੂ ਨਾਨਕ ਦੀ ਸਮਾਧੀ ਦਾ ਬੁੱਤ ਘਾੜਾ ਅਜੇ ਪੈਦਾ ਨਹੀਂ ਹੋਇਆ । ਗੁਰੂਆਂ ਦੇ ਚਿਤਰ ਤਾਂ ਹਾਸੋਹੀਣੇ ਹੀ ਜਾਪਦੇ ਹਨ। ਸਿੱਖ ਆਰਟਿਸਟਾਂ ਨੂੰ ਪਹਿਲਾਂ ਬੋਧੀ ਮੰਦਰਾਂ ਦੀ ਸੈਰ ਕਰਨੀ ਚਾਹੀਦੀ ਹੈ ਅਤੇ ਸਦੀਆਂ ਦੀ ਲਗਨ ਬਾਅਦ ਜੇਕਰ ਉਹ ਗੁਰੂ ਨਾਨਕ ਦੀ ਸਮਾਧੀ ਦਾ ਚਿਤਰਣ ਕਰ ਸਕਣ ਤਾਂ ਵਾਹਵਾ ।

ਮਹੱਲ ਦੇ ਮੁੱਖ ਦੀਵਾਰ ਅੰਦਰ ਦਾਖਲ ਹੋ ਕੇ ਯਾਤਰੀ ਸੱਜੇ ਅਤੇ ਖੱਬੇ ਪਾਸੇ ਘੁੰਮ ਕੇ ਵੱਖ ਵੱਖ ਅਜਾਇਬ ਘਰਾਂ ਦੀ ਸੈਰ ਕਰਦੇ ਹਨ । ਇਕ ਵੱਡੇ ਹਾਲ ਵਿੱਚ ਪੁਰਾਣੇ ਸਮੇ ਵਿੱਚ ਵਰਤੇ ਜਾਂਦੇ ਸਮਾਂ ਮਾਪਣ ਦੇ ਯੰਤਰ, ਕਲਾਕ ਅਤੇ ਘੜੀਆਂ ਹਨ । ਇਨ੍ਹਾਂ ਵਿੱਚੋ ਵਧੇਰੇ ਇੰਗਲੈਂਡ ਅਤੇ ਫਰਾਂਸ ਵਿੱਚੋ ਬਣ ਕੇ ਆਈਆਂ ਸਨ । ਸਮੇ ਦੇ ਨਾਲ ਨਾਲ ਇਨ੍ਹਾਂ ਵਿੱਚੋ ਕਈ ਕਿਸਮ ਦੀਆਂ ਸੁਰਾਂ ਨਿਕਲਦੀਆਂ ਅਤੇ ਕਈ ਘੜੀਆਂ ਉਪਰ ਦੇਵਤਿਆਂ ਦੇ ਅਤੇ ਜਾਨਵਰਾਂ ਦੇ ਬੁੱਤ ਵਾਰੀ ਵਾਰੀ ਕਲੋਲਾਂ ਕਰਦੇ ਨਿਕਲ ਆਉਦੇ ਹਨ । ਚੀਨੀ ਬਾਦ ਾਹ ਪਹਿਲਾਂ ਧੁੱਪ ਘੜੀ ਅਤੇ ਬਾਅਦ ਵਿੱਚ ਪਾਣੀ ਦੀ ਘੜੀ ਵਰਤਦੇ ਰਹੇ । ਇਕ ਹੋਰ ਵੱਡੇ ਕਮਰੇ ਵਿੱਚ ਹੀਰੇ, ਜਵਾਹਰਾਤ, ਸੋਨੇ ਦੇ  ੇਵਰ ਅਤੇ ਰਾਣੀਆਂ ਦੇ ਗਹਿਣੇ ਰੱਖੇ ਹੋਏ ਹਨ । ਇਕ ਵਿੱਚ ਰਾਣੀਆਂ ਦੇ ਬਸਤਰ, ਇਕ ਹੋਰ ਵਿੱਚ ਗੋਲੀਆਂ ਦੇ ਰਹਿਣ ਦਾ ਇੰਤ ਾਮ ਅਤੇ ਰਖੇਲਾਂ ਦੇ  ੇਵਰ ਆਦਿ ਸਾਂਭੇ ਪਏ ਹਨ । ਇਕ ਵਾਰ ਤਾਂ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਯਾਦ ਤਾਜਾ ਹੋ ਜਾਂਦੀ ਹੈ ।

ਚੀਨੀ ਬਾਦ ਾਹ ਨਾਚ ਗਾਣੇ ਦੇ ੌਕੀਨ ਸਨ ਪਰੰਤੂ ਮਹੱਲ ਅੰਦਰ ਇਕ ਵੱਡਾ ਥੀਏਟਰ ਬਣਿਆ ਹੋਇਆ ਹੈ ਜਿਥੇ ਓਪੇਰਾ ੋ ਹੋਇਆ ਕਰਦਾ ਸੀ । ਚੀਨ ਦਾ ਓਪੇਰਾ ਅੱਠ ਸੌ ਸਾਲ ਪੁਰਾਣਾ ਹੈ ਅਤੇ ਅੱਜ ਕੱਲ ਹਰ ਹੋਟਲ ਵਿੱਚ ਡਿਨਰ ਦੇ ਸਮੇ ਓਪੇਰਾ ੋ ਯਾਤਰੀਆਂ ਦੀ ਖਿੱਚ ਦਾ ਕਾਰਨ ਹੈ । ਬਾਦ ਾਹ ਆਪਣੇ ਦਿਲ ਪ੍ਰਚਾਵੇ ਲਈ ਕਵੀ ਦਰਬਾਰ ਵੀ ਕਰਦੇ । ਰਤ ਲਗਾ ਕੇ ਿ ਅਰ ਕਹੇ ਜਾਂਦੇ । ਉਰਦੂ ਾਇਰੀ ਵਾਂਗ ੇਅਰ ਘੜਨ ਦਾ ਮੁਕਾਬਲਾ ਵੀ ਕਰਵਾਇਆ ਜਾਂਦਾ । ਜੇਕਰ ਕੋਈ ਮੌਕੇ ਤੇ ੇਅਰ ਨਾ ਘੜ ਸਕੇ ਤਾਂ ਉਸਨੂੰ ਝੀਲ ਵਿੱਚ ਗੋਤੇ ਦਿੱਤੇ ਜਾਂਦੇ ਪਰੰਤੂ ਮਰਨ ਤੋਂ ਬਚਾ ਲਿਆ ਜਾਂਦਾ ।

ਭਾਰਤੀ ਨਵਾਬਾਂ ਵਾਂਗ ਚੀਨੀ ਬਾਦ ਾਹਾਂ ਦੇ ੌਕ ਵੀ ਨਿਆਰੇ ਸਨ । ਇਨ੍ਹਾਂ ਨੇ ਦਿਲ ਪ੍ਰਚਾਵੇ ਲਈ ਕਈ ਸਾਜੋ ਸਮਾਨ ਤਿਆਰ ਕਰਵਾਇਆ । ਬਾਦ ਾਹ ਦੇ ਮੂਡ ਅਨੁਸਾਰ ਅਤੇ ਵਰਤੋਂ ਅਨੁਸਾਰ ਮਹੱਲਾਂ ਦੇ ਨਾਮ ਰੱਖੇ ਗਏ । ਪ੍ਰਸਿੱਧ ਮਹੱਲਾਂ ਵਿੱਚੋਂ ਸੁਰਗਪੁਰੀ, ਬਹਾਰ ਰੁੱਤ, ਮਿਲਾਪ ਮਹੱਲ ਅਤੇ ਾਂਤ ਮਹੱਲ ਮ ਹੂਰ ਹਨ । ਅਸੀ ਉਹ ਜਗਹ ਵੀ ਵੇਖੀ ਜਿਥੇ ਕੈਦੀਆਂ ਨੂੰ ਸ ਾ ਦਿੱਤੀ ਜਾਂਦੀ ਅਤੇ ਸਿਰ ਲਾਹ ਕੇ ਜਨਤਾ ਅੱਗੇ ਸੁੱਟ ਦਿੱਤਾ ਜਾਂਦਾ । ਮਹੱਲ ਦੇ ਇਕ ਕੋਨੇ ਵਿੱਚ ਇਕ ਬਾਦ ਾਹ ਨੇ ਆਪਣੀ ਭਗਤੀ ਲਈ ਇਕ ਸੁੰਦਰ ਬਾਗ ਲਗਵਾਇਆ । ਉਸਨੇ ਖੁਦ ਹੀ ਗੱਦੀ ਛੱਡ ਕੇ ਤਿਆਗ ਲੈ ਲਿਆ ਸੀ ਅਤੇ ਰਾਜੇ ਭਰਥਰੀ ਵਾਂਗ ਰਾਜ ਭਾਗ ਛੱਡ ਕੇ ਭਗਤੀ ਵਿਚ ਲੀਨ ਹੋ ਗਿਆ।

ਅੱਜ ਕੱਲ੍ਹ ਚੀਨ ਸਰਕਾਰ ਇਨ੍ਹਾਂ ਮਹੱਲਾਂ ਦੀ ਸਾਂਭ ਸੰਭਾਲ ਲਈ ਉਚੇਚੇ ਪ੍ਰਬੰਧ ਕਰ ਰਹੀ ਹੈ । ਪੈਰਿਸ ਦੇ ਸੁੰਦਰ ਮਹੱਲਾਂ ਤੋਂ ਬਾਅਦ ਇਨ੍ਹਾਂ ਮਹੱਲਾਂ ਦੀ ਸੈਰ ਕਰਕੇ ਚੀਨ ਦੇ ਪੁਰਾਣੇ ਇਤਿਹਾਸ ਦੀ ਵਾਕਫੀ ਹੋਈ । ਚੀਨ ਕਾਗ ਤਿਆਰ ਕਰਨ ਵਾਲਾ ਪਹਿਲਾ ਦੇ ਸੀ ਜਿਸ ਕਰਕੇ ਪੁਰਾਣੇ ਹੱਥ ਲਿਖਤੀ ਖਰੜੇ ਵੀ ਵੇਖੇ । ਬੁੱਧ ਧਰਮ ਦੇ ਸਾਰੇ ਮਹਾਨ ਗ੍ਰੰਥ ਅੱਜ ਕੱਲ ਚੀਨ ਦੇ ਅਜਾਇਬ ਘਰਾਂ ਵਿੱਚ ਹੀ ਮਿਲਦੇ ਹਨ । ਮਹਾਤਮਾ ਬੁੱਧ ਦਾ ਪਹਿਲਾ ਬੁੱਤ ਪੰਜਵੀਂ ਸਦੀ ਦਾ ਅਤੇ ਉਸ ਸਮੇ ਦੇ ਬੋਧੀ ਮੰਦਰ (ਪਗੋਦੇ) ਚੀਨ ਵਿੱਚ ਅਜੇ ਵੀ ਕਾਇਮ ਹਨ । ਕਿਉਂਕਿ ਮਾਓ ਦੇ ਕਲਚਰਲ ਇਨਕਲਾਬ ਦੌਰਾਨ ਧਰਮ ਦੇ ਉਲਟ ਪ੍ਰਚਾਰ ਇਨ੍ਹਾਂ ੋਰ ਪਕੜ ਗਿਆ ਜਿਸ ਕਰਕੇ ਇਹ ਵਡਮੁੱਲਾ ਖ ਾਨਾ ਵੀ ਅਣਗੌਲਿਆ ਪਿਆ ਰਿਹਾ । ਹੁਣ ਯੂਨੈਸਕੋ ਦੀ ਦੇਖ ਰੇਖ ਵਿੱਚ ਇਸ ਦਾ ਪ੍ਰਬੰਧ ਹੋ ਰਿਹਾ ਹੈ ।

ਪੰਜ ਸਤੰਬਰ ਨੂੰ ਮੈ ਚੀਨੀ ਲੋਕਾਂ ਦੇ ਇਨਕਲਾਬ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਬਣੇ ਅਜਾਇਬਘਰ ਨੂੰ ਚੰਗੀ ਤਰ੍ਹਾਂ ਘੋਖਿਆ । ਇਸ ਵਿੱਚ ਅਠਾਰਵੀ ਸਦੀ ਵਿੱਚ ਅੰਗਰੇ ਾਂ ਅਤੇ ਹੋਰ ਯੂਰਪੀਨ ਕੌਮਾਂ ਦੀ ਆਮਦ ਬਾਰੇ ਵੇਰਵਾ ਮਿਲਦਾ ਹੈ । ਜਪਾਨ ਅਤੇ ਰੂਸ ਵੀ ਚੀਨ ਉਪਰ ਕਬਜਾ ਕਰ ਲੈਂਦੇ ਹਨ । ਜਪਾਨੀਆਂ ਨੇ ਚੀਨ ਦੀ ਜਨਤਾ ਉਪਰ ਬਹੁਤ _ਲਮ ਢਾਹੇ ਅਤੇ ਦੂਸਰੇ ਵਿ ਵ ਯੁੱਧ ਦੇ ਅੰਤ ਤੱਕ ਆਪਣਾ ਕਬਜਾ ਜਮਾਈ ਰੱਖਿਆ । ਭਾਰਤ ਵਾਂਗ ਚੀਨ ਉਪਰ ਵੀ ਅੰਗਰੇ ਹਾਵੀ ਹੋ ਗਏ ਅਤੇ ਸਮੁੰਦਰੀ ਤੱਟ ਦੀਆਂ ਸਾਰੀਆਂ ਬੰਦਰਗਾਹਾਂ ਕਬ ੇ ਵਿੱਚ ਕਰ ਬੈਠੇ ।

ਚੀਨ ਦੇ ਬਾਦ ਾਹ ਬਦੇ ੀ ਹਾਕਮਾਂ ਦੀ ਮੱਦਦ ਨਾਲ ਰਾਜ ਵੀ ਕਰਦੇ ਰਹੇ । ਅਖੀਰ ਚੀਨ ਵਿੱਚ ਇਨਕਲਾਬੀ ਦੌਰ _ਰੂ ਹੁੰਦਾ ਹੈ । ਪਹਿਲਾਂ 1911 ਦਾ ਜਨਤਕ ਇਨਕਲਾਬ ਜੋ ਜਲਦੀ ਹੀ ਕੁਚਲ ਦਿੱਤਾ ਗਿਆ । ਬਾਅਦ ਵਿੱਚ ਚਿਆਂਗਕਾਈ ੇਕ ਦਾ ਰਾਜ ਅਤੇ ਸਭ ਤੋਂ ਮਹੱਤਵਪੂਰਣ ਦੌਰ ਮਾਓ ਦਾ ਇਨਕਲਾਬ ਜਿਸਨੇ ਇਕ ਅਕਤੂਬਰ 1949 ਨੂੰ ਚੀਨ ਨੂੰ ਆਜਾਦ ਕਰਵਾ ਕੇ ਕਮਿਊਨਿ ਮ ਦਾ ਇਕ ਨਵਾਂ ਮਾਡਲ ਪੇ ਕੀਤਾ । ਮਾਓ ਨੇ ਗੁਰੀਲਾ ਯੁੱਧ ਅਰੰਭ ਕਰਕੇ ਕਿਸਾਨਾਂ ਅਤੇ ਮ ਦੂਰਾਂ ਨੂੰ ਲਾਮਬੰਦ ਕਰ ਲਿਆ ਅਤੇ ਬਰਾਬਰੀ ਦੇ ਭਾਈਚਾਰੇ ਦੀ ਨੀਂਹ ਰੱਖੀ । ਜੋ ਅਸੂਲ ਖਾਲਸਾਵਾਦ ਦੀ ਬੁਨਿਆਦ ਹਨ ਉਹ ਚੀਨ ਵਿੱਚ ਪ੍ਰਤੱਖ ਅਮਲੀ ਰੂਪ ਧਾਰਨ ਕਰ ਚੁੱਕੇ ਹਨ । ਮਾਓ ਦੀ ਘਾਲਣਾ ਸਦਕਾ ਚੀਨ ਦੇ ਲੋਕ ਇਕ ਨਵੇ ਸਮਾਜ ਦੀ ਘਾੜਤ ਵਿੱਚ ਰੁੱਝ ਗਏ। ਇਹ ਸਫਰ ਬਹੁਤ ਕਠਿਨਾਈ ਭਰਿਆ ਸੀ । ਮਾਓ ਦੇ ਮਾਡਲ ਵਿੱਚ ਧਰਮ ਨੂੰ ਅਫੀਮ ਕਹਿਕੇ ਭੰਡਿਆ ਗਿਆ ਅਤੇ ਸਾਰੇ ਬੋਧੀ ਮੰਦਰ ਬੰਦ ਕਰ ਦਿੱਤੇ ਗਏ । 1989 ਦੇ ਵਿਦਿਆਰਥੀ ਸੰਘਰ ਬਾਅਦ ਚੀਨ ਨੇ ਸਾਰੀਆਂ ਪਾਬੰਧੀਆਂ ਖਤਮ ਕਰਨ ਦਾ ਪ੍ਰੋਗਰਾਮ ਬਣਾ ਲਿਆ ਹੈ ਅਤੇ ਲੋਕਾਂ ਨੂੰ ਸੁੱਖ ਦਾ ਸਾਹ ਮਿਲਿਆ ਹੈ ।

6 ਸਤੰਬਰ ਨੂੰ ਪੀਕਿੰਗ ਦਾ ਮਿਲਟਰੀ ਅਜਾਇਬਘਰ ਵੇਖਿਆ ਜਿਸ ਵਿੱਚ ਸਾਰੀਆਂ ਕਿਸਮਾਂ ਦੇ ਹਥਿਆਰਾਂ ਦੀ ਪ੍ਰਦਰ ਨੀ ਲਗੀ ਰਹਿੰਦੀ ਹੈ । ਏ ਕੇ ਕਿਸਮ ਦੀਆਂ ਰਾਈਫਲਾਂ ਦੇ ਨਮੂਨੇ, ਟੈਂਕਾਂ ਦੇ ਨਮੂਨੇ, ਚੀਨ ਦਵਾਰਾ ਪੁੜਾਲ ਵਿੱਚ ਛੱਡੇ ਗਏ ਰਾਕਟਾਂ ਦੇ ਨਮੂਨੇ, ਗੱਲ ਕੀ ਹਰ ਕਿਸਮ ਦਾ ਮਿਲਟਰੀ ਸਾਜੋ ਸਮਾਨ ਅਜਾਇਬ ਘਰ ਵਿੱਚ ਸਜਾ ਕੇ ਰੱਖਿਆ ਗਿਆ ਹੈ । ਚੀਨ ਇਸ ਸਮੇ ਅਮਰੀਕਾ ਤੋਂ ਬਾਅਦ ਦੂਸਰੀ ਵੱਡੀ ਫੌਜੀ ਤਾਕਤ ਬਣ ਗਿਆ ਹੈ । ਚੀਨ ਕੋਲ ਪੁੜਾਲੀ ਰਾਕਟ ਅਤੇ ਐਟਮ ਬੰਬਾਂ ਦਾ ਜ ੀਰਾ ਹੈ ਅਤੇ ਇਸ ਨੇ ਰੂਸੀ ਫੌਜ ਨੂੰ ਕਈ

ਵਾਰ ਵੰਗਾਰਿਆ ਹੈ । ਭਾਰਤ ਦੀ ਫੌਜ ਤਾਂ 1962 ਦੀ ਮੁੱਠ ਭੇੜ ਵਿੱਚ ਹੀ ਚੀਨੀ ਫੌਜ ਅੱਗੇ ਹਥਿਆਰ ਸੁੱਟ ਕੇ ਭੱਜ ਨਿਕਲੀ ਸੀ । ਚੀਨ ਵਿੱਚ ਹਰ ਨੌਜਵਾਨ ਨੂੰ ਫੌਜੀ ਟਰੇਨਿੰਗ ਦਿੱਤੀ ਜਾਂਦੀ ਹੈ ਅਤੇ ਰੈਗੂਲਰ ਫੌਜ ਦੀ ਗਿਣਤੀ ਅੱਸੀ ਲੱਖ ਦੇ ਲਗਭਗ ਹੈ । ਚੀਨੀ ਫੌਜ ਲੋਕਾਂ ਦੇ ਜਜਬੇ ਦੀ ਕਦਰ ਕਰਦੀ ਹੈ ਅਤੇ ਭਾਰਤੀ ਫੌਜ ਵਾਂਗ ਅੰਗਰੇ  ਅਫਸਰ ਾਹੀ ਦਾ ਨਮੂਨਾ ਨਹੀਂ।

ਪੀਕਿੰਗ ਵਿੱਚ ਇਕ ਦਰਜਨ ਦੇ ਕਰੀਬ ਅਜਾਇਬ ਘਰ ਹਨ । ਭੂਵਿਗਿਆਨ ਨਾਲ ਸੰਬੰਧਤ, ਦਸਤਕਾਰੀ, ਆਰਟ ਅਤੇ ਕਰਾਫਟ ਅਤੇ ਹੋਰ ਕਈ ਕਿਸਮ ਦੇ ਅਜਾਇਬ ਘਰ ਵੇਖੇ ਜਾ ਸਕਦੇ ਹਨ । ਪੀਕਿੰਗ ਮੈਨ ਦੀ ਖੋਜ ਬਾਰੇ ਵੀ ਇਕ ਅਜਾਇਬ ਘਰ ਬਣਿਆ ਹੈ । ਉਹ ਪਹਾੜ ਜਿਨ੍ਹਾਂ ਵਿੱਚ ਆਦਿ ਕਾਲ ਦੇ ਮਾਨਸ ਨੇ ਜਵੀਨ ਬਤੀਤ ਕੀਤਾ, ਵੀ ਵੇਖਣ ਗਏ।

ਪੀਕਿੰਗ ਦੇ ਬਾਹਰਵਾਰ ਪਹਾੜੀਆਂ  ੁਰੂ ਹੋ ਜਾਂਦੀਆਂ ਹਨ । ਇਨ੍ਹਾਂ ਪਹਾੜੀਆਂ ਦੇ ਪੈਰਾਂ ਵਿੱਚ ਕਈ ਬੋਧੀ ਮੰਦਰ ਹਨ ਜੋ ਮਿੰਗ ਅਤੇ ਚਿੰਗ ਖਾਨਦਾਨ ਦੇ ਬਾਦ ਾਹਾਂ ਨੇ ਤਾਮੀਰ ਕਰਵਾਏ । ਇਨ੍ਹਾਂ ਵਿੱਚੋ ਅੱਜਕੱਲ  ਸੁੱਤੇ ਹੋਏ ਬੁੱਧ  ਦਾ ਮੰਦਰ ਯਾਤਰੀਆਂ ਦੀ ਖਿੱਚ ਦਾ ਕਾਰਨ ਹੈ । ਇਸ ਵਿੱਚ ਮਹਾਤਮਾ ਬੁੱਧ ਨੂੰ ਲੇਟੇ ਪਏ ਦਿਖਾਇਆ ਹੈ ਅਤੇ ਇਸ ਬੁੱਤ ਦੀ ਘਾੜਤ ਇਕ ਹ ਾਰ ਕਾਰੀਗਰਾਂ ਨੇ ਢਾਈ ਲੱਖ ਕਿਲੋ ਪਿੱਤਲ ਦੀ ਵਰਤੋ ਕਰਕੇ ਕੀਤੀ ।

ਹਿਰ ਦੇ ਬਾਹਰਵਾਰ 1750 ਈਸਵੀ ਦਾ ਬਣਿਆ ਗਰਮੀਆਂ ਦਾ ਮਹੱਲ ਵੀ ਇਕ ਮਨਮੋਹਕ ਨ ਾਰਾ ਪੇ  ਕਰਦਾ ਹੈ। ਮਹੱਲ ਵਿੱਚ ਇਕ ਕਿਲੋਮੀਟਰ ਲੰਬਾ ਕੋਰੀਡੋਰ (ਲਾਂਘਾ) ਹੈ ਜੋ ਇਕ ਸਿਰੇ ਤੋ ਦੂਸਰੇ ਸਿਰੇ ਨੂੰ ਜੋੜਦਾ ਹੈ । ਇਸ ਕੋਰੀਡੋਰ ਦੀ ਛੱਤ ਅਤੇ ਹਰ ਚੁਗਾਟ ਉਪਰ ਚਿਤਰਕਾਰੀ ਕੀਤੀ ਗਈ ਹੈ । ਕੋਈ ਵੀ ਚਿਤਰ ਦੁਹਰਾਇਆ ਨਹੀਂ ਮਿਲਦਾ । ਇਹ ਮਹੱਲ ਫਰਾਂਸੀਸੀ ਅਤੇ ਅੰਗਰੇ ੀ ਫੌਜਾਂ ਨੇ ਸਾੜ ਦਿੱਤਾ ਸੀ ਪਰੰਤੂ ਚੀਨ ਦੀ ਸਰਕਾਰ ਨੇ ਇਸ ਨੂੰ ਮੁੜ ਤਾਮੀਰ ਕਰਵਾ ਲਿਆ ਹੈ । ਮਹੱਲ ਵਿੱਚ ਬਾਗ, ਇਕ ਝੀਲ ਅਤੇ ਸੁੰਦਰ ਸੈਰਗਾਹਾਂ ਬਣੀਆਂ ਹੋਈਆਂ ਹਨ । ਇਸ ਦਾ ਰਕਬਾ ਅੱਠ ਸੌ ਏਕੜ ਹੈ ਅਤੇ ਇਸ ਦੇ ਵਿਚਕਾਰ ਬੋਧੀ ਪਗੋਦਾ ਚੀਨੀ ਭਵਨਕਲਾ ਦਾ ਸੁੰਦਰ ਨਮੂਨਾ ਪੇ  ਕਰਦਾ ਹੈ । ਮੈ ਐਤਵਾਰ ਆਪਣੇ ਚੀਨੀ ਦੋਸਤ ਦੇ ਪ੍ਰਵਾਰ ਸਮੇਤ ਬੋਧੀ ਮੰਦਰਾਂ ਅਤੇ ਮਹੱਲ ਦੀ ਯਾਤਰਾ ਕੀਤੀ । ਕਈ ਬਜੁਰਗ ਔਰਤਾਂ ਬੁੱਧ ਦੀ ਮੂਰਤੀ ਅੱਗੇ ਡੰਡੋਉਤ ਬੰਦਨਾ ਕਰਦੀਆਂ ਅਤੇ ਚੜਾਵੇ ਚੜ੍ਹਾ ਕੇ ਧੂਪ ਜਗਾਉਦੀਆਂ ਵੇਖੀਆਂ । ਬੋਧੀ ਮੰਦਰ ਸਰਕਾਰੀ ਪ੍ਰਬੰਧ ਹੇਠ ਹੈ ਪਰੰਤੂ  ਹਿਰ ਵਿੱਚ ਲਾਮਾ ਮੰਦਰ ਹੈ ਜਿਸ ਵਿੱਚ ਬੋਧੀ ਲਾਮੇ ਆਪ ਪ੍ਰਬੰਧ ਚਲਾ ਰਹੇ ਹਨ । ਮੰਦਰ ਦੀ ਪੁਜਾਰਨ ਨੇ ਮੇਰੀ  ਰਧਾ ਵੇਖ ਕੇ ਧੂਪ ਦੀਆਂ ਅਗਰਬੱਤੀਆਂ ਦਾ ਇਕ ਪੈਕਟ ਮੇਰੇ ਹਵਾਲੇ ਕਰ ਦਿੱਤਾ । ਮੈ ਨਮੋ ਬੁੱਧ ਦਾ ਜਾਪ ਸੁਣ ਕੇ ਕੁਝ ਚਿਰ ਲਈ ਨਿਹਾਲ ਹੋ ਗਿਆ । ਆਖਰਕਾਰ ਬੁੱਧ ਦੇ ਪੈਰੋਕਾਰ ਭਾਵੇ ਅਸੀ ਨਹੀਂ ਰਹੇ ਪਰੰਤੂ ਸਾਕਿਆਮੁਨੀ ਉਪਰ ਸਾਡਾ ਵੀ ਤਾਂ ਜੱਦੀ ਹੱਕ ਬਣਦਾ ਹੈ ।

# ਰਾਮ ਤੇਰੀ ਅਯੁੱਧਿਆ : ਭਾਰਤ ਕਿ ਥਾਈਲੈਂਡ

---

23 ਸਤੰਬਰ ਨੂੰ ਮੈ ਹਾਂਗਕਾਂਗ ਤੋਂ ਰਵਾਨਾ ਹੋ ਕੇ ਬੈਂਕਾਕ ਦੇ ਹਵਾਈ ਅੱਡੇ ਉਪਰ ਜਾ ਉਤਰਿਆ । ਪਿਛਲੇ ਸਾਲ ਦਸੰਬਰ ਵਿੱਚ ਮੈਨੂੰ ਬੈਂਕਾਕ ਦੀ ਯਾਤਰਾ ਕਰਨ ਲਈ ਇਕ ਦਿਨ ਹੀ ਮਿਲਿਆ ਸੀ ਅਤੇ ਮੈ ਉਸਦਾ ਪੂਰਾ ਫਾਇਦਾ ਉਠਾ ਕੇ ਸਿੱਖ ਜਗਤ ਦਾ ਸਭ ਤੋਂ ਸੁੰਦਰ ਪ੍ਰਬੰਧ ਵਾਲਾ ਗੁਰਦਵਾਰਾ ਅਤੇ ਹਿਰ ਦਾ ਚਾਓ ਫਿਰਿਆ ਦਰਿਆ ਕਿਨਾਰੇ ਵੱਸਿਆ ਹਿੱਸਾ ਹੀ ਵੇਖ ਸਕਿਆ ਸਾਂ । ਮੈਨੂੰ ਥਾਈਲੈਂਡ ਦੇ ਲੋਕ ਬੜੇ ਮਿਲਾਪੜੇ ਲਗੇ ਅਤੇ ਇਨ੍ਹਾਂ ਦੇ ਬੋਧੀ ਮੰਦਰਾਂ ਨੂੰ ਵੇਖਣ ਦਾ ਸੁਪਨਾ ਅਧੂਰਾ ਹੀ ਰਹਿ ਗਿਆ ਸੀ । ਮਈ 1992 ਵਿੱਚ ਥਾਈਲੈਂਡ ਦੇ ਲੋਕਾਂ ਨੇ ਲੋਕ ਰਾਜ ਦੀ ਬਹਾਲੀ ਲਈ ਜਦੋਜਹਿਦ _ਰੂ ਕਰ ਦਿੱਤੀ ਅਤੇ ਚੁਣੀ ਹੋਈ ਸਰਕਾਰ ਨੂੰ ਅਸਤੀਫਾ ਦੇਣਾ ਪਿਆ । ਥਾਈਲੈਂਡ ਦੇ ਬਾਦ ਾਹ ਭੂਮੀਬੋਲ ਨੇ ਵਿਦਿਆਰਥੀਆਂ ਦਾ ਅੰਦੋਲਨ ਕੁਚਲ ਦਿੱਤਾ ਅਤੇ ਕਾਫੀ ਨੁਕਸਾਨ ਤੋਂ ਬਾਅਦ ਦੇਸ ਵਿੱਚ ਦੁਬਾਰਾ ਚੋਣਾਂ ਕਰਾਉਣ ਦਾ ਫੈਸਲਾ ਕੀਤਾ ਗਿਆ । ਜਦੋਂ ਮੈ ਚੀਨ ਤੋਂ ਵਾਪਸ ਪਰਤਣਾ ਸੀ ਤਾਂ ਥਾਈਲੈਂਡ ਵਿੱਚ ਚੋਣਾਂ ਦਾ ਐਲਾਨ ਹੋ ਗਿਆ । ਮੇਰਾ ਡਰ ਸੀ ਕਿ ਫਿਰ ਮਈ ਵਾਂਗ ਖੂਨ ਖਰਾਬਾ ਹੋਵੇਗਾ ਅਤੇ ਮੈ ਦੋਚਿਤੀ ਵਿੱਚ ਸਾਂ ਕਿ ਬੈਂਕਾਕ ਰੁਕਾਂ ਕੇ ਨਾ । ਪੀਕਿੰਗ ਦੀ ਕਾਨਫਰੰਸ ਵਿੱਚ ਥਾਈਲੈਂਡ ਦੇ ਵਿਗਿਆਨੀ ਵੀ ਾਮਲ ਹੋਏ ਅਤੇ ਉਨ੍ਹਾਂ ਮੈਨੂੰ ਯਕੀਨ ਦਿਵਾਇਆ ਕਿ ਇਸ ਵਾਰ ਲੋਕ ਰਾਜੀ ਪ੍ਰਣਾਲੀ ਬਹਾਲ ਹੋ ਜਾਵੇਗੀ ਅਤੇ ਕੋਈ ਗੜਬੜ ਨਹੀ ਹੋਵੇਗੀ । ਸੋ ਮੈ ਹਾਂਗਕਾਂਗ ਦੇ ਸੁੰਦਰ ਹਿਰ ਦੀ ਯਾਤਰਾ ਕਰਕੇ ਬੈਂਕਾਕ ਵਿੱਚ ਹੋ ਰਹੀ ਕਾਨਫਰੰਸ ਵਿੱਚ ਮੂਲੀਅਤ ਪ੍ਰਵਾਨ ਕਰ ਲਈ ।

ਹਵਾਈ ਅੱਡੇ ਤੋਂ ਟੈਕਸੀ ਕਰਕੇ ਮੈ ਏ ੀਅਨ ਇੰਸਟੀਚਿਊਟ ਆਫ ਟੈਕਨਾਲੌਜੀ ਦੇ ਵਿ ਾਲ ਕੈਂਪਸ ਵਿੱਚ ਪਹੁੰਚ ਗਿਆ । ਇਹ ਕੈਂਪਸ ਬੈਂਕਾਕ ਹਿਰ ਤੋਂ 40 ਕਿਲੋਮੀਟਰ ਬਾਹਰ ਅਯੁੱਧਿਆ ਨੂੰ ਜਾਣ ਵਾਲੀ ਜਰਨੈਲੀ ਸੜਕ ਤੇ ਹੈ । ਮੇਰੀ ਰਿਹਾਇ ਦਾ ਪ੍ਰਬੰਧ ਪ੍ਰੋਫੈਸਰ ਗੁਪਤਾ ਨੇ ਗੈਸਟ ਹਾਊਸ ਵਿੱਚ ਕਰ ਰੱਖਿਆ ਸੀ । ਕਮਰੇ ਵਿੱਚ ਸਮਾਨ ਟਿਕਾ ਕੇ ਮੈ ਬਾਹਰ ਟਹਿਲਣ ਲਈ ਨਿਕਲਿਆ ਤਾਂ ਕਈ ਭਾਰਤੀ ਪਹਿਰਾਵੇ ਵਿੱਚ ਸੈਰ ਕਰ ਰਹੀਆਂ ਔਰਤਾਂ ਅਤੇ ਮਰਦ ਨਜਰ ਆਏ । ਇਸ ਤਰ੍ਹਾਂ ਜਾਪਿਆ ਜਿਵੇ ਭਾਰਤ ਦੀ ਕਿਸੇ ਯੂਨੀਵਰਸਿਟੀ ਦਾ ਕੈਂਪਸ ਹੀ ਹੋਵੇ । ਪਹਿਲਾਂ ਪੰਤ ਨਗਰ ਯੂਨੀਵਰਸਿਟੀ ਦੇ ਪ੍ਰੋਫੈਸਰ ਸਿੰਘ ਮਿਲ ਪਏ ਅਤੇ ਬਾਅਦ ਵਿੱਚ ਰੁੜਕੀ ਦੇ ਪ੍ਰੋਫੈਸਰ ਪਾਂਡੇ । ਕੁਝ ਭਾਰਤੀ ਵਿਦਿਆਰਥੀ ਵੀ ਇਥੇ ਮਿਲੇ । ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿੱਚ ਸੌ ਤੋਂ ਵਧੀਕ ਭਾਰਤੀ ਵਿਦਿਆਰਥੀ ਅਤੇ ਲੱਗਭਗ ਦੋ ਦਰਜਨ ਪ੍ਰੋਫੈਸਰ ਵੀ ਭਾਰਤ ਤੋਂ ਇਥੇ ਆ ਕੇ ਨੌਕਰੀ ਕਰਦੇ ਹਨ । ਇਸ ਸੰਸਥਾ ਨੂੰ ਏ ੀਆ ਦੇ ਸਾਰੇ ਦੇਸ ਮਿਲ ਕੇ ਚਲਾ ਰਹੇ ਹਨ ਅਤੇ ਕੁਝ ਸਹਾਇਤਾ ਯੂਨੈਸਕੋ ਤੋਂ ਪ੍ਰਾਪਤ ਹੋਈ ਹੈ ।

ਕੈਂਪਸ ਦਾ ਚੱਕਰ ਲਗਾ ਕੇ ਮੈ ਰੈਸਤੋਰਾਂ ਵੱਲ ਗਿਆ ਤਾਂ ਪਤਾ ਲੱਗਾ ਕਿ ਡਿਨਰ ਦਾ ਸਮਾਂ ਅੱਠ ਵਜੇ ਤੱਕ ਹੈ । ਵੈਸੇ ਵਿਦਿਆਰਥੀਆਂ ਦੀ ਸਹੂਲਤ ਲਈ ਕੈਫੇਟੇਰੀਆ ਅੱਧੀ ਰਾਤ ਤੱਕ ਖੁੱਲ੍ਹਾ ਰਹਿੰਦਾ ਹੈ । ਮੈ ਕੁਝ ਖਾਣ ਪੀਣ ਦਾ ਬੰਦੋਬਸਤ ਕਰਨ ਲਈ ਕੈਫੇਟੇਰੀਆ ਵੱਲ ਗਿਆ ਤਾਂ ਇਥੇ ਉੱਚਾ ਲੰਮਾ ਸੁਨੱਖਾ ਸਿਖ ਨੌਜਵਾਨ ਨ ਰੀ ਪਿਆ । ਉਹ ਵੇਖਣ ਚਾਖਣ ਵਿੱਚ ਅਮਰੀਕਨ ਸਿੱਖ ਲਗਦਾ ਸੀ ਪਰੰਤੂ ਮੈ ਹਿੰਮਤ ਕਰਕੇ ਉਸਨੂੰ ਬੁਲਾ ਹੀ ਲਿਆ । ਮੇਰੇ ਪੁੱਛਣ ਤੇ ਉਹ ਕੁਝ ਘਬਰਾ ਗਿਆ ਅਤੇ ਟੇਬਲ ਟੈਨਿਸ ਖੇਡਣ ਵਿੱਚ ਰੁੱਝ ਗਿਆ । ਮੈ ਕਿਹਾ ਸਰਦਾਰ ਜੀ ਤੁਸੀ ਸਿੱਖ ਹੋ ਕਿ ਅਮਰੀਕਨ। ਉਸ ਨੇ ਮੇਰੀ ਗੱਲ ਨਾ ਗੌਲੀ ਅਤੇ ਮੈਥੋਂ ਖਹਿੜਾ ਛੁਡਾਣ ਦੀ ਕੀਤੀ । ਇਕ ਹੋਰ ਭਾਰਤੀ ਵਿਦਿਆਰਥੀ ਮੇਰੇ ਪਾਸ ਆ ਗਿਆ ਅਤੇ ਮੇਰੇ ਨਾਲ ਜਾਣ ਪਹਿਚਾਣ ਕਰ ਕੇ ਮੈਨੂੰ ਕੈਂਪਸ ਬਾਰੇ ਵਾਕਫੀਅਤ ਦੇਣ ਲਗਾ । ਉਸ ਨੇ ਦੱਸਿਆ ਕਿ ਇਥੇ ਇਹ ਇਕੋ ਹੀ ਥਾਈ ਸਿੱਖ ਵਿਦਿਆਰਥੀ ਹੈ ਜੋ ਸਾਰੀ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ ਹੈ ਅਤੇ ਕੰਮਪਿਊਟਰ ਸਾਇੰਸ ਦਾ ਕੋਰਸ ਕਰ ਰਿਹਾ ਹੈ । ਇਹ ਸਿੱਖ ਸਭ ਤੋਂ ਹੋਣਹਾਰ ਵਿਦਿਆਰਥੀ ਹੈ ਅਤੇ ਸਭ ਇਸ ਨੂੰ ਪਿਆਰ ਕਰਦੇ ਹਨ । ਇਸ ਨੇ ਮੁਢਲੀ ਸਿੱਖਿਆ ਡੇਹਰਾਦੂਨ ਤੋਂ ਪ੍ਰਾਪਤ ਕੀਤੀ ਹੈ । ਇਸ ਦਾ ਬਾਪ ਸਿੱਖ ਅਤੇ ਮਾਂ ਥਾਈ ਔਰਤ ਹੈ ।

ਮੇਰੀ ਉਤਸੁਕਤਾ ਸੀ ਕਿ ਥਾਈਲੈਂਡ ਵਿੱਚ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਕਰਾਂ ਅਤੇ ਖਾਸ ਕਰਕੇ ਨਾਮਧਾਰੀਆਂ ਬਾਰੇ ਜੋ ਬੈਕਾਕ ਦੇ ਵੱਡੇ ਵਪਾਰੀ ਅਤੇ ਧਨਾਢ ਹਨ । ਸਿੱਖ ਨੌਜਵਾਨ ਨੂੰ ਪਰੇਰ ਕੇ ਮੈ ਆਪਣੇ ਕਮਰੇ ਵਿੱਚ ਲੈ ਗਿਆ । ਉਸ ਨੇ ਦੱਸਿਆ ਕਿ ਉਸ ਦਾ ਪੜਦਾਦਾ ਪੰਜਾਬ ਵਿੱਚੋ ਆਪਣੇ ਪਰਿਵਾਰ ਅਤੇ ਦੋ ਹੋਰ ਨਾਮਧਾਰੀ ਪਰਿਵਾਰਾਂ ਸਮੇਤ ਸੰਨ 1942 ਵਿੱਚ ਭਾਰਤ ਛੱਡ ਕੇ ਬਰਮਾ ਵਿੱਚ ਆਬਾਦ ਹੋਣ ਲਈ ਕਲਕੱਤੇ ਤੋ ਜਹਾਜ ਵਿੱਚ ਸਵਾਰ ਹੋ ਪਏ । ਉਨ੍ਹਾਂ ਨੂੰ ਖੁੜਕ ਗਈ ਸੀ ਕਿ ਪਾਕਿਸਤਾਨ ਬਣ ਕੇ ਰਹੇਗਾ ਅਤੇ ਉਨ੍ਹਾਂ ਨੂੰ ਆਪਣਾ ਜਿਲਾ ਸਰਗੋਧਾ ਛੱਡਣਾ ਪਵੇਗਾ । ਸਮੁੰਦਰੀ ਤੂ ਾਨ ਕਰਕੇ ਉਨ੍ਹਾਂ ਦਾ ਜਹਾਜ ਬਰਮਾ ਦੀ ਰਾਜਧਾਨੀ ਰੰਗੂਨ ਨਾ ਪਹੁੰਚ ਸਕਿਆ ਬਲਕਿ ਥਾਈਲੈਂਡ ਦੇ ਸਮੁੰਦਰੀ ਤੱਟ ਉਪਰ ਜਾ ਲੱਗਿਆ । ਥਾਈਲੈਂਡ ਵਿੱਚ ਉਸ ਸਮੇ ਦੋ ਹੋਰ ਸਿੱਖ ਵਪਾਰੀ ਅਤੇ ਕੁਝ ਸਿੰਧੀ ਸਿੱਖ ਵਪਾਰ ਦਾ ਕੰਮ ਕਰ ਰਹੇ ਸਨ। ਉਨ੍ਹਾਂ ਨੇ ਸਲਾਹ ਦਿੱਤੀ ਕਿ ਬਰਮਾ ਨਾਲੋਂ ਥਾਈਲੈਂਡ ਬਿਹਤਰ ਦੇਸ ਹੈ ਅਤੇ ਇਸ ਤਰ੍ਹਾਂ ਇਹ ਤਿੰਨ ਨਾਮਧਾਰੀ ਪਰਿਵਾਰ ਭਟਕਦੇ ਹੋਏ ਬੈਕਾਕ  ਹਿਰ ਵਿੱਚ ਪਹੁੰਚ ਗਏ । ਥਾਈ ਲੋਕਾਂ ਨੇ ਇਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਅਤੇ ਇਹ ਕੁਝ ਸਾਲਾਂ ਵਿੱਚ ਹੀ ਬੈਕਾਕ ਦੇ ਸਭ ਤੋ ਧਨਾਢ ਵਪਾਰੀਆਂ ਵਿੱਚ ਗਿਣੇ ਜਾਣ ਲੱਗ ਪਏ । ਇਸ ਸਮੇ ਬੈਕਾਕ  ਹਿਰ ਵਿੱਚ ਪੰਜ ਹਜਾਰ ਦੇ ਕਰੀਬ ਸਿੱਖ ਆਪਣਾ ਕਾਰੋਬਾਰ ਕਰ ਰਹੇ ਹਨ । ਫਹੂਰਤ ਮਾਰਕੀਟ ਵਿੱਚ ਤਾਂ ਸਿੱਖਾਂ ਦਾ ਹੀ ਬੋਲਬਾਲਾ ਹੈ ਅਤੇ ਇਸ ਨੂੰ ਭਾਰਤੀ ਮਾਰਕੀਟ ਹੀ ਕਿਹਾ ਜਾਂਦਾ ਹੈ । ਨਾਮਧਾਰੀ ਸਿੱਖਾਂ ਦੇ ਹੋਟਲ, ਕਪੜੇ ਦੀਆ ਦੁਕਾਨਾਂ ਅਤੇ ਲੱਕੜੀ ਦਾ ਕੰਮ ਹੈ ਅਤੇ ਥਾਈਲੈਂਡ ਦਾ ਬਾਦ ਾਹ ਆਪਣੀ ਸਲਾਹਕਾਰ ਕਮੇਟੀ ਵਿੱਚ ਹਰ ਸਾਲ ਇਕ ਦੋ ਨਾਮਧਾਰੀਆਂ ਨੂੰ ਨਾਮ ਦ ਕਰਦਾ ਹੈ । ਇਸ ਨੌਜਵਾਨ ਸਿੱਖ ਵਿਦਿਆਰਥੀ ਦਾ ਰੁਝਾਨ ਪੜ੍ਹਾਈ ਵੱਲ ਹੈ ਵਰਨਾ ਇਸ ਦੇ ਪਰਿਵਾਰ ਦੇ ਸਭ ਜੀਅ ਵਪਾਰੀ ਹੋ ਨਿਬੜੇ ਹਨ ।  ਬੈਕਾਕ ਤੋ ਇਲਾਵਾ ਹੋਰ ਵੱਡੇ  ਹਿਰਾਂ ਵਿੱਚ ਵੀ ਕਪੜੇ ਦਾ ਕੰਮ ਨਾਮਧਾਰੀਏ ਕਰ ਰਹੇ ਹਨ । ਬੈਕਾਕ  ਹਿਰ ਦਾ ਗੁਰਦਵਾਰਾ ਵੀ ਇਨ੍ਹਾਂ ਨੇ ਕਾਇਮ ਕੀਤਾ ਅਤੇ ਬੜੀ ਹੈਰਾਨੀ ਦੀ ਗੱਲ ਹੈ ਕਿ ਸਿੱਖ ਜਗਤ ਦੇ ਇਸ ਗੁਰਦਵਾਰੇ ਵਿੱਚ ਨਾਮਧਾਰੀਏ ਅਤੇ ਹੋਰ ਸਿੱਖ ਰਲ ਮਿਲ ਕੇ ਪ੍ਰਬੰਧ ਚਲਾ ਰਹੇ ਹਨ ।

24 ਸਤੰਬਰ ਨੂੰ ਮੈ ਸਵੇਰੇ ਸਾਰੇ ਕੈਂਪਸ ਦੀ ਸੈਰ ਕਰਕੇ ਮੁੜਿਆ ਹੀ ਸਾਂ ਕਿ ਪ੍ਰੋਫੈਸਰ ਗੁਪਤਾ ਨੇ ਮੇਰੇ ਕਮਰੇ ਦਾ ਦਰਵਾਜਾ ਆ ਖੜਕਾਇਆ । ਉਸ ਨੇ ਦੱਸਿਆ ਕਿ ਉਹ ਬਾਕੀ ਡੈਲੀਗੇਟਾਂ ਸਮੇਤ ਅਯੁੱਧਿਆ ਦੇ ਇਤਿਹਾਸਕ  ਹਿਰ ਦੀ ਯਾਤਰਾ ਕਰਕੇ ਰਾਤ ਦੇਰੀ ਨਾਲ ਪਰਤਿਆ ਸੀ ਜਿਸ ਕਰਕੇ ਮੇਰੀ ਆਓ-ਭਗਤ ਲਈ ਰਾਤ ਹਾ ਰ ਨਹੀ ਸੀ ਹੋ ਸਕਿਆ । ਅਯੁੱਧਿਆ ਦਾ ਨਾਮ ਸੁਣ ਕੇ ਮੈਨੂੰ ਕੁਝ ਹੈਰਾਨੀ ਹੋਣ ਲੱਗੀ ਕਿ ਰਾਮ ਦੀ ਅਯੁੱਧਿਆ ਤਾਂ ਭਾਰਤ ਵਿੱਚ ਵਾਦ-ਵਿਵਾਦ ਦਾ ਵਿ ਾ ਬਣੀ ਹੋਈ ਹੈ, ਇਧਰ ਥਾਈਲੈਂਡ ਵਿੱਚ ਕਿਹੜੇ ਰਾਮ ਦੀ ਅਯੁੱਧਿਆ ਅਸਮਾਨੋ ਉਤਰ ਆਈ ਹੈ । ੈਰ * ਮੈ ਆਪਣਾ ਮਨ ਬਣਾ ਲਿਆ ਕਿ ਕਾਨਫਰੰਸ ਵਿੱਚ ਪਰਚਾ ਪੜ੍ਹ ਕੇ ਮੈ ਥਾਈਲੈਂਡ ਵਿੱਚ ਰਾਮ ਦੀ ਅਯੁੱਧਿਆ ਨਗਰੀ ਦੇ ਦਰ ਨ ਜਰੂਰ ਕਰਾਂਗਾ । ਮੈ ਕਈ ਭਾਰਤੀ ਵਿਦਿਆਰਥੀਆਂ ਅਤੇ ਇਕ ਦੋ ਪ੍ਰੋਫੈਸਰਾਂ ਨੂੰ ਵੀ ਇਸ ਅਯੁੱਧਿਆ ਦੇ ਇਤਿਹਾਸ ਬਾਰੇ ਪੁੱਛਿਆ ਪਰੰਤੂ ਕੋਈ ਢੁਕਵਾਂ ਉਤਰ ਨਾ ਮਿਲਿਆ । ਦਰਅਸਲ ਭਾਰਤੀ ਲੋਕ ਇਥੇ ਪੈਸੇ ਕਮਾਣ ਆਉਂਦੇ ਹਨ ਅਤੇ ਉਨ੍ਹਾਂ ਨੂੰ ਥਾਈਲੈਂਡ ਦੀ ਕਲਚਰ ਅਤੇ ਇਸਦੇ ਭਾਰਤੀ ਸੰਦਰਭ ਨਾਲ ਕੋਈ ਲਗਾਓ ਨਹੀਂ ਹੁੰਦਾ । ਸਾਡੀ ਇਹੋ ਬਦਬਖਤੀ ਹੈ ਕਿ ਸਾਡੇ ਵਿਗਿਆਨੀ ਅਤੇ ਬੁੱਧੀਜੀਵੀਏ ਧਾਰਮਿਕ ਕੱਟੜਵਾਦ ਨੂੰ ਠੱਲ ਪਾਉਣ ਲਈ ਹੋਰ ਕੋਈ ਚਾਰਾ ਨਹੀਂ ਕਰ ਰਹੇ ਸਗੋ ਖੁਦ ਬਾਬਰੀ ਮਸਜਿਦ ਅਤੇ ਰਾਮ ਜਨਮਭੂਮੀ ਦੇ ਮਸਲੇ ਨੂੰ ਉਲਝਾਉਣ ਵਿੱਚ ਰੁਝੇ ਹੋਏ ਹਨ। ਕਿਸੇ ਭਾਰਤੀ ਇਤਿਹਾਸਕਾਰ ਨੂੰ ਰਾਮ ਦੇ ਜਨਮ ਦੀ ਮਿਤੀ, ਸਥਾਨ ਤੇ ਸਮੇ ਦਾ ਗਿਆਨ ਨਹੀਂ ਹੈ । ਫਿਰ ਵੀ ਪ੍ਰੋਫੈਸਰ ਗਰੋਵਰ ਵਰਗੇ ਇਤਿਹਾਸਕਾਰ ਸਿੰਙ ਫਸਾ ਕੇ ਬਾਬਰੀ ਮਸਜਿਦ ਨੂੰ ਰਾਮ ਜਨਮਭੂਮੀ ਸਥਾਨ ਤੇ ਉਸਰੀ ਸਿੱਧ ਕਰਨ ਦਾ ਸਿਰਤੋੜ ਯਤਨ ਕਰ ਰਹੇ ਹਨ ।

25 ਸੰਤਬਰ ਨੂੰ ਸਵੇਰੇ ਮੇਰਾ ਪਰਚਾ ਪੜ੍ਹਿਆ ਗਿਆ । ਮੈ ਪ੍ਰੋਫੈਸਰ ਪਾਂਡੇ ਨੂੰ ਅਯੁਧਿਆ ਦੀ ਸੈਰ ਵਾਸਤੇ ਪਰੇਰਿਆ ਪਰੰਤੂ ਉਹ ਨਾ ਮੰਨੇ । ਹਾਰ ਕੇ ਮੈ ਥਾਈ ਲੋਕਾਂ ਤੋ ਪੁੱਛ ਗਿੱਛ ਕਰਕੇ ਬੱਸ ਰਾਹੀਂ ਅੱਧੇ ਘੰਟੇ ਦੇ ਸਫਰ ਬਾਅਦ ਅਯੁਧਿਆ ਨਗਰੀ ਪਹੁੰਚ ਗਿਆ । ਬੱਸ ਕੰਡਕਟਰ ਨੇ ਮੈਨੂੰ ਇਕ ਹੋਟਲ ਅਗੇ ਉਤਾਰ ਦਿੱਤਾ ਜਿਥੋ ਅਯੁੱਧਿਆ ਦੇ ਮੰਦਰਾਂ ਦੀ ਸੈਰ ਲਈ ਟੈਂਪੂ ਮਿਲ ਜਾਂਦੇ ਹਨ । ਟੈਂਪੂ ਵਾਲੇ ਯਾਤਰੀ ਵੇਖ ਕੇ ਲਗੀ ਲਾਉਂਦੇ ਹਨ ਪਰੰਤੂ ਮੈ ਵਾਜਬ ਕਿਰਾਇਆ ਤੈਹ ਕਰਕੇ  ਹਿਰ ਦੇ ਇਤਿਹਾਸਕ ਬੋਧੀ ਮੰਦਰਾਂ ਦੀ ਯਾਤਰਾ ਆਰੰਭ ਕਰ ਦਿੱਤੀ ।

ਥਾਈਲੈਂਡ ਵਿੱਚ ਪ੍ਰਾਚੀਨ ਕਾਲ ਤੋ ਹੀ ਹਿੰਦੂ ਧਰਮ ਅਤੇ ਬੁੱਧ ਧਰਮ ਦਾ ਪ੍ਰਚਾਰ _ਰੂ ਹੋ ਗਿਆ । ਬੋਧੀ ਭਿਖੂਆਂ ਨੇ ਲੰਕਾ, ਬਰਮਾ, ਥਾਈਲੈਂਡ, ਲਾਓਸ, ਕੰਬੋਡੀਆ, ਕੋਰੀਆ, ਚੀਨ ਅਤੇ ਜਪਾਨ ਵਿੱਚ ਬੁੱਧ ਧਰਮ ਦਾ ਪ੍ਰਚਾਰ ਅਤੇ ਪਾਸਾਰ ਕਰ ਦਿੱਤਾ । ਭਾਰਤ ਵਿੱਚ ਬ੍ਰਾਹਮਣਾਂ ਨੇ ਆਪਣੀ ਕੂਟਨੀਤੀ ਨਾਲ ਬੁੱਧ ਧਰਮ ਦਾ ਸਫਾਇਆ ਕਰ ਦਿੱਤਾ ਅਤੇ ਬੋਧੀ ਮੰਦਰ ਤਬਾਹ ਕਰ ਦਿੱਤੇ । ਭਲਾ ਰਾਮ ਜਨਮਭੂਮੀ ਦੇ

ਚਹੇਤਿਆਂ ਨੂੰ ਕੋਈ ਪੁੱਛੇ ਕਿ ਤੁਸੀਂ ਬੋਧੀ ਮੰਦਰਾਂ ਨੂੰ ਢਾਹ ਕੇ, ਬੁਧ ਦੇ ਧਿਆਨੀ ਬੁੱਤ ਦੀ ਜਗਹ ਹਿੰਦੂ ਮੂਰਤੀਆਂ ਕਿਉ ਗੱਡ ਦਿੱਤੀਆਂ ਸਨ । ਇਤਿਹਾਸ ਨੂੰ ਤਰੋੜ ਮਰੋੜ ਕੇ ਪੇ  ਕਰਨਾ ਸਾਡਾ _ਰੂ ਤੋਂ ਕਰਤਵ ਰਿਹਾ ਹੈ । ਖੈਰ* ਵਿ` ਦੀ ਵਲਗਣ ਤੋਂ ਦੂਰ ਜਾਣਾ ਠੀਕ ਨਹੀਂ ।

ਦੋ ਘੰਟੇ ਦੀ ਯਾਤਰਾ ਵਿੱਚ ਮੈ ਅਯੁੱਧਿਆ ਦੇ ਪੰਜ ਮਹਾਨ ਤੀਰਥ ਅਸਥਾਨ, ਪੁਰਾਣੇ ਬਾਦ ਾਹਾਂ ਦੇ ਖੰਡਰ ਹੋ ਚੁੱਕੇ ਮਹੱਲ ਅਤੇ ਮਹਾਤਮਾ ਬੁੱਧ ਦੇ ਅਨੇਕਾਂ ਧਿਆਨੀ ਬੁੱਤਾਂ ਦੇ ਦਰ ਨ ਕਰ ਆਇਆ । ਅਯੁੱਧਿਆ  ਹਿਰ ਥਾਈਲੈਂਡ ਦੀ ਪੰਜ ਸੌ ਸਾਲ ਰਾਜਧਾਨੀ ਰਿਹਾ । ਇਸ ਦੇ ਦਸ ਬਾਦ ਾਹ  ਰਾਮਾ  ਦੇ ਨਾਮ ਨਾਲ ਜਾਣੇ ਜਾਂਦੇ ਹਨ । ਪਹਿਲੇ ਰਾਮ ਨੇ ਇਸ  ਹਿਰ ਨੂੰ ਆਬਾਦ ਕੀਤਾ ਅਤੇ ਉਸ ਦੇ ਖਾਨਦਾਨ ਦਾ ਰਾਜ ਥਾਈਲੈਂਡ ਵਿੱਚ ਕਈ ਸੌ ਸਾਲ ਚਲਦਾ ਰਿਹਾ । ਇਹ ਬਾਦ ਾਹ ਬੁੱਧ ਧਰਮ ਨੂੰ ਮੰਨਣ ਵਾਲੇ ਸਨ ਅਤੇ ਇਨ੍ਹਾਂ ਨੇ ਆਪਣੀ ਰਾਜਧਾਨੀ ਵਿੱਚ ਮਹਾਤਮਾ ਬੁੱਧ ਦੇ ਕਈ ਮੰਦਰ (ਪਗੋਦੇ) ਤਿਆਰ ਕਰਵਾਏ । ਮਹਾਤਮਾ ਬੁੱਧ ਦਾ ਸਾਢੇ ਪੰਜ ਟਨ ਦਾ ਸੋਨੇ ਦਾ ਬੁੱਤ ਵੀ ਤਿਆਰ ਕੀਤਾ ਗਿਆ ਜੋ ਅੱਜ ਕੱਲ ਬੈਂਕਾਕ  ਹਿਰ ਦੇ ਬੋਧੀ ਮੰਦਰ ਦੀ  ਾਨ ਵਧਾਉਦਾ ਹੈ । ਥਾਈਲੈਂਡ ਦੀ ਅਯੁੱਧਿਆ ਨਗਰੀ ਦੀ ਸੈਰ ਕਰਕੇ ਰਾਤ ਪੈਣ ਤੱਕ ਮੈ ਆਪਣੇ ਮੁਕਾਮ ਉਪਰ ਪਰਤ ਆਇਆ ।

26 ਸਤੰਬਰ ਨੂੰ ਇੰਸਟੀਚਿਊਟ ਵਜੋ ਬੈਂਕਾਕ  ਹਿਰ ਦੇ  ਾਹੀ ਮਹੱਲ ਅਤੇ ਬੋਧੀ ਮੰਦਰਾਂ ਦੀ ਸੈਰ ਦਾ ਪ੍ਰਬੰਧ ਕੀਤਾ ਗਿਆ । ਸਾਰੇ ਡੈਲੀਗੇਟ ਬੱਸ ਤੇ ਸਵਾਰ ਹੋ ਕੇ ਬਾਦ ਾਹ ਦੇ  ਾਹੀ ਮਹੱਲ ਵਿੱਚ ਪਹੁੰਚ ਗਏ । ਥਾਈਲੈਂਡ ਦੇ ਲੋਕ ਆਪਣੇ ਬਾਦ ਾਹ ਨੂੰ ਮਹਾਤਮਾ ਬੁੱਧ ਦਾ ਹੀ ਸਰੂਪ ਸਮਝ ਕੇ ਪੂਜਦੇ ਹਨ । ਭਾਵੇ ਲੋਕਤੰਤਰ ਦੀ ਲਹਿਰ ਕਾਮਯਾਬ ਹੋਈ ਹੈ ਪਰੰਤੂ ਫਿਰ ਵੀ ਬਾਦ ਾਹ ਦਾ ਸਿੱਕਾ ਹੀ ਚਲਦਾ ਹੈ ।  ਾਹੀ ਮਹੱਲ ਦੇ ਅਹਾਤੇ ਵਿੱਚ ਬੋਧੀ ਮੰਦਰ ਹਨ ।  ਾਹੀ ਪਰਿਵਾਰ ਦੀਆਂ ਰਸਮਾਂ ਬੋਧੀ ਅਤੇ ਹਿੰਦੂ ਧਰਮ ਦੀ ਰਹੁਰੀਤ ਅਨੁਸਾਰ ਕੀਤੀਆਂ ਜਾਂਦੀਆਂ ਹਨ । ਮੰਦਰ ਵਿੱਚ ਭਾਵੇ ਬੁੱਧ ਦੀ ਮੂਰਤੀ ਸਥਾਪਿਤ ਹੈ ਪਰੰਤੂ ਇਸ ਦੀਆਂ ਦੀਵਾਰਾਂ ਉਪਰ ਰਮਾਇਣ ਦੀ ਕਥਾ ਵਾਰਤਾ ਉਪਰ ਆਧਾਰਿਤ ਚਿਤਰ ਮਿਲਦੇ ਹਨ । ਸੀਤਾ ਹਰਣ, ਲੰਕਾਂ ਦੀ ਲੜਾਈ, ਹਨੂਮਾਨ ਦਾ ਰੋਲ ਅਤੇ ਰਾਵਣ ਦੀ ਮੌਤ ਸਭ ਕੰਧ ਚਿਤਰਾਂ ਉਪਰ ਭਲੀ ਭਾਂਤ ਦਰਸਾਏ ਗਏ ਹਨ । ਬਹੁਤ ਸਾਰੀਆਂ ਜੱਤਕ ਬੋਧੀ ਕਥਾਵਾਂ ਅਤੇ ਹਿੰਦੂ ਕਾਥਾਵਾਂ ਅੱਜ ਵੀ ਥਾਈਲੈਂਡ ਵਿਚ ਪ੍ਰਚੱਲਤ ਹਨ । ਸਵਿਤਰੀ ਅਤੇ ਸਤਿਆਵਾਨ ਦੀ ਕਥਾ ਆਮ ਪ੍ਰਚੱਲਤ ਹੈ । ਭਾਵੇ ਥਾਈਲੈਂਡ ਵਿੱਚ ਚੀਨੀ ਅਤੇ ਮੁਸਲਿਮ ਲੋਕ ਵੀ ਕਾਫੀ ਹਨ ਪਰੰਤੂ ਜੋ ਪ੍ਰਭਾਵ ਹਿੰਦੂ ਧਰਮ ਦਾ ਪ੍ਰਤੱਖ ਨ ਰੀ ਪੈਦਾ ਹੈ ਉਹ ਇਕ ਖੋਜ ਦਾ ਵਿ ਾ ਬਣ ਸਕਦਾ ਹੈ । ਬੈਂਕਾਕ  ਹਿਰ ਦੀ ਯਾਤਰਾ ਕਰਕੇ ਸਾਰੇ ਡੈਲੀਗੇਟ ਵਾਪਸੀ ਦੀ ਤਿਆਰੀ ਕਰ ਰਹੇ ਸਨ । ਮੈ ਵੀ ਬੈਂਕਾਕ ਦੀ ਏਅਰਪੋਰਟ ਕੋਲ ਉਤਰ ਗਿਆ ਅਤੇ ਦਿੱਲੀ ਰਵਾਨਾ ਹੋਣ ਵਾਲੀ ਏਅਰ ਇੰਡੀਆ ਦੀ ਉਡਾਣ ਦਾ ਇੰਤਜਾਰ ਕਰਨ ਲਗ ਪਿਆ ।

ਭਾਰਤ ਪਹੁੰਚਣ ਤੋਂ ਪਹਿਲਾਂ ਮੇਰੇ ਮਨ ਦੇ ਚੌਖਟੇ ਉਪਰ ਕਈ ਧੁੰਧਲੇ ਪਰਛਾਵੇ ਆਪਣਾ ਅਕਸ ਪਾ ਰਹੇ ਸਨ । ਮੈਨੂੰ ਮਹਿਸੂਸ ਹੋਣ ਲੱਗਾ ਕਿ ਅਸੀ ਤਾਂ ਐਵੇ ਖਾਹਮਖਾਹ ਹੀ ਰਾਮ ਜਨਮ ਭੂਮੀ/ਬਾਬਰੀ ਮਸਜਿਦ ਦਾ ਰੇੜਕਾ ਪਾਈ ਬੈਠੇ ਹਾਂ । ਭਲਾ ਸਾਡੇ ਕੋਲ ਕੀ ਸਬੂਤ ਹੈ ਕਿ ਰਾਮ ਕਿੱਥੇ ਜੰਮਿਆ ਹੈ ? ਵੋਟਾਂ ਲੈਣ ਲਈ ਭਾਰਤੀ ਜਨਤਾ ਪਾਰਟੀ ਨੇ ਰਾਮ ਜਨਮਭੂਮੀ ਦਾ ਹਊਆ ਪੈਦਾ ਕਰ ਦਿੱਤਾ ਹੈ । ਭਲਾ ਕਾਂਗਰਸ ਵਾਲਿਆਂ ਕੋਲ ਗਿਆਨੀ ਜੈਲ ਸਿੰਘ ਵਰਗੇ ਡੀ਼ ਲਿਟ ਪ੍ਰਾਪਤ ਵਿਦਵਾਨਾਂ ਦੀ ਘਾਟ ਹੈ । ਕਿਉ ਨਹੀਂ ਗਿਆਨੀ ਜੈਲ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਦਾ ਕੁਲਪਤੀ ਲਗਾ ਕੇ ਖੋਜ ਦਵਾਰਾ ਸਿੱਧ ਕਰ ਕਰ ਦਿੱਤਾ ਜਾਂਦਾ ਕਿ ਰਾਮ ਤੇਰੀ ਅਯੁੱਧਿਆ ਭਾਰਤ ਨਹੀ ਬਲਕਿ ਥਾਈਲੈਂਡ ਵਿੱਚ ਹੈ । ਨਾ ਹੋਵੇਗਾ ਬਾਂਸ ਨਾ ਵਜੇਗੀ ਬੰਸਰੀ । ਸਰੋਤਾਗਣੋ, ਮੇਰੀ ਕਹਾਣੀ ਮਿਥਿਹਾਸ ਨਹੀਂ ਬਲਕਿ ਜੀਊਦਾ ਜਾਗਦਾ ਇਤਿਹਾਸ ਹੈ । ਕੌਣ ਕਹਿ ਸਕਦਾ ਹੈ, ਥਾਈਲੈਂਡ ਦੇ  ਰਾਮ  ਦੀ ਅਯੁੱਧਿਆ ਹੀ ਅਸਲੀ ਅਯੁੱਧਿਆ ਹੋਵੇ । ਜੇਕਰ ਥਾਈਲੈਂਡ ਵਿਚ ਬੁੱਧ ਅਤੇ ਰਾਮ ਇਕੱਠੇ ਇਕ ਮੰਦਰ ਵਿੱਚ ਸਮਾ ਸਕਦੇ ਹਨ ਤਾਂ ਭਲਾ ਭਾਰਤ ਵਿਚ ਰਾਮ ਅਤੇ ਰਹੀਮ ਦਾ ਝਗੜਾ ਕਿਉ ਚੱਲ ਪਿਆ ਹੈ ।

# ਜਪਾਨ ਦੀ ਯਾਤਰਾ

ਪ੍ਰੋ ਪੂਰਨ ਸਿੰਘ ਸਿੰਘ ਦੀਆਂ ਰਚਨਾਵਾਂ ਪੜ੍ਹ ਕੇ ਮੈਨੂੰ ਵੀ  ੌਕ ਜਾਗਿਆ ਕਿ ਇਕ ਵਾਰੀ ਜਪਾਨ ਦੀ ਸੈਰ ਕਰਾਂ ਅਤੇ ਪੰਜਾਬ ਦੇ ਸਿਰਮੌਰ ਕਵੀ ਅਤੇ ਰਸਾਇਣ ਵਿਗਿਆਨੀ ਬਾਰੇ ਆਪਣੀ ਖੋਜ ਨੇਪਰੇ ਚਾੜ੍ਹਾਂ । ਅਖੀਰ, ਇਹ ਸੁਪਨਾ ਵੀ ਸਾਕਾਰ ਹੋ ਗਿਆ ਜਦੋਂ ਮੈਨੂੰ ਇਕ ਅੰਤਰ-ਰਾ ਟਰੀ ਕਾਨਫਰੰਸ ਵਿਚ ਆਪਣਾ ਖੋਜ-ਪੇਪਰ ਪੜ੍ਹਨ ਲਈ ਉਚੇਚਾ ਸੱਦਾ ਆ ਗਿਆ । ਇਹ ਕਾਨਫਰੰਸ ਜਾਪਨ ਦੇ ਪ੍ਰਸਿੱਧ  ਹਿਰ ਨਗੋਇਆ ਵਿਖੇ ਸਤੰਬਰ 1993 ਵਿਚ ਹੋ ਰਹੀ ਸੀ । ਅਮਰੀਕਾ ਅਤੇ ਕਨੇਡਾ ਦੀ ਯਾਤਰਾ ਕਰਨ ਉਪਰੰਤ ਮੇਰੀ ਵਾਪਸੀ ਟੋਕੀਓ ਦੇ ਰਸਤੇ ਸੀ ਅਤੇ ਇਸ ਤਰ੍ਹਾਂ ਮੇਰੀ ਵਿ ਵ ਯਾਤਰਾ ਵੀ ਪੂਰੀ ਹੋ ਜਾਣ ਦੀ ਆਸ ਸੀ । ਜਾਪਨ ਦੀ ਹੈਰਾਨਕੁਨ ਤਰੱਕੀ ਬਾਰੇ ਮੈ ਸੁਣ ਰੱਖਿਆ ਸੀ ਅਤੇ ਕੁਝ ਵਰ੍ਹੇ ਪਹਿਲਾਂ ਇਕ ਯੂਰਪੀਨ ਨੇ ਇਹ ਸੂਚਨਾ ਵੀ ਦਿੱਤੀ ਕਿ ਜਪਾਨ, ਯੂਰਪ ਅਤੇ ਅਮਰੀਕਾ ਤੋਂ ਵੀ ਮਹਿੰਗਾ ਦੇ  ਹੈ । ਜਪਾਨ ਦੀ ਯਾਤਰਾ ਲਈ ਮੈਨੂੰ ਕੋਈ ਸਰਕਾਰੀ ਮੱਦਦ ਵੀ ਨਹੀਂ ਮਿਲੀ ਸੀ ਪਰੰਤੂ ਮੇਰਾ ਟਿਕਟ  ਰਾਊਂਡ ਦੀ ਵੱਲਡ  ਹੋਣ ਕਰਕੇ ਸਫਰ ਦਾ ਕੋਈ ਵਾਧੂ ਖਰਚਾ ਨਹੀ ਹੋਣਾ ਸੀ। ਕਾਨਫਰੰਸ ਵਾਲਿਆਂ ਨੇ ਮੈਨੂੰ ਕੁਝ ਸਹੂਲਤਾਂ ਪ੍ਰਦਾਨ ਕਰ ਦਿਤੀਆਂ ਜਿਸ ਕਰਕੇ ਮੈ ਜਪਾਨ ਦੀ ਯਾਤਰਾ ਪੂਰੀ ਕਰ ਸਕਿਆ ।

ਦੋ ਸਤੰਬਰ 1993 ਨੂੰ ਲਾਸਏਂਜਲਸ ਏਅਰਪੋਰਟ ਤੋਂ ਯੂਨਾਈਟਡ ਏਅਰਲਾਈਨ  ਦੇ ਜਹਾਜ ਤੇ ਸਵਾਰ ਹੋ ਕੇ ਮੈ ਟੋਕੀਓ ਦੀ ਨਾਰੀਟਾ ਏਅਰਪੋਰਟ ਤੇ 4 ਸਤੰਬਰ ਨੂੰ ਦੁਪਹਿਰ ਬਾਅਦ ਪਹੁੰਚ ਗਿਆ । ਹਵਾਈ ਸਫਰ ਤਾਂ ਭਾਵੇ ਦਸ ਘੰਟੇ ਦਾ ਸੀ ਪਰੰਤੂ ਰਸਤੇ ਵਿਚ ਅਸੀਂ ਅੰਤਰ-ਰਾ ਟਰੀ ਡੇਟ-ਲਾਈਨ ਪਾਰ ਕਰ ਬੈਠੇ ਸਾਂ ਜਿਸ ਕਰਕੇ ਘੜੀਆਂ 24 ਘੰਟੇ ਅਗੇ ਕਰਨ ਨਾਲ ਸਫਰ ਦੋ ਦਿਨ ਦਾ ਹੋ ਨਿਬੜਿਆ । ਅਰਥਾਤ ਜਿੰਦਗੀ ਦਾ ਇਕ ਦਿਨ ਗਵਾ ਲਿਆ ਜੋ ਧਰਤੀ ਦੀ ਗਰਦ  ਕਰਕੇ ਪਹਿਲਾਂ ਹਾਸਲ ਕੀਤਾ ਸੀ । ਏਅਰਪੋਰਟ ਤੇ ਰੁਟੀਨ ਚੈਕ-ਅੱਪ ਤੋਂ ਬਾਅਦ ਮੈ ਬਾਹਰ ਨਿਕਲ ਆਇਆ। ਮੈਨੂੰ ਡਰ ਸੀ ਨਾਰੀਟਾ ਏਅਰਪੋਰਟ ਤੇ ਕੁਝ ਵਰ੍ਹੇ ਪਹਿਲਾਂ ਹੋਏ ਬੰਬ ਧਮਾਕੇ ਕਾਰਨ ਸਿਖ ਮੁਸਾਫਰਾਂ ਨੂੰ ਤੰਗ ਕਰਨਗੇ ਪਰੰਤੂ ਅਜੇਹਾ ਨਾ ਹੋਇਆ । ਏਅਰਪੋਰਟ ਤੋਂ ਟੋਕੀਓ  ਹਿਰ ਲਈ ਮੈ ਲੋਕਲ ਟਰੇਨ ਤੇ ਸਵਾਰ ਹੋ ਗਿਆ ਅਤੇ ਡੇਢ ਘੰਟੇ ਦੇ ਸਫਰ ਬਾਅਦ ਮੈ ਟੋਕੀਓ ਦੇ ਮੁੱਖ ਰੇਲਵੇ ਸਟੇ ਨ ਤੇ ਪੁੱਜ ਗਿਆ । ਨਗੋਇਆ ਜਾਣ ਵਾਲੀ ਗੱਡੀ ਤਿਆਰ ਖੜੀ ਸੀ ਅਤੇ ਮੈ ਟਿਕਟ ਲੈ ਕੇ 250 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲਣ ਵਾਲੀ ਬੁੱਲਟ ਟਰੇਨ ਵਿੱਚ ਜਾ ਚੜ੍ਹਿਆ । ਇਸ ਗੱਡੀ ਦਾ ਕਰਾਇਆ ਸੁਪਰ ਫਾਸਟ ਟਰੇਨ ਤੋਂ ਵੀ ਦੁੱਗਣਾ ਸੀ ਅਤੇ ਦੋ ਘੰਟੇ ਦੇ ਸਫਰ ਲਈ ਮੈਨੂੰ ਸੌ ਡਾਲਰ ਦਾ ਨੋਟ ਖਰਚਣਾ ਪੈ ਗਿਆ । ਖੈਰ, ਪੂਰੇ ਸਮੇ ਉਪਰ ਗੱਡੀ ਰਵਾਨਾ ਹੋ ਪਈ । ਮਜਾਲ ਹੈ ਕਿਧਰੇ ਠੱਕ ਠੱਕ ਦੀ ਆਵਾ ਵੀ ਆਵੇ, ਇੰਨੀ ਤੇਜ ਰਫਤਾਰ ਹੁੰਦਿਆਂ ਵੀ । ਕੁਝ ਸਫਰ ਦਾ ਥਕੇਵਾਂ ਅਤੇ ਕੁਝ ਗੱਡੀ ਦੀ ਰਫਤਾਰ, ਮੈਨੂੰ ਤਾਂ ਝੱਟ ਹੀ ਨੀਂਦ ਆ ਗਈ ਅਤੇ ਨਗੋਇਆ ਪਹੁੰਚ ਕੇ ਹੀ ਅੱਖ ਖੁੱਲ੍ਹੀ ।

ਨਗੋਇਆ ਸਟੇ ਨ ਤੇ ਅਜੇ ਬਾਹਰ ਨਿਕਲਿਆ ਹੀ ਸਾਂ ਕਿ ਯੂਨੀਵਰਸਿਟੀ ਦੇ ਦੋ ਖੋਜ ਵਿਦਿਆਰਥੀ ਮੇਰੇ ਪਾਸ ਆ ਗਏ ਅਤੇ ਮੇਰੀ ਰਿਹਾਇ  ਦਾ ਟਿਕਾਣਾ ਦੱਸ ਕੇ ਮੈਨੂੰ ਇਕ ਟੈਕਸੀ ਵਿੱਚ ਬਿਠਾ ਗਏ । ਟੈਕਸੀ ਮੈਨੂੰ ਗੈਸਟ ਹਾਊਸ ਛੱਡ ਗਈ ਜੋ ਰੇਲਵੇ ਸਟੇ ਨ ਤੋਂ ਨੇੜੇ ਹੀ ਸੀ । ਕਮਰੇ ਵਿੱਚ ਸਾਫ ਸੁਥਰਾ ਬੈਡ ਲੱਗਾ ਹੋਇਆ ਸੀ ਅਤੇ ਜਪਾਨੀ ਕਾਹਵੇ ਦਾ ਪ੍ਰਬੰਧ ਸੀ । ਦੇਰੀ ਨਾਲ ਪੁਹੰਚਣ ਕਰਕੇ ਡਿਨਰ ਤਾਂ ਨਾ ਮਿਲਿਆ ਪਰੰਤੂ ਮੇਰੇ ਪਾਸ ਕੁਝ ਖਾਣ ਪੀਣ ਦਾ ਸਮਾਨ ਹਮੇ ਾ ਰਹਿੰਦਾ ਹੈ ਜੋ ਲੋੜ ਪੈਣ ਤੇ ਕੰਮ ਆਇਆ। ਅਗਲੀ ਸਵੇਰ ਨਾ ਤਾ ਕਰਨ ਲਈ ਰੈਸਤੋਰਾਂ ਵਿੱਚ ਗਏ ਤਾਂ ਅਜੀਬ ਤਰ੍ਹਾਂ ਦੀ ਖੁਰਾਕ ਮਿਲੀ । ਇਸ ਨੂੰ ਖਾਣ ਤੋਂ ਪਹਿਲਾਂ ਹੀ ਮਨ ਉਕਤਾ ਗਿਆ । ਜਪਾਨੀ ਮੱਛੀ ਖਾਣ ਦੇ  ੍ਕੀਨ ਹਨ ਅਤੇ ਹੋਰ ਸੂਪ ਵਗੈਰਾ ਵੀ ਮਾਸਾਹਾਰੀਆਂ ਲਈ ਢੁਕਵੇ ਹਨ । ਇਨ੍ਹਾਂ ਦੇ ਭੋਜਨ  ਚੋਂ ਅਜੀਬ ਤਰ੍ਹਾਂ ਦੀ ਸੁਗੰਧ ਆਉਂਦੀ ਹੈ । ਇਕ ਬੰਗਾਲੀ ਵੀ ਇਥੇ ਮਿਲ ਪਿਆ ਜੋ ਇਟਲੀ ਤੋਂ ਕਾਨਫਰੰਸ ਵਿੱਚ  ਾਮਲ ਹੋਣ ਲਈ ਆਇਆ ਸੀ । ਅਸੀਂ ਦੋਵੇ ਜਣੇ ਮੈਟਰੋ ਗੱਡੀ ਤੇ ਸਵਾਰ ਹੋ ਕੇ ਕਾਨਫਰੰਸ ਹਾਲ ਵਿੱਚ ਪਹੁੰਚ ਗਏ । ਮੈਟਰੋ ਗੱਡੀ ਖਚਾਖਚ ਭਰੀ ਪਈ ਸੀ। ਦਫਤਰ ਦੇ ਸਮੇ ਜਪਾਨੀ ਗੱਡੀਆਂ ਵਿੱਚ ਤਿਲ ਸੁੱਟਣ ਨੂੰ ਥਾਂ ਨਹੀਂ ਮਿਲਦੀ । ਏਨੀ ਭੀੜ ਦੇ ਬਾਵਜੂਦ ਕਿਤੇ  ੋਰ ਨਹੀਂ ਸੀ । ਰੇਲਵੇ ਦਾ ਤੇਜ ਨੈਟਵਰਕ ਜੋ ਜਪਾਨ ਵਿੱਚ ਮਿਲਦਾ ਹੈ ਹੋਰ ਕਿਧਰੇ ਨਹੀਂ ਲੱਭਦਾ ।

ਕਾਨਫਰੰਸ ਦੀ ਸੈਕਟਰੀ ਨੇ ਮੇਰੀ ਫਾਈਲ ਤਿਆਰ ਕਰ ਰੱਖੀ ਸੀ ਅਤੇ ਕੁਝ ਜਰੂਰੀ ਹਿਦਾਇਤਾਂ ਦੇ ਕੇ ਕੁਝ ਨਕਦੀ ਮੇਰੇ ਹਵਾਲੇ ਕਰ ਦਿੱਤੀ । ਇਹ ਮੇਰੇ ਪੰਜ ਦਿਨ ਦੀ ਰਿਹਾਇ  ਦਾ ਖਰਚਾ ਸੀ । ਕਾਨਫਰੰਸ ਵਿੱਚ ਮੇਰੇ ਪੁਰਾਣੇ ਕਈ ਮਿੱਤਰ ਟੱਕਰ ਪਏ ਜੋ ਯੂਰਪ ਤੋਂ ਆਏ ਹੋਏ ਸਨ । ਜਪਾਨੀਆਂ ਨੇ ਵੀ ਆਉ੍ਭਗਤ ਵਿੱਚ ਕੋਈ ਕਸਰ ਨਹੀਂ ਛੱਡੀ ਸੀ । ਰਾਤ ਦਾ ਖਾਣਾ ਵਰਜਿਆ ਹੋਇਆ ਸੀ ਅਤੇ ਮੈ ਸੈਕਟਰੀ ਨੂੰ ਆਪਣੇ  ਾਕਾਹਾਰੀ ਭੋਜਨ ਬਾਰੇ ਹਦਾਇਤ ਕਰ ਦਿੱਤੀ । ਬੜੀ ਮੁ ਕਿਲ ਨਾਲ ਚੌਲਾਂ ਦੀ ਪਲੇਟ ਲੱਭੀ ਪ੍ਰੰਤੂ ਸਭ ਕਾਸੇ ਵਿੱਚ ਮੱਛੀ ਹਾ ਰ ਸੀ । ਫਲ ਤਾਂ ਜਪਾਨ ਵਿੱਚ ਮਿਲਦਾ ਨਹੀਂ ਅਤੇ ਇਕ ਦੁਰਲੱਭ ਵਸਤੂ ਹੈ । ਇਕ ਸੇਬ ਦੀ ਕੀਮਤ 150 ਰੁਪਏ ਅਤੇ ਇਕ ਖਰਬੂਜਾ 500 ਰੁਪਏ ਨੂੰ ਵਿਕਦਾ ਹੈ ਜਿਸ ਕਰਕੇ ਫਲ ਬੋਧੀ ਮੰਦਰਾਂ ਵਿੱਚ ਬੜੇ ਸਤਿਕਾਰ ਨਾਲ ਭੇਟ ਕੀਤਾ ਜਾਂਦਾ ਹੈ । ਖਾਣ ਪੀਣ ਦੀਆਂ ਚੀਜਾਂ ਵੀ ਮਹਿੰਗੀਆਂ ਹਨ। ਜਪਾਨੀ ਸਰਕਾਰ ਜਾਣ ਬੁੱਝ ਕੇ ਭਾਅ ਗਿਰਨ ਨਹੀਂ ਦੇਂਦੀ ਤਾਂ ਕਿ ਅਰਥਵਿਵਸਥਾ ਤੇ ਮਾੜਾ ਅਸਰ ਨਾ ਪਵੇ । ਹਾਂ, ਤਨਖਾਹਾਂ ਵੀ ਚੰਗੀਆਂ ਦੇਂਦੇ ਹਨ ।

ਕਾਨਫਰੰਸ ਦੇ ਡੈਲੀਗੇਟਾਂ ਲਈ ਨਗੋਇਆ  ਹਿਰ ਦੀ ਸੈਰ ਦਾ ਪ੍ਰੋਗਰਾਮ ਬਣਾਇਆ ਗਿਆ । ਜਪਾਨ ਵਿੱਚ ਦੋ ਧਰਮ ਪ੍ਰਚਲਤ ਰਹੇ ਹਨ [ ਿੰਟੋ ਮੱਤ ਅਤੇ ਬੁੱਧ ਧਰਮ । ਜਪਾਨੀ ਬਾਦ ਾਹ ਵੀ ਇਨ੍ਹਾਂ ਦੋਹਾਂ ਧਰਮਾਂ ਦੇ ਪੈਰੋਕਾਰ ਸਨ। ਨਗੋਇਆ ਵਿੱਚ ਤੋਕੂਗਾਵਾ ਖਾਨਦਾਨ ਦਾ ਰਾਜ ਸੀ । ਕਈ ਮਹੱਲ ਵਿ ਵ ਯੁੱਧ ਦੌਰਾਨ ਅਮਰੀਕਾ ਦੀਆਂ ਫੌਜਾਂ ਨੇ ਬੰਬਾਰੀ ਨਾਲ ਸਾੜ ਦਿੱਤੇ ਸਨ । ਇਹ ਮਹੱਲ ਲੱਕੜੀ ਦੇ ਬਣੇ ਹੁੰਦੇ ਹਨ । ਮਹੱਲ ਅੰਦਰ ਮਹਿਮਾਨ ਨਿਵਾਜੀ ਲਈ ਇਕ ਖਾਸ ਕਮਰਾ ਹੁੰਦਾ ਹੈ ਜਿੱਥੇ ਮਹਿਮਾਨਾਂ ਨੂੰ ਚਾਹ ਪਿਆਈ ਜਾਂਦੀ ਸੀ । ਜਪਾਨੀ ਚਾਹ ਦੀ ਰਸਮ ਬੜੇ ਸਲੀਕੇ ਨਾਲ ਨਿਭਾਈ ਜਾਂਦੀ । ਜਪਾਨੀ ਘਰਾਂ ਵਿੱਚ ਫਾਲਤੂ ਸਮਾਨ ਨਹੀਂ ਰੱਖਦੇ ਅਤੇ ਧਰਤੀ ਉਪਰ ਹੀ ਸੌਂਦੇ ਹਨ । ਜਾਪਾਨੀ ਮੁਟਿਆਰਾਂ ਹੁਣ ਕਮੀਨੋ ਤਾਂ ਨਹੀਂ ਪਹਿਨਦੀਆਂ ਪਰੰਤੂ ਵਿਆਹ  ਾਦੀ ਸਮੇ ਪੁਰਾਣੇ ਰਵਾਇਤੀ ਲਿਬਾਸ ਹੀ ਪਾਏ ਜਾਂਦੇ ਹਨ । ਨਾਰਾ  ਹਿਰ ਵਿੱਚ ਮੈ ਇਕ  ਾਦੀ ਦੀ ਰਸਮ ਵੀ ਵੇਖੀ । ਜਪਾਨੀ ਮੁਟਿਆਰ ਲੰਮਾ ਘੁੰਡ ਕੱਢ ਕੇ ਫੋਟੋ ਖਿਚਵਾ ਰਹੀ ਸੀ ।

ਕਾਨਫਰੰਸ ਖਤਮ ਹੋਣ ਉਪਰੰਤ ਮੈ ਕਿਓਟੋ ਜਾਣ ਦਾ ਪ੍ਰੋਗਰਾਮ ਬਣਾ ਲਿਆ । ਪ੍ਰੋ ਨਿ ਿਮੂਰਾ ਮੇਰੇ ਪੁਰਾਣੇ ਵਾਕਫਕਾਰ ਨਿਕਲ ਆਏ ਅਤੇ ਉਨ੍ਹਾਂ ਨੇ ਮੇਰੀ ਰਹਾਇ  ਦਾ ਪ੍ਰਬੰਧ ਕਰ ਰੱਖਿਆ ਸੀ । ਕਿਓਟੋ ਅਤੇ ਨਾਰਾ ਜਪਾਨ ਵਿੱਚ ਬੁੱਧ ਧਰਮ ਦੇ ਦੋ ਮਹਾਨ ਕੇਂਦਰ ਮੰਨੇ ਜਾਂਦੇ ਹਨ । ਜਦੋਂ ਬੁੱਧ ਧਰਮ ਚੀਨ ਵਿੱਚ ਫੈਲ ਗਿਆ ਤਾਂ ਛੇਵੀਂ ਸਦੀ ਦੇ ਅ ੀਰ ਤੇ ਜਪਾਨ ਵਿੱਚ ਵੀ ਬੁੱਧ ਧਰਮ ਦਾ ਪ੍ਰਚਾਰ  ੁਰੂ ਹੋ ਗਿਆ । ਦਸ ਸਤੰਬਰ ਨੂੰ ਮੈ ਬੱਸ ਤੇ ਸਵਾਰ ਹੋ ਕੇ ਕਿਓਟੋ ਪਹੁੰਚ ਗਿਆ । ਅਗੇ ਪ੍ਰੋ ਨਿ ਿਮੂਰਾ ਮੈਨੂੰ ਲੈਣ ਆਏ ਹੋਏ ਸਨ । ਪਹਿਲਾਂ ਉਨ੍ਹਾਂ ਦੀ ਪ੍ਰੋਯਗ ਾਲਾ ਵਿੱਚ ਗਏ ਅਤੇ ਬਾਅਦ ਵਿੱਚ ਮੇਰਾ ਸਮਾਨ ਹੋਟਲ ਵਿੱਚ ਟਿਕਾ ਕੇ ਅਸੀਂ ਯੂਨੀਵਰਸਿਟੀ ਦੇ ਬਾਹਰ ਇਕ  ਾਕਾਹਾਰੀ ਰੈਸਤੋਰਾਂ ਵਿੱਚ ਲੰਚ ਲਈ ਚਲੇ ਗਏ । ਇਕ ਜਪਾਨੀ ਬਿਰਧ ਔਰਤ ਰੋਟੀਆਂ ਤਿਆਰ ਕਰ ਰਹੀ ਸੀ। ਦੀਵਾਰ ਉਪਰ ਇਕ ਸੰਨਿਆਸੀ ਦੀ ਫੋਟੋ ਲਟਕ ਰਹੀ ਸੀ । ਮੈ ਸਮਝ ਗਿਆ ਇਹ ਪ੍ਰੀਵਾਰ ਕਿਸੇ ਭਾਰਤੀ ਗੁਰੂ ਨੂੰ ਮੰਨਦਾ ਹੋਵੇਗਾ । ਬੜੇ ਪ੍ਰੇਮ ਨਾਲ ਭੋਜਨ ਤਿਆਰ ਕਰਕੇ ਥਾਲੀ ਵਿੱਚ ਪਰੋਸਿਆ ਗਿਆ । ਰੋਟੀ, ਸਬਜੀ ਅਤੇ ਖੀਰ ਮਿਲ ਗਈ । ਬਿਰਧ ਔਰਤ ਦੇ ਚਿਹਰੇ ਤੋਂ ਮਹਾਤਮਾ ਬੁੱਧ ਦੀ  ਾਂਤਮਈ ਝਲਕ ਦਿਸ ਰਹੀ ਸੀ ਅਤੇ ਉਹ ਧਿਆਨੀ ਬੁੱਧ ਦੀ ਸਾਕਾਰ ਮੂਰਤੀ ਜਾਪਦੀ ਸੀ । ਮੈਨੂੰ ਪ੍ਰੋ ਪੂਰਨ ਸਿੰਘ ਹੋਰਾਂ ਦੀ ਜਪਾਨੀ ਨਾਇਕਾ ਦੀ ਕਹਾਣੀ ਯਾਦ ਆ ਗਈ । ਇਸ ਦੀ ਸੇਵਾ ਭਾਵਨਾ ਅਤੇ ਚੰਗੇ ਭੋਜਨ ਨੇ ਮੈਨੂੰ ਮਾਨਸਿਕ ਤ੍ਰਿਪਤੀ ਅਤੇ ਰੂਹਾਨੀ ਹੁਲਾਰ ਵੀ ਦਿੱਤਾ ।

ਰਾਤ ਪੈਣ ਤੱਕ ਅਸੀ ਕਿਓਟੋ ਦੇ ਬਜਾਰਾਂ ਵਿੱਚ ਘੁੰਮਦੇ ਰਹੇ । ਡਿਨਰ ਤੋਂ ਬਾਅਦ ਮੈ ਕਿਓਟੋ ਯੂਨੀਵਰਸਿਟੀ ਦੀ ਸੈਰ ਵਾਸਤੇ ਨਿਕਲ ਪਿਆ । ਸਾਰੇ ਵਿਭਾਗਾਂ ਵਿੱਚ ਖੋਜ ਦਾ ਕੰਮ ਚਲ ਰਿਹਾ ਸੀ । ਮੈ ਹੈਰਾਨ ਸਾਂ ਕਿ ਜਪਾਨੀ ਵਿਦਿਆਰਥੀ ਕਿੰਨੇ ਮਿਹਨਤੀ ਹਨ। ਪ੍ਰੋ ਨਿ ਿਮੂਰਾ ਨੇ ਦੱਸਿਆ ਕਿ ਖੋਜ ਵਿਦਿਆਰਥੀ ਆਮ ਤੌਰ ਤੇ ਅੱਧੀ ਰਾਤ ਤੱਕ ਪ੍ਰਯੋਗ ਾਲਾ ਵਿੱਚ ਕੰਮ ਕਰਦੇ ਹਨ ਅਤੇ ਹੁਣ ਯੂਨੀਵਰਸਿਟੀ ਨੇ ਪਾਬੰਦੀ ਲਗਾ ਦਿੱਤੀ ਹੈ ਕਿ ਉਹ ਦੇਰ ਰਾਤ ਤੱਕ ਕੰਮ ਨਹੀਂ ਕਰਨਗੇ । ਮੈ ਕਿਹਾ ਇਹ ਤਾਂ ਸਾਡੇ ਦੇ  ਦੇ ਉਲਟ ਰਿਵਾਜ ਹੈ । ਜਪਾਨ ਖੋਜ ਵਿੱਚ ਯੂਰਪ ਦਾ ਮੁਕਾਬਲਾ ਕਰ ਰਿਹਾ ਹੈ ਅਤੇ ਅਮਰੀਕਾ ਵਾਲੇ ਵੀ ਜਪਾਨੀ ਟੈਕਨਾਲੋਜੀ ਤੋਂ ਤਰਹਿੰਦੇ ਹਨ । ਕਿਓਟੋ ਯੂਨੀਵਰਸਿਟੀ ਦੇ ਕਈ ਪ੍ਰੋਫੈਸਰ ਨੋਬਲ ਪੁਰਸਕਾਰ ਹਾਸਲ ਕਰ ਚੁੱਕੇ ਹਨ ।

ਐਤਵਾਰ ਸਵੇਰੇ ਪ੍ਰੋ ਨਿ ਿਮੂਰਾ ਮੇਰੇ ਨਾਲ ਕਿਓਟੋ ਦੇ ਇਤਿਹਾਸਕ ਮੰਦਰਾਂ ਅਤੇ ਮਹੱਲਾਂ ਦੇ ਦੌਰੇ ਤੇ ਚੱਲ ਪਿਆ । ਪਹਿਲਾਂ ਅਸੀ ਬੋਧੀ ਮੰਦਰ ਨਾਨ ੈਨਜੀ ਦੇ ਦਰ ਨ ਕੀਤੇ ਅਤੇ ਬੁੱਧ ਦੀ ਮੂਰਤੀ ਅੱਗੇ ਧੂਪ ਸੁਲਗਾਈ । ਇਥੇ ਇਕ ਫਿਲਮ ਦੀ  ੂਟਿੰਗ ਚੱਲ ਰਹੀ ਸੀ ਜਿਸ ਵਿੱਚ ਤਲਵਾਰਾਂ ਅਤੇ ਢਾਲਾਂ ਦੀ ਵਰਤੋਂ ਕਰ ਰਹੇ ਸਨ । ਮੈਨੂੰ ਯਾਦ ਆ ਗਿਆ ਕਿ ਜਪਾਨੀ ਯੋਧੇ ਵੀ ਤਲਵਾਰ ਦੇ ਧਨੀ ਹੋਇਆ ਕਰਦੇ ਸਨ । ਉਨ੍ਹਾਂ ਦਾ ਲਿਬਾਸ ਵੀ ਖਾਲਸੇ ਵਾਂਗ ਸੀ ਅਤੇ ਸਿਰ ਤੇ ਜੂੜਾ ਕਰਦੇ ਸਨ । ਕਿਓਟੋ ਦਾ ਿੰਟੋ ਟੈਂਪਲ ਵੀ ਵੇਖਿਆ । ਬੋਧੀ

ਮੰਦਰਾਂ ਵਿੱਚ ਭਗਵਾਨ ਬੁੱਧ ਦੀ ਮੂਰਤੀ ਹੁੰਦੀ ਹੈ ਪਰੰਤੂ ਿੰਟੋ ਮੰਦਰਾਂ ਵਿੱਚ ਕੋਈ ਮੂਰਤੀ ਨਹੀਂ ਰੱਖੀ ਜਾਂਦੀ । ਨਿਰਾਕਾਰ ਬ੍ਰਹਮ ਦੀ ਪੂਜਾ ਹੁੰਦੀ ਹੈ । ਮੰਦਰ ਦੇ ਬਾਹਰ ਇਕ ਦਰਖਤ ਨਾਲ ਕੁਝ ਪਰਚੀਆਂ ਲਟਕ ਰਹੀਆਂ ਸਨ ।  ਰਧਾਲੂ ਆਪਣੀ ਕਿਸਮਤ ਅਜਮਾਣ ਲਈ ਪਰਚੀ ਚੁਣ ਲੈਂਦੇ ਹਨ ਅਤੇ ਮੰਦਰ ਅੰਦਰ ਜਾ ਕੇ ਮੰਨਤਾਂ ਵੀ ਮੰਨਦੇ ਹਨ । ਿੰਟੋ ਮੰਦਰ ਬੜੇ ਸਾਫ ਸੁਥਰੇ ਅਤੇ ਸਾਡੇ ਹਿੰਦੂ ਮੰਦਰਾਂ ਤੋਂ ਬਿਲਕੁਲ ਨਿਆਰੇ ਜਾਪਦੇ ਹਨ । ਮੰਦਰ ਦੇ ਅਹਾਤੇ ਵਿੱਚ ਇਕ ਸੁੰਦਰ ਬਗੀਚਾ ਸੀ ਜਿਸ ਵਿੱਚ ਇਕ ਤਲਾ ਅੰਦਰ ਰੰਗ ਬਰੰਗੀਆਂ ਮੱਛੀਆਂ ਪਾਲੀਆਂ ਹੋਈਆਂ ਸਨ । ਮੰਦਰਾਂ ਦੀ ਯਾਤਰਾ ਤੋਂ ਬਾਅਦ ਅਸੀਂ ਕਿਓਟੋ ਦੇ ਅਜਾਇਬ ਘਰ ਵਿੱਚ ਗਏ ਜਿਥੇ ਜਪਾਨ ਦੇ ਇਤਿਹਾਸ ਦੀ ਝਲਕ ਦਿਖਾਈ ਦਿੰਦੀ ਹੈ । ਜਪਾਨ ਦੇ ਲੋਕ ਵੀ ਚੀਨੀਆਂ ਵਾਂਗ ਗਰੀਬ ਹੋਇਆ ਕਰਦੇ ਸਨ । ਉਨੀਵੀਂ ਸਦੀ ਦੇ ਅਖੀਰ ਵਿੱਚ ਮੇ ੀ ਬਾਦ ਾਹ ਨੇ ਜਪਾਨ ਦੀ ਕਾਇਆ ਕਲਪ ਕਰ ਦਿਤੀ ਅਤੇ ਹੁਣ ਜਪਾਨ ਦੁਨੀਆਂ ਦਾ ਮੋਹਰੀ ਦੇਸ ਹੋ ਨਿਬੜਿਆ ਹੈ ।

ਸੋਮਵਾਰ 12 ਸਤੰਬਰ ਨੂੰ ਅਸੀਂ ਨਾਰਾ ਦੇ ਬੋਧੀ  ਹਿਰ ਦਾ ਦੌਰਾ ਕੀਤਾ । ਇਕ ਪਹਾੜੀ ਉਪਰ ਪੁਰਾਣੇ ਬੋਧੀ ਮੰਦਰਾਂ ਦੀ ਯਾਤਰਾ ਕੀਤੀ । ਦੁਨੀਆਂ ਦਾ ਸਭ ਤੋਂ ਉਚਾ ਬੁੱਧ ਦਾ ਤਾਂਬੇ ਦਾ ਬੁੱਤ ਇਸ ਮੰਦਰ ਵਿੱਚ ਹੀ ਹੈ । ਨਾਰਾ ਦੇ ਅਜਾਇਬ ਘਰ ਵਿੱਚ ਕਈ ਪੁਰਾਤਨ ਵਸਤਾਂ ਹਨ ਜਿਨ੍ਹਾਂ ਤੋਂ ਜਪਾਨ ਦੀ ਪੁਰਾਤਨ ਸਭਿਅਤਾ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ । ਇਸ ਮੰਦਰ ਅਤੇ  ਹਿਰ ਵਿੱਚ ਹਿਰਨ ਆਮ ਖੁਲ੍ਹੇ ਘੁੰਮਦੇ ਫਿਰਦੇ ਹਨ । ਜਪਾਨੀ ਰਵਾਇਤ ਅਨੁਸਾਰ ਹਿਰਨ ਮਹਾਤਮਾ ਬੁੱਧ ਦੇ ਪਿਆਰ ਦੇ ਪਾਤਰ ਹਨ ਅਤੇ ਇਨ੍ਹਾਂ ਨੂੰ ਮਾਰਨ ਦੀ ਸਖਤ ਮਨਾਹੀ ਹੈ । ਬੋਧੀ ਭਿਕ ੂਆਂ ਦੀ ਸਿਖਿਆ ਲਈ ਨਾਰਾ ਅਤੇ ਕਿਓਟੋ ਦੇ ਬੋਧੀ ਮੰਦਰਾਂ ਵਿੱਚ ਯੋਗ ਪ੍ਰਬੰਧ ਹੈ । ਵਿਆਹ  ਾਦੀ ਦੀਆਂ ਰਸਮਾਂ ਬੋਧੀ ਅਤੇ ਿੰਟੋ ਮੰਦਰਾਂ ਵਿੱਚ ਵੱਖ ਵੱਖ ਤਰ੍ਹਾਂ ਹੁੰਦੀਆਂ ਹਨ ਪਰੰਤੂ ਲਾੜੇ ਤੇ ਲਾੜੀ ਦਾ ਲਿਬਾਸ ਇਕੋ ਜੇਹਾ ਹੀ ਹੁੰਦਾ ਹੈ ।  ਾਮ ਨੂੰ ਨਾਰਾ ਦੀ ਯਾਤਰਾ ਪੂਰੀ ਕਰਕੇ ਅਸੀਂ ਕਿਓਟੋ ਪਰਤ ਆਏ ਅਤੇ ਰਾਤ ਨੂੰ ਮੈ ਆਪਣੇ ਮਿਹਰਬਾਨ ਦੋਸਤ ਨੂੰ ਅਲਵਿਦਾ ਕਹਿ ਕੇ ਟੋਕੀਓ ਵੱਲ ਰਵਾਨਾ ਹੋ ਪਿਆ ।

ਟੋਕੀਓ ਵਿੱਚ ਮੇਰੀ ਕੋਈ ਵਾਕਫੀਅਤ ਨਹੀਂ ਸੀ ਪਰੰਤੂ ਜਦੋਂ ਮੈ ਕਿਓਟੋ ਤੋਂ ਆਪਣੇਘਰ ਫੋਨ ਕੀਤਾ ਤਾਂ ਉਨ੍ਹਾਂ ਨੇ ਇਕ ਜਪਾਨੀ ਮੁਟਿਆਰ ਦਾ ਪਤਾ ਦਿੱਤਾ ਜੋ ਮੇਰੇ ਇਕ ਸੁਹਿਰਦ ਦੋਸਤ ਦੀ ਵਾਕਫਕਾਰ ਸੀ । ਕੁਦਰਤ ਵਲੋਂ ਢੋਅ ਢੁੱਕਣਾ ਸੀ ਇਸ ਬੀਬੀ ਨੇ ਮੇਰੇ ਹੋਟਲ ਦੀ ਬੁਕਿੰਗ ਸਸਤੇ ਰੇਟ ਤੇ ਕਰਵਾ ਦਿੱਤੀ ਅਤੇ ਟੋਕੀਓ ਵਿੱਚ ਮੇਰੀ ਗਾਈਡ ਬਨਣਾ ਵੀ ਸਵੀਕਾਰ ਕੀਤਾ । ਕਿਓਟੋ ਤੋਂ ਰਾਤ ਭਰ ਦਾ ਸਫਰ ਕਰਕੇ ਮੈ ਤੜਕਸਾਰ ਟੋਕੀਓ ਪਹੁੰਚ ਗਿਆ । ਜਪਾਨੀ ਬੱਸਾਂ ਵਿੱਚ ਸਫਰ ਕਰਨ ਦਾ ਪਹਿਲਾ ਮੌਕਾ ਸੀ । ਸੀਟ ਇੰਨੀ ਖੁੱਲ੍ਹ ਜਾਂਦੀ ਹੈ ਕਿ ਮੁਸਾਫਿਰ ਆਰਾਮ ਨਾਲ ਲੱਤਾਂ ਪਸਾਰ ਕੇ ਸੌਂ ਸਕਦਾ ਹੈ । ਮੇਰੇ ਕੋਲ ਟੋਕੀਓ ਦੀ ਮੈਟਰੋ ਦਾ ਨਕ ਾ ਸੀ, ਸੋ ਮੈ ਅਰਾਮ ਨਾਲ ਆਪਣੇ ਹੋਟਲ  ਚ ਪਹੁੰਚ ਗਿਆ । ਹੋਟਲ ਵਾਲੇ ਨੇ ਦੱਸਿਆ ਕਿ ਮੇਰਾ ਕਮਰਾ ਤਾਂ ਬੁੱਕ ਹੋ ਚੁੱਕਾ ਹੈ ਪਰੰਤੂ ਜਪਾਨ ਵਿੱਚ ਹੋਟਲ ਦਾ ਕਮਰਾ  ਾਮ ਦੇ ਚਾਰ ਵਜੇ ਤੋਂ ਪਹਿਲਾਂ ਨਹੀਂ ਮਿਲਦਾ । ਉਨ੍ਹਾਂ ਨੇ ਮੇਰਾ ਸਮਾਨ ਜਮਾਂ ਕਰ ਲਿਆ । ਜਦੋਂ ਮੈ ਇ ਨਾਨ ਕਰਨ ਲਈ ਗਿਆ ਤਾਂ ਕੀ ਵੇਖਦਾ ਹਾਂ ਕਿ ਸਾਰੇ ਨੰਗ ਧੜੰਗੇ ਜਪਾਨੀ ਬਾਹਰ ਹੀ ਨਹਾ ਰਹੇ ਹਨ । ਕੋਈ ਕਿਸੇ ਤੋਂ  ਰਮ ਮਹਿਸੂਸ ਨਹੀਂ ਕਰਦਾ । ਮੈ ਤਾਂ ਬੰਦ ਗੁਸਲਖਾਨੇ ਵਿੱਚ ਇ ਨਾਨ ਕੀਤਾ । ਰੂਸ ਵਾਂਗ ਇਥੇ ਵੀ ਹੋਟਲਾਂ ਵਿੱਚ ਕਾਮਨ ਬਾਥਰੂਮ ਹਨ ਜਿਸ ਵਿੱਚ  ਆਦਮ ਅਤੇ ਹਵਾ  ਵਾਂਗ ਮਰਦ ਅਤੇ ਔਰਤਾਂ ਬਗੈਰ ਕਿਸੇ ਲਿਬਾਸ ਤੋਂ ਹੀ ਵਿਚਰਦੇ ਹਨ । ਅੱਠ ਵਜੇ ਦੇ ਕਰੀਬ ਜਪਾਨੀ ਮੁਟਿਆਰ ਮਾਯੂਮੀ ਇ ੀ ਵੀ ਆ ਹਾ ਰ ਹੋਈ । ਅਸੀਂ ਨਾ ਤਾ ਕਰਕੇ ਟੋਕੀਓ ਦੀ ਸੈਰ ਤੇ ਨਿਕਲ ਪਏ ।

ਮਾਯੂਮੀ ਇਕ ਡਾਕਟਰ ਦੀ ਲੜਕੀ ਹੈ ਅਤੇ ਇੰਗਲੈਂਡ ਵਿੱਚ ਅੰਗਰੇ ੀ ਭਾ ਾ ਦਾ ਕੋਰਸ ਕਰਕੇ ਆਈ ਹੈ । ਸੋ ਮੇਰੇ ਲਈ ਉਹ ਇਕ ਚੰਗੀ ਗਾਈਡ ਸਿੱਧ ਹੋਈ ਵਰਨਾ ਜਪਾਨ ਵਿੱਚ ਅੰਗਰੇ ੀ ਬੋਲਣ ਵਾਲਾ ਕੋਈ ਵਿਰਲਾ ਟਾਵਾਂ ਹੀ ਲੱਭਦਾ ਹੈ । ਯੂਨੀਵਰਸਿਟੀ ਪੱਧਰ ਤੱਕ ਦੀ ਪੜ੍ਹਾਈ ਦਾ ਮਾਧਿਅਮ ਜਪਾਨੀ ਭਾ ਾ ਹੈ । ਵੈਸੇ ਸਾਇੰਸ ਦੇ ਵਿਦਿਆਰਥੀ ਅੰਗਰੇ ੀ ਭਾ ਾ ਵੀ ਪੜ੍ਹਦੇ ਹਨ ਪਰੰਤੂ ਖੋਜ ਦਾ ਸਾਰਾ ਕੰਮ ਜਪਾਨੀ ਖੋਜ ਰਸਾਲਿਆਂ ਵਿੱਚ ਹੀ ਛਪਦਾ ਹੈ । ਪਹਿਲਾਂ ਅਸੀਂ ਇਕ ਬੋਧੀ ਮੰਦਰ ਵੇਖਿਆ ਅਤੇ ਫਿਰ ਟੋਕੀਓ ਦੇ ਟਾਵਰ ਉਪਰ ਚੜ੍ਹ ਕੇ ਸਾਰੇ  ਹਿਰ ਦਾ ਨ ਾਰਾ ਤੱਕਿਆ । ਦੁਪਹਿਰ ਹੋਣ ਤੱਕ ਅਸੀਂ ਜਪਾਨ ਦੇ  ਾਹੀ ਮਹੱਲ ਕੋਲ ਪਹੁੰਚ ਗਏ । ਬਥੇਰੀ ਕੋ ਿ  ਕੀਤੀ ਪਰੰਤੂ ਸਾਨੂੰ ਮਹੱਲ ਅੰਦਰ ਜਾਣ ਦੀ ਆਗਿਆ ਨਾ ਮਿਲੀ । ਸੋ ਅਸੀਂ ਮਹੱਲ ਦੇ ਬਾਹਰ ਹੀ ਗੇੜਾ ਲਾ ਕੇ ਮੁੜ ਆਏ ।

ਅਗਲੀ ਸਵੇਰ ਮੇਰਾ ਟੋਕੀਓ ਯੂਨੀਵਰਸਿਟੀ ਵੇਖਣ ਦਾ ਪ੍ਰੋਗਰਾਮ ਸੀ । ਮੈ ਫੋਨ ਕਰਕੇ ਪ੍ਰੋ. ਹੀਰੋ ੀ ਵਾਕੀਟਾ ਨੂੰ ਦੱਸਿਆ ਕਿ ਉਹ ਮੇਰਾ ਇੰਤਜਾਰ ਕਰਨ । ਪ੍ਰੋ. ਵਾਕੀਟਾ ਭੁਚਾਲਾਂ ਸਬੰਧੀ ਖੋਜ ਦੇ ਮਾਹਿਰ ਹਨ ਅਤੇ ਫਰਵਰੀ 1995 ਵਿੱਚ ਸਾਡੀ ਯੂਨੀਵਰਸਿਟੀ ਵਿੱਚ ਆ ਰਹੇ ਸਨ । ਮੈਟਰੋ ਗੱਡੀ ਰਾਹੀ ਮੈ ਯੂਨੀਵਰਸਿਟੀ ਦੇ ਸਟੇ ਨ ਹੋਗੋ ਪਹੁੰਚ ਗਿਆ । ਇਹ ਉਹ ਮੁਹੱਲਾ ਸੀ ਜਿਥੇ ਪ੍ਰੋ. ਪੂਰਨ ਸਿੰਘ ਆਪਣੀ

ਟੋਕੀਓ ਦੀ ਪੜ੍ਹਾਈ ਦੌਰਾਨ ਰਹਾਇ  ਕੀਤੀ ਸੀ । ਯੂਨੀਵਰਸਿਟੀ ਪਹੁੰਚ ਕੇ ਮੈ ਪ੍ਰੋ ਵਾਕੀਟਾ ਨਾਲ ਭੁਚਾਲਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਅਤੇ ਪ੍ਰੋ ਪੂਰਨ ਸਿੰਘ ਬਾਰੇ ਕੁਝ ਦਸਤਾਵੇਜ ਪ੍ਰਾਪਤ ਕਰਨ ਦੀ ਇੱਛਾ ਪ੍ਰਗਟ ਕੀਤੀ । ਉਨ੍ਹਾਂ ਨੇ ਫਾਰਮੇਸੀ ਵਿਭਾਗ ਤੋ ਜਾਣਕਾਰੀ ਮੰਗੀ ਤਾਂ ਪਤਾ ਲੱਗਾ ਕਿ 1900 ਈ: ਦਾ ਰੀਕਾਰਡ ਨਹੀਂ ਮਿਲ ਰਿਹਾ । ਪ੍ਰੋ ਪੂਰਨ ਸਿੰਘ ਡਿਪਲੋਮਾ ਕਰਨ ਗਏ ਸਨ, ਯੂਨੀਵਰਸਿਟੀ ਪਾਸ ਕੇਵਲ ਪੀ਼ ਐਚ਼ ਡੀ਼ ਦੇ ਵਿਦਿਆਰਥੀਆਂ ਦਾ ਹੀ ਮੁੰਕਮਲ ਰੀਕਾਰਡ ਮਿਲ ਸਕਦਾ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇੰ ਕਾਫ ਕੀਤਾ ਕਿ ਦੂਸਰੇ ਵਿ ਵ ਯੁੱਧ ਵਿਚ ਟੋਕੀਓ ਦੀ ਕਾਫੀ ਤਬਾਹੀ ਹੋ ਗਈ ਸੀ ਅਤੇ ਉਹ ਮਕਾਨ ਜਿਸ ਵਿਚ ਭਾਰਤੀ ਵਿਦਿਆਰਥੀ ਰਿਹਾ ਕਰਦੇ ਸਨ,ਵੀ ਮਲੀਆਮੇਟ ਹੋ ਚੁੱਕਾ ਹੈ । ਸੋ ਮੈਨੂੰ ਕਾਫੀ ਨਿਰਾਸਤਾ ਹੋਈ ਕਿ ਮੇਰੀ ਯਾਤਰਾ ਦਾ ਇਕ ਮੁੱਖ ਮਕਸਦ ਤਾਂ ਅਧੂਰਾ ਹੀ ਰਹਿ ਗਿਆ  । ਦੁਪਹਿਰ ਸਮੇ ਅਸੀ ਯੂਨੀਵਰਸਿਟੀ ਨਾਲ ਲਗਦੇ ਇਕ ਰੈਸਤੋਰਾਂ ਵਿਚ ਭੋਜਨ ਕੀਤਾ ਜੋ ਮੇਰੇ ਲਈ ਉਚੇਚੇ ਤੌਰ ਤੇ ਤਿਆਰ ਕਰਵਾਇਆ ਗਿਆ।

ਪ੍ਰੋਵਾਕੀਟਾ ਨੇ ਮੈਨੂੰ ਟੈਕਸੀ ਕਰ ਦਿੱਤੀ ਅਤੇ ਦੋ ਘੰਟੇ ਵਿਚ ਟੋਕੀਓ ਦੇ ਇਕ ਮ ਹੂਰ ਊਨੋ ਪਾਰਕ, ਕੁਝ ਬੋਧੀ ਮੰਦਰ ਅਤੇ ਦਰਿਆ ਸੂਮੀਦਾ ਦੇ ਕਿਨਾਰੇ ਸੈਰ ਕਰ ਆਇਆ । ਵਿਦਾਈ ਸਮੇ ਉਨ੍ਹਾਂ ਕੁਝ ਰਕਮ ਵੀ ਭੇਟ ਕੀਤੀ ਜੋ ਮੇਰੇ ਲੈਕਚਰ ਦਾ ਇਵ ਾਨਾ ਸੀ ।  ਾਮ ਨੂੰ ਮਾਯੂਮੀ ਇ ੀ ਨੇ ਇਕ ਜਪਾਨੀ ਥੀਏਟਰ ੋਅ ਵੇਖਣ ਦਾ ਪ੍ਰੋਗਰਾਮ ਉਲੀਕਿਆ ਸੀ । ਸੋ ਮੈ ਯੂਨੀਵਰਸਿਟੀ ਤੋ ਵੇਲੇ ਸਿਰ ਪਰਤ ਆਇਆ। ਡਿਨਰ ਤੋ ਬਾਅਦ ਅਸੀ ਟੋਕੀਓ ਦੇ ਮ ਹੂਰ ਥੀਏਟਰ ਵਿੱਚ  ਕਾਬੂਕੀ  ਵੇਖਣ ਚਲੇ ਗਏ । ਇਹ ਕੁਝ ਕੁ ਸਾਡੀ ਰਾਮਲੀਲਾ ਜਾਂ ਰਾਸ ਨਾਲ ਮੇਲ ਖਾਂਦਾ ਹੈ । ਇਕ ਬਾਦ ਾਹ ਦੀ ਰਾਣੀ ਨੂੰ ਕੋਈ ਉਧਾਲ ਕੇ ਲੈ ਜਾਂਦਾ ਹੈ, ਫਿਰ ਜੰਗ ਹੁੰਦੀ ਹੈ ਅਤੇ ਰਾਣੀ ਨੂੰ ਵਾਪਸ ਲਿਆਂਦਾ ਗਿਆ । ਕਾਬੂਕੀ ਵਿੱਚ ਨਾਚ ਗਾਣਾ ਵੀ  ਾਮਲ ਹੁੰਦਾ ਹੈ । ਇਹ ਜਪਾਨ ਦੀ ਫੋਕ ਕਲਚਰ ਦਾ ਵਧੀਆ ਨਮੂਨਾ ਸੀ । ਮਾਯੂਮੀ ਇ ੀ ਨੇ ਮੈਨੂੰ ਕਹਾਣੀ ਅੰਗਰੇ ੀ ਵਿੱਚ ਸਮਝਾ ਦਿੱਤੀ ਸੀ ਵਰਨਾ ਜਪਾਨੀ ਭਾ ਾ ਵਿੱਚ ਇਸਦੀ ਕੋਈ ਸਮਝ ਨਹੀਂ ਸੀ ਆਉਣੀ ।

ਟੋਕੀਓ ਵਿੱਚ ਇਹ ਮੇਰੀ ਅਖੀਰੀ ਰਾਤ ਸੀ । ਮੈ ਮਾਯੂਮੀ ਦਾ ਤਹਿਦਿਲੋਂ _ਕਰੀਆ ਅਦਾ ਕੀਤਾ ਜਿਸ ਨੇ ਇਕ ਅਜਨਬੀ ਖਾਤਰ ਆਪਣੇ ਦੋ ਦਿਨ ਭੇਟਾ ਕੀਤੇ ਅਤੇ ਚੰਗੇ ਗਾਈਡ ਦਾ ਕੰਮ ਵੀ ਕੀਤਾ । ਬਗੈਰ ਕਿਸੇ ਸਾਥ ਦੇ ਵਿਦੇ  ਵਿੱਚ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਦਾ ਹੈ ਖਾਸ ਕਰਕੇ ਜਦੋ ਬੋਲੀ ਦੀ ਸਮੱਸਿਆ ਹੋਵੇ । ਉਹ ਮੈਨੂੰ ਹੋਟਲ ਤੱਕ ਛੱਡਣ ਆਈ ਅਤੇ ਇਕ ਗਾਈਡ ਬੁੱਕ ਦੇ ਗਈ ਤਾਂ ਕਿ ਜਦੋ ਕੋਈ ਜਪਾਨ ਵੱਲ ਆਵੇ ਤਾਂ ਮੈ ਉਸਦੀ ਮੱਦਦ ਕਰ ਸਕਾਂ ।

ਅਗਲੀ ਸਵੇਰ ਮੈ ਹੋਟਲ ਤੋ ਰਵਾਨਗੀ ਲਈ ਅਤੇ ਮੈਟਰੋ ਗੱਡੀ ਤੇ ਸਵਾਰ ਹੋ ਕੇ ਏਅਰਪੋਰਟ ਤੇ ਪਹੁੰਚ ਗਿਆ । ਗੱਡੀ ਚੜ੍ਹਨ ਲੱਗਿਆਂ ਮੈ ਕਾਹਲੀ ਵਿੱਚ ਟਿਕਟ ਖਰੀਦ ਨਾ ਸਕਿਆ ਅਤੇ ਸੋਚ ਰਿਹਾ ਸਾਂ ਕਿ ਭਾਰੀ ਜੁਰਮਾਨਾ ਹੋਵੇਗਾ । ਏਅਰਪੋਰਟ ਸਟੇ ਨ ਤੇ ਮੈ ਪੁੱਛਿਆ ਤਾਂ ਕਨਡੱਕਟਰ ਕਹਿਣ ਲੱਗਾ ਕੋਈ ਗੱਲ ਨਹੀ ਟਿਕਟ ਦੀ ਕੀਮਤ ਅਦਾ ਕਰ ਦਿਉ । ਜਪਾਨ ਦੀ ਯਾਤਰਾ ਨੇ ਮੇਰਾ ਜਪਾਨੀ ਲੋਕਾਂ ਪ੍ਰਤੀ ਵਤੀਰਾ ਬਦਲ ਕੇ ਰੱਖ ਦਿੱਤਾ । ਜਪਾਨੀ ਹੁਣ ਪੂਰੀ ਤਰ੍ਹਾਂ ਪੱਛਮੀ ਸਭਿਆਚਾਰ ਦੀ ਲਪੇਟ ਵਿੱਚ ਆ ਚੁੱਕੇ ਹਨ । ਉਨ੍ਹਾਂ ਨੇ ਵਿਗਿਆਨ ਅਤੇ ਟੈਕਨਾਲੋ ੀ ਦੇ ਬਲਬੋਤੇ ਸਾਰੇ ਵਿ ਵ ਨੂੰ ਫਾਡੀ ਕਰ ਦਿੱਤਾ ਹੈ ਅਤੇ ਇਸਦੇ ਇਵ  ਵਿੱਚ ਆਪਣੀ ਪੂਰਬੀ ਕਲਚਰ ਵੀ ਖਤਮ ਕਰ ਲਈ ਹੈ । ਫਿਰ ਵੀ ਮਿਸ ਮਾਯੂਮੀ ਇ ੀ, ਪ੍ਰੋ ਨਿ ਿਮੂਰਾ ਅਤੇ ਪ੍ਰੋ ਵਾਕੀਟਾ ਵਰਗੇ ਸੱਜਣ ਮੇਰੀ  ਰਧਾ ਦੇ ਪਾਤਰ  ਬਣੇ । ਦਰਅਸਲ, ਉਹ ਜਪਾਨ ਜਿਸਦੇ ਸੋਹਲੇ ਪ੍ਰੋਫੈਸਰ ਪੂਰਨ ਸਿੰਘ ਨੇ ਗਾਏ ਸਨ, ਹੁਣ ਸਮੇ ਦੀ ਧੂੜ ਵਿੱਚ ਅਲੋਪ ਹੋ ਚੁੱਕਾ ਹੈ । ਫਿਰ ਵੀ ਮੈ ਜਪਾਨੀ ਲੋਕਾਂ ਦੇ ਸੁਹਜ ਅਤੇ ਸੁੰਦਰਤਾ ਦਾ ਜੋ ਨਮੂਨਾ ਵੇਖਿਆ, ਉਹ ਮੇਰੀ ਯਾਦ ਨੂੰ ਹਮੇ ਾਂ ਟੁੰਬਦਾ ਰਹੇਗਾ ।

# ਇਰਾਨ ਦੀ ਯਾਤਰਾ ਅਤੇ ਕੂਵੈਤ ਦੀ ਇਕ ਝਾਕੀ

---

ਨਵੰਬਰ 1990 ਵਿਚ ਜਦੋ ਮੈਨੂੰ ਇਕ ਅੰਤਰ-ਰਾ ਟਰੀ ਕਾਨਫਰੰਸ ਵਿਚ ਾਮਲ ਹੋਣ ਦਾ ਸੱਦਾ ਪੱਤਰ ਆਇਆ ਅਤੇ ਇਰਾਨ ਵਾਲਿਆਂ ਨੇ ਹਵਾਈ ਜਹਾਜ ਦੀ ਟਿਕਟ ਵੀ ਭੇਜ ਦਿਤੀ ਤਾਂ ਮੈ ਸਮੇ ਦੀ ਥੁੜ ਅਤੇ ਸਿਹਤ ਦੀ ਰਾਬੀ ਕਾਰਨ ਇਸ ਪੇ ਕ ਦਾ ਫਾਇਦਾ ਨਾ ਉਠਾ ਸਕਿਆ । ਮੇਰੀ ਇਹ ਨਿਰੰਤਰ ਰੀਝ ਬਣੀ ਰਹੀ ਕਿ ਮੈ ਇਰਾਨ ਦੀ ਯਾਤਰਾ ਵੀ ਕਰਾਂ ।

ਇਟਲੀ ਦੀ ਤੀਸਰੀ ਦੁਨੀਆਂ ਵਿਗਿਆਨ ਅਕੈਡਮੀ ਨੇ 1993 ਵਿਚ ਮੈਨੂੰ ਇਕ ਫੈਲੋਂ ਪ ਪ੍ਰਦਾਨ ਕਰ ਦਿਤੀ ਜਿਸ ਵਿਚ ਸਫਰ ਦਾ ਖਰਚਾ ਅਕੈਡਮੀ ਵਲੋ ਕੀਤਾ ਜਾਣਾ ਸੀ । ਜਦੋ ਸਫਰ ਦੀ ਤਿਆਰੀ ਪੂਰੀ ਹੋ ਗਈ ਤਾਂ ਇਰਾਨ ਦਾ ਵੀ ਾ ਮਿਲਣਾ ਮੁ ਕਲ ਹੋ ਗਿਆ । ਤਿੰਨ ਮਹੀਨੇ ਦੀ ਭਕਾਈ ਪਿੱਛੋ ਜਾ ਕੇ ਵੀ ਾ ਮਿਲਿਆ। ਇਰਾਨੀ ਸਿਫਾਰਤਖਾਨੇ ਵਾਲੇ ਕਹਿਣ ਲਗੇ ਕਿ ਤੁਹਾਡੀ ਐਬੈਸੀ ਈਰਾਨੀਆਂ ਨੂੰ ਵੀ ਾ ਦੇਣ ਲਗਿਆ ਨਾਜਾਇ ਤੰਗ ਕਰਦੀ ਹੈ, ਸੋ ਅਸੀ ਤੈਨੂੰ ਵੀ ਾ ਦੇਣ ਲਗਿਆਂ ਤੰਗ ਕਰ ਰਹੇ ਹਾਂ । ਮੈ ਉਨ੍ਹਾਂ ਦੀ ਗੱਲ ਸਮਝ ਗਿਆ ਅਤੇ ਬਹਿਸ ਵਿਚ ਪੈਣਾ ਠੀਕ ਨਾ ਸਮਝਿਆ। ਵਾਕਿਆ ਹੀ ਉਹ ਅਜੀਬ ਤਰ੍ਹਾਂ ਦੇ ਲੋਕ ਹਨ। ਦ ਤਰ ਵਿਚ ਬੈਠਾ ਆਦਮੀ ਤਸਬੀ ਫੇਰ ਰਿਹਾ ਸੀ ਅਤੇ ਮੈਨੂੰ ਦੋ ਚਾਰ ਸਵਾਲ ਪੁੱਛ ਕੇ ਕਹਿਣ ਲਗਾ ਕਿ ਹੁਣ ਤੈਨੂੰ ਵੀ ਾ ਮਿਲ ਜਾਵੇਗਾ । ਸੋ ਮੇਰੀ 30 ਅਪਰੈਲ ਦੀ ਉਡਾਨ ਤਾਂ ਰੱਦ ਹੋ ਗਈ ਪ੍ਰੰਤੂ ਵੀ ਾ ਹਾਸਲ ਕਰਕੇ ਮੈ 7 ਮਈ ਨੂੰ ਕੂਵੈਤ ਏਅਰ ਲਾਈਨ ਦੇ ਜਹਾਜ ਤੇ ਸਵਾਰ ਹੋ ਕੇ ਤੈਹਰਾਨ ਪਹੁੰਚ ਗਿਆ । ਘਰੋ ਤੁਰਨ ਲਗਿਆਂ ਮੈ ਯਾਤਰਾ ਦੀ ਪੂਰੀ ਰਸਦ ਨਾਲ ਲੈ ਕੇ ਚਲਿਆ ਸਾਂ । ਵਿਦੇ ਯਾਤਰਾ ਦਾ ਭੂਤ ਮੇਰੇ ਸਿਰ ਤੇ ਹਮੇ ਾਂ ਵਾਂਗ ਸਵਾਰ ਰਹਿੰਦਾ ਹੈ । ਭਾਂਤ-ਭਾਂਤ ਦੇ ਮੁਲਕਾਂ ਵਿਚ ਭਾਂਤ-ਭਾਂਤ ਦੀਆਂ ਸਮੱਸਿਆਵਾਂ ਨਜਿੱਠਣੀਆਂ ਪੈਦੀਆਂ ਹਨ । ਯਾਤਰਾ ਦੀ ਤਿਆਰੀ ਮੌਸਮ ਅਤੇ ਜਲਵਾਯੂ ਉਪਰ ਨਿਰਭਰ ਕਰਦੀ ਹੈ । ਮੇਰੀ ਇਕ ਸੱਮਸਿਆ ਾਕਾਹਾਰੀ ਭੋਜਨ ਦੀ ਵੀ ਹੁੰਦੀ ਹੈ । ਇਰਾਨ ਵਿਚ ਕਈ ੋਨ ਕੀਤੇ ਤਾਂ ਕਿ ਪੂਰੀ ਜਾਣਕਾਰੀ ਮਿਲ ਸਕੇ । ਐਬੈਸੀ ਵਾਲਿਆਂ ਦਾ ਵਤੀਰਾ ਤਾਂ ਰੁੱਖਾ ਸੀ ਅਤੇ ਕੋਰਾ ਜਵਾਬ ਹੀ ਮਿਲਿਆ । ਇਰਾਨੀ ਵਿਦਿਆਰਥੀਆਂ ਤੋ ਪਤਾ ਲਗਾ ਕਿ ਅੱਜ ਕੱਲ ਤੈਹਰਾਨ ਵਿਚ ਬਹਾਰ ਦਾ ਮੌਸਮ ਹੈ ਅਤੇ ਗਰਮੀ ਦਿੱਲੀ ਦੇ ਮੁਕਾਬਲੇ ਘੱਟ ਹੈ । ਸੋ ਮੈ ਇਸ ਜਾਣਕਾਰੀ ਦੇ ਆਧਾਰ ਤੇ ਪੈਕਿੰਗ ਕਰ ਕੇ ਚਲਦਾ ਬਣਿਆ । ਇਸ ਦਫਾ ਮੇਰੀ ਘਰਵਾਲੀ ਖਾਸ ਮਿਹਰਬਾਨ ਸੀ । ਰਸਤੇ ਲਈ ਪਰੌਠੇ, ਕੇਕ, ਮੱਠੀਆਂ ਅਤੇ ਕਈ ਹੋਰ ਨਿਕਸੁਕ ਪੋਟਲੀਆਂ ਵਿਚ ਪੈਕ ਕਰਕੇ ਨਾਲ ਬੰਨ ਦਿੱਤਾ ।

7 ਮਈ ਨੂੰ ਸਵੇਰੇ 7 ਵਜੇ ਕੂਵੈਤੀ ਜਹਾਜ ਨੇ ਦਿੱਲੀ ਦੇ ਹਵਾਈ ਅੱਡੇ ਤੋ ਉਡਾਨ ਭਰੀ । ਏਅਰ ਇੰਡੀਆ ਦੇ ਮੁਕਾਬਲੇ ਜਹਾਜ ਦੀ ਸਫਾਈ ਅਤੇ ਸਟਾਫ ਦੇ ਸਲੀਕੇ ਦਾ ਮਿਆਰ ਕਾਫੀ ਵਧੀਆ ਜਾਪਿਆ । ਬਲਕਿ ਇਹ ਪਹਿਲੀ ਵਾਰ ਤਜਰਬਾ ਹੋਇਆ ਕਿ ਜਹਾਜ ਆਪਣੇ ਮਿਥੇ ਸਮੇ ਤੋ ਅੱਧਾ ਘੰਟਾ ਪਹਿਲਾਂ ਉਡਾਨ ਭਰ ਰਿਹਾ ਸੀ, ਵਰਨਾ ਆਮ ਤੌਰ ਤੇ ਉਡਾਨਾਂ ਅਕਸਰ ਦੇਰੀ ਨਾਲ ਹੁੰਦੀਆਂ ਹਨ । ਜੇਕਰ ਕਿਸੇ ਵੀ੍ ਆਈ੍ ਪੀ੍ ਨੇ ਏਅਰ ਇੰਡੀਆ ਦੇ ਜਹਾਜ ਤੇ ਸਵਾਰੀ ਕਰਨੀ ਹੋਵੇ ਤਾਂ ਫਿਰ ਰੱਬ ਹੀ ਰਾਖਾ । ਸਾਡੇ ਲੋਕਰਾਜੀ ਢਾਂਚੇ ਵਿਚ ਅਜੇ ਕਈ ਖਾਮੀਆਂ ਹਨ ਅਤੇ ਸਮੇ ਦੇ ਪਾਬੰਦ ਨਾ ਹੋਣਾ ਸਾਡੇ ਕਰੈਕਟਰ ਦੀ ਇਕ ਖਾਸੀਅਤ ਹੀ ਬਣ ਗਈ ਹੈ । ਚਾਰ ਘੰਟੇ ਦੀ ਉਡਾਨ ਬਾਅਦ ਸਾਡਾ ਜਹਾਜ ਕੂਵੈਤ ਦੇ ਅੰਤਰ-ਰਾ ਟਰੀ ਹਵਾਈ ਅੱਡੇ ਤੇ ਉਥੇ ਦੀ ਸਵੇਰ ਦੇ 9 ਵਜੇ ਜਾ ਉਤਰਿਆ । ਮੇਰੀ ਅਗਲੀ ਉਡਾਨ ਾਮ ਦੇ 5 ਵਜੇ ਸੀ ਅਤੇ ਮੈ ਇਥੋ ਜਹਾਜ ਬਦਲ ਕੇ ਤੈਹਰਾਨ ਪਹੁੰਚਣਾ ਸੀ । ਦਿੱਲੀ ਮੈਨੂੰ ਕਿਹਾ ਗਿਆ ਸੀ ਕਿ ਮੈ ਅੱਠ ਘੰਟੇ ਹਵਾਈ ਅੱਡੇ ਤੇ ਹੀ ਗੁਜਾਰਨੇ ਹਨ, ਸੋ ਮੈ ਆਪਣੇ ਨਾਲ ਖਾਣ ਪੀਣ ਦਾ ਸਮਾਨ ਅਤੇ ਸਮਾਂ ਗੁਜਾਰਨ ਲਈ ਕੁਝ ਪੁਸਤਕਾਂ ਨਾਲ ਲੈ ਲਈਆਂ ਸਨ । ਅਜੇ ਅਸੀ ਟ੍ਰਾਂ ਟ ਲਾਊ ਚੋ ਲੰਘੇ ਹੀ ਸਾਂ ਕਿ ਇਕ ਕੂਵੈਤੀ ਮੁਟਿਆਰ ਮੇਰੇ ਕੋਲੋ ਟਿਕਟ ਲੈ ਕੇ ਇਕ ਕਾਊਟਰ ਤੇ ਚਲੀ ਗਈ ਅਤੇ ਮੈਨੂੰ ਕਹਿਣ ਲਗੀ ਕਿ ਤੁਹਾਨੂੰ ਇਕ ਬੱਸ ਰਾਹੀ ਏਅਰਪੋਰਟ ਹੋਟਲ ਤੇ ਲਿਜਾਣ ਦਾ ਪ੍ਰਬੰਧ ਹੋ ਗਿਆ ਹੈ । ਾਮ ਨੂੰ ਚਾਰ ਵਜੇ ਤੁਸੀ ਵਾਪਸ ਇਥੇ ਆ ਜਾਣਾ ਅਤੇ ਤੈਹਰਾਨ ਦੇ ਜਹਾਜ ਵਿਚ ਤੁਹਾਡੀ ਸੀਟ ਰਾਖਵੀਂ ਕਰ ਦਿਤੀ ਹੈ । ਮੈਨੂੰ ਆਪਣੀ ਉਮੀਦ ਤੋ ਉਲਟ ਇਹ ਸਹੂਲਤ ਮਿਲ ਰਹੀ ਸੀ, ਸੋ ਮੈ ਉਸ ਮੁਟਿਆਰ ਦਾ ਤਹਿਦਿਲੋ _ਕਰੀਆ ਅਦਾ ਕਰਨਾ ਚਾਹਿਆ ।

ਕੂਵੈਤ ਹਵਾਈ ਅੱਡਾ ਸਮੁੰਦਰ ਦੇ ਕੰਢੇ ਤੇ ਕੂਵੈਤ ਹਿਰ ਤੋ 15 ਕਿਲੋਮੀਟਰ ਦੀ ਦੂਰੀ ਤੇ ਹੈ। ਹਵਾਈ ਜਹਾਜ ਤੋ ਇਸ ਤਰ੍ਹਾਂ ਜਾਪਦਾ ਹੈ ਜਿਵੇ ਰਾਜਸਥਾਨ ਦੇ ਮਾਰੂਥਲ ਵਿਚ ਹੀ ਉਤਰ ਰਿਹਾ ਹੋਵੇ । ਸਮੁੰਦਰ ਦੇ ਕੰਢੇ ਤੇ ਤੇਲ ਦੇ ਖੂਹ ਨ ਰ ਆਉਦੇ ਹਨ । ਕਿਤੇ

ਕਿਤੇ ਅਜੇ ਵੀ ਖੂਹਾਂ ਨੂੰ ਅੱਗ ਲੱਗੀ ਹੋਈ ਲੱਭਦੀ ਹੈ । ਇਰਾਕੀ ਫੌਜਾਂ ਨੇ ਹਾਰ ਕੇ ਪਿਛਾਂਹ ਮੁੜਨ ਲਗਿਆਂ ਇਥੋ ਦੇ ਤੇਲ ਦੇ ਖੂਹਾਂ ਨੂੰ ਲਾਂਬੂ ਲਾ ਦਿਤੇ ਸਨ,ਜੋ ਬੜੀ ਮੁ ਕਲ ਨਾਲ ਕੰਟਰੋਲ ਕੀਤੇ ਗਏ । ਹਵਾਈ ਅੱਡੇ ਅੰਦਰ ਪਹੁੰਚ ਕੇ ਅੱਖਾਂ ਚੁੰਧਿਆ ਜਾਂਦੀਆਂ ਹਨ । ਇਥੋ ਦੀ ਸਫਾਈ ਅਤੇ ਰੌ ਨੀ ਲਾਜਵਾਬ ਹੈ । ਵਾਕਿਆ ਹੀ ਕਿਸੇ ਦੇ ਦੀ ਸਫਾਈ ਦਾ ਜਾਇ ਾ ਲਗਾਉਣਾ ਹੋਵੇ ਤਾਂ ਉਸ ਦੇ ਗੁਸਲਖਾਨਿਆਂ ਤੋਂ ਅੰਦਾ ਾ ਲਗ ਜਾਂਦਾ ਹੈ । ਭਾਵੇ ਦਿੱਲੀ ਦਾ ਅੰਤਰ -ਰਾ ਟਰੀ ਹਵਾਈ ਅੱਡਾ ਬੜੇ ਫ ਰ ਨਾਲ ਤਿਆਰ ਕੀਤਾ ਗਿਆ ਸੀ ਪਰੰਤੂ ਇਸ ਦੇ ਟਾਇਲਟਸ ਦੀ ਦੁਰਦ ਾ ਭਾਰਤੀ ਕਿਰਦਾਰ ਦੀ ਤਸਵੀਰ ਪੇ ਕਰ ਦਿੰਦੀ ਹੈ । ਕੂਵੈਤ ਹਵਾਈ ਅੱਡੇ ਦੇ ਪਿਛਲੇ ਪਾਸੇ ਸ ਾਿਰ ਹੋਟਲ ਵਿਚ ਕਮਰਾ ਮਿਲ ਗਿਆ ਅਤੇ ਮੈ ਇਕ ਲਹੌਰੀਏ ਦੇ ਨਾਲ ਪੰਜਾਬੀ ਵਿਚ ਗੁ ਤਗੂ ਕਰਦਾ ਹੋਇਆ ਹੋਟਲ ਵਿਚ ਪਹੁੰਚ ਗਿਆ । ਇਹ ਸੱਜਣ ਲਾਹੌਰ ਤੋਂ ਾਰਜਾਹ ਜਾ ਰਿਹਾ ਸੀ ਜਿਥੇ ਇਸਦੀ ਮੁਨਿਆਰੀ ਦੀ ਦੁਕਾਨ ਸੀ । ਬੋਲੀ ਦੀ ਸਾਂਝ ਵੀ ਅਜੀਬ ਹੁੰਦੀ ਹੈ ਜੇਕਰ ਉਹ ਆਪਣੇ ਟਿਕਾਣੇ ਬਾਰੇ ਨਾ ਦੱਸਦਾ ਤਾਂ ਮੈ ਉਸਨੂੰ ਭਾਰਤੀ ਪੰਜਾਬੀ ਸਮਝ ਕੇ ਹੀ ਗਲਬਾਤ ਕਰ ਰਿਹਾ ਸਾਂ ।

ਕੂਵੈਤ ਵਿਚ ਲਗਭਗ ਹਰ ਦੇ ਦੇ ਲੋਕ ਕੰਮ ਕਰਨ ਆਉਦੇ ਹਨ । ਤੇਲ ਕੰਪਨੀਆਂ ਦੇ ਇੰਜੀਨੀਅਰ ਅਮਰੀਕਨ ਅਤੇ ਯੂਰਪੀਨ ਕੌਮਾਂ ਦੇ ਹਨ । ਟੈਕਨੀਕਲ ਸਟਾਫ ਦੇ ਕਾਮੇ ਭਾਰਤ ਅਤੇ ਪਾਕਿਸਤਾਨ ਵਿੱਚੋ ਜਾਂਦੇ ਹਨ । ਹੋਟਲਾਂ ਅਤੇ ਏਅਰਪੋਰਟਾਂ ਉਪਰ ਫਿਲਪੀਨੀ ਬੀਬੀਆਂ ਕੰਮ ਕਰਦੀਆਂ ਹਨ । ਇਉ ਜਾਪਦਾ ਹੈ ਕਿ ਸਾਰਾ ਕੰਮ ਧੰਧਾ ਅਤੇ ਪ੍ਰਬੰਧ ਵਿਦੇ ੀ ਲੋਕ ਹੀ ਚਲਾ ਰਹੇ ਹਨ । ਕੂਵੈਤ ਦੀ ਅੱਧੀ ਵਸੋ ਇਨ੍ਹਾਂ ਵਿਦੇ ੀ ਲੋਕਾਂ ਦੀ ਹੈ । ਮੇਰਾ ਖਿਆਲ ਸੀ ਇਰਾਕ ਨਾਲ ਜੰਗ ਕਾਰਨ ਇਥੋ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਹੁਣ ਕੁਵੈਤ ਨਿੱਘਰ ਗਿਆ ਹੋਵੇਗਾ ਪ੍ਰੰਤੂ ਮੇਰਾ ਤਕਾ ਾ ਗਲਤ ਸਿੱਧ ਹੋਇਆ । ਕੂਵੈਤ ਦੀ ਜੰਗ ਦਾ ਖਰਚਾ ਬਹੁਤਾ ਅਰਬ ਦੇ ਬਾਦ ਾਹ ਨੇ ਕੀਤਾ ਜਿਸ ਨੇ ਅਮਰੀਕਾ ਤੋ ਹਥਿਆਰ ਖਰੀਦੇ ਅਤੇ ਉਨ੍ਹਾਂ ਦੀ ਫੌਜ ਦਾ ਖਰਚਾ ਉਠਾਇਆ । ਕਿਹਾ ਜਾਂਦਾ ਹੈ ਕਿ ਅਮਰੀਕਾ ਵਾਲਿਆਂ ਨੇ ਇਕ ਸੰਧੀ ਅਧੀਨ ਅਗਲੇ ਪੰਜਾਹ ਸਾਲ ਲਈ ਕੂਵੈਤ ਤੋ ਤੇਲ ਦੇ ਜ ਾਿਰੇ ਸਸਤੇ ਭਾਅ ਰੀਦ ਰੱਖੇ ਹਨ । ਦਰਅਸਲ, ਕੂਵੈਤ ਦੀ ਹੋਂਦ ਹੀ ਅਮਰੀਕਾ ਕਰਕੇ ਬਚ ਗਈ ਹੈ, ਵਰਨਾ ਸੱਦਾਮ ਹੁਸੈਨ ਨੇ ਤਾਂ ਇਸਨੂੰ ਇਰਾਕ ਦਾ ਇਕ ਜਿਲਾ ਹੀ ਬਣਾ ਲਿਆ ਸੀ । ਦੁਨੀਆਂ ਦੀ ਇਹ ਪਹਿਲੀ ਲੜਾਈ ਸੀ ਜਿਸ ਦੀ ਹਰ ਕਾਰਵਾਈ ਟੈਲੀਵੀ ਨ ਤੇ ਵਿਖਾਈ ਜਾ ਰਹੀ ਸੀ । ਲੇ ਰ ਨਾਲ ਸੇਧੇ ਗਏ ਅਮਰੀਕੀ ਬੰਬ ਇਰਾਕੀ ਠਿਕਾਣਿਆਂ ਨੂੰ ਤਬਾਹ ਕਰਦੇ ਵੇਖੇ ਗਏ । ਭਾਵੇ ਇਹ ਕਾਰਵਾਈ ਯੂ ਐਨ ਓ ਦੀ ਸਹਿਮਤੀ ਨਾਲ ਹੋਈ ਪਰੰਤੂ ਅਮਰੀਕਾ ਦਾ ਦੁਨੀਆਂ ਭਰ ਵਿੱਚ ਬੋਲਬਾਲਾ ਕਾਇਮ ਹੋ ਗਿਆ ਹੈ । ਰੂਸ ਵਾਲੇ ਤਾਂ ਅੱਗੇ ਹੀ ਅਮਰੀਕਾ ਕੋਲ ਝੋਲੀ ਅੱਡੀ ਖੜੇ ਹਨ ।

ਸ ਾਿਰ ਹੋਟਲ ਵਿੱਚ ਦੁਪਹਿਰ ਦਾ ਖਾਣਾ ਲਹੌਰੀਏ ਸਾਥੀ ਨਾਲ ਖਾਣ ਗਏ ਤਾਂ ਅਗੋ ਬਹਿਰਾ ਉਰਦੂ ਅਤੇ ਪੰਜਾਬੀ ਬੋਲਦਾ ਹੋਇਆ ਸਾਡੇ ਮਨਪਸੰਦ ਦਾ ਭੋਜਨ ਪੁੱਛ ਰਿਹਾ ਸੀ । ਉਹ ਵੇਖਣ ਵਿੱਚ ਪੰਜਾਬੀ ਨਹੀਂ ਜਾਪਦਾ ਸੀ ਪਰੰਤੂ ਹਵਾਈ ਅੱਡੇ ਤੇ ਕੂਵੈਤੀ ਮੁਲਾ ਮ ਆਮ ਤੌਰ ਤੇ ਉਰਦੂ ਬੋਲ ਅਤੇ ਸਮਝ ਲੈਂਦੇ ਹਨ । ਪਾਕਿਸਤਾਨ ਤੋਂ ਕਈ ਯਾਤਰੀ ਤਹਿਮਤ ਪਾਈ ਵੀ ਹਵਾਈ ਅੱਡੇ ਤੇ ਘੁੰਮ ਰਹੇ ਸਨ । ਪੰਜਾਬ ਦੇ ਸਿੱਖ ਤਾਂ ਹੁਣ ਘੱਟ ਹੀ ਨ ਰ ਪੈਂਦੇ ਹਨ । ਪਿਛੇ ਜਿਹੇ ਇਕ ਸਿੱਖ ਡਰਾਈਵਰ ਤੋ ਦੋ ਕੂਵੈਤੀ ਬੀਬੀਆਂ ਨਾਲ ਕਾਰ ਟੱਕਰ ਦੌਰਾਨ ਇਕ ਦੀ ਮੌਤ ਹੋ ਗਈ ਜਿਸ ਕਰਕੇ ਕੂਵੈਤੀਆਂ ਨੇ ਬਦਲੇ ਦੀ ਭਾਵਨਾ ਅਧੀਨ ਸਿੱਖਾਂ ਤੇ ਛੁਰੇਬਾਜੀ ਵੀ ਕੀਤੀ । ਵੈਸੇ ਵੀ ਭਾਰਤੀ ਲੋਕਾਂ ਦੀ ਹੁਣ ਇਥੇ ਦਾਲ ਨਹੀਂ ਗਲਦੀ । ਬਹੁਤ ਸਾਰੇ ਦੇ ਾਂ ਵਿੱਚੋ ਉਹ ਹੁਣ ਕੱਢੇ ਜਾ ਰਹੇ ਹਨ । ਅਸੀਂ ਰੋਟੀ ਖਾ ਕੇ ਰੈਸਤੋਰਾਂ ਵਿੱਚੋ ਬਾਹਰ ਨਿਕਲ ਰਹੇ ਸਾਂ ਕਿ ਇਕ ਪਗੜੀ ਵਾਲੇ ਸਿੱਖ ਕਾਮੇ ਦੇ ਦੀਦਾਰ ਹੋ ਗਏ । ਉਹ ਹੋਟਲ ਦੀ ਬੇਸਮੈਟ ਵਿੱਚੋ ਵਰਦੀ ਪਾਈ ਕੁਝ ਮੁਰੰਮਤ ਕਰਕੇ ਨਿਕਲਿਆ ਸੀ । ਮੈ ਕਿਹਾ ਘੱਟ ਤੋ ਘੱਟ ਪਗੜੀ ਵਾਲਾ ਕੋਈ ਸਿੱਖ ਤਾਂ ਅਜੇ ਕੂਵੈਤ ਵਿੱਚ ਕਾਇਮ ਹੈ ਭਾਵੇ ਜੰਗ ਤੋ ਬਾਅਦ ਇਥੇ ਪੈਰ ਜਮਾਣੇ ਔਖੇ ਹੋ ਗਏ ਹਨ ।

ਚਾਰ ਵਜੇ ਦੇ ਕਰੀਬ ਏਅਰਪੋਰਟ ਤੋ ਇਕ ਬੱਸ ਸਾਨੂੰ ਹੋਟਲ ਚੋ ਲੈਣ ਆ ਗਈ । ਮੈ ਕਮਰਾ ਛੱਡਣ ਤੋ ਪਹਿਲਾਂ ਦੂਰ ਤੱਕ ਕੂਵੈਤ ਹਿਰ ਅਤੇ ਸਮੁੰਦਰ ਵੱਲ ਝਾਤੀ ਮਾਰੀ। ਕੂਵੈਤ ਦੇ ਦੋ ਟਾਵਰ ਨ ਰੀ ਪੈ ਰਹੇ ਸਨ ਅਤੇ ਸਮੁੰਦਰ ਕੰਢੇ ਸੜਕ ਉਪਰ ਕਾਰਾਂ ਦੀ ਆਵਾਜਾਈ ਇਸ ਰੇਗਿਸਤਾਨ ਵਿੱਚ ਕਿਸੇ ਨਖਲਿਸਤਾਨ ਦਾ ਭੁਲੇਖਾ ਪਾ ਰਹੀ ਸੀ । ਕੂਵੈਤ ਵਿੱਚ ਤੇਲ ਦੇ ਖੂਹਾਂ ਦੀ ਭਰਮਾਰ ਹੈ ਪਰੰਤੂ ੁੱਧ ਪਾਣੀ ਦੀ ਘਾਟ । ਵਾਕਿਆ ਹੀ ਪਾਣੀ ਤੇਲ ਤੋ ਮਹਿੰਗੇ ਭਾਅ ਮਿਲਦਾ ਹੈ । ਫਿਰ ਵੀ ਸਮੁੰਦਰੀ ਪਾਣੀ ਨੂੰ ਸਾਫ ਕਰਕੇ ਹਿਰ ਦੀ ਹਰਿਆਵਲ ਕਾਇਮ ਰੱਖੀ ਗਈ ਹੈ ਅਤੇ ਕਈ ਬਣਾਉਟੀ ਝੀਲਾਂ ਅਤੇ ਬਗੀਚੇ ਮੌਜੂਦ ਹਨ । ਪਹਿਲਾਂ ਮੈ ਸੋਚ ਰਿਹਾ ਸੀ ਕਿ ਵਾਪਸੀ ਉਪਰ

ਕੁਵੈਤ ਦਾ ਦੌਰਾ ਕਰਾਂ ਪਰੰਤੂ ਮੇਰਾ ਲਹੌਰੀਆ ਸਾਥੀ ਕਹਿਣ ਲੱਗਾ, ਅੱਧਾ ਕੁਵੈਤ ਤਾਂ ਹੋਟਲ ਦੀ ਖਿੜਕੀ ਚੋ ਵੇਖ ਲਿਆ ਹੈ ਅਤੇ ਬਾਕੀ ਅੱਧਾ ਹਵਾਈ ਜਹਾਜ ਦੀ ਖਿੜਕੀ ਚੋ ਵੇਖ ਲਵੀਂ । ਹੋਰ ਇਥੇ ਕੀ ਵੇਖਣਾ ਈ ?

ਪੰਜ ਵਜੇ ਠੀਕ ਸਮੇ ਉਪਰ ਕੁਵੈਤੀ ਜਹਾਜ ਏਅਰਪੋਰਟ ਤੋ ਉਡਾਨ ਭਰਨ ਲਈ ਰਵਾਨਾ ਹੋ ਪਿਆ । ਇਸ ਵਿੱਚ ਮੈ ਇਕੱਲਾ ਹੀ ਭਾਰਤੀ ਮੁਸਾਫਰ ਸਾਂ । ਅੱਧੀਆਂ ਸਵਾਰੀਆਂ ਈਰਾਨੀ ਮਾਲੂਮ ਹੁੰਦੀਆਂ ਸਨ ਅਤੇ ਅੱਧੀਆਂ ਕੁ ਅਰਬੀ । ਪਹਿਰਾਵੇ ਅਤੇ ਬੋਲੀ ਤੋ ਹਰ ਬੰਦਾ ਪਹਿਚਾਣ ਹੋ ਜਾਂਦਾ ਹੈ । ਈਰਾਨੀ ਔਰਤਾਂ ਨੇ ਕਾਲੇ ਰੰਗ ਦੀਆਂ ਚੱਦਰਾਂ ਸਿਰ ਤੋ ਪੈਰਾਂ ਤੱਕ ਲਪੇਟੀਆਂ ਹੋਈਆਂ ਸਨ ਜਿਵੇ ਝੁੰਗਲਮਾਟਾ ਕਰੀਦਾ ਹੈ । ਭਾਵੇ ਮੂੰਹ ਨੰਗੇ ਸਨ ਪਰ ਫਿਰ ਵੀ ਸਿਰ ਤੋ ਪੈਰਾਂ ਤੱਕ ਕੱਜੀਆਂ ਹੋਈਆਂ ਸਨ । ਇਨ੍ਹਾਂ ਦੇ ਸੁੰਦਰ ਚਿਹਰੇ ਇਸ ਤਰ੍ਹਾਂ ਲੱਭ ਰਹੇ ਸਨ ਜਿਵੇ ਬਦਲੀ ਵਿੱਚੋ ਚੰਦ ਨ ਰ ਆਉਦਾ ਹੈ । ਦਰਅਸਲ ਖੁਮੈਨੀ ਦੀ ਸਰਕਾਰ ਨੇ ਔਰਤਾਂ ਉਪਰ ਕਰੜੀ ਪਾਬੰਦੀ ਲਗਾ ਰੱਖੀ ਹੈ । ਉਹ ਇਸਲਾਮੀ ਰ੍ਹਾ ਮੁਤਾਬਕ ਹੀ ਵਿਚਰ ਸਕਦੀਆਂ ਹਨ । ਅਰਬੀ ੇਖਾਂ ਨੇ ਸਿਰ ਤੋ ਪੈਰਾਂ ਤੱਕ ਚਿਟਾ ਪਹਿਰਾਵਾ ਪਾ ਰੱਖਿਆ ਸੀ । ਉਨ੍ਹਾਂ ਨੇ ਗਿੱਟਿਆਂ ਤੱਕ ਚਿੱਟਾ ਚੋਲਾ ਪਹਿਨ ਕੇ ਸਿਰ ਦੇ ਪਟਕੇ ਨੂੰ ਫੁੰਮਣਾਂ ਵਾਲੀ ਕਾਲੀ ਡੋਰੀ ਨਾਲ ਲਪੇਟਿਆ ਹੋਇਆ ਸੀ । ਵਾਕਿਆ ਹੀ ਇਹ ਨਜਾਰਾ ਵੇਖਣ ਵਾਲਾ ਸੀ । ਅਰਬੀ ੇਖ ਖੁੱਲ੍ਹੇ ਡੁੱਲ੍ਹੇ ਸੁਭਾਅ ਦੇ ਰਾਜਿਆਂ ਵਰਗੇ ਮਨੁੱਖ ਜਾਪਦੇ ਸਨ । ਇਹ ਜਹਾਜ ਦੀ ਸੀਟ ਵਿੱਚ ਮਸਾਂ ਹੀ ਫਿਟ ਆ ਰਹੇ ਸਨ । ਜਹਾਜ ਉਡਾਨ ਭਰਨ ਲਈ ਤਿਆਰ ਸੀ ਕਿ ਦੋ ਈਰਾਨੀ ਔਰਤਾਂ ਕਾਹਲੀ ਕਾਹਲੀ ਅੰਦਰ ਦਾਖਲ ਹੋਈਆਂ । ਸਭ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ ਗਿਆ । ਇਨ੍ਹਾਂ ਦੇ ਆਦਮ ਕੱਦ ਅਤੇ ਚਿਹਰੇ ਵੇਖ ਕੇ ਮੈਨੂੰ ਟੀ ਵੀ ਸਕਿਟ ਵਾਲੇ ਪਾਤਰ ਅਤਰੋਚਿਤਰੋ ਯਾਦ ਆ ਗਏ । ਜਸਵਿੰਦਰ ਭੱਲੇ ਨੇ ਤਾਂ ਦੋ ਬੰਦਿਆਂ ਤੋ ਅਤਰੋਚਿਤਰੋ ਦਾ ਰੋਲ ਕਰਵਾਇਆ ਸੀ ਪਰ ਇਥੇ ਤਾਂ ਅਸਲੀ ਅਤਰੋਚਿਤਰੋ ਲੱਭ ਪਈਆਂ ਜਾਪਦੀਆਂ ਸਨ ।

ਕੁਵੈਤ ਤੋ ਤੈਹਰਾਨ ਦੀ ਡੇਢ ਘੰਟੇ ਦੀ ਉਡਾਨ ਸੀ । ਸਾਡਾ ਜਹਾਜ ਫਾਰਸ ਦੀ ਖਾੜੀ ਉਪਰੋ ਉਡਦਾ ਹੋਇਆ ਇਰਾਨ ਦੀ ਧਰਤੀ ਉਪਰ ਪਹੁੰਚ ਗਿਆ । ਜਹਾਜ ਵਿੱਚ ਇਸਦੇ ਰਸਤੇ ਦੀ ਜਾਣਕਾਰੀ ਅਤੇ ਬਾਹਰ ਦਾ ਤਾਪਮਾਨ ਕੰਪਿਊਟਰ ਰਾਹੀਂ ਸਕਰੀਨ ਉਪਰ ਵਿਖਾਇਆ ਜਾ ਰਿਹਾ ਸੀ । ਸਮੁੰਦਰ ਮੁੱਕਣ ਦੀ ਦੇਰ ਸੀ ਕਿ ਜਹਾਜ ਪਹਾੜਾਂ ਉਪਰ ਉਠ ਰਿਹਾ ਸੀ । ਕੁਝ ਦੇਰ ਬਾਅਦ ਕੈਪਟਨ ਨੇ ਦੱਸਿਆ ਕਿ ਜਹਾਜ ਇਰਾਨ ਦੇ ਮ ਹੂਰ ਹਿਰ ਿ ਰਾ ਉਪਰੋ ਲੰਘ ਰਿਹਾ ਹੈ । ਇਸ ਤੋ ਬਾਅਦ ਇਸ ਾਹਨ ਉਪਰੋ ਉਡਦਾ ਹੋਇਆ ਇਹ ਨਮਕੀਨ ਝੀਲ ਕੋਲ ਪਹੁੰਚ ਗਿਆ । ਿ ਰਾ ਅਤੇ ਇਸ ਾਹਨ ਦੋ ਪੁਰਾਤਨ ਸਭਿਅਤਾ ਦੇ ਕੇਦਰ ਰਹੇ ਹਨ ਅਤੇ ਹਰ ਵਿਦੇ ੀ ਯਾਤਰੀ ਇਨ੍ਹਾਂ ਨੂੰ ਵੇਖਣ ਉਪਰੰਤ ਹੀ ਆਪਣੀ ਯਾਤਰਾ ਨੂੰ ਸਫਲ ਸਮਝਦਾ ਹੈ । ਮੇਰੇ ਮਨ ਵਿੱਚ ਵੀ ਤੌਖਲਾ ਸੀ ਕਿ ਇਰਾਨ ਦੇ ਦੌਰੇ ਸਮੇ ਇਥੋ ਦੇ ਇਹ ਹਿਰ ਵੇਖ ਕੇ ਜਾਵਾਂ । ਤੈਹਰਾਨ ਹਿਰ ਪਹਾੜਾਂ ਦੀ ਗੋਦ ਵਿੱਚ ਵਸਿਆ ਹੈ ਅਤੇ ਇਹ ਸਾਡੇ ਸ੍ਰੀ ਨਗਰ ਨਾਲ ਮੇਲ ਖਾਂਦਾ ਹੈ । ਇਥੇ ਡੱਲ ਵਰਗੀ ਝੀਲ ਤਾਂ ਨਹੀ ਹੈ ਪਰੰਤੂ ਇਸਦੀ ਸਮੁੰਦਰੀ ਤੱਲ ਤੋ ਉਚਾਈ 4000 ਫੁਟ ਦੇ ਕਰੀਬ ਹੈ ਅਤੇ ਆਲੇ ਦੁਆਲੇ ਪਹਾੜ ਦੀਆਂ ਚੋਟੀਆਂ ਉਪਰ ਬਰਫ ਪਈ ਨ ਰ ਆਉਦੀ ਹੈ । ਹਿਰ ਤੋ ਬਾਹਰ ਖਾਰੇ ਪਾਣੀ ਦੀ ਝੀਲ ਹੈ ਜਿਸਨੂੰ ਨਮਕੀਨ ਝੀਲ ਕਹਿੰਦੇ ਹਨ ।

ਹਵਾਈ ਜਹਾਜ ਮੈਹਰਾਬਾਦ ਦੇ ਹਵਾਈ ਅੱਡੇ ਉਪਰ ਉਤਰਿਆ ਤਾਂ ਬਾਹਰ ਦਾ ਤਾਪਮਾਨ 20 ਦਰਜਾ ਸੈਟੀਗਰੇਡ ਦੱਸਿਆ ਗਿਆ । ਦਿੱਲੀ ਤਾਂ ਤਾਪਮਾਨ 40 ਦਰਜਾ ਹੋ ਗਿਆ ਸੀ, ਸੋ ਇਥੇ ਕੁਝ ਰਾਹਤ ਮਿਲੀ । ਕੁਝ ਸਮੇ ਵਿੱਚ ਹੀ ਮੈ ਆਪਣਾ ਪਾਸਪੋਰਟ ਚੈਕ ਕਰਵਾ ਕੇ ਆਪਣਾ ਸਮਾਨ ਲੱਭ ਰਿਹਾ ਸਾਂ ਕਿ ਇਕ ਸੱਜਣ ਮੇਰੇ ਨਾਮ ਦੀ ਫੱਟੀ ਲੈ ਕੇ ਆ ਹਾਜਰ ਹੋਇਆ । ਉਹ ਪਰਮਾਣੂ ਉਰਜਾ ਕੇਦਰ ਵੱਲੋ ਮੈਨੂੰ ਲੈਣ ਆਇਆ ਸੀ । ਮੇਰਾ ਸਮਾਨ ਲੈ ਕੇ ਉਹ ਝੱਟ ਕਾਰ ਪਾਸ ਲੈ ਆਇਆ ਅਤੇ ਅਸੀ ਤੈਹਰਾਨ ਦੇ ਾਹ ਰਾਹ ਤੇ ਤੇਜੀ ਨਾਲ ਆਪਣੇ ਟਿਕਾਣੇ ਉਪਰ ਪਹੁੰਚ ਗਏ । ਹਵਾਈ ਅੱਡੇ ਉਪਰ ਕੁਝ ਲੋਕ ਆਪਣੇ ਾਹੀ ਇਮਾਮ ਦੀ ਇੰਤ ਾਰ ਵਿੱਚ ਖੜੇ ਸਨ । ਸਾਡੇ ਜਹਾਜ ਵਿੱਚ ਇਮਾਮ ਸਾਹਿਬ ਵੀ ਕੁਵੈਤ ਤੋ ਆ ਰਹੇ ਸਨ ।

7 ਮਈ ਾਮ ਦੇ ਅੱਠ ਵਜੇ ਮੈ ਪਰਮਾਣੂ ਉਰਜਾ ਕੇਦਰ ਦੇ ਗੈਸਟ ਹਾਊਸ ਵਿੱਚ ਪਹੁੰਚ ਗਿਆ । ਗੈਸਟ ਹਾਊਸ ਕਾਹਦਾ ਇਹ ਇਕ ਪੂਰੀ ਕੋਠੀ ਮੇਰੀ ਰਹਾਇ ਲਈ ਇਨ੍ਹਾਂ ਬੁੱਕ ਕਰਵਾ ਰੱਖੀ ਸੀ । ਜਾਣ ਲਗਿਆਂ ਇਰਾਨੀ ਸੱਜਣ ਦੱਸ ਗਿਆ ਕਿ ਮੇਰੇ ਲਈ ਫਰਿੱ ਵਿੱਚ ਫਲਾਂ ਦਾ ਪੈਕਟ ਰੱਖਿਆ ਹੈ । ਕਿਉਕਿ ਮੈ ਾਕਾਹਾਰੀ ਹਾਂ, ਸੋ ਇਸ ਰਾਤ ਦਾ ਡਿਨਰ ਫਲਾਂ ਆਸਰੇ ਕਰ ਲੈਣਾ । ਕੱਲ੍ਹ ਸਵੇਰੇ ਰਸੋਈ ਦਾ ਸਮਾਨ ਖਰੀਦ ਕੇ ਮੇਰੀ ਰਹਾਇ ਦਾ ਪੱਕਾ ਬੰਦੋਬਸਤ ਹੋ ਜਾਵੇਗਾ । ਮੈ ਸਫਰ ਦੇ ਥਕੇਵੇ ਕਾਰਨ ਬਾਹਰ ਸੈਰ ਲਈ ਨਾ ਗਿਆ ਪਰੰਤੂ ਤੈਹਰਾਨ ਦੇ ਪਹਾੜਾਂ ਦੀਆਂ ਬਰ ਲੱਦੀਆਂ ਚੋਟੀਆਂ ਤੋ ਆ ਰਹੀ ਰੁਮਕਦੀ ਪੌਣ ਦੇ ਬੁੱਲੇ ਮੈਨੂੰ ਸੁੱਖ ਦੀ ਨੀਂਦਰ ਸੁਲਾ ਗਏ ।

# ਪੰਜਾਬ ਅਤੇ ਇਰਾਨ ਦੀ ਸਭਿਆਚਾਰਕ ਸਾਂਝ

---

ਇਰਾਨ ਅਤੇ ਪੰਜਾਬ ਦਾ ਸਬੰਧ ਸਦੀਆਂ ਪੁਰਾਣਾ ਹੈ, ਉਦੋਂ ਤੋਂ ਹੀ ਜਦੋਂ ਆਰੀਆ ਲੋਕ ਭਾਰਤ ਵਿੱਚ ਆਏ ਸਨ । ਲਗਭਗ ਦੋ ਹ ਾਰ ਸਾਲ ਪਹਿਲਾਂ ਜਦੋਂ ਭਾਰਤ ਵਿੱਚ ਬੁੱਧ ਧਰਮ ਦਾ ਬੋਲਬਾਲਾ ਕਾਇਮ ਸੀ ਅਤੇ ਪੰਜਾਬ ਦੀ ਤਕ ਲਾ ਯੂਨੀਵਰਸਿਟੀ ਦੁਨੀਆਂ ਭਰ ਵਿੱਚ ਪ੍ਰਸਿੱਧ ਸੀ ਤਾਂ ਇਰਾਨ ਵਿੱਚ ਇਕ ਪੈਗੰਬਰ ਨੇ ਰੱਬ ਲਈ ਅਹੂਰਾਮਾਜਦਾ ਦਾ ਸੰਕਲਪ ਪੇ  ਕੀਤਾ । ਇਸ ਪੈਗੰਬਰ ਨੇ ਇਰਾਨੀ ਲੋਕਾਂ ਨੂੰ ਇਕ ਰੱਬ ਦਾ ਉਪਦੇ  ਦਿੱਤਾ ਅਤੇ ਭਾਰਤ ਵਿੱਚ ਪਾਰਸੀ ਫਿਰਕੇ ਦੇ ਲੋਕ ਇਸ ਦੇ ਪੈਰੋਕਾਰ ਹਨ ।

ਜਦੋਂ ਇਰਾਨ ਵਿੱਚ ਇਸਲਾਮ ਧਰਮ ਫੈਲ ਗਿਆ ਅਤੇ ਅਰਬਾਂ ਨੇ ਸਿੰਧ ਸੂਬੇ ਉਤੇ ਅੱਠਵੀਂ ਸਦੀ ਵਿੱਚ ਹੀ ਕਬਜਾ ਕਰ ਲਿਆ ਤਾਂ ਪੰਜਾਬ ਵਿੱਚ ਸੂਫੀਆਂ ਦੀ ਆਮਦ _ਰੂ ਹੋ ਗਈ । ਗਿਆਰਵੀਂ ਸਦੀ ਤੱਕ ਸੂ ਿਆਂ ਦੇ ਪੰਜਾਬ ਵਿੱਚ ਕਈ ਟਿਕਾਣੇ ਕਾਇਮ ਹੋ ਗਏ ਜਿਨ੍ਹਾਂ ਵਿੱਚ ਪਾਕਪਟਨ ਅਤੇ ਮੁਲਤਾਨ ਬਹੁਤ ਪ੍ਰਸਿੱਧ ਸਨ । ਮੁਸਲਮਾਨ ਹਮਲਾਵਰਾਂ ਨੇ ਭਾਰਤ ਨੂੰ ਕਈ ਸਦੀਆਂ ਗੁਲਾਮ ਬਣਾਈ ਰੱਖਿਆ । ਇਥੋਂ ਦੀ ਧੰਨ ਦੌਲਤ ਲੁੱਟੀ ਅਤੇ ਬਹੂਬੇਟੀਆਂ ਦੀ ਆਬਰੂ ਮਿੱਟੀ ਵਿੱਚ ਰੋਲੀ । ਅਹਿਮਦ  ਾਹ ਅਬਦਾਲੀ ਤੋਂ ਬਾਅਦ ਨਾਦਰ  ਾਹ ਦੂਰਾਨੀ ਨੇ ਪੰਜਾਬ ਅਤੇ ਦਿੱਲੀ ਨੂੰ ਖੂਬ ਲੁੱਟਿਆ । ਅਠਾਰਵੀਂ ਸਦੀ ਵਿੱਚ ਪੰਜਾਬ ਇਰਾਨ ਦਾ ਇਕ ਸੂਬਾ ਬਣ ਕੇ ਰਹਿ ਗਿਆ ਅਤੇ ਭਾਰਤ ਨਾਲੋਂ ਪੂਰੀ ਤਰ੍ਹਾਂ ਟੁੱਟ ਗਿਆ । ਸਿੱਖ ਮਿਸਲਾਂ ਦੀ ਚੜ੍ਹਤ ਸਮੇ ਪੰਜਾਬ ਮੁੜ ਆ ਾਦ ਕਰਵਾਇਆ ਗਿਆ ਅਤੇ ਫਿਰ ਭਾਰਤ ਨਾਲ ਨਹੀਂ ਜੁੜਿਆ ਸਗੋਂ ਖਾਲਸਾ ਰਾਜ ਦੇ ਦੌਰ ਸਮੇ ਭਾਰਤ ਤੋਂ ਆ ਾਦ ਦੇ  ਹੋ ਕੇ ਵਿਚਰਿਆ । ਜੇਕਰ ਰਣਜੀਤ ਸਿੰਘ ਪੰਜਾਬ ਵਿੱਚ ਖਾਲਸਾ ਰਾਜ ਕਾਇਮ ਨਾ ਕਰਦੇ ਤਾਂ ਇਹ ਸੂਬਾ ਸਦਾ ਲਈ ਭਾਰਤ ਤੋਂ ਟੁੱਟ ਕੇ ਇਰਾਨ ਦੇ ਕਬਜੇ ਵਿੱਚ ਚਲਾ ਜਾਣਾ ਸੀ । ਖੈਰ ਇਤਿਹਾਸ ਵਿੱਚ ਕਈ ਸਿੱਧੇ ਅਤੇ ਕਈ ਪੁੱਠੇ ਗੇੜ ਵੀ ਆਉਂਦੇ ਹਨ । ਨਾ ਹੁਣ ਉਹ ਪੰਜ ਦਰਿਆਵਾਂ ਦਾ ਪੰਜਾਬ ਹੀ ਕਾਇਮ ਰਿਹਾ ਹੈ ਅਤੇ ਨਾ ਹੀ ਉਹ ਮਹਾਨ ਪਰ ਿਅਨ ਐਮਪਾਇਰ ਜਿਸ ਵਿੱਚ ਅਫਗਾਨਸਿਤਾਨ, ਰੂਸ ਦੀਆਂ ਮੁਸਲਿਮ ਸਟੇਟਸ ਅਤੇ ਪੰਜਾਬ  ਾਮਲ ਸਨ । ਇਰਾਨ ਸਾਮਰਾਜ ਬਲਖ ਬੋਖਾਰੇ ਤੋਂ ਲੈ ਕੇ ਲਾਹੌਰ ਤੱਕ ਫੈਲਿਆ ਹੋਇਆ ਸੀ । ਗੁਰੂ ਨਾਨਕ ਸਾਹਿਬ ਨੇ  ਬਾਬਰਵਾਣੀ  ਵਿੱਚ ਜਿਸ  ਖੁਰਾਸਾਨ  ਦਾ ਜਿਕਰ ਕੀਤਾ ਹੈ ਉਹ ਵੀ ਇਰਾਨ ਸਾਮਰਾਜ ਦਾ ਹਿੱਸਾ ਸੀ ।

ਪੰਜਾਬ ਅਤੇ ਇਰਾਨ ਦਾ ਸੰਪਰਕ ਬਹੁਤ ਪੁਰਾਣਾ ਹੈ । ਖਾਲਸਾ ਰਾਜ ਸਮੇ ਵੀ ਪੰਜਾਬੀ ਦੀ ਬਜਾਏ ਫਾਰਸੀ ਪੰਜਾਬ ਦੀ ਰਾਜ ਭਾ ਾ ਬਣੀ ਰਹੀ । ਬਾਬਾ ਫਰੀਦ ਤੋਂ ਲੈ ਕੇ ਬੁਲੇ  ਾਹ ਤੱਕ ਸੂਫੀਆਂ ਨੇ ਪੰਜਾਬ ਦੇ ਜਨ-ਜੀਵਨ ਉਪਰ ਚੋਖਾ ਪ੍ਰਭਾਵ ਪਾਇਆ । ਸਿੱਖ ਧਰਮ ਨੇ ਸੂਫੀ ਕਾਵਿ ਨੂੰ ਮਾਨਤਾ ਦਿੱਤੀ। ਪੰਜਾਬੀ ਵਿੱਚ ਕਿੱਸਾ ਕਾਵਿ, ਸੂਫੀ ਕਾਵਿ ਅਤੇ ਇਤਿਹਾਸ ਲਿਖਣ ਦੀ ਪਰੰਪਰਾ ਇਰਾਨੀ ਸਭਿਆਚਾਰ ਦੀ ਦੇਣ ਹਨ । ਉਰਦੂ ਬੋਲੀ ਦਾ ਜਨਮ  ਾਰਸੀ ਤੋਂ ਹੋਇਆ ਹੈ ਅਤੇ ਪੰਜਾਬੀ ਬੋਲੀ ਵਿੱਚ ਫਾਰਸੀ  ਬਦਾਂ ਦੀ ਭਰਮਾਰ ਹੈ । ਅਫਸੋਸ ਹੈ ਕਿ ਭਾਰਤੀ ਪੰਜਾਬ ਨੇ ਆਪਣੇ ਨਵੇ ਹਾਕਮਾਂ ਦੀ ਖੁ ਾਮਦੀ ਕਰਨ ਖਾਤਰ ਆਪਣੇ ਇਰਾਨੀ ਸਭਿਆਚਾਰਕ ਪਿਛੋਕੜ ਵਲੋਂ ਨਾਤਾ ਤੋੜ ਲਿਆ ਹੈ । ਪੰਜਾਬ ਵਿੱਚ ਸਭਿਆਚਾਰਕ ਉਥਲ-ਪੁੱਥਲ ਸਦੀਆਂ ਤੋਂ ਵਾਪਰ ਰਿਹਾ ਇਕ ਅਮਲ ਹੈ ਅਤੇ ਕੋਈ ਵੀ ਸਰਕਾਰ ਇਸ ਦੀ ਦਿ ਾ ਨਿਰਧਾਰਤ ਕਰਨ ਦੇ ਸਮਰੱਥ ਨਹੀਂ ਹੋ ਨਿਬੜੀ ।

ਅੱਠ ਮਈ ਨੂੰ ਸਵੇਰੇ ੭ ਵਜੇ ਪਰਮਾਣੂ ਊਰਜਾ ਕੇਦਰ ਦੀ ਸਰਕਾਰੀ ਕਾਰ ਮੇਰੀ ਕੋਠੀ ਅੱਗੇ ਲੈਣ ਆ ਗਈ । ਡਰਾਈਵਰ ਨੇ ਸਲਾਮ ਕਹਿ ਕੇ ਮੈਨੂੰ ਅੰਦਰ ਬਿਠਾ ਲਿਆ ਅਤੇ ਕੁਝ ਮਿੰਟਾਂ ਵਿੱਚ ਮੈ ਆਪਣੇ ਮੇ ਬਾਨ ਡਾ. ਸੋਹਰਾਬੀ ਦੇ ਦ ਤਰ ਪਹੁੰਚ ਗਿਆ । ਉਹ ਬੜੇ ਤਪਾਕ ਨਾਲ ਗਲੇ ਲੱਗ ਕੇ ਮਿਲੇ ਅਤੇ ਮੇਰਾ ਹਾਲ ਚਾਲ ਪੁੱਛਿਆ । ਉਨ੍ਹਾਂ ਦੀ ਸੈਕਟਰੀ ਮਿਸ  ਕੁ ਰੀਆਨ ਨੇ ਮੇਰੇ ਬੈਠਣ ਦਾ ਕਮਰਾ ਤਿਆਰ ਕਰ ਛੱਡਿਆ ਸੀ । ਉਹ ਅੰਗਰੇ ੀ ਦੇ ਕੁਝ ਅੱਖਰ ਬੋਲ ਕੇ ਮੇਰੇ ਨਾਲ ਗੁਫਤਗੂ ਕਰ ਸਕਦੀ ਸੀ । ਦ ਤਰ ਦਾ ਸਾਰਾ ਕੰਮ  ਾਰਸੀ ਵਿਚ ਹੀ ਕੀਤਾ ਜਾਂਦਾ ਹੈ । ਸਾਡੇ ਵਾਂਗ ਪੰਜਾਬੀ ਦੇ ਹੱਕ ਵਿੱਚ ਫੋਕੀ ਨਾਹਰੇਬਾਜੀ ਨਾਲ ਕੰਮ ਨਹੀਂ ਸਾਰਿਆ ਜਾਂਦਾ । ਪਹਿਲੇ ਦਿਨ ਡਾ. ਸੋਹਰਾਬੀ ਨੇ ਆਪਣੇ ਵਿਭਾਗ ਵਿੱਚ ਕੰਮ ਕਰਨ ਵਾਲੇ ਵਿਗਿਆਨੀਆਂ ਨਾਲ ਜਾਣ ਪਹਿਚਾਣ ਕਰਵਾਈ । ਸੌ ਦੇ ਕਰੀਬ ਵਿਗਿਆਨੀ ਰੇਡੀਏ ਨ ਪਰੋਟੈਕ ਨ ਵਿਭਾਗ ਵਿੱਚ ਕੰਮ ਕਰਦੇ ਹਨ ਅਤੇ ਇਨ੍ਹਾਂ ਵਿੱਚੋ ਤੀਸਰਾ ਹਿੱਸਾ ਇਰਾਨੀ ਬੀਬੀਆਂ ਹਨ ਜੋ ਪੂਰੀ ਇਸਲਾਮੀ  ਰ੍ਹਾ ਅਧੀਨ ਲਿਬਾਸ ਪਹਿਨ ਕੇ ਖੋਜ ਅਤੇ ਦ ਤਰ ਦਾ ਕੰਮ ਕਰਦੀਆਂ ਹਨ । ਖੋਮੈਨੀ ਸਰਕਾਰ ਨੇ ਲਿਬਾਸ ਉਪਰ ਸ ਤ ਪਾਬੰਧੀ ਲਾ ਰੱਖੀ ਹੈ ।  ਾਹ ਦੀ ਹਕੂਮਤ ਸਮੇ ਇਰਾਨ ਦੇ ਲੋਕ ਪੱਛਮੀ ਸਭਿਆਚਾਰ ਧਾਰਨ ਕਰ ਚੁਕੇ ਸਨ । ਦ ਤਰਾਂ ਵਿਚ ਔਰਤਾਂ ਨੰਗੇ ਸਿਰ ਅਤੇ ਸਕ੍ਰੱਟ

ਪਹਿਨ ਕੇ ਆਉਂਦੀਆਂ ਸਨ । ਨਾਚ ਗਾਣੇ ਉਪਰ ਕੋਈ ਪਾਬੰਦੀ ਨਹੀਂ ਸੀ । ਹੋਟਲਾਂ ਵਿੱਚ ਮਹਿਮਾਨਾਂ ਨੂੰ  ਰਾਬ ਦੀ ਖ਼ੁੱਲ੍ਹ ਸੀ ਅਤੇ ਇਸਲਾਮੀ  ੱਰ੍ਹਾ ਨੂੰ ਕਿਸੇ ਉਪਰ ਠੋਸਿਆ ਨਹੀਂ ਸੀ ਜਾਂਦਾ । ਮੈਨੂੰ ਯਾਦ ਹੈ 1970 ਵਿੱਚ ਪੈਰਿਸ ਵਿੱਚ ਪੜ੍ਹ ਰਹੀਆਂ ਇਰਾਨੀ ਔਰਤਾਂ ਮੇਮਾਂ ਵਾਂਗ ਹੀ ਵਿਚਰਦੀਆਂ ਸਨ ।

1972 ਵਿਚ ਪੈਰਿਸ ਯੂਨੀਵਰਸਿਟੀ ਦੇ ਇਰਾਨ ਹੋਸਟਲ ਵਿੱਚ  ਾਹ ਵਲੋਂ ਇਕ ਫੌਜੀ ਕਾਰਵਾਈ ਦੌਰਾਨ ਕੁਝ ਬਾ ੀ ਵਿਦਿਆਰਥੀ ਕੈਦ ਕੀਤੇ ਗਏ ਤਾਂ ਸਾਨੂੰ ਪਤਾ ਲਗਿਆ ਕਿ ਇਰਾਨ ਵਿੱਚ  ਾਹ ਦੀ ਹਕੂਮਤ ਵਿਰੁੱਧ ਕੋਈ ਇਮਾਮ ਖੋਮੈਨੀ ਬਗਾਵਤ ਦਾ ਝੰਡਾ ਬੁਲੰਦ ਕਰ ਚੁਕਾ ਹੈ ।  ਾਹ ਨੇ ਇਸ ਬਗਾਵਤ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਅਤੇ ਇਮਾਮ ਖੋਮੈਨੀ ਨੂੰ ਦੇਸ ਨਿਕਾਲਾ ਦੇ ਦਿੱਤਾ । ਉਹ ਇਰਾਨ ਦੇ  ਹਿਰ ਕਓਮ ਤੋਂ ਬਗਦਾਦ ਚਲਾ ਗਿਆ । ਇਰਾਨ ਵਿੱਚ  ੀਆ ਮੁਸਲਮਾਨ ਵੱਸਦੇ ਹਨ ਅਤੇ ਇਮਾਮ ਖੋਮੈਨੀ  ੀਆ ਮੁਸਲਮਾਨਾਂ ਦਾ ਧਾਰਮਿਕ ਆਗੂ ਸਵੀਕਾਰਿਆ ਜਾਂਦਾ ਹੈ । ਭਾਵੇ ਇਸਲਾਮ ਵਿੱਚ ਸਿੱਖ ਧਰਮ ਵਾਂਗ ਅਵਤਾਰਵਾਦ ਦਾ ਖੰਡਨ ਹੈ ਅਤੇ ਹ ਰਤ ਮੁਹੰਮਦ ਤੋਂ ਬਾਅਦ ਕੋਈ ਹੋਰ ਗੱਦੀ ਨ ੀਨ ਨਹੀਂ ਹੋ ਸਕਦਾ ਪਰੰਤੂ ਸਾਡੇ ਸੰਤਾਂ ਵਾਂਗ ਇਰਾਨ ਵਿੱਚ ਕਈ ਇਮਾਮ ਵੀ ਆਪਣੀ ਗੱਦੀ ਚਲਾਈ ਬੈਠੇ ਹਨ । ਕਓਮ  ਹਿਰ ਵੀ ਪੁਰਾਣੇ ਸਮਿਆਂ ਤੋਂ  ੀਆ ਮੱਤ ਦੇ ਇਮਾਮਾਂ ਦੀ ਗੱਦੀ ਨ ੀਨੀ ਦਾ ਕੇਂਦਰ ਚਲਿਆ ਆ ਰਿਹਾ ਹੈ । ਇਹ ਸਿਲਸਲਾ ਸਿੱਖ ਧਰਮ ਦੀ ਟਕਸਾਲ ਪਰੰਪਰਾ ਨਾਲ ਮੇਲ ਖਾਂਦਾ ਹੈ ।

ਇਮਾਮ ਧਰਮ ਦਾ ਪ੍ਰਚਾਰ ਕਰਦੇ ਹਨ ਅਤੇ ਕਓਮ  ਹਿਰ ਵਿੱਚ ਨੌਜਵਾਨਾਂ ਨੂੰ ਇਸਲਾਮ ਮੱਤ ਵਿੱਚ ਪ੍ਰਪੱਕ ਹੋਣ ਦੀ ਟ੍ਰੇਨਿੰਗ ਵੀ ਦਿੱਤੀ ਜਾਂਦੀ ਹੈ । ਬਲਕਿ ਇਮਾਮ ਖੋਮੈਨੀ ਬਰੇ ਤਾਂ ਪੰਜਾਬ ਦੇ ਅ ਬਾਰਾਂ ਵਿੱਚ ਕੁਝ ਸਨਸਨੀਖੇ   ਬਰਾਂ ਵੀ ਛਪੀਆਂ ਸਨ ਕਿ ਉਹ ਪੰਜਾਬ ਦੇ ਨਵਾਂ ਹਿਰ ਇਲਾਕੇ ਦਾ ਜੰਮਪਲ ਹੈ । ਮੈਨੂੰ ਇਸ ਤੱਥ ਦੀ ਪ੍ਰੋੜਤਾ ਵਿੱਚ ਕੋਈ ਸਬੂਤ ਤਾਂ ਨਹੀਂ ਮਿਲਿਆ ਪਰੰਤੂ ਇਰਾਨੀ ਲੋਕ ਮਖੌਲ ਨਾਲ ਇਹ ਗੱਲ ਜਰੂਰ ਕਹਿੰਦੇ ਹਨ ਕਿ ਇਰਾਨ ਨੇ ਭਾਰਤ ਲਈ ਨਾਦਰ  ਾਹ ਭੇਜਿਆ ਅਤੇ ਭਾਰਤ ਨੇ ਉਸ ਦਾ ਬਦਲਾ ਲੈਣ ਲਈ ਖੋਮੈਨੀ ਨੂੰ ਇਰਾਨ ਭੇਜਿਆ ਹੈ । ਉਸ ਦੇ ਵੱਡੇ ਵਡੇਰੇ ਕ ਮੀਰ ਤੋਂ ਇਰਾਨ ਗਏ ਸਨ । ਹਾਂ, ਇਰਾਨੀ ਸਰਕਾਰ ਦਾ ਰਾਜਸੀ ਚਿੰਨ ਜੋ ਖੋਮੈਨੀ ਨੇ ਤਜਵੀ  ਕੀਤਾ ਉਹ ਸਿੱਖਾਂ ਦੇ ਖੰਡੇ ਨਾਲ ਹੂਬਹੂ ਮੇਲ ਖਾਂਦਾ ਹੈ । ਦਰਅਸਲ, ਸਿੱਖੀ ਅਤੇ ਇਸਲਾਮ ਵਿੱਚ ਕੁਝ ਸਾਂਝੇ ਲੱਛਣ ਲੱਭ ਪੈਦੇ ਹਨ ਜਿਨ੍ਹਾਂ ਵਿੱਚੋਂ ਇਕ ਰੱਬ ਵਿੱਚ ਅਕੀਦਾ ਇਸ ਰਾਜਸੀ ਚਿੰਨ ਅਤੇ ਖੰਡੇ ਵਿੱਚ ਪ੍ਰਗਟ ਹੁੰਦਾ ਹੈ ।

ਇਰਾਨੀ ਅਤੇ ਪੰਜਾਬੀਆਂ ਦੇ ਸਭਿਆਚਾਰ ਵਿੱਚ ਕਈ ਹੋਰ ਸਾਂਝੇ ਲੱਛਣ ਹਨ ਜੋ ਸਦੀਆਂ ਪੁਰਾਣੇ ਸੰਪਰਕ ਕਾਰਨ ਪੈਦਾ ਹੋਏ ਹੋਣਗੇ । ਪੰਜਾਬੀ ਔਰਤਾਂ ਵਿੱਚ ਪਰਦੇ ਦਾ ਰਿਵਾਜ, ਚਾਦਰਾਂ ਲੈ ਕੇ ਬਾਹਰ ਨਿਕਲਣਾ, ਮਿਲਣ ਲੱਗਿਆਂ ਗਲੇ ਲੱਗ ਕੇ ਰਾਮ ਸੱਤ ਕਰਨਾ, ਮਹਿਮਾਨ ਨਿਵਾਜੀ ਅਤੇ ਅਦਬੀ ਸਲੀਕੇ ਇਰਾਨ ਤੋਂ ਮਿਲੇ ਸਭਿਆਚਾਰਕ ਗੁਣ ਹਨ । ਹੁਣ ਪੰਜਾਬ ਤਾਂ ਭਾਰਤ ਵਾਂਗ ਪੱਛਮੀ ਸਭਿਆਚਾਰ ਦੀ ਲਪੇਟ ਵਿੱਚ ਆ ਚੁੱਕਾ ਹੈ ਪਰੰਤੂ ਇਰਾਨ ਇਮਾਮ ਖੋਮੈਨੀ ਦੇ ਪੈਰੋਕਾਰਾਂ ਦੀ ਦੇਖ ਰੇਖ ਵਿੱਚ ਪੁਰਾਤਨ ਇਸਲਾਮੀ  ੱਰ੍ਹਾ ਤੇ ਅਧਾਰਿਤ ਸਭਿਆਚਾਰ ਨੂੰ ਅਪਨਾ ਚੁੱਕਾ ਹੈ । ਵੇਖੀਏ ਇਹ ਨਵੀਂ ਸਭਿਆਚਾਰਕ ਲਹਿਰ ਇਰਾਨ ਦੇ ਭਵਿੱਖ ਨੂੰ ਕੀ ਸੇਧ ਪ੍ਰਦਾਨ ਕਰੇਗੀ ।

ਪੰਜਾਬ ਅਤੇ ਇਰਾਨ ਵਿੱਚ ਤ ਾਰਤ ਦਾ ਸਿਲਸਲਾ ਵੀ ਸਦੀਆਂ ਪੁਰਾਣਾ ਚਲਿਆ ਆ ਰਿਹਾ ਹੈ । ਇਰਾਨ ਵਿੱਚੋਂ ਸੁਕੇ ਮੇਵੇ ਅੰਮ੍ਰਿਤਸਰ ਦੀ ਮੰਡੀ ਵਿੱਚ ਆ ਕੇ ਵਿਕਦੇ ਰਹੇ ਹਨ । ਇਰਾਨੀ ਗਲੀਚੇ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ । ਗਲੀਚੇ ਬਣਾਉਣ ਦਾ ਕੰਮ ਅੰਮ੍ਰਿਤਸਰ ਵਿੱਚ ਵੀ ਇਸੇ ਸੰਪਰਕ ਕਾਰਨ  ੁਰੂ ਹੋ ਗਿਆ ਜਾਪਦਾ ਹੈ । ਪੰਜਾਬ ਦੇ ਵਪਾਰੀ ਬਲਖ ਬੁਖਾਰਾ, ਇਸਫਾਹਨ ਅਤੇ ਿ ਰਾ  ਦੀਆਂ ਮੰਡੀਆਂ ਵਿੱਚ ਆਪਣਾ ਮਾਲ ਵੇਚਣ ਆਉਂਦੇ ਸਨ । ਕੁਝ ਸਿੱਖ ਵਪਾਰੀ ਜੇਹਲਮ ਅਤੇ ਰਾਵਲਪਿੰਡੀ ਦੇ ਇਲਾਕੇ ਵਿੱਚੋਂ ਆ ਕੇ ਜਾਏਦਾਨ ਅਤੇ ਤੈਹਰਾਨ ਵਿੱਚ ਵੱਸ ਗਏ । ਵਿ ਵ ਯੁੱਧ ਤੋਂ ਬਾਅਦ ਸਿੱਖ ਫੌਜੀਆਂ ਨੇ ਵੀ ਇਰਾਨ ਵਿੱਚ ਆਪਣਾ ਡੇਰਾ ਜਮਾ ਲਿਆ । ਇਨ੍ਹਾਂ ਨੇ ਇਥੇ ਕੱਪੜੇ ਅਤੇ ਮੋਟਰ ਪਾਰਟਸ ਦਾ ਕੰਮ  ੁਰੂ ਕੀਤਾ ਹੈ । ਸਰਕਾਰੀ ਨੌਕਰੀ ਅਤੇ ਖੋਜ ਦੇ ਮਹਿਕਮੇ ਵਿੱਚ ਤਾਂ ਕੋਈ ਵੀ ਭਾਰਤੀ ਕੰਮ ਨਹੀਂ ਕਰਦਾ, ਜਿਆਦਾਤਰ ਆਪਣੀਆਂ ਦੁਕਾਨਾਂ ਹੀ ਕਰਦੇ ਹਨ । ਇਸ ਵਕਤ ਤੈਹਰਾਨ ਵਿੱਚ ਸੌ ਦੇ ਕਰੀਬ ਸਿੱਖ ਪ੍ਰਵਾਰ ਵੱਸਦੇ ਹਨ । ਸਿੱਖਾਂ ਦਾ ਤੈਹਰਾਨ ਵਿੱਚ ਆਲੀ ਾਨ ਗੁਰਦਵਾਰਾ ਹੈ ਜਿਸ ਦੀ ਸੇਵਾ ਲੰਬੇ ਸਮੇ ਤੋਂ ਭਾਈ ਮੱਖਣ ਸਿੰਘ ਹੋਰਾਂ ਨੇ ਨਿਭਾਈ ਹੈ । ਮੈਨੂੰ ਇਨ੍ਹਾਂ ਦੇ ਮਿਲਾਪ ਦੀ ਬੜੀ ਚਾਹ ਸੀ ਪਰੰਤੂ ਉਹ ਇਕ ਮਹੀਨੇ ਲਈ ਇੰਗਲੈਂਡ ਗਏ ਸਨ । ਭਾਈ ਮੱਖਣ ਸਿੰਘ ਨੇ ਗੁਰਦਵਾਰੇ ਦੀ ਸੇਵਾ ਸੰਭਾਲ ਦੇ ਨਾਲ ਆਪਣਾ ਮੋਟਰ ਪਾਰਟਸ ਦਾ ਧੰਧਾ ਵੀ ਚਾਲੂ ਕਰ ਰੱਖਿਆ ਹੈ। ਉਹ ਕਈ ਸਾਲਾਂ ਤੋਂ ਨਿ ਕਾਮ ਸੇਵਾ ਕਰਦੇ ਆ ਰਹੇ ਹਨ । ਜਦੋਂ ਉਨ੍ਹਾਂ ਨੇ ਭਾਈ ਨੰਦ ਲਾਲ ਗੋਯਾ ਦੀਆਂ ਫਾਰਸੀ ਰਚਨਾਵਾਂ ਨੂੰ ਛਪਵਾ ਕੇ ਤੈਹਰਾਨ ਵਿੱਚ ਵੰਡਿਆ ਤਾਂ ਇਰਾਨੀ ਲੋਕ ਦੰਗ ਰਹਿ ਗਏ ਕਿ ਉਨ੍ਹਾਂ

ਦੀ ਮਾਤ ਭਾ ਾ ਵਿੱਚ ਏਨੇ ਉਚ ਪਾਏ ਦਾ ਕਲਾਮ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਦਰਬਾਰੀ ਕਵੀ ਦਵਾਰਾ ਪੰਜਾਬ ਦੀ ਧਰਤੀ ਉਪਰ ਰਚਿਆ ਗਿਆ । ਸਿੱਖੀ ਦੇ ਪ੍ਰਚਾਰ ਲਈ ਭਾਈ ਮੱਖਣ ਸਿੰਘ ਦਾ ਯੋਗਦਾਨ ਅਹਿਮ ਹੈ ।

ਤੈਹਰਾਨ ਵਿੱਚ ਸਿੱਖਾਂ ਨੇ ਆਪਣਾ ਸਕੂਲ ਵੀ ਕਾਇਮ ਕਰ ਰੱਖਿਆ ਹੈ । ਇਹ ਗੁਰਦਵਾਰਾ ਸਾਹਿਬ ਦੀ ਇਮਾਰਤ ਦੇ ਐਨ ਪਿਛਲੇ ਪਾਸੇ ਹੈ । ਅੱਜਕੱਲ੍ਹ ਇਸ ਦਾ ਪ੍ਰਬੰਧ ਭਾਰਤੀ ਸਿਫਾਰਤਖਾਨੇ ਦੀ ਦੇਖ ਰੇਖ ਵਿੱਚ ਹੈ । ਮੈ ਬੀਬੀ ਇੰਦਰਪਾਲ ਕੌਰ ਦੇ ਪ੍ਰਵਾਰ ਦੇ ਸੱਦੇ ਤੇ ਉਨ੍ਹਾਂ ਦੇ ਘਰ ਵੀ ਗਿਆ । ਇਹ ਪ੍ਰਵਾਰ ਸਭ ਤੋਂ ਪਹਿਲਾਂ ਤੈਹਰਾਨ ਵਿੱਚ ਆ ਕੇ ਵਸਿਆ ਸੀ । ਇਨ੍ਹਾਂ ਦੀ ਆਪਣੀ ਗਾਰਮੈਂਟਸ ਦੀ ਫੈਕਟਰੀ ਹੈ ਅਤੇ ਇਹ ਮਾਲ ਤਿਆਰ ਕਰਕੇ ਜਰਮਨੀ ਵਿੱਚ ਭੇਜਦੇ ਹਨ । ਵਪਾਰ ਦੇ ਕਾਰੋਬਾਰ ਨੂੰ ਚਲਾਣ ਵਿੱਚ ਇਹ ਬੀਬੀ ਮੁਹਾਰਤ ਰੱਖਦੀ ਹੈ ਅਤੇ ਇਸਨੇ ਤੈਹਰਾਨ ਯੂਨੀਵਰਸਿਟੀ ਤੋਂ ਕਾਮਰਸ ਦੀ ਡਿਗਰੀ ਹਾਸਲ ਕਰ ਰੱਖੀ ਹੈ । ਇਹ 10 ਮਈ ਨੂੰ ਆਪਣੇ ਕਾਰੋਬਾਰ ਦੇ ਸਬੰਧ ਵਿੱਚ ਡਾ਼ ਸੋਹਰਾਬੀ ਨੂੰ ਮਿਲਣ ਆਏ ਤਾਂ ਮੇਰੇ ਨਾਲ ਸੰਪਰਕ ਹੋ ਗਿਆ । ਵੇਖਣ ਚਾਖਣ ਨੂੰ ਇਹ ਇਰਾਨੀ ਔਰਤ ਹੀ ਜਾਪਦੀ ਹੈ ਪਰੰਤੂ ਜਦੋਂ ਪੰਜਾਬੀ ਵਿੱਚ ਗੁ ਤਗੂ  ਰੂ ਕੀਤੀ ਤਾਂ ਮੈ ਹੈਰਾਨ ਰਹਿ ਗਿਆ । ਬੀਬੀ ਜੀ ਦੇ ਪ੍ਰਵਾਰ ਵਿੱਚ ਸਾਰੇ ਬੱਚੇ ਪੰਜਾਬੀ ਬੋਲਦੇ ਅਤੇ ਪੜ੍ਹਦੇ ਹਨ । ਸਾਰੇ ਬੱਚਿਆਂ ਨੂੰ ਜਪੁਜੀ ਸਾਹਿਬ ਕੰਠ ਹੈ । ਗੁਰਦਵਾਰੇ ਵਿੱਚ ਕਵਿਤਾ ਅਤੇ ਪਾਠ ਮੁਕਾਬਲੇ ਹੁੰਦੇ ਹਨ । ਸਕੂਲ ਵਿੱਚ ਫਾਰਸੀ ਅਤੇ ਪੰਜਾਬੀ ਮ ਮੂਨ ਪੜ੍ਹਾਏ ਜਾਂਦੇ ਹਨ । ਹਰ  ਕਰਵਾਰ ਇਰਾਨ ਵਿੱਚ ਛੁੱਟੀ ਦਾ ਦਿਨ ਹੋਣ ਕਾਰਨ ਗੁਰਦਵਾਰੇ ਵਿੱਚ ਕਾਫੀ ਰੌਣਕ ਹੁੰਦੀ ਹੈ, ਦੀਵਾਨ ਸੱਜਦੇ ਹਨ ਅਤੇ ਗੁਰੂ ਦਾ ਲੰਗਰ ਵਰਤਦਾ ਹੈ । ਕੈਨੇਡਾ ਅਤੇ ਅਮਰੀਕਾ ਦੇ ਮੁਕਾਬਲੇ ਇਥੇ ਕੇਸਾਧਾਰੀ ਸਿੰਘ ਵਧੇਰੇ ਹਨ । ਇਸ ਦਾ ਕਾਰਨ ਸਪ ਟ ਹੈ, ਇਥੇ ਵਧੇਰੇ ਪ੍ਰੀਵਾਰ ਜੇਹਲਮ ਅਤੇ ਪਿੰਡੀ ਤੋਂ ਆਏ ਹਨ । ਮਲਵਈ ਅਤੇ ਦਵਾਬੀਏ ਤਾਂ ਕਿਧਰੇ ਲੱਭਦੇ ਨਹੀਂ ।

ਇਰਾਨ ਦੇ ਅਮਰੀਕਾ ਨਾਲ ਸੰਬੰਧ ਚੰਗੇ ਨਾ ਹੋਣ ਕਰਕੇ ਇਨ੍ਹਾਂ ਦੀ ਅਰਥਵਿਵਸਥਾ ਖਤਰੇ ਵਿੱਚ ਪੈ ਗਈ ਹੈ । ਇਥੇ ਤੇਲ ਪਾਣੀ ਤੋਂ ਸਸਤਾ ਹੈ । 50 ਪੈਸੇ ਦਾ ਇਕ ਲਿਟਰ ਪੈਟਰੋਲ ਮਿਲਦਾ ਹੈ । ਦੁੱਧ ਅਤੇ ਰੋਟੀ ਵੀ ਸਸਤੇ ਭਾਅ ਮੁਹੱਈਆ ਕੀਤੇ ਜਾਂਦੇ ਹਨ । ਬਿਜਲੀ ਅਤੇ ਗੈਸ ਨਾਲ ਤਪਾਏ ਗਏ ਤੰਦੂਰਾਂ ਤੋਂ ਵੀਹ ਪੈਸੇ ਦੀ ਰੋਟੀ ਮਿਲ ਜਾਂਦੀ ਹੈ । ਸੁੱਕਾ ਮੇਵਾ ਵੀ ਸਸਤਾ ਹੈ । ਫਲ ਅਤੇ ਸਬਜੀਆਂ ਪੰਜਾਬ ਵਾਂਗ ਸਭ ਮਿਲਦੀਆਂ ਹਨ । ਇਥੇ ਅੰਡੇ ਵੀ ਤੋਲ ਕੇ ਵੇਚਦੇ ਹਨ । ਸਰਕਾਰੀ ਅਤੇ ਪ੍ਰਾਈਵੇਟ ਦੁਕਾਨਾਂ ਵਿੱਚ ਕੀਮਤਾਂ ਦਾ ਢੇਰ ਫਰਕ ਹੈ । ਲੋਕਲ ਬੱਸਾਂ ਦਾ ਕਿਰਾਇਆ ਘੱਟ ਹੈ ਅਤੇ ਵੀਹ ਪੈਸੇ ਦਾ ਟਿਕਟ । ਪਰੰਤੂ ਫਿਰ ਵੀ ਲੋਕਾਂ ਵਿੱਚ ਬੇਚੈਨੀ ਹੈ । ਦਰਅਸਲ ਇਸਲਾਮੀ  ਰ੍ਹਾ ਦੀ ਕਰੜਾਈ ਤੋਂ ਲੋਕ ਤੰਗ ਆ ਗਏ ਜਾਪਦੇ ਹਨ । ਦੂਸਰਾ ਇਥੋ ਦੇ ਸਿੱਕੇ ਦੀ ਕੀਮਤ ਬਹੁਤ ਗਿਰ ਚੁੱਕੀ ਹੈ ਅਤੇ ਪੜ੍ਹੇ ਲਿਖੇ ਲੋਕ ਜੋ ਵਿਦੇ ੀ ਚੀਜਾਂ ਵਰਤਣ ਦੇ  ੌਕੀਨ ਹੋ ਜਾਂਦੇ ਹਨ, ਤੰਗੀ ਮਹਿਸੂਸ ਕਰ ਰਹੇ ਹਨ ।

ਪੰਜਾਬ ਅਤੇ ਭਾਰਤ ਦੇ ਮੁਕਾਬਲੇ ਇਰਾਨ ਦੇ  ਹਿਰ ਸਾਫ ਸੁਥਰੇ ਅਤੇ ਸੁੰਦਰ ਹਨ। ਤੈਹਰਾਨ ਦੀ ਵਸੋਂ ਇਕ ਕਰੋੜ ਦੇ ਲੱਗਭੱਗ ਹੋ ਰਹੀ ਹੈ ਪਰਤੂੰ ਸੜਕਾਂ ਅਤੇ ਮੁਹੱਲੇ ਗੰਦਗੀ ਦੇ ਢੇਰਾਂ ਤੋਂ ਮੁਕਤ ਹਨ । ਪਾਣੀ ਦੇ ਨਿਕਾਸ ਲਈ ਗਲੀਆਂ ਵਿੱਚ ਖੁੱਲੀਆਂ ਨਾਲੀਆਂ ਹਨ ਜਿਨ੍ਹਾਂ ਵਿੱਚ ਬਾਰ  ਦਾ ਅਤੇ ਘਰਾਂ ਦਾ ਪਾਣੀ ਵਹਿ ਜਾਂਦਾ ਹੈ । ਪਤਾ ਨਹੀ ਇਨ੍ਹਾਂ ਨੂੰ ਕਿਵੇ ਸਾ  ਰੱਖਿਆ ਜਾਂਦਾ ਹੈ ਕਿਉਂਕਿ ਖੁਲ੍ਹੀਆਂ ਨਾਲੀਆਂ ਵਿੱਚੋ ਕਿਧਰੇ ਬਦਬੋ ਨਹੀਂ ਆਉਂਦੀ । ਸੜਕਾਂ ਉਪਰ ਕਾਰਾਂ ਦੀ ਭਰਮਾਰ ਹੈ । ਰਿਕ ਾ, ਟਾਂਗਾ, ਗੱਡਾ, ਰੇੜੀ ਅਤੇ ਇਥੋ ਤੱਕ ਕਿ ਸਾਈਕਲ ਵੀ ਕਿਧਰੇ ਸੜਕ ਉਪਰ ਚਲਦੇ ਦਿਖਾਈ ਨਹੀ ਦਿੰਦੇ । ਕਾਰਾਂ ਅਤੇ ਬੱਸਾਂ ਹੀ ਲੱਭਦੀਆਂ ਹਨ । ਹਰ ਕਾਮੇ ਕੋਲ ਆਪਣੀ ਕਾਰ ਜਾਂ ਮੋਟਰ ਸਾਈਕਲ ਹੁੰਦੀ ਹੈ ।

ਇਰਾਨ ਵਿੱਚ ਇੰਨੀਆਂ ਸਹੂਲਤਾਂ ਦੇ ਬਾਵਜੂਦ ਵੀ ਕਈ ਪੰਜਾਬੀ ਪ੍ਰੀਵਾਰ ਇਥੋ ਹੋਰ ਦੇਸਾਂ ਵੱਲ ਰਵਾਨਾ ਹੋਣ ਲਈ ਕਾਹਲੇ ਪੈ ਗਏ ਹਨ । ਪੰਜਾਬੀ ਵਧ ਨਫਾ ਕਮਾਉਣ ਦੇ ਚਾਹਵਾਨ ਹਨ ਅਤੇ ਇਥੋ ਦੀ ਸਰਕਾਰ ਉਨ੍ਹਾਂ ਤੇ ਰੋਕਾਂ ਲਾ ਰਹੀ ਹੈ । ਜੋ ਲੁੱਟ ਖਸੁੱਟ ਵਪਾਰੀ ਕਰਦੇ ਸਨ ਉਹ ਹੁਣ ਰੁਕ ਚੁਕੀ ਹੈ । ਬਾਕੀ ਦੇ ਾਂ ਦੇ ਮੁਕਾਬਲੇ ਇਰਾਨ ਵਿੱਚ ਗੁੰਡਾਗਰਦੀ ਨਾਮਾਤਰ ਹੈ । ਪੁਲੀਸ ਈਮਾਨਦਾਰ ਹੈ ਅਤੇ ਗੁੰਡਿਆਂ ਦੀ ਚੰਗੀ ਭੁਗਤ ਸਵਾਰਦੀ ਹੈ ।  ਾਦੀ  ੁਦਾ ਔਰਤ ਨਾਲ ਬਲਾਤਕਾਰ ਦੀ ਸ ਾ ਮੌਤ ਹੈ । ਚੋਰੀ ਯਾਰੀ ਦਾ ਨਾਮੋ ਨਿ ਾਨ ਨਹੀ । ਔਰਤਾਂ ਰਾਤ ਨੂੰ ਬੇਫਿਕਰ ਹੋ ਕੇ ਘਰੋ ਬਾਹਰ ਘੁੰਮ ਸਕਦੀਆਂ ਹਨ ਪਰੰਤੂ ਜੇ ਕੋਈ ਔਰਤ ਪੂਰਨ ਲਿਬਾਸ ਵਿੱਚ ਨਾ ਹੋਵੇ ਤਾਂ ਪੁਲੀਸ ਵਾਲੇ ਛਮਕਾਂ ਨਾਲ ਝੰਬ ਸੁੱਟਦੇ ਹਨ । ਦਸ ਸਾਲ ਦੀ ਉਮਰ ਤੋਂ ਲੈ ਕੇ ਵਡੇਰੀ ਉਮਰ ਦੀਆਂ ਸਭ ਤੀਵੀਆਂ ਸਿਰ ਤੋਂ ਪੈਰਾਂ ਤੀਕਰ ਲਿਬਾਸ ਨਾਲ ਢੱਕੀਆਂ ਹੁੰਦੀਆਂ ਹਨ । ਘਰਾਂ ਵਿੱਚ ਤਾਂ ਉਹ ਆਪਣੀ ਮਰ ੀ ਨਾਲ ਵਿਚਰਦੀਆਂ ਹਨ ਅਤੇ ਪੂਰੀ  ੌਕੀਨੀ ਕਰਦੀਆਂ ਹਨ ਪਰੰਤੂ ਬਾਹਰ  ੋਖੀ ਭਰਪੂਰ ਹਰਕਤਾਂ ਉਪਰ ਪੂਰੀ ਪਾਬੰਦੀ ਹੈ । ਯੂਨੀਵਰਸਿਟੀਆਂ ਵਿੱਚ ਸਿਆਸੀ ਕਾਰਵਾਈ ਉਪਰ ਵੀ ਪਾਬੰਦੀ ਹੈ । ਹਰ

ਸਰਕਾਰੀ ਦਫਤਰ ਵਿੱਚ ਨਿਮਾ  ਪੜ੍ਹਨ ਲਈ ਰਾਖਵਾਂ ਕਮਰਾ ਹੁੰਦਾ ਹੈ । ਔਰਤਾਂ ਅਤੇ ਮਰਦਾਂ ਲਈ ਰੈਸਤੋਰਾਂ ਵਿੱਚ, ਬੱਸਾਂ ਵਿੱਚ, ਗੱਡੀਆਂ ਵਿੱਚ ਵੱਖਰੇ ਖਾਨੇ ਹੁੰਦੇ ਹਨ, ਬਲਕਿ ਕਈ ਦ ਤਰਾਂ ਨੇ ਔਰਤਾਂ ਲਈ ਵੱਖਰੀਆਂ ਬੱਸਾਂ ਹੀ ਲਗਾ ਰੱਖੀਆਂ ਹਨ । ਭਾਵੇ ਸਭ ਲੋਕ ਪੈਂਟ ਕੋਟ ਹੀ ਪਹਿਨਦੇ ਹਨ ਪਰੰਤੂ ਕੋਈ ਵੀ ਨੈਕਟਾਈ ਲਗਾ ਕੇ ਨਹੀਂ ਆਉਂਦਾ । ਾਇਦ ਇਸ ਨੂੰ ਅੰਗਰੇ  ਦੀ ਗੁਲਾਮੀ ਦਾ ਪ੍ਰਤੀਕ ਸਮਝ ਕੇ ਤਿਆਗ ਛੱਡਿਆ ਹੈ ।

ਤੈਹਰਾਨ ਦੇ ਪਾਰਕਾਂ ਵਿੱਚ ਕਾਫੀ ਚਹਿਲ ਪਹਿਲ ਲੱਭਦੀ ਹੈ । _ਕਰਵਾਰ ਵਾਲੇ ਦਿਨ ਕਿਸੇ ਪਾਰਕ ਵਿੱਚ ਬੈਠਣ ਦੀ ਜਗਾਹ ਨਹੀਂ ਮਿਲਦੀ । ਲੋਕ ਬੱਚਿਆਂ ਸਮੇਤ ਪਿਕਨਿਕ ਕਰਨ ਆਉਂਦੇ ਹਨ । ਕਿਧਰੇ ਕਿਧਰੇ ਨਵ੍ਵਿਆਹੇ ਜੋੜੇ ਵੀ ਲੁਕ੍ਛਿਪ ਕੇ ਪਿਆਰ ਦਾ ਇ ਹਾਰ ਕਰਦੇ ਹਨ ਪਰੰਤੂ ਲੈਲਾਮਜਨੂੰ ਜਹੇ ਆ ਕਾਂ ਦੇ ਟੋਲੇ ਕਿਧਰੇ ਭਾਲਿਆਂ ਨਹੀ ਲੱਭਦੇ । ਇਕ ਹਫਤੇ ਤੋਂ ਮੈ ਤੈਹਰਾਨ ਵਿੱਚ ਘੁੰਮ ਰਿਹਾ ਹਾਂ, ਅਜੇ ਤੱਕ ਮੇਰੀ ਨਿਗਾਹ ਵਿੱਚ ਕੋਈ ਮੰਗਤਾ ਨਹੀ ਪਿਆ, ਨਾ ਹੀ ਕੋਈ ਲਵਾਰਸ ਜਾਂ ਅੰਗਹੀਣ ਵਿਅਕਤੀ । ਆਮ ਇਰਾਨੀ ਮਰਦ ਅਤੇ ਔਰਤ ਚੰਗੀ ਸਿਹਤ ਦੇ ਮਾਲਕ ਹਨ । ਬਲਕਿ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੀ ਵਧੇਰੇ ਹੈ ਅਤੇ ਸਿਹਤ ਪੱਖੋ ਵੀ ਬਿਹਤਰ ਹਨ। ਦੁਨੀਆਂ ਵਿੱਚ ਜੇ ਕੋਈ ਹੋਰ ਕੌਮ ਮੁਹਾਂਦਰੇ ਵਿੱਚ ਪੰਜਾਬੀਆਂ ਨਾਲ ਮੇਲ ਖਾਂਦੀ ਹੈ ਤਾਂ ਇਹ ਇਰਾਨੀ ਲੋਕ ਹੀ ਹਨ । ਇਰਾਨੀ ਔਰਤ ਆਪਣੇ ਕਾਲੇ ਲਿਬਾਸ ਵਿੱਚ ਕੱਜੀ ਲਪੇਟੀ ਜਦੋਂ ਕਦੇ ਪਿਆਰ ਦੀ ਸੁਵੱਲੀ ਨਿਗਾਹ ਕਿਸੇ ਪ੍ਰਦੇਸੀ ਵੱਲ ਪਾਉਂਦੀ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਪੂਰਨਮਾ ੀ ਦੇ ਚੰਦ ਦੀਆਂ ਰਿ ਮਾਂ ਅੱਖਾਂ ਨੂੰ ਚੁੰਧਿਆ ਗਈਆਂ ਹਨ।  ਦੁਨੀਆਂ ਵਿੱਚ ਨਹੀਂ ਰੀਸਾਂ ਪੰਜਾਬ ਦੇ ਹੁਸਨ, ਜਵਾਨੀ ਅਤੇ ਅੱਥਰੇਪਣ ਦੀਆਂ ਪਰੰਤੂ ਇਰਾਨੀ ਸਾਡੇ ਨਾਲੋਂ ਇਕ ਦਰਜਾ ਅਗਾਂਹ ਹੀ ਹਨ, ਪਿੱਛੇ ਨਹੀ । ਹੋਣ ਵੀ ਕਿਉਂ ਨਾ ਉਹ ਦਰਅਸਲ ਸਾਡੇ ਸਦੀਆਂ ਵਿਛੜੇ ਵੀਰ ਅਤੇ ਭੈਣਾਂ ਹਨ ।

# ਮਿਲਾਪੜੇ ਲੋਕਾਂ ਦਾ ਹਿਰ - ਇਸਫਾਹਨ

---

27 ਮਈ 1994 ਨੂੰ ਮੈ ਤੈਹਰਾਨ ਤੋ ਸਵੇਰੇ 5 ਵਜੇ ਏਅਰਪੋਰਟ ਵੱਲ ਰਵਾਨਾ ਹੋ ਪਿਆ । ਮੇਰੀ ਉਡਾਨ 6 ਵਜੇ ਸੀ । ਪ੍ਰਮਾਣੂ ਊਰਜਾ ਕੇਦਰ ਵਿੱਚ ਤਿੰਨ ਹਫਤੇ ਗੁ ਾਰ ਕੇ ਮੈ ਇਰਾਨ ਦੇ ਦੋ ਸੁੰਦਰ ਇਤਿਹਾਸਕ ਹਿਰ ਇਸਫਾਹਨ ਅਤੇ ਿ ਰਾ ਵੇਖਣ ਦਾ ਪ੍ਰੋਗਰਾਮ ਬਣਾ ਲਿਆ । ਦਰਅਸਲ, ਤੈਹਰਾਨ ਤਾਂ ਪਿਛਲੇ ਤੀਹ ਸਾਲਾਂ ਵਿੱਚ ਹੀ ਤਰੱਕੀ ਕਰ ਕੇ 5 ਲੱਖ ਤੋ ਇਕ ਕਰੋੜ ਅਬਾਦੀ ਵਾਲਾ ਹਿਰ ਬਣ ਗਿਆ ਹੈ । ਇਹ ਯਾਤਰੀਆਂ ਦੀ ਖਿੱਚ ਦਾ ਕਾਰਨ ਨਹੀ ਬਣ ਸਕਿਆ । ਤੈਹਰਾਨ ਪਹਿਲਵੀ ਾਨਦਾਨ ਦੇ ਰਾਜ ਸਮੇ ਹੀ ਇਰਾਨ ਦੀ ਰਾਜਧਾਨੀ ਬਣਿਆ । ਇਸ ਤੋ ਪਹਿਲਾਂ ਕਈ ਸੌ ਸਾਲਾਂ ਤੱਕ ਇਸਫਾਹਨ ਅਤੇ ਿ ਰਾ ਇਰਾਨੀ ਦੀ ਰਾਜਧਾਨੀ ਹੋਇਆ ਕਰਦੇ ਸਨ । ਜਿਵੇ ਦਿੱਲੀ ਭਾਰਤ ਦੇ ਇਤਿਹਾਸ ਅਤੇ ਸਭਿਆਤਾ ਦਾ ਪ੍ਰਤੀਕ ਹੈ ਇਸੇ ਤਰ੍ਹਾਂ ਇਸਫਾਹਨ ਅਤੇ ਿ ਰਾ ਇਰਾਨੀ ਤਹਿ ੀਬ ਦੇ ਦੋ ਮਹਾਨ ਕੇਦਰ ਮੰਨੇ ਜਾਂਦੇ ਹਨ । ਕੋਈ ਵੀ ਯਾਤਰੀ ਇਰਾਨ ਦੀ ਯਾਤਰਾ ਨੂੰ ਸੰਪੂਰਨ ਨਹੀਂ ਸਮਝਦਾ ਜਿੰਨਾਂ ਚਿਰ ਉਹ ਇਨ੍ਹਾਂ ਦੋਹਾਂ ਹਿਰਾਂ ਦੀ ਯਾਤਰਾ ਨਾ ਕਰ ਲਵੇ । ਮੈ ਆਪਣੇ ਮੇਜਬਾਨ ਨੂੰ ਇਸ ਬਾਰੇ ਪਹਿਲਾਂ ਹੀ ਸੂਚਿਤ ਕਰ ਰੱਖਿਆ ਸੀ । ਸੋ ਉਸ ਨੇ ਮੇਰੀ ਵਾਪਸੀ ਤੋ ਪਹਿਲਾਂ ਹੀ ਮੇਰੀ ਯਾਤਰਾ ਦਾ ਪ੍ਰਬੰਧ ਕਰ ਦਿੱਤਾ ।

ਇਰਾਨ ਵਿੱਚ ਪੈਟਰੋਲ ਸਸਤਾ ਹੋਣ ਕਰਕੇ ਹਵਾਈ ਜਹਾਜ ਦਾ ਕਿਰਾਇਆ ਸਾਡੀਆਂ ਡੀਲਕਸ ਬੱਸਾਂ ਦੇ ਬਰਾਬਰ ਹੀ ਹੈ । ਹਰ ਕੋਈ ਆਪਣੀ ਕਾਰ ਜਾਂ ਜਹਾਜ ਰਾਹੀ ਸਫਰ ਕਰਦਾ ਹੈ । ਤੈਹਰਾਨ ਏਅਰਪੋਰਟ ਤੋ ਸਵੇਰੇ 6 ਵਜੇ ਹਵਾਈ ਜਹਾਜ ਇਸ ਤਰ੍ਹਾਂ ਉਡਦੇ ਹਨ ਜਿਵੇ ਸਾਡੇ ਬੱਸ ਅੱਡਿਆਂ ਤੋ ਬੱਸਾਂ ਰਵਾਨਾ ਹੁੰਦੀਆਂ ਹਨ । ਠੀਕ ਸਮੇ ਉਪਰ ਸਾਡਾ ਜਹਾਜ ਇਸਫਾਹਨ ਹਿਰ ਵੱਲ ਉਡਿਆ ਅਤੇ 7 ਵਜੇ ਦੇ ਕਰੀਬ ਅਸੀ ਆਪਣੇ ਟਿਕਾਣੇ ਉਪਰ ਪਹੁੰਚ ਗਏ । ਜਹਾਜ ਵਿੱਚੋ ਇਰਾਨ ਦਾ ਮਾਰੂਥਲ ਨਜਰ ਆ ਰਿਹਾ ਸੀ । ਏਅਰਪੋਰਟ ਦੇ ਆਲੇ ਦੁਆਲੇ ਖੁ ਕ ਰੇਤਲਾ ਇਲਾਕਾ ਸੀ ਅਤੇ ਦੂਰ ਦੁਰਾਡੇ ਵਿਰਲਾ ਟਾਵਾਂ ਪਿੰਡ ਨ ਰੀ ਪੈਦਾ ਸੀ । ਪਿੰਡਾਂ ਵਿੱਚ ਮਕਾਨ ਕੱਚੇ ਅਤੇ ਖੇਤੀਬਾੜੀ ਲਈ ਨਹਿਰ ਦਾ ਪਾਣੀ ਵਰਤਿਆ ਜਾਂਦਾ ਹੈ । ਏਅਰਪੋਰਟ ਉਪਰ ਕੁਝ ਲੋਕ ਆਪਣੇ ਰਿ ਤੇਦਾਰਾਂ ਨੂੰ ਲੈਣ ਅਤੇ ਵਿਦਾ ਕਰਨ ਆਏ ਹੋਏ ਸਨ । ਹਰ ਕੋਈ ਗਲੇ ਲੱਗ ਕੇ ਮਿਲ ਰਿਹਾ ਸੀ ਅਤੇ ਉਚੀ ਉਚੀ ਭੁੱਬਾਂ ਮਾਰ ਕੇ ਰੋਣ ਦੀ ਅਵਾਜ ਆ ਰਹੀ ਸੀ । ਇਹ ਨ ਾਰਾ ਤਾਂ ਸਾਡੇ ਦੇਸ ਤੋ ਵੀ ਵੱਧ ਰੋਚਕ ਜਾਪਿਆ । ਕਈ ਸੱਜ ਵਿਆਹੀਆਂ ਆਪਣੇ ਸੱਜਣਾਂ ਨੂੰ ਗਲ ਲਗ ਕੇ ਵਿਦਾ ਕਰ ਰਹੀਆਂ ਸਨ । ਏਅਰਪੋਰਟ ਤੋ ਟੈਕਸੀ ਕਰਕੇ ਮੈ ਇਸਫਾਹਨ ਹਿਰ ਵਿੱਚ ਪਹੁੰਚ ਗਿਆ । ਟੈਕਸੀ ਵਾਲੇ ਨੇ ਇਕ ਹੋਟਲ ਕੋਲ ਉਤਾਰ ਦਿੱਤਾ ਅਤੇ ਆਪਣਾ ਬਣਦਾ ਕਿਰਾਇਆ ਲੈ ਕੇ ਚਲਦਾ ਬਣਿਆ । ਸਾਡੇ ਤਾਂ ਟੈਕਸੀ ਵਾਲੇ ਲਸੂੜੇ ਦੀ ਲੇਸ ਵਾਂਗ ਯਾਤਰੀ ਦਾ ਪਿੱਛਾ ਹੀ ਨਹੀ ਛੱਡਦੇ ਕਿਉਕਿ ਉਹ ਹੋਟਲ ਵਾਲੇ ਤੋ ਵੀ ਕਮਿ ਨ ਲੈਣ ਦੇ ਆਦੀ ਹੁੰਦੇ ਹਨ । ਹੋਟਲ ਵਿੱਚ ਮੈਨੂੰ ਸਸਤੇ ਭਾਅ 150 ਰੁਪਏ ਵਿਚ ਹੀ ਕਮਰਾ ਮਿਲ ਗਿਆ ਅਤੇ ਸਫਾਈ ਵੀ ਦਿੱਲੀ ਦੇ ਹੋਟਲਾਂ ਤੋ ਕਿਤੇ ਜਿਆਦਾ ਸੀ ।

9 ਵਜੇ ਦੇ ਕਰੀਬ ਮੈ ਹੋਟਲ ਵਿੱਚ ਸਮਾਨ ਟਿਕਾ ਕੇ ਇਸਫਾਹਨ ਹਿਰ ਦੀ ਸੈਰ ਕਰਨ ਨਿਕਲ ਪਿਆ । ਹਿਰ ਦੀਆਂ ਸੜਕਾਂ ਚੌੜੀਆਂ ਅਤੇ ਖੂਬਸੂਰਤ ਹਰੇ ਭਰੇ ਦਰ ਤਾਂ ਦੀਆਂ ਕਤਾਰਾਂ ਨਾਲ ਸੱਜੀਆਂ ਹਨ । ਵਿਚਕਾਰਲੇ ਹਿੱਸੇ ਵਿੱਚ ਲੋਕਾਂ ਦੇ ਘੁੰਮਣ ਲਈ ਚੌੜੀ ਪੱਟੀ ਛੱਡੀ ਹੋਈ ਹੈ ਅਤੇ ਬੈਠਣ ਲਈ ਲੱਕੜ ਦੇ ਬੈਚ ਰੱਖੇ ਹੋਏ ਹਨ । ਇਸ ਸੜਕ ਦਾ ਨਾਮ ਚਹਾਰ ਬਾ ਹੈ ਅਤੇ ਗਰਮੀ ਦੀ ਰੁੱਤੇ ਇਹ ਸੈਲਾਨੀਆਂ ਦੀ ਸੈਰਗਾਹ ਬਣ ਜਾਂਦੀ ਹੈ । ਇਸ ਸੜਕ ਦੇ ਨਾਲ ਹੀ ਕਈ ਵੇਖਣ ਯੋਗ ਥਾਵਾਂ ਹਨ । ਇਕ ਪਾਰਕ ਵਿੱਚ ਸਫਾਵੀ ਬਾਦ ਾਹਾਂ ਦਾ ਪੁਰਾਣਾ ੀ ਮਹੱਲ ਹੈ, ਜਿਸ ਨੂੰ ਹੇ ਤ ਬਹਿ ਤ ਕਹਿੰਦੇ ਹਨ । ਬਾਦ ਾਹ ਰੰਗ ਰਲੀਆਂ ਮਨਾਉਣ ਇਥੇ ਆਉਦੇ ਅਤੇ ਇਸ ਨੂੰ ਬਹਿ ਤ ਦਾ ਦਰਜਾ ਦਿੱਤਾ ਗਿਆ ਜਿਥੇ ਹਰ ਮੁਸਲਮਾਨ ਹੂਰਾਂ ਦੇ ਦਰ ਨ ਕਰਨ ਦਾ ਅਭਿਲਾ ੀ ਹੁੰਦਾ ਹੈ । ਬਾਗ ਵਿੱਚ ਸੁੰਦਰ ਗੁਲਾਬ ਦੇ ਫੁੱਲ ਯਾਤਰੀਆਂ ਦਾ ਮਨ ਮੋਹ ਲੈਦੇ ਹਨ । ਵਿਦਿਆਰਥੀ ਇਮਤਿਹਾਨਾਂ ਦੀ ਤਿਆਰੀ ਕਰਨ ਲਈ ਇਸ ਵਿੱਚ ਆ ਕੇ ਪੜ੍ਹਦੇ ਹਨ । ਮਹੱਲ ਅੰਦਰ ਚਿਤਰਕਾਰੀ ਦੇ ਨਮੂਨੇ ਵੇਖਣਯੋਗ ਹਨ । ਆਰਕੀਟੈਕਚਰ ਸਕੂਲ ਦੇ ਕੁਝ ਵਿਦਿਆਰਥੀ ਇਸ ਮਹੱਲ ਦੀ ਭਵਨ ਕਲਾ ਦਾ ਨਿਰੀਖਣ ਕਰ ਰਹੇ ਸਨ । ਇਨ੍ਹਾਂ ਦੀ ਗਰੁੱਪ ਲੀਡਰ ਮਿਸ ਐਲਮੀਰਾ ਨੇ ਮੇਰੀ ਗਾਈਡ ਬਣਨਾ ਸਵੀਕਾਰ ਕਰ ਲਿਆ ਅਤੇ ਇਸਫਾਹਨ ਦੇ ਕੁਝ ਮਹੱਤਵਪੂਰਣ ਸਥਾਨਾਂ ਬਾਰੇ ਜਾਣਕਾਰੀ ਮੁਹੱਈਆ ਕਰ ਦਿੱਤੀ ।

ਮਿਸ ਐਲਮੀਰਾ ਦੀ  ਰਤ ਸੀ ਕਿ ਮੈ ਉਸ ਦਾ ਕਿਸੇ ਸਾਹਮਣੇ ਨਾਮ ਨਹੀਂ ਲਵਾਂਗਾ (ਓਪਰਿਆਂ ਸਾਹਮਣੇ ਕਿਸੇ ਲੜਕੀ ਨੂੰ ਨਾਮ ਲੈ ਕੇ ਬਲਾਉਣਾ ਇਰਾਨੀ ਤਹਿ ਬਿ ਦੇ ਉਲਟ ਹੈ)। ਲੋਕਾਂ ਲਈ ਉਹ ਮੇਰੀ ਵਿਦਿਆਰਥਣ ਹੋਵੇਗੀ ਅਤੇ ਮੈ ਉਸਦਾ ਪ੍ਰੋਫੈਸਰ । ਪਾਰਕ ਦੇ ਨਜਦੀਕ ਹੀ ਇਸਲਾਮੀ  ਿਆ ਮਦਰੱਸਾ ਹੈ ਜਿੱਥੇ ਸਾਡੀ ਦਮਦਮੀ ਟਕਸਾਲ ਵਾਂਗ ਵਿਦਿਆਰਥੀਆਂ ਨੂੰ ਇਸਲਾਮੀ  ਰ੍ਹਾ ਦੀ ਤਾਲੀਮ ਦੇ ਕੇ ਕਾਜੀ ਅਤੇ ਮੁੱਲਾ ਬਣਾਇਆ ਜਾਂਦਾ ਹੈ । ਅੰਦਰ ਜਾਣ ਲਈ ਬਥੇਰੀ ਕੋਿ  ਕੀਤੀ ਪਰੰਤੂ ਸਾਨੂੰ ਕਿਸੇ ਵਿਦਿਆਰਥੀ ਨਾਲ ਗੁਫਤਗੂ ਕਰਨ ਤੋਂ ਵਰਜਿਆ ਗਿਆ ਅਤੇ ਬਾਹਰੋਂ ਹੀ ਮੋੜ ਦਿੱਤਾ ਗਿਆ । ਇਸ ਮਦਰੱਸੇ ਦੀ ਇਮਾਰਤ ਨਾਲ ਹੀ ਇਸਫਾਹਨ ਦਾ ਛੱਤਿਆ ਹੋਇਆ ਜੌਹਰੀ ਬਾ ਾਰ ਹੈ ਜਿਸ ਵਿੱਚ ਹੀਰੇ ਜਵਾਹਰਾਤ ਅਤੇ ਸੋਨੇ ਦੇ ਗਹਿਣਿਆਂ ਦਾ ਵਪਾਰ ਹੁੰਦਾ ਹੈ । ਦੁਪਹਿਰ ਹੋਣ ਤੱਕ ਅਸੀਂ ਚਹਾਰ ਬਾਗ ਦੇ ਦੂਸਰੇ ਸਿਰੇ ਤੇ ਪਹੁੰਚ ਗਏ ਜਿਧਰ ਇਸਫਾਹਨ ਦਾ ਦਰਿਆ ਵਹਿੰਦਾ ਹੈ ।  ਇਸ ਦਰਿਆ ਕਰਕੇ ਹੀ ਇਸ  ਹਿਰ ਵਿੱਚ ਰੰਗੀਨੀ ਅਤੇ ਰੌਣਕ ਹੈ । ਇਸ ਦਰਿਆ ਦੇ ਕੰਢੇ ਸੁੰਦਰ ਬਗੀਚੇ ਹਨ ਅਤੇ ਸੈਰਗਾਹ ਬਣੀ ਹੋਈ ਹੈ । ਇਸ ਉਪਰ ਦੋ ਇਤਿਹਾਸਕ ਪੁਲ ਹਨ ਜੋ ਡਾਟਾਂ ਉਪਰ ਉਸਾਰੇ ਗਏ ਹਨ । ਦਰਿਆ ਦਾ ਪਾਣੀ ਮਲਕੜੇ ਜਹੇ ਇਨ੍ਹਾਂ ਪੁਲਾਂ ਹੇਠੋਂ ਵਹਿੰਦਾ ਹੈ । ਹਰ ਯਾਤਰੀ ਇਸ ਨਜਾਰੇ  ਨੂੰ ਵੇਖਣ ਆਉਂਦਾ ਹੈ ।

ਅਸੀਂ ਅਜੇ ਪੁਲ ਦਾ ਨ ਾਰਾ ਹੀ ਵੇਖ ਰਹੇ ਸਾਂ ਕਿ ਮੇਰੇ ਮੋਢੇ ਤੇ ਇਕ ਉਚੇ ਲੰਮੇ ਸਰਦਾਰ ਰਨਜੀਤ ਸਿੰਘ ਸਾਹਨੀ ਨੇ ਆ ਹੱਥ ਧਰਿਆ । ਉਹ ਇਥੇ ਦੇ ਹੀ ਜੰਮਪਲ ਹਨ ਅਤੇ ਮਹਾਰਾਜਾ ਹੋਟਲ ਦੇ ਮਾਲਕ ਹਨ । ਉਹ ਮੈਨੂੰ ਹੋਟਲ ਵਿੱਚ ਖਾਣੇ ਦੀ ਦਾਅਵਤ ਦੇ ਗਏ । ਬੀਬੀ ਐਲਮੀਰਾ ਨੇ ਕਿਹਾ ਕਿ ਹੁਣ ਸਰਦਾਰ ਜੀ ਤੁਹਾਡੇ ਗਾਈਡ ਹੋਣਗੇ ਅਤੇ ਉਹ ਆਪਣੇ ਘਰ ਜਾ ਰਹੀ ਹੈ । ਦੁਪਹਿਰ ਹੋਣ ਕਰਕੇ ਮੈ ਹੋਟਲ ਪਰਤ ਗਿਆ ਅਤੇ ਸਾਹਨੀ ਸਾਹਿਬ ਨੇ ਮੈਨੂੰ  ਹੋਰ ਕੁਝ ਥਾਵਾਂ ਬਾਬਤ ਜਾਣਕਾਰੀ ਦਿੱਤੀ ।

 ਾਮ ਨੂੰ ਮੈ ਸਫਾਵੀ ਬਾਦ ਾਹ  ਾਹ ਅੱਬਾਸ ਦੇ ਮਹੱਲ ਵੇਖਣ ਚਲਾ ਗਿਆ । ਇਥੇ ਇਕ ਵੱਡਾ ਸਾਰਾ ਮੈਦਾਨ ਹੈ ਜਿਸ ਨੂੰ ਚੌਗਾਨ ਕਹਿੰਦੇ ਹਨ । ਪੁਰਾਣੇ ਸਮਿਆਂ ਵਿੱਚ ਇਰਾਨ ਦੇ ਬਾਦ ਾਹ ਇਥੇ ਘੋੜਿਆਂ ਤੇ ਪੋਲੋ ਵਰਗੀ ਖੇਡ ਚੌਗਾਨ ਖੇਡਿਆ ਕਰਦੇ ਸਨ । ਇਸ ਮੈਦਾਨ ਦੇ ਇਕ ਪਾਸੇ  ਾਹ ਅੱਬਾਸ ਦਾ ਤਖਤ ਹੈ ਜਿੱਥੇ ਬੈਠ ਕੇ ਉਹ ਦਰਬਾਰ ਲਾਇਆ ਕਰਦਾ ਸੀ । ਦੋਹਾਂ ਸਿਰਿਆਂ ਉਪਰ ਮਸਜਿਦਾਂ ਹਨ ਜਿਨ੍ਹਾਂ ਦੀ ਮੀਨਾਕਾਰੀ ਦੁਨੀਆਂ ਭਰ ਵਿੱਚ ਮ ਹੂਰ ਹੈ । ਅੱਜਕੱਲ ਯੂਨੈਸਕੋ ਦੀ ਦੇਖ ਰੇਖ ਵਿੱਚ ਇਨ੍ਹਾਂ ਦੀ ਸਾਂਭ ਸੰਭਾਲ ਦਾ ਕੰਮ ਚੱਲ ਰਿਹਾ ਹੈ । ਮੈਦਾਨ ਦੇ ਨ ਦੀਕ ਹੀ  ਾਹ ਅੱਬਾਸ ਦਾ ਮਹੱਲ ਹੈ ਜਿਸ ਨੂੰ  ਚਾਹਲ ਸਤੂਨ  ਕਹਿੰਦੇ ਹਨ ਕਿਉਕਿ ਇਸ ਦੇ ਵੀਹ ਲੱਕੜੀ ਦੇ ਥੰਮ ਹਨ ਅਤੇ ਬਾਹਰ ਪਾਣੀ ਦੇ ਤਲਾਅ ਵਿੱਚ ਵੇਖਿਆਂ ਇਹ ਚਾਲੀ ਥੰਮ ਨ ਰ ਆਉਂਦੇ ਹਨ  । ਇਸ ਮਹੱਲ ਅੰਦਰਲੀ ਚਿਤਰਕਾਰੀ ਤੋਂ ਇਰਾਨ ਅਤੇ ਭਾਰਤ ਦੇ ਸਬੰਧਾਂ ਦੀ ਝਲਕ ਵੀ ਪੈਂਦੀ ਹੈ । ਇਕ ਚਿਤਰ ਨਾਦਰ ਾਹ ਦੀ ਭਾਰਤ ਉਪਰ ਜਿੱਤ ਦਾ ਪ੍ਰਤੀਕ ਹੈ । ਇਕ ਹੋਰ ਚਿਤਰ ਵਿੱਚ ਮੁ ਲ ਬਾਦ ਾਹ ਹਮਾਯੂੰ  ੇਰ  ਾਹ ਸੂਰੀ ਤੋਂ ਹਾਰ ਖਾ ਕੇ  ਾਹ ਅੱਬਾਸ ਦੇ ਦਰਬਾਰ ਵਿੱਚ ਮੱਦਦ ਲਈ ਪੇ  ਹੁੰਦਾ ਵਿਖਾਇਆ ਗਿਆ ਹੈ । ਜੇਕਰ ਇਰਾਨ ਦਾ ਬਾਦ ਾਹ ਉਸਦੀ ਬਾਂਹ ਨਾ ਫੜਦਾ ਤਾਂ ਹੋ ਸਕਦਾ ਹੈ ਮੁ ਲੀਆ ਸਲਤਨਤ ਭਾਰਤ ਵਿੱਚ ਕਾਇਮ ਹੀ ਨਾ ਹੋ ਸਕਦੀ । ਪਰੰਤੂ ਭਾਰਤ ਦੀ ਅਣਖ ਮਰ ਚੁੱਕੀ ਸੀ, ਜੇਕਰ ਮੁਗਲ ਨਾ ਕਾਬਜ ਹੁੰਦੇ ਤਾਂ ਕੋਈ ਹੋਰ ਆ ਕੇ ਦਬੋਚ ਲੈਂਦਾ।

 ਾਮ ਪੈਣ ਤੱਕ ਮੈ ਇਸਫਾਹਨ ਦੇ ਬਾਦ ਾਹਾਂ ਦੇ ਮਹੱਲ ਵੇਖ ਵੇਖ ਦੰਗ ਰਹਿ ਗਿਆ । ਮੈ ਸੋਚਿਆ ਭਾਰਤ ਅਤੇ ਇਰਾਨ ਦੀ ਇਤਿਹਾਸਕ ਸਾਂਝ ਸਦੀਆਂ ਪੁਰਾਣੀ ਹੈ । ਇਰਾਨੀਆਂ ਨੇ ਭਾਰਤੀ ਸਭਿਅਤਾ ਅਤੇ ਕਲਾ ਨੂੰ ਉਭਾਰਿਆ ਹੈ । ਰਾਤ ਦੀ ਦਾਅਵਤ ਸਾਹਨੀ ਦੇ ਘਰ ਸੀ । ਅਸੀਂ ਦਸ ਵਜੇ ਦੇ ਕਰੀਬ ਮਹਾਰਾਜਾ ਹੋਟਲ ਤੋਂ ਸਾਹਨੀ ਦੇ ਘਰ ਚਲੇ ਗਏ ਜਿਥੇ ਉਨ੍ਹਾਂ ਦੀ ਮਾਤਾ ਜੀ ਸਾਨੂੰ ਉਡੀਕ ਰਹੇ ਸਨ । ਉਨ੍ਹਾਂ ਨੇ ਆਪਣੇ ਇਰਾਨ ਵਿੱਚ ਗੁਜਾਰੇ ਸੁਨਹਿਰੀ ਦਿਨਾਂ ਦੀ ਵਾਰਤਾ ਸੁਣਾਈ । ਸਾਹਨੀ ਦੇ ਪਿਤਾ ਜੀ ਅੰਗਰੇਜੀ ਫੌਜ ਵਿੱਚ ਸਿਪਾਹੀ ਸਨ ਅਤੇ ਦੂਸਰੇ ਵਿ ਵ ਯੁੱਧ ਤੋਂ ਬਾਅਦ ਇਸਫਾਹਨ ਵਿੱਚ ਹੀ ਕਾਰੋਬਾਰ ਕਰਨ ਲਗੇ ।  ਹਿਰ ਦੇ ਲੋਕਾਂ ਵਿੱਚ ਇਨ੍ਹਾਂ ਦਾ ਬਹੁਤ ਰਸੂਖ ਬਣ ਗਿਆ ਪਰੰਤੂ ਖੋਮੈਨੀ ਦੀ ਸਰਕਾਰ ਬਨਣ ਸਮੇ ਇਨ੍ਹਾਂ ਦੇ  ਰਾਬ ਦੇ ਠੇਕੇ ਤਬਾਹ ਕਰ ਦਿੱਤੇ ਗਏ ਅਤੇ ਵਿਉਪਾਰ ਨੂੰ ਵੀ ਕਾਫੀ ਧੱਕਾ ਲੱਗਾ । ਬਲਕਿ ਜਥੇਦਾਰ ਸੰਤੋਖ ਸਿੰਘ ਜੇਕਰ ਇੰਦਰਾ ਗਾਂਧੀ ਤੋਂ ਫੋਨ ਨਾ ਕਰਵਾਂਦਾ ਤਾਂ ਸਾਹਨੀ ਪ੍ਰੀਵਾਰ ਨੂੰ ਗੋਲੀ ਦੇ ਘਾਟ ਉਤਾਰਨ ਦਾ ਹੁਕਮ ਜਾਰੀ ਹੋ ਗਿਆ ਸੀ । ਖੋਮੈਨੀ ਸਰਕਾਰ  ਰਾਬੀਆਂ ਦੀ ਦੁ ਮਣ ਹੈ ਪਰੰਤੂ  ਾਹ ਦੇ ਰਾਜ ਸਮੇ ਇਰਾਨ ਵਿੱਚ ਔਰਤਾਂ ਵੀ  ਰਾਬ ਪੀਣ ਲੱਗ ਪਈਆਂ ਸਨ ।

28 ਮਈ ਨੂੰ ਮੈ ਾਪਿੰਗ ਦਾ ਪ੍ਰੋਗਰਾਮ ਬਣਾਇਆ । ਹੋਟਲ ਦੇ ਨਜਦੀਕ ਹੀ ਰੇਡੀਮੇਡ ਗਰਮ ਕੱਪੜੇ ਦੀ ਦੁਕਾਨ ਸੀ । ਦੁਕਾਨਦਾਰ ਨੇ ਆਪਣੇ ਇਕ ਦੋਸਤ ਨੂੰ ਬੁਲਵਾ ਭੇਜਿਆ ਜੋ ਮਾੜੀ ਮੋਟੀ ਅੰਗਰੇ ੀ ਬੋਲ ਸਕਦਾ ਸੀ । ਉਸ ਨੇ ਮੇਰੀ ਖਰੀਦੋ ਫਰੋਖ ਵਿੱਚ ਮੱਦਦ ਕੀਤੀ । ਟੈਰੀਵੂਲ ਦੇ ਸੂਟ 500 ਰੁਪਏ ਤੋ ਲੈ ਕੇ 1000 ਰੁਪਏ ਤੱਕ ਮਿਲ ਜਾਂਦੇ ਸਨ ਜਦਕਿ ਸਾਡੇ ਤਾਂ ਅੱਜਕੱਲ ਸਿਲਾਈ ਦਾ ਰੇਟ ਵੀ ਇਸ ਤੋ ਵੱਧ ਹੋ ਗਿਆ ਹੈ । ਜਦੋ ਮੈ ਕੱਪੜੇ ਰੀਦ ਕੇ ਭੁਗਤਾਨ ਕਰਨ ਲੱਗਾ ਤਾਂ ਦੁਕਾਨਦਾਰ ਨੇ ਆਪਣੇ ਦੋਸਤ ਦਾ ਕਮਿ ਨ ਵੀ ਮੇਰੇ ਸਿਰ ਮੜ੍ਹ ਦਿੱਤਾ । ਮੈ ਉਸਦੀ ਵਿਚੋਲਗੀ ਕਰਨ ਦਾ ਕੁਝ ਇਵਜਾਨਾ ਦੇਣਾ ਯੋਗ ਸਮਝਿਆ । ਇਸਫਾਹਨ ਦੁਨੀਆਂ ਭਰ ਵਿੱਚ ਇਰਾਨੀ ਗਲੀਚਿਆਂ ਲਈ ਮ ਹੂਰ ਹੈ । ਇਥੋ ਦੇ ਗਲੀਚੇ ਲਾਜਵਾਬ ਹਨ । ਹਰ ਘਰ ਵਿੱਚ ਫਰ ਅਤੇ ਦੀਵਾਰਾਂ ਉਪਰ ਗਲੀਚੇ ਸਜਾਵਟ ਲਈ ਵਰਤੇ ਜਾਂਦੇ ਹਨ । ਹੱਥ ਨਾਲ ਬੁਣੇ ਗਲੀਚੇ ਬਹੁਤ ਹੀ ਮਹਿੰਗੇ ਹਨ । ਇਨ੍ਹਾਂ ਉਪਰ ਫੁੱਲ ਬੂਟਿਆਂ ਤੋ ਲੈ ਕੇ ਉਮਰ ਖਿਆਮ ਦੇ ਫਾਰਸੀ ਕਲਾਮ ਉਪਰ ਅਧਾਰਿਤ ਮੋਟਿ ਬੜੇ ਹੀ ਸੁਚੱਜੇ ਢੰਗ ਨਾਲ ਕੱਢੇ ਗਏ ਹੁੰਦੇ ਹਨ । ਭਾਵੇ ਇਰਾਨ ਵਿੱਚ ਰਾਬ ਉਪਰ ਸ ਤ ਪਾਬੰਧੀ ਹੈ ਪਰੰਤੂ ਉਮਰ ਖਿਆਮ ਦੀ ਪਹਿਚਾਣ ਹੀ ਰਾਬ ਦੀ ਸੁਰਾਹੀ ਅਤੇ ਹੁਸੀਨ ਔਰਤ ਨਾਲ ਕੀਤੀ ਜਾਂਦੀ ਹੈ । ਹੋ ਸਕਦਾ ਹੈ ਖੋਮੈਨੀ ਸਰਕਾਰ ਕੋਈ ਫਤਵਾ ਜਾਰੀ ਕਰਕੇ ਇਸ ਕਲਾਕਿਰਤ ਉਪਰ ਪਾਬੰਧੀ ਲਗਾ ਦੇਵੇ ।

ਦੁਪਹਿਰ ਹੋਣ ਤੱਕ ਕਾਫੀ ਗਰਮੀ ਹੋ ਜਾਣ ਕਾਰਨ ਮੈ ਇਕ ਚੱਕਰ ਦਰਿਆ ਕਿਨਾਰੇ ਲਾਣ ਦਾ ਫੈਸਲਾ ਕਰ ਲਿਆ । ਜਦੋ ਮੈ ਟੈਕਸੀ ਵਿੱਚ ਸਵਾਰ ਹੋ ਰਿਹਾ ਸਾਂ ਤਾਂ ਦੋ ਨੌਜਵਾਨ ਵਿਦਿਆਰਥੀ ਮੇਰੇ ਕੋਲ ਆ ਗਏ । ਉਹ ਦੋਵੇ ਤਫਰੀਹ ਕਰਨ ਦਰਿਆ ਉਪਰ ਜਾ ਰਹੇ ਸਨ । ਇਨ੍ਹਾਂ ਦੋਹਾਂ ਨੂੰ ਅੰਗਰੇ ੀ ਦੀ ਵਾਕਫੀ ਸੀ ਅਤੇ ਮਕੈਨੀਕਲ ਇੰਜੀਨੀਰਿੰਗ ਦੇ ਦੂਜੇ ਸਾਲ ਦੇ ਵਿਦਿਆਰਥੀ ਸਨ । ਟੈਕਸੀ ਤੋ ਉਤਰਨ ਲਗਿਆਂ ਨੌਜਵਾਨ ਮੁੰਡੇ ਨੇ ਮੇਰਾ ਕਰਾਇਆ ਵੀ ਬਦੋਬਦੀ ਦੇ ਦਿੱਤਾ । ਮੈ ਉਸਦੀ ਪੁੱਛ ਪੜਤਾਲ _ਰੂ ਕਰ ਦਿੱਤੀ । ਉਹ ਇਕ ਡਰਾਈਵਰ ਦਾ ਲੜਕਾ ਸੀ ਅਤੇ ਉਸਦੀ ਦੋਸਤ ਕੁੜੀ ਕਿਸੇ ਡਾਕਟਰ ਦੀ ਬੇਟੀ। ਅਜੇ ਤੱਕ ਉਹ ਚੋਰੀ ਛੁਪੀ ਹੀ ਮਿਲ ਰਹੇ ਸਨ । ਮੁੰਡਾ ਗਰੀਬ ਘਰ ਦਾ ਪਰੰਤੂ ਪੜਾਈ ਵਿੱਚ ਹੋਣਹਾਰ ਵਿਦਿਆਰਥੀ ਹੋਣ ਕਰਕੇ ਲੜਕੀ ਉਸਨੂੰ ਪਸੰਦ ਕਰਦੀ ਸੀ । ਅਜੇ ਉਹ ਾਦੀ ਬਾਰੇ ਸੋਚ ਨਹੀ ਸਕਦੇ ਕਿਉਕਿ ਪੜ੍ਹਾਈ ਪੂਰੀ ਹੋਣ ਤੱਕ ਅਜੇਹਾ ਅਸੰਭਵ ਹੈ । ਲੜਕੀ ਨੂੰ ਆਪਣੇ ਮਾਪਿਆਂ ਦੀ ਰਜਾਮੰਦੀ ਦੀ ਵੀ ਘੱਟ ਹੀ ਆਸ ਜਾਪਦੀ ਹੈ । ਪਿਆਰ ਸੰਬੰਧਾਂ ਵਿੱਚ ਅਮੀਰ/ਗਰੀਬ ਦਾ ਵਿਤਕਰਾ ਭਾਰਤ ਵਾਂਗ ਇਰਾਨ ਵਿੱਚ ਵੀ ਕਾਇਮ ਹੈ । ਇਸ ਨੌਜਵਾਨ ਜੋੜੀ ਦੀ ਮੈ ਇਕ ਫੋਟੋ ਖਿੱਚਣ ਦੀ ਤਜਵੀ ਰੱਖੀ । ਦਰਿਆ ਕਿਨਾਰੇ ਦੁਪਹਿਰ ਸਮੇ ਕੋਈ ਵਿਰਲਾ ਟਾਵਾਂ ਯਾਤਰੀ ਹੀ ਘੁੰਮ ਰਿਹਾ ਸੀ ਪਰੰਤੂ ਕੁੜੀ ਨਹੀ ਸੀ ਚਾਹੁੰਦੀ ਕਿ ਉਨ੍ਹਾਂ ਨੂੰ ਕੋਈ ਵੇਖੇ । ਉਨ੍ਹਾਂ ਨੇ ਕਿਹਾ ਕਿ ਉਹ ਮੇਰੇ ਹੋਟਲ ਦੇ ਕਮਰੇ ਵਿੱਚ ਆ ਕੇ ਫੋਟੋ ਖਿਚਵਾਣਗੇ । ਨਾਲ ਹੀ ਕੁੜੀ ਨੇ ਇਹ ਰਤ ਲਗਾ ਦਿੱਤੀ ਕਿ ਇਹ ਫੋਟੋ ਕਿਸੇ ਅ ਬਾਰ ਜਾਂ ਰਸਾਲੇ ਵਿੱਚ ਨਹੀ ਛਪਣੀ ਚਾਹੀਦੀ । ਵਾਇਦੇ ਮੁਤਾਬਕ ਉਹ ਦੋਵੇ ਸਾਥੀ ਬੜੇ ਚਾਅ ਨਾਲ ਮੈਨੂੰ ਚਾਰ ਵਜੇ ਹੋਟਲ ਤੋ ਏਅਰਪੋਰਟ ਤੱਕ ਵਿਦਾ ਕਰਨ ਆਏ । ਉਨ੍ਹਾਂ ਨੇ ਆਪਣੀ ਫੋਟੋ ਨਿਝੱਕ ਹੋ ਕੇ ਖਿਚਵਾਈ ਅਤੇ ਜਾਣ ਲੱਗਿਆਂ ਆਪਣਾ ਪਤਾ ਵੀ ਦੇ ਗਏ । ਉਨ੍ਹਾਂ ਵਾਇਦਾ ਕੀਤਾ ਕਿ ਜੇਕਰ ਉਹ ਆਪਣੇ ਪਿਆਰ ਵਿੱਚ ਸਫਲ ਰਹੇ ਤਾਂ ਇਕ ਵਾਰੀ ਹਿੰਦੁਸਤਾਨ ਦਾ ਗੇੜਾ ਲਾਉਣਗੇ । ਮੈ ਕਿਹਾ ਇਹ ਫੋਟੋ ਤੁਹਾਡੀ ਅਮਾਨਤ ਮੇਰੇ ਪਾਸ ਸਾਂਭੀ ਰਹੇਗੀ ਅਤੇ ਜੇਕਰ ਤੁਸੀ ਕਾਮਯਾਬ ਹੋ ਗਏ ਤਾਂ ਇਸ ਨੂੰ ਛਾਪਿਆ ਜਾਵੇਗਾ ਵਰਨਾ ਨਹੀ ।

ਭਾਵੇ ਮੈ ਇਸਫਾਹਨ ਇਕ ਰਾਤ ਹੀ ਠਹਿਰਿਆ ਪਰੰਤੂ ਇਥੋ ਦੇ ਲੋਕ ਬੜੇ ਮਿਲਾਪੜੇ ਲਗੇ । ਬੀਬੀ ਐਲਮੀਰਾ, ਸਾਹਨੀ ਸਾਹਿਬ ਅਤੇ ਇਸ ਨੌਜਵਾਨ ਜੋੜੀ ਨੇ ਐਸੀ ਮੁਹੱਬਤ ਭਰੀ ਦਾਸਤਾਨ ਮੇਰੇ ਲਈ ਛੱਡੀ ਕਿ ਮੈਨੂੰ ਇਸਫਾਹਨ ਆਪਣਾ ਹੀ ਹਿਰ ਜਾਪਣ ਲੱਗਾ । ਦਰਅਸਲ ਯਾਤਰਾ ਦਾ ਮ ਾ ਵੀ ਤਾਂ ਹੀ ਆਉਦਾ ਹੈ ਜੇਕਰ ਯਾਤਰੀ ਬਿਗਾਨੇ ਦੇ ਦੇ ਲੋਕਾਂ ਨਾਲ ਆਪਣੀ ਅਪਣੱਤ ਕਾਇਮ ਕਰ ਸਕੇ । ਖੰਡਰਾਂ ਨੂੰ ਵੇਖਣ ਨਾਲ ਮਨ ਨਹੀ ਰੀਝਦਾ ਜਿੰਨਾ ਚਿਰ ਜਿਉਦੇ ਜਾਗਦੇ ਇਨਸਾਨਾਂ ਨਾਲ ਸੰਪਰਕ ਕਾਇਮ ਨਾ ਕੀਤਾ ਜਾਵੇ । ਪਤਾ ਨਹੀ ਕੁਦਰਤ ਵਲੋ ਮੇਰਾ ਨੌਜਵਾਨ ਵਿਦਿਆਰਥੀਆਂ ਨਾਲ ਗੂੜਾ ਸਬੰਧ ਸਹਿਜੇ ਹੀ ਕਾਇਮ ਹੋ ਜਾਂਦਾ ਹੈ ਵਰਨਾ ਕੋਈ ਜਾਦੂ ਦੀ ਛੜੀ ਤਾਂ ਮੇਰੇ ਪਾਸ ਨਹੀ । ਹੋ ਸਕਦਾ ਹੈ ਸਿੱਖੀ ਸਰੂਪ ਵਿੱਚ ਹੀ ਕੋਈ ਅਜੀਮੀ ਖਿੱਚ ਹੋਵੇ ਜਿਸ ਕਰਕੇ ਹਰ ਕੋਈ ਮੱਦਦਗਾਰ ਸਾਬਤ ਹੁੰਦਾ ਹੈ ।

ਾਮ ਦੇ ਪੰਜ ਵਜੇ ਦੇ ਕਰੀਬ ਮੈ ਏਅਰਪੋਰਟ ਤੇ ਪਹੁੰਚਿਆ ਤਾਂ ਅੱਗੇ ਤਿੰਨ ਚਾਰ ਲਹੌਰੀਏ ਟੱਕਰ ਪਏ । ਉਹ ਵੀ ਿਰਾ ਘੁੰਮਣ ਫਿਰਨ ਜਾ ਰਹੇ ਸਨ । ਮੈ ਕਿਹਾ ਚੰਗਾ ਹੋਇਆ ਇਸਫਾਹਨ ਤੋ ਿਰਾ ਤੱਕ ਦਾ ਹਵਾਈ ਸਫਰ ਵੀ ਠੇਠ ਪੰਜਾਬੀ ਵਿੱਚ ਗੁ ਤਗੂ ਕਰਦਿਆਂ ਗੁਜਰ ਜਾਵੇਗਾ । ਮੈ ਇਸਫਾਹਨ ਨੂੰ ਅਲਵਿਦਾ ਕਹਿ ਕੇ ਤੁਰਦਾ ਬਣਿਆ ।

# ਇਰਾਨੀ ਕਲਚਰ ਦਾ ਪ੍ਰਤੀਕ - ਿ ਰਾ

---

28 ਮਈ 1994 ਨੂੰ ਇਕ ਘੰਟੇ ਦੀ ਉਡਾਨ ਬਾਅਦ ਸਾਡਾ ਜਹਾਜ ਿ ਰਾ  ਦੀ ਅੰਤਰ-ਰਾ ਟਰੀ ਏਅਰਪੋਰਟ ਤੇ ਜਾ ਉਤਰਿਆ । ਤੈਹਰਾਨ ਵਾਂਗ ਇਹ  ਹਿਰ ਵੀ ਚਾਰੇ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਹੋਇਆ ਹੈ । ਇਸਦੀ ਸੁੰਮਦਰੀ ਸਤਰ ਤੋਂ ਉਚਾਈ ਚਾਰ ਹ ਾਰ ਫੁੱਟ ਦੇ ਕਰੀਬ ਹੈ ਅਤੇ ਇਹ ਇਰਾਨ ਦਾ ਸਭ ਤੋਂ ਪੁਰਾਣਾ ਇਤਿਹਾਸਕ  ਹਿਰ ਮੰਨਿਆ ਜਾਂਦਾ ਹੈ । ਿ ਰਾ  ਦੇ ਪਹਾੜਾਂ ਵਿਚ ਖੁਦਾਈ ਉਪਰੰਤ ਚਾਰ ਹਜਾਰ ਸਾਲ ਪੁਰਾਣੇ ਮਿੱਟੀ ਦੇ ਬਰਤਨ ਅਤੇ ਸਿਕੇ ਮਿਲੇ ਹਨ । ਇਸ ਤੋਂ 60 ਕਿਲੋਮੀਟਰ ਦੀ ਦੂਰੀ ਤੇ ਪਰਸਪੋਲਿਸ ਦਾ ਖੰਡਰ ਹੋਇਆ ਪੁਰਾਤਨ  ਹਿਰ ਹੈ ਜੋ ਕਿਸੇ ਸਮੇ ਪੂਰਬ ਵਿਚ ਐਕੇਮੀਨੀਅਨ ਸਲਤਨਤ ਦੀ ਰਾਜਧਾਨੀ ਸੀ । ਯੂਨਾਨ ਅਤੇ ਮਿਸਰ ਤੋਂ ਵੀ ਪਹਿਲਾਂ ਪਰਸਪੋਲਿਸ ਦੀ ਸਭਿਅਤਾ ਦੁਨੀਆਂ ਭਰ ਵਿਚ ਆਪਣੀ ਭਵਨ ਕਲਾ ਅਤੇ ਰਾਜ ਪ੍ਰਬੰਧ ਕਰਕੇ ਪ੍ਰਸਿੱਧ ਹੋਈ । ਇਥੋ ਦੇ ਿ ਲਾਲੇਖ ਭਾਰਤ ਦੀ ਸਭਿਅਤਾ ਤੋਂ ਵੀ ਪੁਰਾਣੇ ਹਨ ।

ਿ ਰਾ  ਵਿਚ ਮੇਰੀ ਯਾਤਰਾ ਦਾ ਪ੍ਰਬੰਧ ਮੇਰੇ ਇਰਾਨੀ ਦੋਸਤ ਹਮੀਦ ਹਦਾਦੀ ਨੇ ਕਰਵਾ ਦਿਤਾ ਸੀ । ਜਦੋ ਮੈ ਏਅਰਪੋਰਟ ਤੇ ਉਤਰਿਆ ਤਾਂ ਅਗੋ ਹਮੀਦ ਦਾ ਛੋਟਾ ਭਰਾ ਅਤੇ ਇਕ ਹੋਰ ਦੋਸਤ, ਜੋ ਅੰਗਰੇ ੀ ਬੋਲ ਸਕਦਾ ਸੀ, ਮੇਰੇ ਸਵਾਗਤ ਲਈ ਹਾਜਰ ਸਨ । ਮੈ ਇਨ੍ਹਾਂ ਦੀ ਕਾਰ ਵਿਚ ਬਹਿ ਕੇ ਿ ਰਾ  ਦੇ ਇਕ ਦਰਮਿਆਨੇ ਦਰਜੇ ਦੇ ਹੋਟਲ ਵਿਚ ਪਹੁੰਚ ਗਿਆ  । ਰਾਤ ਪੈ ਚੁਕੀ ਸੀ, ਸੋ ਮੈਨੂੰ ਹੋਟਲ ਵਿਚ ਛੱਡ ਕੇ ਉਹ ਚਲੇ ਗਏ ਅਤੇ  ਹਿਰ ਵਿਚ ਘੁੰਮਣ ਲਈ ਇਕ ਯਾਤਰੀ ਗਾਈਡ ਮੈਪ ਮੇਰੇ ਹਵਾਲੇ ਕਰ ਗਏ । ਤੈਹਰਾਨ ਛੱਡਣ ਤੋਂ ਪਹਿਲਾਂ ਵੀ ਮੈ ਵੇਖਣਯੋਗ ਥਾਵਾਂ ਬਾਰੇ ਕੁਝ ਜਾਣਕਾਰੀ ਹਮੀਦ ਤੋਂ ਪਰਾਪਤ ਕਰ ਲਈ ਸੀ । ਰਾਤ ਨੂੰ ਡਿਨਰ ਸਮੇ ਰੋਟੀ ਤਾਂ ਨਾ ਮਿਲੀ ਪਰੰਤੂ ਬਾਸਮਤੀ ਚੌਲਾਂ ਦਾ ਪਿਲਾਓ ਖਾਣ ਨੂੰ ਮਿਲ ਗਿਆ । ਇਰਾਨ ਵਿਚ ਚਾਵਲ ਅਤੇ ਦਹੀਂ ਮੇਰੀ ਸੱਮਸਿਆ ਹੱਲ ਕਰ ਦਿੰਦੇ ਸਨ । ਬਾ ਾਰ ਬੰਦ ਹੋਣ ਕਰਕੇ ਫਲ ਅਤੇ ਮਠਿਆਈ ਤਾਂ  ਰੀਦ ਨਾ ਸਕਿਆ ।

29 ਮਈ ਨੂੰ ਸਵੇਰੇ ਨਾ ਤਾ ਕਰਕੇ ਮੈ ਿ ਰਾ  ਘੁੰਮਣ ਦਾ ਪ੍ਰੋਗਾਰਮ ਬਣਾ ਲਿਆ। ਬਾ ਾਰ ਵਿਚ ਕਾਫੀ ਰੌਣਕ ਸੀ ਅਤੇ ਲੋਕ ਵਾਹੋਦਾਹ ਆਪਣੇ ਕੰਮ ਧੰਦੇ ਵੱਲ ਜਾ ਰਹੇ ਸਨ । ਇਸ  ਹਿਰ ਵਿਚ ਕੋਈ ਵੀ ਸਿਖ ਪ੍ਰੀਵਾਰ ਨਾ ਹੋਣ ਕਰਕੇ ਬੱਚਿਆਂ ਨੂੰ ਪਗੜੀ ਵਾਲਾ ਸਿਖ ਅਜੀਬ ਲਗ ਰਿਹਾ ਸੀ । ਕਈ ਮੇਰੇ ਮਗਰ ਲਗ ਤੁਰੇ ਅਤੇ ਸਰਦਾਰ ਜਾਂ ਬਲੋਚ ਕਹਿ ਕੇ ਵਾਜਾਂ ਮਾਰਨ ਲਗੇ । ਦਰਅਸਲ, ਬਲੋਚਿਸਤਾਨ ਦਾ ਅੱਧਾ ਹਿਸਾ ਇਰਾਨ ਵਿਚ ਆ ਜਾਂਦਾ ਹੈ ਅਤੇ ਇਰਾਨੀ ਲੋਕ ਬਲੋਚਾਂ ਅਤੇ ਪਠਾਨਾਂ ਨੂੰ ਸਰਦਾਰ ਕਹਿ ਕੇ ਹੀ ਬੁਲਾਉਂਦੇ ਹਨ ।

ਜਦੋ ਮੈ ਕਿਹਾ ਕਿ ਮੈ ਹਿੰਦੁਸਤਾਨ ਤੋਂ ਆਇਆ ਹਾਂ ਤਾਂ ਉਹ ਖੁ  ਹੋ ਕੇ ਵਾਪਸ ਪਰਤ ਗਏ । ਹਰ ਦੇ  ਵਿਚ ਬੱਚੇ ਯਾਤਰੀਆਂ ਨਾਲ ਖਰਮਸਤੀ ਕਰਨ ਦੇ ਮੂਡ ਵਿਚ ਹੁੰਦੇ ਹਨ ਅਤੇ ਉਨ੍ਹਾਂ ਨਾਲ ਨਰਾਜ ਹੋਣ ਦਾ ਕੋਈ ਫਾਇਦਾ ਨਹੀਂ ਸਗੋ ਪਿਆਰ ਨਾਲ ਨਜਿੱਠ ਲੈਣਾ ਠੀਕ ਰਹਿੰਦਾ ਹੈ ।

ਲਗਭਗ 1300 ਸਾਲ ਪਹਿਲਾਂ ਿ ਰਾ  ਉਪਰ ਅਰਬਾਂ ਨੇ ਧਾਵਾ ਬੋਲਿਆ ਅਤੇ ਇਸਲਾਮ ਨੂੰ ਪ੍ਰਫੁੱਲਤ ਕਰਨ ਲਈ ਆਪਣੀ ਫੌਜੀ ਛਾਉਣੀ ਇਥੇ ਬਣਾਈ। ਉਨ੍ਹਾਂ ਨੇ ਜਬਰੀ ਲੋਕਾਂ ਨੂੰ ਮੁਸਲਮਾਨ ਬਣਾਇਆ ਅਤੇ ਇਸਲਾਮ ਦੇ ਪ੍ਰਚਾਰ ਲਈ ਖਲੀਫਾ ਵੀ ਕਾਇਮ ਕੀਤਾ । ਦਸਵੀਂ ਸਦੀ ਦੌਰਾਨ ਿ ਰਾ  ਬੂਵੇਹਿਦ ਬਾਦ ਾਹਾਂ ਦੀ ਰਾਜਧਾਨੀ ਬਣ ਗਿਆ । ਇਹ ਫਾਰਸ ਖਾੜੀ ਦੇ ਨਜਦੀਕ ਹੋਣ ਕਰਕੇ ਵਪਾਰਕ ਕੇਂਦਰ ਸੀ ਅਤੇ ਫਾਰਸ ਸੂਬੇ ਦੀ ਰਾਜਧਾਨੀ ਹੋਣ ਕਰਕੇ ਇਰਾਨ ਦਾ ਨਾਮ ਵੀ ਫਾਰਸ ਹੀ ਪੈ ਗਿਆ । ਦਸਵੀਂ ਸਦੀ ਇਸਲਾਮ ਦੀ ਚੜ੍ਹਤ ਦਾ ਯੁੱਗ ਸੀ ਜਦੋ ਮੁਸਲਮਾਨਾਂ ਦਾ ਰਾਜ ਭਾਰਤ ਤੋਂ ਲੈ ਕੇ ਯੂਰਪ ਤੱਕ ਫੈਲ ਚੁੱਕਾ ਸੀ । ਇਸਲਾਮ ਨੇ ਇਲਮ ਅਤੇ ਹੁਨਰ ਵਿਚ ਵੀ ਦੁਨੀਆਂ ਦੀ ਅਗਵਾਈ  ੁਰੂ ਕਰ ਦਿੱਤੀ । ਇਬਨ-ਸੀਨਾ ਅਤੇ ਐਲ-ਰਾ ੀ ਵਰਗੇ ਦਾਨ ਮੰਦ ਇਸੇ ਸਦੀ ਦੌਰਾਨ ਪੈਦਾ ਹੋਏ । ਬਗਦਾਦ, ਿ ਰਾ , ਸਮਰਕੰਦ ਅਤੇ ਬੁਖਾਰਾ ਦੁਨੀਆਂ ਭਰ ਵਿਚ ਵਿਗਿਆਨ, ਦਰ ਨ ਅਤੇ ਹਿਕਮਤ ਦੇ ਕੇਂਦਰ ਮੰਨੇ ਜਾਂਦੇ ਸਨ । ਇਥੋ ਦੀਆਂ ਯੂਨੀਵਰਸਿਟੀਆਂ ਵਿਚ ਭਾਰਤ, ਚੀਨ ਅਤੇ ਯੂਨਾਨ ਤੋਂ ਵਿਦਿਆਰਥੀ ਅਤੇ ਵਿਦਵਾਨ ਆ ਕੇ ਅਧਿਐਨ ਕਰਦੇ ਸਨ । ਿ ਰਾ  ਦੀ ਲਾਇਬ੍ਰੇਰੀ

ਵਿਚ ਕਈ ਹਜਾਰ ਹੱਥ ਲਿਖਤੀ ਖਰੜੇ ਮੌਜੂਦ ਸਨ, ਖਾਸ ਕਰਕੇ ਕੁਰਾਨ ਰੀਫ ਦੀਆਂ ਵੱਖ ਵੱਖ ਭਾਂਤ ਦੀਆਂ ਅਰਬੀ ਲਿਪੀ ਵਿਚ ਤਿਆਰ ਸੁੰਦਰ ਹੱਥ ਲਿਖਤਾਂ ਜੋ ਦੁਰਲੱਭ ਮੰਨੀਆਂ ਜਾਂਦੀਆਂ ਹਨ ।

ਚੌਧਵੀਂ ਸਦੀ ਵਿਚ ਅਮੀਰ ਤੈਮੂਰ (ਜਿਸ ਨੂੰ ਪੰਜਾਬ ਵਿਚ ਤਿਮਰਲਿੰਗ ਕਹਿੰਦੇ ਹਨ) ਨੇ ਿ ਰਾ ਉਪਰ ਕਬਜਾ ਕਰ ਲਿਆ ਅਤੇ ਫਾਰਸ ਦੇ ਬਾਦ ਾਹ ਾਹ ੁਜਾ ਦੀ ਪੋਤਰੀ ਦਾ ਆਪਣੇ ਪੋਤਰੇ ਨਾਲ ਨਿਕਾਹ ਕਰ ਦਿਤਾ । ਇਸ ਕਰਕੇ ਿ ਰਾ ਬਰਬਾਦੀ ਤੋਂ ਬਚ ਗਿਆ । ਅਮੀਰ ਤੈਮੂਰ ਨੂੰ ਿ ਰਾ ਇੰਨਾ ਪਸੰਦ ਆਇਆ ਕਿ ਉਸਨੇ ਆਪਣੀ ਰਾਜਧਾਨੀ ਸਮਰਕੰਦ ਪਰਤ ਕੇ ਿ ਰਾ ਨਾਮੀ ਇਕ ਕਸਬਾ ਕਾਇਮ ਕਰ ਦਿਤਾ । ਉਹ ਜਾਂਦਾ ਹੋਇਆ ਿ ਰਾ ਦੇ ਕਈ ਦਾਨ ਮੰਦ ਵੀ ਆਪਣੇ ਨਾਲ ਸਮਰਕੰਦ ਲੈ ਗਿਆ । ਅਮੀਰ ਤੈਮੂਰ ਦਾ ਪੁੱਤਰ ਾਹ ਰੁੱਖ, ਜੋ ਿ ਰਾ ਦਾ ਗਵਰਨਰ ਥਾਪਿਆ ਗਿਆ, ਖੁਦ ਇਕ ਵਿਦਵਾਨ ਸੀ । ਉਸਨੇ ਕਈ ਾਹਨਾਮੇ ਅਤੇ ਜਫਰਨਾਮੇ ਲਿਖਵਾਏ । ੇਖ ਸਾਅਦੀ ਅਤੇ ਹਾਫਿ ਵੀ ਇਸੇ ਦੌਰ ਵਿਚ ਹੋਏ ਜਿਨ੍ਹਾਂ ਦੀ ਧਾਕ ਹਿੰਦੁਸਤਾਨ ਤੱਕ ਪਈ । ਪਾਕਿਸਤਾਨ ਬਣਨ ਤੋਂ ਪਹਿਲਾਂ ਪੰਜਾਬ ਦਾ ਹਰ ਵਿਦਿਆਰਥੀ ਸਕੂਲ ਵਿਚ ਉਰਦੂ ਅਤੇ ਫਾਰਸੀ ਪੜ੍ਹਿਆ ਕਰਦਾ ਸੀ ਅਤੇ ੇਖ ਸਾਦੀ ਅਤੇ ਹਾਫਿ ਦੀਆਂ ਰਚਨਾਵਾਂ ਉਸ ਦੇ ਿ ਹਨ ਨੂੰ ਰੁ ਨਾ ਦਿੰਦੀਆਂ ਸਨ ।

ਮੌਜੂਦਾ ਿ ਰਾ ਕਰੀਮ ਖਾਨ ਜੰਡ ਦੇ ਰਾਜ ਸਮੇ ਅਠਾਰਵੀਂ ਸਦੀ ਦੇ ਅਖੀਰਲੇ ਦਹਾਕਿਆ ਵਿਚ ਮੁੜ ਉਸਾਰਿਆ ਗਿਆ । ਾਹ ਜਹਾਨ ਵਾਂਗ ਇਸ ਨੂੰ ਭਵਨ ਉਸਾਰੀ ਦਾ ਬਹੁਤ ੌਕ ਸੀ। ਆਪਣੀ ਰਾਜਧਾਨੀ ਲਈ ਇਸਨੇ ਇਕ ਨਵਾਂ ਹਿਰ ਤਾਮੀਰ ਕਰਵਾਇਆ ਜਿਸ ਵਿਚ ਸੁੰਦਰ ਬਾ , ਮਸਜਿਦ, ਬ ਾਰ ਅਤੇ ਦੋ ਵਡੇ ਹਮਾਮ ਤਿਆਰ ਕਰਵਾਏ। ਇਕ ਹਮਾਮ ਾਹੀ ਖਾਨਦਾਨ ਲਈ ਸੀ ਅਤੇ ਦੂਸਰਾ ਹਿਰ ਦੀ ਜਨਤਾ ਲਈ। ਮੇਰੇ ਹੋਟਲ ਤੋਂ ਕਰੀਮ ਖਾਨ ਜੰਡ ਦਾ ਮਹੱਲ ਨੇੜੇ ਹੀ ਸੀ । ਇਸ ਦੀ ਮੁਰੰਮਤ ਹੋ ਰਹੀ ਸੀ। ਪੁਰਾਤੱਤਵ ਵਿਭਾਗ ਦੇ ਇਕ ਸਰਕਾਰੀ ਕਰਮਚਾਰੀ ਨੇ ਮੈਨੂੰ ਇਸ ਦਾ ਦੌਰਾ ਕਰਵਾ ਕੇ ਇਸ ਦੇ ਇਤਿਹਾਸ ਤੋਂ ਜਾਣੂ ਕਰਵਾਇਆ । ਮੈ ਉਹ ਹਮਾਮ ਵੀ ਵੇਖਿਆ ਜਿਸ ਬਾਬਤ ਮ ਹੂਰ ਹੈ ਕਿ ਇਕ ਮੋਮਬੱਤੀ ਜਗਾ ਕੇ ਇਸ ਨੂੰ ਗਰਮ ਕਰ ਲਿਆ ਜਾਂਦਾ ਸੀ । ਇਮਾਰਤਸਾਜੀ ਵਿਚ ਿ ਰਾ ਦੇ ਕਲਾਕਾਰਾਂ ਨੇ ਬਹੁਤ ਨਾਮਣਾ ਖੱਟਿਆ ਹੈ । ਜਦੋਂ ਾਹਜਹਾਨ ਨੇ ਆਪਣੀ ਪਿਆਰੀ ਬੇਗਮ ਲਈ ਤਾਜਮਹਿਲ ਬਣਾਉਣ ਦੀ ਤਜਵੀ ਪੇ ਕੀਤੀ ਤਾਂ ਮੁਮਤਾਜ ਬੇਗਮ ਨੇ ਿ ਰਾ ਦੇ ਕਾਰੀਗਰ ਨੂੰ ਹੀ ਇਸ ਦੀ ਉਸਾਰੀ ਲਈ ਚੁਣਿਆ । ਤਾਜਮਹਿਲ ਦੀ ਇਮਾਰਤ ਅੰਦਰ ਕੁਰਾਨ ਦੀਆਂ ਆਇਤਾਂ ਲਿਖਣ ਦਾ ਕੰਮ ਅਤੇ ਮਕਬਰੇ ਦੀ ਮੀਨਾਕਾਰੀ ਵੀ ਿ ਰਾ ੀ ਕਲਾਕਾਰਾਂ ਨੇ ਹੀ ਕੀਤੀ । ਬੇਗਮ ੁਦ ਇਨ੍ਹਾਂ ਦੇ ਹੁਨਰ ਤੋਂ ਜਾਣੂ ਸੀ ਕਿਉਂਕਿ ਉਹ ਇਰਾਨ ਦੀ ਹੀ ਜੰਮਪਲ ਸੀ ।

ਮਹੱਲ ਵੇਖਣ ਉਪਰੰਤ ਅਸੀਂ ਪਾਰਸ ਮਿਊ ਿਅਮ ਵਿਚ ਗਏ ਜਿਥੇ ਿ ਰਾ ਦੇ ਇਤਿਹਾਸਕ ਪਿਛੋਕੜ ਨਾਲ ਸਬੰਧਿਤ ਵਸਤਾਂ ਸਾਂਭੀਆਂ ਹੋਈਆਂ ਹਨ । ਚਾਰ ਹ ਾਰ ਸਾਲ ਪੁਰਾਣੇ ਪੁਰਾਤੱਤਵਾਂ ਤੋਂ ਲੈ ਕੇ ਕਰੀਮ ਖਾਨ ਜੰਡ ਦੇ ਰਾਜਕਾਲ ਤੱਕ ਦੀਆਂ ਕਲਾ ਕਿਰਤਾਂ ਸੁੰਦਰ ਢੰਗ ਨਾਲ ਪ੍ਰਦਰ ਿਤ ਕੀਤੀਆਂ ਗਈਆਂ ਹਨ । ਦਰਅਸਲ, ਇਹ ਇਮਾਰਤ ਕਰੀਮ ਖਾਨ ਨੇ ਆਪਣੇ ਮਕਬਰੇ ਲਈ ਤਿਆਰ ਕਰਵਾਈ ਸੀ ਅਤੇ ਉਸਦੀ ਕਬਰ ਇਥੇ ਹੀ ਬਣਾਈ ਗਈ ਪਰੰਤੂ ਉਸਦੇ ਰੀਕ ਕ ਾਰ ਖਾਨਦਾਨ ਦੇ ਆ ਾ ਮੁਹੰਮਦ ਖਾਨ ਨੇ ਉਸਦੀ ਕਬਰ ਪੁੱਟ ਕੇ ਉਸਦੇ ਮੁਰਦੇ ਨੂੰ ਤੈਹਰਾਨ ਭੇਜ ਦਿਤਾ ਅਤੇ ਇਥੇ ਅਜਾਇਬ ਘਰ ਬਣ ਗਿਆ । ਇਸ ਵਿਚ ਹੱਥ ਲਿਖਤੀ ਕੁਰਾਨ ਰੀਫ ਦੇ ਸੁਨਹਿਰੀ ਵੇਲਾਂ ਬੂਟਿਆਂ ਨਾਲ ਸਜਾਏ ਕਈ ਖਰੜੇ ਮੌਜੂਦ ਹਨ । ਹਿੰਦੁਸਤਾਨ ਦੇ ਮੁਗਲ ਬਾਦ ਾਹਾਂ ਦੇ ਦਰਬਾਰ ਦੇ ਚਿਤਰ ਵੀ ਮਿਲਦੇ ਹਨ ਅਤੇ ਨਾਦਰ ਾਹ ਦੀ ਅਹਿਮਦ ਾਹ ਅਬਦਾਲੀ ਉਪਰ ਜਿੱਤ ਵੀ ਦਰਸਾਈ ਗਈ ਹੈ ।

ਿ ਰਾ ਦਾ ਸਭ ਤੋਂ ਪੁਰਾਣਾ ਛੱਤਿਆ ਹੋਇਆ ਵਕੀਲ ਬ ਾਰ ਵੀ ਵੇਖਿਆ । ਇਸ ਵਿਚ ਰੌ ਨੀ ਅਤੇ ਹਵਾ ਦੀ ਆਮਦ ਦਾ ਐਸਾ ਪ੍ਰਬੰਧ ਹੈ ਕਿ ਇਹ ਗਰਮੀਆਂ ਵਿਚ ਤਪਦਾ ਨਹੀਂ ਅਤੇ ਸਰਦੀਆਂ ਵਿਚ ਨਿੱਘਾ ਰਹਿੰਦਾ ਹੈ । ਅੱਜ ਕੱਲ੍ਹ ਇਸ ਵਿਚ ਗਲੀਚੇ ਅਤੇ ਹੋਰ ਹਰ ਕਿਸਮ ਦਾ ਸਮਾਨ ਮਿਲ ਜਾਂਦਾ ਹੈ । ਤਾਂਬੇ ਦੀ ਪਲੇਟ ਉਪਰ ਠਠਿਆਰ ਕਈ ਸੁੰਦਰ ਕਲਾ ਕਿਰਤਾਂ ਬਣਾ ਰਹੇ ਸਨ । ਇਥੇ ਰੇ ਮੀ ਕੱਪੜਾ ਵੀ ਮਿਲਦਾ ਹੈ । ਪੇਂਡੂ ਔਰਤਾਂ ਆਪਣੇ ਲਿਬਾਸ ਵਿਚ ਘੁੰਮ ਫਿਰ ਰਹੀਆਂ ਸਨ । ਇਨ੍ਹਾਂ ਦੇ ਗਹਿਣੇ ਸਾਡੀਆਂ ਰਾਜਸਥਾਨੀ ਔਰਤਾਂ ਨਾਲ ਮਿਲਦੇ ਹਨ ਅਤੇ ਪਹਿਰਾਵਾ ਵੀ ਕੁਝ ਉਸੇ ਤਰ੍ਹਾਂ ਦਾ ਹੈ ।

ਿ ਰਾ ਦੁਨੀਆਂ ਭਰ ਵਿਚ ਸੂਫੀ ਫਕੀਰਾਂ ਅਤੇ ਦਰਵੇ ਾਂ ਦਾ ਟਿਕਾਣਾ ਮੰਨਿਆ ਗਿਆ ਹੈ । ਇਥੋਂ ਦੇ ਸੂਫੀ ਫਕੀਰ ਪੰਜਾਬ ਵਿਚ ਵੀ ਆਏ । ਪੀਰਾਂ ਫਕੀਰਾਂ ਦੀਆਂ ਖਾਨਗਾਹਾਂ ਹਰ ਗਲੀ ਮਹੱਲੇ ਵਿਚ ਕਾਇਮ ਹਨ । ਪਰੰਤੂ ਸਭ ਤੋਂ ਸੁੰਦਰ ਖਾਨਗਾਹ ਾਹ-ਏ-ਚਿਰਾਗ ਦਾ

ਮਕਬਰਾ ਹੈ । ਰਵਾਇਤ ਅਨੁਸਾਰ  ੀਆ ਮੱਤ ਦੇ ਅੱਠਵੇ ਇਮਾਮ ਦੇ ਭਰਾ ਸਈਅਦ ਅਮੀਰ ਅਹਿਮਦ ਨੂੰ ਸੁੰਨੀ ਮੱਤ ਦੇ ਖਲੀਫੇ ਨੇ ਜਹਿਰ ਦੇ ਕੇ 808 ਈ਼ ਵਿਚ ਮਰਵਾ ਦਿਤਾ । ਉਸ ਨੂੰ ਿ ਰਾ  ਵਿਚ ਹੀ ਦਫਨਾ ਦਿਤਾ ਗਿਆ । ਬਾਅਦ ਵਿਚ ਉਸਦੀ ਕਬਰ ਤੇ ਸੁੰਦਰ ਮਕਬਰਾ ਬਣਵਾਇਆ ਗਿਆ । ਹੁਣ ਵਾਲੀ ਇਮਾਰਤ  ਾਹ ਪਹਿਲਵੀ ਨੇ ਤਾਮੀਰ ਕਰਵਾਈ ਸੀ । ਇਸ ਅੰਦਰ ਕਬਰ ਵਾਲੀ ਜਗਹ ਚਾਂਦੀ ਅਤੇ ਸੋਨੇ ਦੀ ਜੜਤ ਕੀਤੀ ਹੋਈ ਹੈ ਅਤੇ ਛੱਤ ਉਪਰ ਹੀਰੇ ਜਵਾਹਰਾਤ ਜੜੇ ਹੋਏ ਹਨ। ਵਾਕਿਆ ਹੀ ਇਹ ਕਿਸੇ ਤਰ੍ਹਾਂ ਵੀ ਸਾਡੇ ਤਾਜਮਹੱਲ ਦੇ ਮਕਬਰੇ ਤੋਂ ਘੱਟ ਨਹੀਂ ਹੈ । ਇਥੇ  ੀਆ ਮੁਸਲਮਾਨ ਮੰਨਤਾ ਮੰਨਣ ਦੂਰ-ਦੁਰਾਡੇ ਦੇ ਾਂ ਤੋਂ ਵੀ ਆਉਂਦੇ ਹਨ । ਬਗੈਰ ਵਿਤਕਰੇ ਦੇ ਇਥੇ ਔਰਤਾਂ ਅਤੇ ਮਰਦ ਨਿਮਾ  ਪੜ੍ਹ ਸਕਦੇ ਹਨ । ਮੈ ਵੀ ਇਸ  ਹੀਦ ਦੀ ਦਰਗਾਹ ਤੇ ਸਿਜਦਾ ਕਰਨ ਚਲਾ ਗਿਆ, ਆਖਰਕਾਰ ਬਾਬਾ ਫਰੀਦ ਵੀ ਤਾਂ ਸਾਡੇ ਸਿਜਦੇ ਦਾ ਹੱਕਦਾਰ ਹੈ । ਇਕ ਕਰਮਚਾਰੀ ਨੇ ਤਾੜਨਾ ਕਰ ਦਿਤੀ ਕਿ ਆਪਣੇ ਆਪ ਨੂੰ ਹਿੰਦੂ ਨਹੀਂ ਦੱਸਣਾ ਵਰਨਾ ਸਿਆਪਾ ਖੜਾ ਹੋ ਜਾਵੇਗਾ । ਇਸ ਮਕਬਰੇ ਦੇ ਨੇੜੇ ਹੀ ਇਮਾਮ ਦੇ ਤੀਸਰੇ ਭਰਾ ਦੀ ਕਬਰ ਹੈ ਜੋ ਸੁੰਨੀਆਂ ਨੇ  ਹੀਦ ਕਰ ਦਿਤਾ ਸੀ । ਦਰਅਸਲ,  ਹਾਦਤ ਦੀ ਪਰੰਪਰਾ ਇਸਲਾਮ ਵਿਚ ਸਿਖ ਧਰਮ ਤੋਂ ਵੀ ਬਹੁਤ ਪੁਰਾਣੀ ਹੈ । ਹ ਰਤ ਅਲੀ ਦੀ  ਹਾਦਤ ਤਾਂ  ੀਆ ਲੋਕ ਮੁਹੱਰਮ ਦੇ ਦਿਨਾਂ ਵਿਚ ਆਪਣੇ ਆਪ ਨੂੰ ਪਿਟ-ਪਿਟ ਕੇ ਖੂਨ ਵਹਾ ਕੇ ਮਨਾਉਂਦੇ ਹਨ । ਿ ਰਾ  ਵਿਚ ਅਤੇ ਤਬਰੇ  ਵਿਚ ਕਈ  ਹੀਦਾਂ ਦੀਆਂ ਯਾਦਗਾਰਾਂ ਹਨ । ਸਭ ਤੋਂ ਮਹਾਨ  ਹੀਦ  ਮਸ-ਤਬਰੇ  ਹੋਇਆ ਹੈ ।

ਦੁਪਹਿਰ ਦਾ ਸਮਾਂ ਹੋਣ ਕਰਕੇ ਮੈ ਆਪਣੇ ਹੋਟਲ ਪਰਤ ਆਇਆ । ਉਸ ਦਿਨ ਭਾਰਤੀ ਰਾਜਦੂਤ ਨੇ ਮੈਨੂੰ ਦੁਪਹਿਰ ਦੇ ਖਾਣੇ ਦੀ ਦਾਅਵਤ ਦੇ ਰੱਖੀ ਸੀ । ਮਿਸਟਰ ਰਾਓ ਹੈਦਰਾਬਾਦ ਤੋਂ ਇਥੇ ਫਸਟ ਸੈਕਟਰੀ ਸਨ ਅਤੇ ਉਨ੍ਹਾਂ ਨੇ ਮੈਨੂੰ ਉਚੇਚੇ ਤੌਰ ਤੇ ਆਪਣੇ ਘਰ ਬੁਲਾ ਭੇਜਿਆ । ਉਨ੍ਹਾਂ ਦਾ ਮਿ ਨ ਤਾਂ ਹੋਰ ਸੀ । ਮੈ ਕਿਉਂਕਿ ਪਰਮਾਣੂ ਊਰਜਾ ਕੇਂਦਰ ਵਿਚ ਕੰਮ ਕਰਕੇ ਆਇਆ ਸਾਂ, ਸੋ ਉਹ ਬੜੀ ਉਤਸੁਕਤਾ ਨਾਲ ਇਰਾਨ ਦੇ ਪਰਮਾਣੂ ਊਰਜਾ ਪ੍ਰੋਗਰਾਮ ਬਾਰੇ ਪੁੱਛ-ਗਿੱਛ ਕਰਦੇ ਰਹੇ । ਮੈ ਕਿਹਾ ਅਸੀ ਤਾਂ ਪਰਮਾਣੂ ਵਿਕਿਰਣ ਬਾਰੇ ਖੋਜ ਕਰ ਰਹੇ ਹਾਂ ਜਿਸ ਤੋਂ ਸਾਰੇ ਸੰਸਾਰ ਭਰ ਵਿਚ ਚਿੰਤਾ ਫੈਲ ਰਹੀ ਹੈ, ਖਾਸ ਕਰਕੇ ਰੂਸੀ ਪਰਮਾਣੂ ਰੀਐਕਟਰ ਦੇ ਹਾਦਸੇ ਉਪਰੰਤ ਕਈ ਦੇ ਾਂ ਵਿਚ ਵਿਕਿਰਣ ਦੇ ਖਤਰਨਾਕ ਪ੍ਰਭਾਵ ਪੈ ਰਹੇ ਹਨ । ਰਾਓ ਸਾਹਿਬ ਨੇ ਆਪਣੀ ਸਰਕਾਰੀ ਕਾਰ ਮੇਰੇ ਹਵਾਲੇ ਕਰ ਦਿਤੀ ਅਤੇ ਮੈ ੇਖ ਸਾਅਦੀ ਅਤੇ ਹਾਫਿ  ਦੋਹਾਂ ਮਹਾਨ ਹਸਤੀਆਂ ਦੇ ਮਕਬਰੇ ਵੀ ਵੇਖ ਆਇਆ। ੇ ਸਾਅਦੀ ਦਾ ਮਕਬਰਾ ਇਕ ਸੁੰਦਰ ਬਗੀਚੇ ਵਿਚ ਤਾਮੀਰ ਕਰਵਾਇਆ ਗਿਆ ਹੈ । ਦੱਸਿਆ ਜਾਂਦਾ ਹੈ ੇ ਸਾਹਿਬ ਇਕ ਦਰਿਆ ਦੇ ਕਿਨਾਰੇ ਕੁਟੀਆ ਪਾ ਕੇ ਰਹਿੰਦੇ ਸਨ ਅਤੇ ਅਖੀਰਲੇ ਦਿਨਾਂ ਵਿਚ ਇਥੇ ਹੀ ਲੋਕਾਂ ਨੂੰ ਦੀਦਾਰ ਦੇ ਕੇ ਨਿਹਾਲ ਕਰਿਆ ਕਰਦੇ ਸਨ । ਕੁਝ ਵਿੱਥ ਉਪਰ ਹਾਫਿ  ਦਾ ਸੁੰਦਰ ਮਕਬਰਾ ਹੈ । ਕਬਰ ਦੇ ਪੱਥਰ ਉਪਰ ਹਾਫਿ  ਦੇ ਕਲਾਮ ਵਿਚੋ ਚੋਣਵੇ ੇਅਰ ਅੰਕਿਤ ਹਨ । ਇਰਾਨ ਦੇ ਲੋਕ ਇਨ੍ਹਾਂ ਨੂੰ ਨਿਰੇ ਪੂਰੇ ਸਾਹਿਤਕਾਰ ਹੀ ਨਹੀਂ ਸਮਝਦੇ, ਸਗੋਂ ਉਚਕੋਟੀ ਦੇ ਦਾਨਿ ਮੰਦ ਮੰਨ ਕੇ ਪੂਜਦੇ ਹਨ । ਫਾਰਸੀ ਸਾਹਿਤ ਦੇ ਇਹ ਮੋਢੀ ਹਨ ਅਤੇ ਇਨ੍ਹਾਂ ਦੀਆਂ ਰਚਨਾਵਾਂ ਤੋਂ ਬਗੈਰ ਫਾਰਸੀ ਦਾ ਅਧਿਐਨ ਅਧੂਰਾ ਮੰਨਿਆ ਜਾਂਦਾ ਹੈ ।

30 ਮਈ ਨੂੰ ਅਸੀ ਪਰਸਪੋਲਿਸ ਦੇ ਖੰਡਰ ਵੇਖਣ ਦਾ ਪ੍ਰੋਗਰਾਮ ਬਣਾਇਆ। ਹਮੀਦ ਦੇ ਦੋਵੇ ਭਰਾ ਮੇਰੇ ਨਾਲ ਜਾ ਰਹੇ ਸਨ ਅਤੇ ਅਸੀ ਪਿਕਨਿਕ ਦਾ ਸਮਾਨ ਨਾਲ ਲੈ ਲਿਆ। ਅਜੇ ਅੱਧਾ ਰਸਤਾ ਹੀ ਗਏ ਸਾਂ ਕਿ ਅਗੇ ਇਕ ਬੱਸ ਹਾਦਸਾ ਵਾਪਰ ਗਿਆ । ਬਹੁਤ ਸਾਰੀਆਂ ਸਵਾਰੀਆਂ ਹਾਦਸੇ ਵਿਚ ਮਰ ਗਈਆਂ । ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਸੜਕ ਉਪਰ ਹੰਗਾਮਾ ੁਰੂ ਕਰ ਦਿਤਾ ਅਤੇ ਟ੍ਰੈਫਿਕ ਰੋਕ ਲਿਆ । ਸਾਨੂੰ ਆਪਣੀ ਯਾਤਰਾ ਰੱਦ ਕਰਕੇ ਵਾਪਸ ਿ ਰਾ  ਪਰਤਣਾ ਪਿਆ । ਮੈਨੂੰ ਕਾਫੀ ਨਿਰਾ ਾ ਹੋਈ ਕਿ ਐਕੇਮੀਨੀਅਨ ਐਮਪਾਇਰ ਦੀ ਮ ਹੂਰ ਯਾਦਗਾਰ ਵੇਖਣ ਦਾ ਮੌਕਾ ਖੁੰਝ ਗਿਆ । ਇਸਲਾਮ ਦੀ ਆਮਦ ਤੋਂ ਪਹਿਲਾਂ ਇਕ ਰੱਬ ਦਾ ਸੰਕਲਪ ਪੈਗੰਬਰ ਜਰਾਥੁ ਟਰਾ ਨੇ ਇਥੋ ਹੀ ਪ੍ਰਚਾਰਿਆ ਸੀ । ਪਾਰਸੀ ਲੋਕ ਇਸ ਸਥਾਨ ਤੇ ਅਗਨੀ ਦੀ ਪੂਜਾ ਕਰਨ ਜਾਂਦੇ ਹਨ । ਰਸਤੇ ਵਿਚ ਅਸੀ ਇਰਾਨ ਦੇ ਮਾਰੂਥਲ ਦਾ ਨਜਾਰਾ ਵੇਖਿਆ । ਕਈ ਜਗਹ ਫਲਦਾਰ ਬੂਟੇ ਅਤੇ ਜੰਗਲ ਲਗਾ ਦਿਤਾ ਹੈ ਵਰਨਾ ਿ ਰਾ  ਦੇ ਬਾਹਰ ਨਿਕਲਣ ਸਾਰ ਹੀ ਲਦਾਖ ਵਾਂਗ ਖੁ ਕ ਰੇਤਲੇ ਪਹਾੜ ਨਜਰੀਂ ਪੈਂਦੇ ਹਨ । ਮੁੜਦੇ ਹੋਏ ਅਸੀ ਬਾਬਾ ਕੂਹੀ ਅਤੇ ਬਾਬਾ ਖਾਜੂ ਦੀ ਦਰਗਾਹ ਵੀ ਵੇਖੀ । ਇਹ ਦੋਵੇ ਸੁਫੀ ਫਕੀਰ ਿ ਰਾ   ਹਿਰ ਦੇ ਵਾਸੀ ਸਨ ।

ਿ ਰਾ  ਵਿਚ ਪੀਰਾਂ ਫਕੀਰਾਂ ਦੀਆਂ ਦਰਗਾਹਾਂ,  ਹੀਦਾਂ ਦੇ ਸਮਾਰਕ, ਬਾਦ ਾਹਾਂ ਦੇ ਮਕਬਰੇ, ਦਾਨ ਵਰਾਂ ਦੀਆਂ ਯਦਗਾਰਾਂ ਤੋਂ ਸਿਵਾ ਇਕ ਮ ਹੂਰ ਯੂਨੀਵਰਸਿਟੀ ਵੀ ਹੈ । ਇਥੋ ਦੇ ਭੌਤਿਕ ਵਿਗਿਆਨ ਵਿਭਾਗ ਦਾ ਦੌਰਾ ਕਰਕੇ ਅਸੀ ਦੁਪਹਿਰ ਦਾ ਖਾਣਾ ਹਮੀਦ ਦੇ ਘਰ ਖਾਧਾ । ਉਸਦੀ ਮਾਂ ਨੇ ਵਾਹ ਲਗਦੀ ਬੜੀ ਸੇਵਾ ਕੀਤੀ ਅਤੇ ਤੋਰਨ ਲੱਗਿਆਂ ਆਪਣੇ ਪੁੱਤਰਾਂ ਦੇ ਨਾਲ ਮੇਰਾ ਸਿਰ ਵੀ ਚੁੰਮਿਆ ।

ਹਮੀਦ ਦਾ ਇਕ ਭਰਾ ਇਰਾਕ ਜੰਗ ਵਿਚ  ਹੀਦ ਹੋ ਗਿਆ ਸੀ ਅਤੇ ਿ ਰਾ  ਵਿਚ ਇਕ ਸੜਕ ਉਸਦੇ ਨਾਮ ਤੇ ਬਣੀ ਹੈ । ਬੁੱਢੀ ਮਾਂ ਆਪਣੇ ਪੁੱਤਰ ਦੀ ਯਾਦ ਵਿਚ ਰੋ ਪਈ । ਵਾਕਿਆ ਹੀ ਰੱਬ ਨੇ ਮਾਂ ਦੇ ਦਿਲ ਨੂੰ ਧਰਤੀ ਵਾਂਗ ਵਿ ਾਲ ਅਤੇ ਸਹਿਨ ੀਲ ਬਣਾਇਆ ਹੈ । ਮੈ ਹਮੀਦ ਦੇ ਪਰਿਵਾਰ ਤੋਂ ਵਿਦਾਈ ਲੈ ਕੇ ਕੁਵੈਤ ਏਅਰਲਾਈਨ  ਦੇ ਜਹਾਜ ਰਾਹੀਂ ਪਹਿਲਾਂ ਕੁਵੈਤ ਅਤੇ ਫਿਰ ਦਿੱਲੀ ਪਰਤਣਾ ਸੀ । ਿ ਰਾ  ਦੀ ਮਿਠੀ ਅਤੇ ਪਿਆਰੀ ਯਾਦ ਹਮੇ ਾ ਦਿਲ ਨੂੰ ਟੁੰਬਦੀ ਰਹੇਗੀ ।

## ਰਾਮਸਰ ਦੀ ਯਾਤਰਾ

ਇਰਾਨ ਦਾ ਜੁਗਰਾਫੀਆ ਵੀ ਪੰਜਾਬ ਅਤੇ ਭਾਰਤ ਦੇ ਜੁਗਰਾਫੀਏ ਵਾਂਗ ਹਮੇ ਾਂ ਬਦਲਦਾ ਰਿਹਾ ਹੈ । ਹੁਣ ਵੀ ਇਸਦੀ ਲੰਬਾਈ ਭਾਰਤ ਦੀ ਲੰਬਾਈ ਜੇਡੀ ਹੈ । ਇਕ ਪਾਸੇ ਇਹ ਪਾਕਿਸਤਾਨ ਦੀ ਸਰਹੱਦ ਛੂੰਹਦਾ ਹੈ ਅਤੇ ਦੂਸਰੇ ਪਾਸੇ ਤੁਰਕੀ ਅਤੇ ਸੀਰੀਆ ਨੂੰ ਜਾ ਟਕਰਾਂਦਾ ਹੈ । ਦੱਖਣ ਵੱਲ ਫਾਰਸ ਦੀ ਖਾੜੀ ਹੈ ਅਤੇ ਉਤਰ ਵੱਲ ਕੈਸਪੀਅਨ ਸਾਗਰ ਹੈ । ਇਰਾਨ ਨਾਲ ਹੁਣ ਤਾਂ ਰੂਸ ਦੀਆਂ ਆਜਾਦ ਹੋਈਆਂ ਮੁਸਲਿਮ ਰਿਆਸਤਾਂ ਦਾ ਬਾਰਡਰ ਵੀ ਸਾਂਝਾ ਹੈ । ਕਿਸੇ ਜਮਾਨੇ ਵਿੱਚ ਇਹ ਪਰ ੀਅਨ ਸਲਤਨਤ ਦਾ ਹੀ ਹਿੱਸਾ ਹੋਇਆ ਕਰਦੀਆਂ ਸਨ । ਰੂਸੀ ਾਰ ਨੇ ਇਰਾਨ ਦਾ ਕਾਫੀ ਹਿੱਸਾ ਆਪਣੇ ਰਾਜ ਵਿੱਚ ਾਮਲ ਕਰ ਲਿਆ ਸੀ । ਕੁਦਰਤ ਨੇ ਇਰਾਨ ਨੂੰ ਭਾਂਤ ਭਾਂਤ ਦਾ ਜਲਵਾਯੂ ਬਖ਼ਿ ਆ ਹੈ । ਜੇਕਰ ਸਖਤ ਗਰਮੀ ਰੇਗਿਸਤਾਨ ਨੂੰ ਤਪਾਂਦੀ ਹੈ ਤਾਂ ਉਤਰ ਵਿੱਚ ਕੈਸਪੀਅਨ ਸਾਗਰ ਅਤੇ ਅਲਬਰੂ ਪਹਾੜਾਂ ਦੀਆਂ ਬਰਫ ਲੱਦੀਆਂ ਚੋਟੀਆਂ ਰੂਹ ਨੂੰ ਠਾਰਦੀਆਂ ਹਨ । ਇਰਾਨੀ ਲੋਕ ਗਰਮੀ ਦੇ ਮੌਸਮ ਵਿੱਚ ਕੈਸਪੀਅਨ ਸਾਗਰ ਦੀਆਂ ਬੀਚਾਂ ਤੇ ਚਲੇ ਜਾਂਦੇ ਹਨ । ਇਸਨੂੰ ਮਾਲੀ ਇਲਾਕਾ ਕਿਹਾ ਜਾਂਦਾ ਹੈ ਅਤੇ ਇਰਾਨ ਦਾ ਹਿਨ ਾਹ ਇਸ ਇਲਾਕੇ ਦਾ ਹੀ ਜੰਮਪਲ ਸੀ । ਜਲਵਾਯੂ ਅਤੇ ਸੁੰਦਰਤਾ ਦੇ ਲਿਹਾਜ ਨਾਲ ਇਰਾਨ ਦਾ ਮਾਲੀ ਸੂਬਾ ਯਾਤਰੀਆਂ ਲਈ ਖਿੱਚ ਦਾ ਕਾਰਨ ਬਣ ਗਿਆ ਹੈ ।

ਤਹਿਰਾਨ ਪਹੁੰਚਣ ਸਾਰ ਮੇਰੀ ਖੋਜ ਦਾ ਪ੍ਰੋਗਰਾਮ ਮਿਥਿਆ ਗਿਆ ਜਿਸ ਵਿੱਚ ਕੈਸਪੀਅਨ ਸਾਗਰ ਦੇ ਕੰਢੇ ਨਾਲ ਲਗਦੇ ਇਲਾਕੇ ਦਾ ਸਰਵੇਖਣ ਕਰਨਾ ਸੀ । ਦਰਅਸਲ, ਰੂਸ ਦੇ ਚੈਰਨੋਬਿਲ ਪਰਮਾਣੂ ਊਰਜਾ ਕੇਂਦਰ ਦੇ ਰੀਐਕਟਰ ਫਟਣ ਉਪਰੰਤ ਨਿਊਕਲੀ ਵਿਕਿਰਣ ਸਾਰੇ ਯੂਰਪ ਸਾਰੇ ਹੋਰ ਕਈ ਗਵਾਂਢੀ ਦੇ ਾਂ ਵਿੱਚ ਫੈਲ ਗਿਆ । ਇਸ ਵਿਕਿਰਣ (ਰੇਡੀਏ ਨ) ਦੇ ਬਹੁਤ ਸਾਰੇ ਮਾਰੂ ਪ੍ਰਭਾਵ ਰੂਸੀ ਲੋਕਾਂ ਉਪਰ ਪਏ ਹਨ । ਇਰਾਨ ਦੇ ਮਾਲੀ ਇਲਾਕੇ ਉਪਰ ਵੀ ਵਿਕਿਰਣ ਦੀ ਮਾਤਰਾ ਕਾਫੀ ਵੱਧ ਗਈ ਸੀ । ਬਲਕਿ ਅੰਤਰਰਾ ਟਰੀ ਪ੍ਰਮਾਣੂ ਊਰਜਾ ਸੰਸਥਾ ਨੇ 1990 ਵਿੱਚ ਇਕ ਅੰਤਰਰਾ ਟਰੀ ਕਾਨਫਰੰਸ ਵੀ ਇਰਾਨ ਦੇ ਹਿਰ ਰਾਮਸਰ ਵਿੱਚ ਕਰਵਾਈ ਜਿਸ ਵਿੱਚ ਮੈਨੂੰ ਆਪਣਾ ਖੋਜ ਪੱਤਰ ਪੇ ਕਰਨ ਲਈ ਸੱਦਿਆ ਗਿਆ ਸੀ । ਮੈ ਉਸ ਸਮੇ ਤਾਂ ਹਾਜਰ ਨਾ ਹੋ ਸਕਿਆ ਪਰੰਤੂ ਇਸ ਵਾਰ ਮੈ ਆਪਣੇ ਮੇ ਬਾਨ ਡਾ: ਸੋਹਰਾਬੀ ਨੂੰ ਪਹਿਲਾਂ ਹੀ ਚੇਤਾਵਨੀ ਕਰ ਰੱਖੀ ਸੀ ਕਿ ਰਾਮਸਰ ਦਾ ਦੌਰਾ ਮੇਰੇ ਪ੍ਰੋਗਰਾਮ ਵਿੱਚ ਰੂਰ ਾਮਲ ਕਰ ਲਿਆ ਜਾਵੇ ।

ਮੈ ਹੈਰਾਨ ਸਾਂ ਕਿ ਇਰਾਨ ਵਿੱਚ ਰਾਮਸਰ ਕਿਵੇ ਆ ਗਿਆ । ਇਹ ਤਾਂ ਗੁਰੂ ਕੀ ਨਗਰੀ ਦੇ ਪਵਿੱਤਰ ਸਰੋਵਰ ਦਾ ਨਾਮ ਹੈ । ਇਉਂ ਜਾਪਣ ਲੱਗਾ ਕਿ ਰਾਮਸਰ ਸਾਡੇ ਸਭਿਆਚਾਰ ਨਾਲ ਜੁੜਿਆ ਹੋਵੇਗਾ । ਮੇਰਾ ਕਿਆਸ ਠੀਕ ਹੀ ਨਿਕਲਿਆ । ਦੱਸਿਆ ਜਾਂਦਾ ਹੈ ਕਿ ਰਾਬਿੰਦਰ ਨਾਥ ਟੈਗੋਰ ਕੁਝ ਸਮਾਂ ਆਪਣੀ ਮਾਸੀ ਦੇ ਘਰ ਇਰਾਨ ਦੇ ਮਾਲੀ ਸੂਬੇ ਵਿੱਚ ਰਹੇ ਸਨ । ਾਹ ਆ ਇਰਾਨ ਉਨ੍ਹਾਂ ਨੂੰ ਦਾਅਵਤ ਦੇ ਗਿਆ ਜੋ ਉਸਨੇ ਇਕ ਆਲੀ ਾਨ ਨਵੇ ਬਣੇ ਮਹੱਲ ਵਿੱਚ ਕੀਤੀ । ਗੁਰਦੇਵ ਟੈਗੋਰ ਦੇ ਕਹਿਣ ਤੇ ਇਸ ਮਹੱਲ ਦਾ ਨਾਮ ਰਾਮਸਰ ਰੱਖਿਆ ਗਿਆ । ਇਸ ਦੁਆਲੇ ਜੋ ਹਿਰ ਆਬਾਦ ਹੋਇਆ ਉਸ ਨੂੰ ਵੀ ਰਾਮਸਰ ਕਿਹਾ ਜਾਣ ਲੱਗਾ । ਕੈਸਪੀਅਨ ਸਾਗਰ ਦੇ ਕੰਢੇ ਅਤੇ ਅਲਬਰੂ ਪਹਾੜ ਦੀ ਗੋਦ ਵਿੱਚ ਵਸਿਆ ਰਾਮਸਰ ਦੁਨੀਆਂ ਭਰ ਦੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਗਿਆ ਹੈ । ਾਹ ਦੇ ਮਹੱਲ ਨੂੰ ਹੁਣ ਇਕ ਹੋਟਲ ਵਿੱਚ ਤਬਦੀਲ ਕਰ ਰੱਖਿਆ ਹੈ ਅਤੇ ਰਾਮਸਰ ਹੋਟਲ ਇਰਾਨ ਦੇ ਕੁਝ ਮ ਹੂਰ ਪੰਜ ਤਾਰਾ ਹੋਟਲਾਂ ਵਿੱਚੋ ਇਕ ਹੈ । ਬਲਕਿ ਦੋ ਹੋਰ ਪਿੰਡ ਵੀ ਭਾਰਤੀ ਨਾਵਾਂ ਵਾਲੇ ਹਨ, ਬਾਬਰਪੁਰ ਅਤੇ ਹਰੀਪੁਰ। ਮੈਨੂੰ ਇਹ ਕਹਾਣੀ ਤਹਿਰਾਨ ਦੇ ਇਕ ਸਰਦਾਰ ਜੀ ਨੇ ਬੜੀ ਰੌਚਕਤਾ ਨਾਲ ਸੁਣਾਈ।

ਰਾਮਸਰ ਜਾਣ ਦੀ ਤਿਆਰੀ ਕੀਤੀ ਗਈ ਅਤੇ ਪਰਮਾਣੂ ਊਰਜਾ ਕੇਂਦਰ ਦੀ ਵੈਨ ਵਿੱਚ ਆਪਣੇ ਉਪਕਰਣ ਫਿਟ ਕਰਕੇ ਅਸੀਂ ਸੋਮਵਾਰ ਦੀ ਸਵੇਰ ਨੂੰ ਰਵਾਨਾ ਹੋ ਪਏ । ਮੇਰੇ ਨਾਲ ਦੋ ਵਿਗਿਆਨੀ ਅਤੇ ਇਕ ਡਰਾਈਵਰ ਜਾ ਰਿਹਾ ਸੀ ਜੋ ਰਾਮਸਰ ਦੇ ਨਜਦੀਕ ਕਿਸੇ ਪਿੰਡ ਦਾ ਰਹਿਣ ਵਾਲਾ ਸੀ । ਇਕ ਘੰਟੇ ਦੇ ਸਫਰ ਬਾਅਦ ਅਸੀਂ ਅਲਬਰੂ ਪਹਾੜ ਦੀਆਂ ਚੋਟੀਆਂ ਵੱਲ ਵਧ ਰਹੇ ਸਾਂ । ਸੜਕ ਦੇ ਨਾਲ ਦਰਿਆ ਵਹਿ ਰਿਹਾ ਸੀ ਜਿਸ ਉਪਰ ਬੰਨ੍ਹ ਲਾਕੇ ਬਿਜਲੀ ਉਤਪਾਦਨ ਦਾ ਪ੍ਰਬੰਧ ਕੀਤਾ ਗਿਆ ਸੀ । ਬੰਨ੍ਹ ਦੇ ਪਿਛਲੇ ਪਾਸੇ ਝੀਲ ਵਿੱਚ ਲੋਕ ਕਿ ਤੀਆਂ ਚਲਾ ਕੇ ਅਨੰਦ ਮਾਣ ਰਹੇ ਸਨ । ਦਰਿਆ ਦੇ ਕਿਨਾਰੇ ਤਾਂ ਹਰਿਆਵਲ ਸੀ ਵਰਨਾ ਪਹਾੜ ਖੁ ਕ ਅਤੇ ਚਟਾਨਾਂ ਨਾਲ ਭਰਪੂਰ ਸਨ । ਕੁਝ ਘੰਟੇ ਦੇ ਸਫਰ ਬਾਅਦ ਅਸੀਂ ਇਕ ਬਰਫੀਲੀ ਚੋਟੀ ਕੋਲ ਪਹੁੰਚ ਗਏ ਇਸ ਨੂੰ ਸਰ ਕਰਨਾ ਤਾਂ ਕਠਿਨ ਸੀ, ਇਕ ਸੁਰੰਗ ਰਾਹੀਂ ਅਸੀਂ ਚੋਟੀ ਦੇ ਦੂਸਰੇ ਪਾਸੇ ਜਾ ਪਹੁੰਚੇ । ਬਰਫ ਦੇ ਤੋਦਿਆਂ ਤੋਂ ਪਾਣੀ ਸਿੰਮ ਸਿੰਮ ਕੇ ਇਕ ਝਰਨੇ ਦੇ ਰੂਪ ਵਿੱਚ ਵਹਿ

ਰਿਹਾ ਸੀ । ਅਸੀ ਝਰਨੇ ਦੇ ਕਿਨਾਰੇ ਇਕ ਰੈਸਤੋਰਾਂ ਵਿੱਚ ਚਾਹ ਪੀਣ ਲਈ ਰੁਕੇ । ਇਰਾਨੀ ਲੋਕ ਚਾਹ ਵਿੱਚ ਦੁੱਧ ਅਤੇ ਖੰਡ ਨਹੀਂ ਪਾਂਦੇ ਬਲਕਿ ਚਾਹ ਦੀਆਂ ਚੁਸਕੀਆਂ ਨਾਲ ਖੰਡ ਦੇ ਕਿਊਬ ਮੂੰਹ ਵਿੱਚ ਰੱਖ ਲੈਂਦੇ ਹਨ । ਚਾਹ ਦੇ ਖੁਲ੍ਹੇ ਗੱਫੇ ਲਾਉਂਦੇ ਹਨ । ਚੀਨੀ ਲੋਕਾਂ ਵਾਂਗ ਹਰ ਘਰ ਅਤੇ ਦਫਤਰ ਵਿੱਚ ਹਰ ਸਮੇ ਚਾਹ ਤਿਆਰ ਮਿਲਦੀ ਹੈ ।

ਸੁਰੰਗ ਪਾਰ ਕਰਕੇ ਮੇਰਾ ਖਿਆਲ ਸੀ ਕਿ ਅਸੀ ਕਠਨ ਰਸਤਾ ਤੈਹ ਕਰ ਲਿਆ ਹੈ। ਪਰੰਤੂ ਮੇਰਾ ਕਿਆਸ ਗਲਤ ਨਿਕਲਿਆ ਅਸੀ ਅਲਬਰੂ  ਪਹਾੜ ਦੀ ਇਕ ਕਤਾਰ ਹੀ ਲੰਘੇ ਸਾਂ । ਇਸ ਉਪਰੰਤ ਹੋਰ ਚੜ੍ਹਾਈ _ਰੂ ਹੋ ਗਈ ਅਤੇ ਸਾਡੀ ਵੈਨ ਧੁੰਧ ਦੇ ਬੱਦਲਾਂ ਵਿੱਚ ਘਿਰ ਗਈ । ਸੜਕ ਉਪਰ ਰਸਤਾ ਬਿਲਕੁਲ ਦਿਖਾਈ ਨਹੀਂ ਦੇ ਰਿਹਾ ਸੀ ਅਤੇ ਆਲੇ ਦੁਆਲੇ ਡੂੰਘੀਆਂ ਖੱਡਾਂ ਸਨ । ਸਾਡਾ ਡਰਾਈਵਰ ਤਾਂ ਰਫਤਾਰ ਘਟਾ ਨਹੀਂ ਰਿਹਾ ਸੀ । ਮੈ ਕੁਝ ਸਹਿਮ ਨਾਲ ਆਪਣੇ ਸਾਥੀ ਵਿਗਿਆਨੀਆਂ ਨੂੰ ਤਾੜਨਾ ਕੀਤੀ । ਉਹ ਕਹਿਣ ਲੱਗੇ ਕਿ ਡਰਾਈਵਰ ਇਸ ਸੜਕ ਤੇ ਹਰ ਹਫਤੇ ਹੀ ਲੰਘਦਾ ਹੈ ਅਤੇ ਉਹ ਅੱਖਾਂ ਬੰਦ ਕਰਕੇ ਵੀ ਕਾਰ ਚਲਾ ਸਕਦਾ ਹੈ । ਵਾਕਿਆ ਹੀ ਉਹ ਸਾਡੇ ਪੰਜਾਬੀ ਡਰਾਈਵਰਾਂ ਦਾ ਵੀ ਪਿਉ ਜਾਪਦਾ ਸੀ । ਅਲਬਰੂ  ਪਹਾੜ ਦੀਆਂ ਚਟਾਨਾਂ ਇਕ ਕੰਧ ਵਾਂਗ ਸੜਕ ਅਤੇ ਦਰਿਆ ਦੇ ਦੋਹੀਂ ਪਾਸੀਂ ਖੜੋਤੀਆਂ ਸਨ । ਇਹ ਇਕ ਅਦਭੁੱਤ ਨ ਾਰਾ ਸੀ ਜੋ ਮੈ ਪਹਿਲਾਂ ਕਦੇ ਨਾ ਯੂਰਪ ਵਿੱਚ ਅਤੇ ਨਾ ਹੀ ਭਾਰਤ ਵਿੱਚ ਵੇਖਿਆ ਸੀ । ਕਈ ਜਗਹ ਤਾਂ ਪਹਾੜੀ ਕੰਧਰਾਂ ਇਕ ਕਿਲੋਮੀਟਰ ਤੱਕ ਡੂੰਘੀਆਂ ਸਨ । ਰਸਤੇ ਵਿੱਚ ਕੋਈ ਪਿੰਡ ਤਾਂ ਨ ਰ ਨਾ ਪਿਆ ਪਰੰਤੂ ਆਜੜੀ ਆਪਣੇ ਇੱਜੜ ਚਾਰਦੇ ਲੱਭ ਪੈਂਦੇ ਸਨ ।

ਲੱਗਭਗ ਪੰਜ ਘੰਟੇ ਦੇ ਸਫਰ ਬਾਅਦ ਅਸੀ ਪਹਾੜਾਂ ਦੀ ਚੋਟੀਆਂ ਪਾਰ ਕਰਕੇ ਢਲਾਣ ਉਪਰ ਉਤਰ ਰਹੇ ਸਾਂ । ਸੜਕ ਦੇ ਦੋਹੀਂ ਪਾਸੀਂ ਸੰਘਣੇ ਜੰਗਲ ਸਨ । ਜੰਗਲ ਪਾਰ ਕਰਨ ਦੀ ਦੇਰ ਸੀ ਕਿ ਅਸੀ ਕੈਸਪੀਅਨ ਸਾਗਰ ਦੇ ਕੰਢੇ ਤੇ ਪਹੁੰਚ ਗਏ । ਇਸ ਤਰ੍ਹਾਂ ਜਾਪਦਾ ਸੀ ਕਿ ਪਹਾੜ ਦੀਆਂ ਜੜ੍ਹਾਂ ਸਮੁੰਦਰ ਵਿੱਚ ਹੀ ਹੋਣ । ਹੁਣ ਸਾਡੀ ਸੜਕ ਸਮੁੰਦਰ ਦੇ ਕਿਨਾਰੇ ਇਕ ਵਾਦੀ ਵਿੱਚੋ ਲੰਘ ਰਹੀ ਸੀ । ਪਿੰਡਾਂ ਦੀਆਂ ਔਰਤਾਂ ਖੇਤਾਂ ਵਿੱਚ ਮਰਦਾਂ ਨਾਲ ਕੰਮ ਰਹੀਆਂ ਸਨ । ਇਸ ਇਲਾਕੇ ਵਿੱਚ ਫਲਾਂ ਦੇ ਬਾਗ ਹਨ ਅਤੇ ਹਰ ਘਰ ਵਿੱਚ ਫੁਲਾਂ ਦੀ ਬਗੀਚੀ ਬੜੇ ਸੁਚੱਜੇ ਢੰਗ ਨਾਲ ਲਗਾਈ ਜਾਂਦੀ ਹੈ । ਇਰਾਨ ਦੇ ਲੋਕ ਜਪਾਨੀਆਂ ਵਾਂਗ ਫੁੱਲਾਂ ਦੇ _ਕੀਨ ਹਨ ।

ਸੜਕ ਕਿਨਾਰੇ ਇਕ ਰੈਸਤੋਰਾਂ ਵਿੱਚ ਰੋਟੀ ਖਾਣ ਲਈ ਰੁਕੇ । ਮੈ ਹੋਟਲ ਦੇ ਮਾਲਕ ਨੂੰ ਸਬਜੀ ਬਾਰੇ ਪੁਛਿਆ ਤਾਂ ਕਹਿਣ ਲੱਗਾ ਕਿ ਇਸ ਇਲਾਕੇ ਵਿੱਚ ਬੈਗਣ ਦਾ ਭੜਥਾ ਸਪੈ ਲ ਬਣਦਾ ਹੈ । ਵਾਕਿਆ ਹੀ ਉਸਨੇ ਬੜੇ ਪ੍ਰੇਮ ਨਾਲ ਭੋਜਨ ਤਿਆਰ ਕੀਤਾ । ਭੋਜਨ _ਰੂ ਕਰਨ ਤੋਂ ਪਹਿਲਾਂ ਉਹ ਕਈ ਕਿਸਮ ਦੇ ਆਚਾਰ ਸਾਡੇ ਮੇਜ ਉਪਰ ਰੱਖ ਗਿਆ । ਇਰਾਨ ਵਿੱਚ ਲੋਕ ਰੋਟੀ ਖਾਣ ਤੋਂ ਪਹਿਲਾਂ ਅਚਾਰੀ ਲਸਨ ਦੀਆਂ ਤੁਰੀਆਂ ਛਿੱਲ ਕੇ ਕਾਫੀ ਮਾਤਰਾ ਵਿੱਚ ਖਾਂਦੇ ਹਨ । ਲਸਣ ਤੋਂ ਬਗੈਰ ਇਹ ਰੋਟੀ ਹੀ ਨਹੀਂ ਖਾ ਸਕਦੇ ।  ਾਮ ਦੇ ਤਿੰਨ ਵਜੇ ਦੇ ਕਰੀਬ ਅਸੀ ਰਾਮਸਰ  ਹਿਰ ਵਿੱਚ ਪਹੁੰਚ ਗਏ । ਮੇਰੇ ਸਾਥੀ ਕਹਿਣ ਲੱਗੇ ਕਿ ਰਾਮਸਰ ਹੋਟਲ ਵਿੱਚ ਕਮਰੇ ਦਾ ਪਤਾ ਕਰਦੇ ਹਾਂ । ਅਸੀ ਗੇਟ ਉਪਰ ਪਹੁੰਚੇ ਤਾਂ ਹੋਟਲ ਦੇ ਮਾਲਕ ਨੇ ਦੱਸਿਆ ਕਿ ਹੋਟਲ ਦੀ ਮੁਰੰਮਤ ਹੋਣ ਕਰਕੇ ਬੰਦ ਹੈ । ਅਸੀ  ਹਿਰ ਵੱਲ ਪਰਤ ਆਏ ਅਤੇ ਕੈਸਪੀਅਨ ਸਾਗਰ ਦੇ ਕਿਨਾਰੇ ਇਕ ਪ੍ਰਾਈਵੇਟ ਘਰ ਵਿੱਚ ਕਮਰਾ ਲੈ ਕੇ ਰਹਿਣ ਦਾ ਮਨ ਬਣਾਇਆ। ਘਰ ਦੀ ਮਾਲਕਣ ਨੇ ਦੋ ਬੈਡ ਰੂਮ ਅਤੇ ਰਸੋਈ ਸਾਡੇ ਹਵਾਲੇ ਕਰ ਦਿੱਤੀ ਅਤੇ ਆਪ ਪਹਿਲੀ ਮੰਜਿਲ ਤੇ ਨਿਵਾਸ ਕਰ ਲਿਆ । ਰਾਤ ਨੂੰ ਅਸੀ ਰਲ ਮਿਲ ਕੇ ਡਿਨਰ ਤਿਆਰ ਕੀਤਾ । ਰੋਟੀਆਂ ਤੰਦੂਰ ਤੋਂ ਮੁੱਲ ਲੈ ਆਂਦੀਆਂ ਅਤੇ ਸਬਜੀ ਆਪ ਤਿਆਰ ਕਰ ਲਈ । ਹਦਵਾਣੇ ਅਤੇ ਖਰਬੂਜੇ ਇਰਾਨ ਵਿੱਚ ਆਮ ਮਿਲ ਜਾਂਦੇ ਹਨ ਅਤੇ ਲੋਕ ਬੜੇ  ੌਕ ਨਾਲ ਹਦਵਾਣਾ ਖਾਂਦੇ ਹਨ । ਬਲਕਿ ਇਸ ਦਾ ਨਾਮ ਹੀ ਹਿੰਦਵਾਣਾ ਲੈਂਦੇ ਹਨ ਅਰਥਾਤ ਹਿੰਦੁਸਤਾਨ ਤੋਂ ਆਇਆ ।

ਰਾਤ ਨੂੰ ਅਸੀ ਕੈਸਪੀਅਨ ਸਾਗਰ ਦੇ ਕਿਨਾਰੇ ਘੁੰਮਣ ਚਲੇ ਗਏ । ਪੁਰਾਣੀ ਬੰਦਰਗਾਹ ਤੋਂ ਸਮੁੰਦਰੀ ਜਹਾਜ ਨਜਰੀਂ ਪੈ ਰਹੇ ਸਨ । ਕੈਸਪੀਅਨ ਸਾਗਰ ਵਿੱਚੋ ਹੁਣ ਤਾਂ ਤੇਲ ਵੀ ਕੱਢਿਆ ਜਾ ਰਿਹਾ ਹੈ । ਰੂਸ ਅਤੇ ਇਰਾਨ ਵਿਚਕਾਰ ਤ ਾਰਤ ਦਾ ਸਾਧਨ ਸਮੁੰਦਰੀ ਜਹਾਜ ਹਨ । ਇਸ ਸਮੁੰਦਰ ਦੀ ਵਿ ੇ ਤਾ ਇਹ ਹੈ ਕਿ ਇਹ ਇਕ ਝੀਲ ਵਾਂਗ ਚਾਰੇ ਪਾਸਿਆਂ ਤੋਂ ਘਿਰਿਆ ਹੋਇਆ ਹੈ । ਇਹ ਵਧੇਰੇ ਕਰਕੇ  ਾਂਤ ਹੀ ਰਹਿੰਦਾ ਹੈ ਭਾਵੇ ਇਸ ਦੀ ਡੂੰਘਾਈ ਬਹੁਤ ਜਿਆਦਾ ਹੈ । ਚੰਦ ਚਾਨਣੀ ਰਾਤ ਵਿੱਚ ਕੈਸਪੀਅਨ ਸਾਗਰ ਦੀਆਂ ਛੱਲਾਂ ਦੂਰ ਤੱਕ ਕਲੋਲਾਂ ਕਰਦੀਆਂ ਦਿਸ ਰਹੀਆਂ ਸਨ । ਅੱਧੀ ਰਾਤ ਤੱਕ ਇਸ ਅਨੰਦਮਈ ਮਹੌਲ ਵਿੱਚ ਵਿਚਰ ਕੇ ਅਸੀ ਆਪਣੇ ਟਿਕਾਣੇ ਤੇ ਪਰਤ ਆਏ ।

ਦੂਸਰੇ ਦਿਨ ਸਵੇਰੇ ਤਿਆਰ ਹੋ ਕੇ ਅਸੀਂ ਆਪਣੀ ਖੋਜ _ਰੂ ਕਰਨੀ ਸੀ । ਦਰਅਸਲ, ਰਾਮਸਰ ਅਤੇ ਇਸ ਦੇ ਲਾਗਲੇ ਪਿੰਡਾਂ ਵਿੱਚ ਗਰਮ ਪਾਣੀ ਦੇ ਚ ਮੇ ਮਿਲਦੇ ਹਨ । ਇਨ੍ਹਾਂ ਚ ਮਿਆਂ ਦਾ ਪਾਣੀ ਗੰਧਕ ਵਾਲਾ ਅਤੇ ਉਬਲ ਰਿਹਾ ਹੁੰਦਾ ਹੈ । ਅਸੀਂ ਆਪਣੇ ਉਪਕਰਣਾਂ ਨਾਲ ਇਸ ਗਰਮ ਪਾਣੀ ਦੀ ਵਿਕਿਰਣ ੀਲਤਾ (ਰੇਡੀਓਐਕਟਿਵੀਟੀ) ਦਾ ਅਧਿਐਨ ਕਰਨਾ ਸੀ । ਪਹਿਲਾਂ ਅਸੀਂ ਰਾਮਸਰ ਹੋਟਲ ਦੇ ਚ ਮੇ ਉਪਰ ਗਏ । ਇਕ ਪਾਸੇ ਮਰਦਾਂ ਲਈ ਅਤੇ ਦੂਜੇ ਪਾਸੇ ਔਰਤਾਂ ਲਈ ਗਰਮ ਪਾਣੀ ਦੇ ਹਮਾਮ ਬਣੇ ਹੋਏ ਸਨ । ਇਕ ਸੱਜਣ ਟਿਕਟਾਂ ਵੇਚ ਰਿਹਾ ਸੀ ਅਤੇ ਹਿਰ ਦੇ ਲੋਕ ਇ ਨਾਨ ਕਰਨ ਅੰਦਰ ਦਾਖਲ ਹੋ ਰਹੇ ਸਨ । ਅਸੀਂ ਬੋਤਲਾਂ ਵਿੱਚ ਸੈਂਪਲ ਭਰ ਲਏ । ਚ ਮੇ ਵਿੱਚੋਂ ਭਾਵ ਉਡ ਰਹੀ ਸੀ ਅਤੇ ਗੰਧਕ ਦੇ ਬੁਖਾਰਾਤ ਵਿੱਚ ਸਾਹ ਲੈਂਦਾ ਔਖਾ ਹੋ ਰਿਹਾ ਸੀ । ਹੋਟਲ ਦੇ ਪਿਛਲੇ ਪਾਸੇ ਕੁਝ ਪ੍ਰਾਈਵੇਟ ਘਰਾਂ ਵਿੱਚ ਵੀ ਗਏ ਅਤੇ ਇਕ ਘਰ ਵਿੱਚ ਤਾਂ ਰੇਡੀਓਐਕਟਿਵੀਟੀ ਇੰਨੀ ਜਿਆਦਾ ਸੀ ਕਿ ਹਰ ਕੋਨੇ ਵਿੱਚੋ ਵਿਕਿਰਣ ਦੀ ਤੇਜ ਧਾਰਾ ਨਿਕਲ ਰਹੀ ਸੀ । ਘਰ ਦੀ ਸਵਾਣੀ ਆਪਣੀਆਂ ਤਿੰਨ ਬੇਟੀਆਂ ਸਮੇਤ ਮੈਨੂੰ ਚਾਹ ਦੀ ਦਾਅਵਤ ਦੇਣ ਆਈ । ਚਾਹ ਪੀਣ ਸਮੇ ਉਸਦੀ ਵੱਡੀ ਬੇਟੀ ਨੇ ਹਿੰਦੀ ਫਿਲਮਾਂ ਦੀ ਕੈਸਟ ਲਗਾ ਦਿੱਤੀ । ਭਾਵੇ ਬੋਲੀ ਉਹ ਨਹੀਂ ਸਮਝਦੇ ਪਰੰਤੂ ਇਰਾਨੀ ਲੋਕ ਭਾਰਤੀ ਫਿਲਮਾਂ ਦੇ ਗੀਤ ਸੁਣ ਕੇ ਆਨੰਦ ਮਾਣ ਲੈਂਦੇ ਹਨ ।

ਦੁਪਹਿਰ ਦਾ ਖਾਣਾ ਰੈਸਤੋਰਾਂ ਵਿੱਚ ਖਾ ਕੇ ਅਸੀਂ ਵਾਪਸੀ ਦੀ ਤਿਆਰੀ ਕਰ ਲਈ। ਰਸਤੇ ਵਿੱਚ ਸਾਡੇ ਇਰਾਨੀ ਡਰਾਈਵਰ ਦਾ ਪਿੰਡ ਆ ਗਿਆ । ਉਸਨੇ ਆਪਣੇ ਘਰ ਜਾ ਕੇ ਮੇਰੀ ਉਚੇਚੀ ਆਉਭਗਤ ਕੀਤੀ । ਘਰ ਵਿੱਚ ਕ ਮੀਰੀ ਲੋਕਾਂ ਵਾਂਗ ਇਹ ਗਲੀਚਿਆਂ ਤੇ ਹੀ ਸੌਂਦੇ ਹਨ । ਉਸ ਦੇ ਪ੍ਰੀਵਾਰ ਦੇ ਜੀਅ ਆ ਕੇ ਮਿਲੇ । ਮਾਲੀ ਲੋਕ ਪੜ੍ਹਦਾ ਘਟ ਕਰਦੇ ਹਨ ਅਤੇ ਇਹ ਇਲਾਕਾ ਾਹ ਦਾ ਹੋਣ ਕਰਕੇ ਇਹ ਖੋਮੈਨੀ ਸਰਕਾਰ ਦੇ ਵੀ ਉਲਟ ਹਨ, ਭਾਵੇ ਸਖਤੀ ਦਾ ਦੌਰ ਹੋਣ ਕਰਕੇ ਇਹ ਬਗਾਵਤ ਨਹੀਂ ਕਰ ਰਹੇ । ਇਰਾਨ ਦੇ ਬਾਕੀ ਪ੍ਰਾਂਤਾਂ ਨਾਲੋਂ ਇਥੇ ਖੁ ਹਾਲੀ ਵੀ ਿ ਆਦਾ ਹੈ ਅਤੇ ਔਰਤਾਂ ਤੇ ਮਰਦਾਂ ਦੇ ਕੱਦ ਵੀ ਜਿਆਦਾ ਹਨ । ਮਾਲੀ ਔਰਤਾਂ ਆਪਣੇ ਮਰਦਾਂ ਨਾਲ ਕੰਮਕਾਰ ਵਿੱਚ ਹੱਥ ਵਟਾਂਦੀਆਂ ਹਨ । ਰਾਮਸਰ ਦੀ ਮਾਰਕੀਟ ਵਿੱਚ ਪੇਂਡੂ ਔਰਤਾਂ ਸਬਜੀ ਅਤੇ ਪਨੀਰ ਵੇਚ ਰਹੀਆਂ ਸਨ । ਇਕ ਸੁੰਦਰ ਮੁਟਿਆਰ ਫੋਟੋ ਖਿਚਵਾਣ ਲਈ ਰਾਜੀ ਹੋ ਗਈ । ਉਹ ਇਕ ਅਮੀਰ ਅਜਾੜੀ ਦੀ ਪਤਨੀ ਸੀ ਜੋ ਭੇਡਾਂ ਦੇ ਇੱਜੜ ਪਾਲਦੀ ਹੈ । ਮੇਰੇ ਖਿਆਲ ਵਿੱਚ ਆਇਆ ਇਹ ਕਿਸੇ ਹੀਰ ਸਲੇਟੀ ਤੋਂ ਘੱਟ ਨਹੀਂ ਜੋ ਆਪਣੇ ਰਾਂਝਣ ਦੀ ਖਾਤਰ ਕਈ ਜ ਰ ਜਾਲ ਰਹੀ ਹੈ । ਇਸ ਤੋਂ ਵੱਧ ਹੋਰ ਹੁਸੀਨ ਔਰਤ ਕੀ ਹੋ ਸਕਦੀ ਹੈ ? ਉਸ ਦਾ ਰੂਪ ਤਾਂ ਸਾਡੀਆਂ ਕ ਮੀਰਨਾਂ ਨੂੰ ਵੀ ਮਾਤ ਪਾ ਰਿਹਾ ਸੀ । ਚੰਡੀਗੜ੍ਹ ਦੀਆਂ ਬੀਊਟੀ ਕੁਈਨਾਂ ਭਾਵੇ ਕਿੰਨੇ ਸਵਿਮ ਸੂਟ ਪਾ ਕੇ ਪਰੇਡ ਕਰਨ, ਉਹ ਤਾਂ ਇਸ ਦੇ ਪਾਸਕੂ ਵੀ ਨਹੀਂ ਹਨ ।

ਰਾਤ ਪੈਣ ਤੱਕ ਅਸੀਂ ਵਾਪਸ ਤਹਿਰਾਨ ਪਹੁੰਚ ਗਏ । ਰਾਮਸਰ ਦਾ ਾਂਤ ਵਾਤਾਵਰਣ, ਕੈਸਪੀਅਨ ਸਾਗਰ ਦੀਆਂ ਛੱਲਾਂ ਅਤੇ ਇਸ ਆਜੜੀ ਔਰਤ ਦਾ ਮੁਹਾਂਦਰਾ ਮੇਰੇ ਹਿਰਦੇ ਦੀਆਂ ਡੂੰਘਾਣੀ ਵਿੱਚ ਲਹਿ ਗਿਆ । ਵਾਕਿਆ ਹੀ ਮਾਲੀ ਇਰਾਨ ਦਾ ਇਹ ਸੂਬਾ ਧਰਤੀ ਉਪਰ ੱਨਤ ਦਾ ਇਕ ਟੁਕੜਾ ਹੀ ਜਾਪਦਾ ਹੈ ।

# ਕਾਂਗਰੂ ਦੇਸ [ ਅਸਟਰੇਲੀਆ

---

ਪਿਛਲੇ ਸਾਲ ਜਦੋਂ ਪ੍ਰੋ. ਜਿਮ ਵਿਲੀਅਮ ਨੇ ਮੈਨੂੰ ਇਕ ਅੰਤਰ-ਰਾ ਟਰੀ ਕਾਨਫਰੰਸ ਵਿਚ  ਾਮਲ ਹੋਣ ਲਈ ਸੱਦਾ-ਪੱਤਰ ਭੇਜਿਆ ਤਾਂ ਮੈ ਦੋ-ਚਿੱਤੀ ਵਿਚ ਫਸ ਗਿਆ । ਅਸਟਰੇਲੀਆ ਦੀ ਯਾਤਰਾ ਅਜੇ ਮੈ ਨਹੀਂ ਸਾਂ ਕਰ ਸਕਿਆ ਅਤੇ ਇਕ ਚੰਗਾ ਮੌਕਾ ਹੱਥੋ ਨਹੀਂ ਗਵਾਣਾ ਚਾਹੁੰਦਾ ਸਾਂ । ਦੂਸਰੇ ਪਾਸੇ ਟਿਕਟ ਦੀ ਸਮੱਸਿਆ ਸੀ । ਕੁਦਰਤ ਵਲੋਂ ਸਾਰੇ ਢੋ ਢੁਕ ਗਏ ਅਤੇ ਮੇਰੇ ਜਾਣ ਤੋਂ ਪਹਿਲਾਂ ਭਾ ਾ ਵਿਭਾਗ ਦਾ ਿ ਰੋਮਣੀ ਸਾਹਿਤਕਾਰ ਐਵਾਰਡ ਵੀ ਮਿਲ ਗਿਆ ਜਿਸ ਦੀ ਸਾਰੀ ਰਕਮ ਮੈ ਆਪਣੀ ਟਿਕਟ ਉਪਰ ਖਰਚ ਕਰ ਦਿੱਤੀ । ਜਿਸ ਤਰ੍ਹਾਂ ਅਗੇ ਹੀ ਆਸ ਸੀ ਪ੍ਰੋ: ਵਿਲੀਅਮ ਨੇ ਮੇਰੀ ਰਹਾਇ  ਦਾ ਪ੍ਰਬੰਧ ਆਪਣੇ ਜੁੰਮੇ ਲੈ ਲਿਆ ਅਤੇ ਮੇਰੇ ਖੋਜ[ਪੱਤਰ ਨੂੰ ਉਸਨੇ ਪਹਿਲਾਂ ਹੀ ਪ੍ਰਵਾਨਗੀ ਦੇ ਰੱਖੀ ਸੀ । ਯਾਤਰਾ ਦੀ ਤਿਆਰੀ ਆਰੰਭ ਹੋਈ ਤਾਂ ਦਿੱਲੀ ਤੋਂ ਸਰਕਾਰੀ ਸਹਾਇਤਾ ਵੀ ਮਿਲ ਗਈ । ਸੋ ਮੈ ਆਪਣੀ ਮੰਿ ਲ ਵੱਲ ਰਵਾਨਾ ਹੋਣ ਲਈ ਅਸਟਰੇਲੀਆ ਦਾ ਵੀ ਾ ਵੀ ਪ੍ਰਾਪਤ ਕਰ ਲਿਆ । ਰਸਤੇ ਵਿੱਚ ਸਿੰਘਾਪੁਰ ਰੁਕਣ ਦਾ ਪ੍ਰੋਗਰਾਮ ਬਣ ਗਿਆ ਅਤੇ ਉਸ ਦਾ ਵੀ ਵੀ ਾ ਸਹਿਜੇ ਹੀ ਮਿਲ ਗਿਆ ਵਰਨਾ ਕੈਨੇਡਾ ਅਤੇ ਅਮਰੀਕਾ ਦੇ ਵੀ` ਪ੍ਰਾਪਤ ਕਰਨ ਲਈ ਤਾਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ ।

ਤਿੰਨ ਫਰਵਰੀ ਰਾਤ 11 ਵਜੇ ਦੀ ਉਡਾਨ ਸੀ ਅਤੇ ਮੈ ਸਿੰਘਾਪੁਰ ਏਅਰਲਾਈਨ  ਦੇ ਜਹਾਜ ਤੇ ਸਫਰ ਕਰ ਰਿਹਾ ਸਾਂ। ਏਅਰਪੋਰਟ ਤੇ ਪਹੁੰਚੇ ਤਾਂ ਪਤਾ ਲੱਗਾ ਕਿ ਉਡਾਨ ਤਿੰਨ ਘੰਟੇ ਦੇਰੀ ਨਾਲ ਹੋਵੇਗੀ । ਚਾਰ ਫਰਵਰੀ ਸਵੇਰ ਦੇ ਦੋ ਵਜੇ ਹਵਾਈ ਸਫਰ _ਰੂ ਹੋਇਆ । ਮੈ ਸੋਚਿਆ ਸਿੰਘਾਪੁਰ ਤੱਕ ਸੌਂ ਕੇ ਸਫਰ ਮੁੱਕ ਜਾਵੇਗਾ ਪ੍ਰੰਤੂ ਹਵਾਈ ਜਹਾਜ ਉਡਣ ਦੀ ਦੇਰ ਸੀ ਕਿ ਖਾਣ ਪੀਣ ਦੀ ਸੇਵਾ _ਰੂ ਹੋ ਗਈ । ਮੈਨੂੰ ਤਾਂ ਕਿਸੇ ਚੀਜ ਦੀ ਲੋੜ ਨਹੀਂ ਸੀ ਭਾਸਦੀ ਪਰੰਤੂ ਮੇਰੇ ਸਾਥੀ ਮੁਸਾਫਰ ਇਸ ਸੇਵਾ ਦਾ ਪੂਰਾ ਫਾਇਦਾ ਉਠਾ ਰਹੇ ਸਨ ਜਿਸ ਕਰਕੇ ਮੇਰੀ ਨੀਂਦ ਵੀ ਉਚਾਟ ਹੋ ਗਈ । ਮਸਾਂ ਇਕ ਘੰਟੇ ਲਈ ਅੱਖ ਲੱਗੀ ਹੋਵੇਗੀ ਕਿ ਸਾਡਾ ਜਹਾਜ ਸਿੰਘਾਪੁਰ ਦੀ ਏਅਰਪੋਰਟ ਉਪਰ ਉਤਰਨ ਦੀ ਤਿਆਰੀ ਕਰ ਰਿਹਾ ਸੀ ।  ਸੂਰਜ ਕਾਫੀ ਚੜ੍ਹ ਚੁੱਕਾ ਸੀ ਅਤੇ ਜਹਾਜ ਦੀ ਖਿੜਕੀ ਥਾਣੀ ਮਲੇ ੀਆ ਦਾ ਜੋਹਾਰ[ਬਹਾਰੂ  ਹਿਰ ਨ ਰੀ ਪੈ ਰਿਹਾ ਸੀ । ਮਲੇ ੀਆ ਅਤੇ ਸਿੰਘਾਪੁਰ ਵਿੱਚ ਸਮੁੰਦਰ ਦੀ ਖਾੜੀ ਹੈ ਅਤੇ ਆਪਸ ਵਿੱਚ ਇਕ ਪੁਲ ਰਾਹੀਂ ਜੁੜੇ ਹੋਏ ਹਨ । ਪਹਿਲਾਂ ਇਹ ਦੋਵੇ ਦੇਸ ਮਲਾਇਆ ਦਾ ਭਾਗ ਹੀ ਸਨ ਪਰੰਤੂ ਹੁਣ ਮਲੇ ੀਆ ਮੁਸਲਿਮ ਰੀਪਬਲਿਕ ਹੈ ਅਤੇ ਸਿੰਘਾਪੁਰ ਦੀ ਵਸੋਂ ਵਧੇਰੇ ਚੀਨੀ ਮੂਲ ਦੀ ਹੈ ਜਿਸ ਕਰਕੇ ਇਹ ਇਕ ਵੱਖਰਾ ਦੇਸ ਬਣ ਗਿਆ ਹੈ ।

ਮੈਨੂੰ ਉਮੀਦ ਸੀ ਕਿ ਮੇਰਾ ਜਹਾਜ ਦੇਰੀ ਨਾਲ ਪਹੁੰਚਿਆ ਹੈ ਅਤੇ ਅਗਲੀ ਉਡਾਨ ਜਿਸ ਦਵਾਰਾ ਮੈ ਸਿਡਨੀ ਪਹੁੰਚਣਾ ਸੀ ਮਿੱਸ ਹੋ ਜਾਵੇਗੀ । ਪ੍ਰੰਤੂ ਸਿੰਘਾਪੁਰ ਏਅਰਲਾਈਨ  ਨੇ ਸਾਡੀ ਇੰਤ ਾਰ ਕਰਕੇ ਹੀ ਅਗਲੀ ਉਡਾਨ ਭਰੀ ਅਤੇ ਮੈਨੂੰ ਸਿੱਧਾ ਸਿਡਨੀ ਜਾਣ ਦਾ ਮੌਕਾ ਮਿਲ ਗਿਆ । ਇਸ ਤਰ੍ਹਾਂ ਲਗਾਤਾਰ ਤੇਰਾਂ ਘੰਟੇ ਦਾ ਹਵਾਈ ਸਫਰ ਕਰਨਾ ਪੈ ਗਿਆ । ਜੋ ਸੱਜਣ ਹਵਾਈ ਜਹਾਜ ਤੇ ਨਹੀਂ ਚੜ੍ਹੇ ਉਨ੍ਹਾਂ ਦੀ ਜਾਣਕਾਰੀ ਲਈ ਇਹ ਦੱਸਣਾ ਜਰੂਰੀ ਹੈ ਕਿ ਇਹ ਸਫਰ ਸਭ ਤੋਂ ਵੱਧ ਜੋ ਮ ਭਰਿਆ ਹੁੰਦਾ ਹੈ । ਕੁਝ ਘੰਟੇ ਬਾਅਦ ਮਨ ਉਕਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਜਿਵੇ ਉਮਰ ਕੈਦ ਭੋਗ ਰਹੇ ਹਾਂ । ਸਭ ਤੋਂ ਚੰਗਾ ਤਰੀਕਾ ਹੈ ਸੌਂ ਕੇ ਸਫਰ ਪੂਰਾ ਕਰ ਲੈਣਾ ਵਰਨਾ ਸੀਟ ਵਿੱਚ ਬੈਠੇ ਬੈਠੇ ਬੁਰਾ ਹਾਲ ਹੋ ਜਾਂਦਾ ਹੈ ਅਤੇ ਪੈਰ ਵੀ ਸੁੱਜ ਜਾਂਦੇ ਹਨ । ੈਰ, ਸਿੰਘਾਪੁਰ ਏਅਰਲਾਈਨ  ਦੀਆਂ ਬੀਬੀਆਂ ਮੁਸਾਫਰਾਂ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਰਹਿਣ ਦੇਦੀਆਂ । ਹੁਣ ਤਾਂ ਪੰਜਾਬੀ ਸਟਾਫ ਹੀ ਏਨਾ ਭਰਤੀ ਹੋ ਗਿਆ ਹੈ ਕਿ ਸਿੱਖਾਂ ਦਾ ਖਾਸ ਧਿਆਨ ਰੱਖਦੇ ਹਨ । ਸਿੰਘਾਪੁਰ ਤੋਂ ਸਿਡਨੀ ਤੱਕ ਮਿਸਟਰ ਢਿੱਲੋਂ ਜਹਾਜ ਦੇ ਸਟੀਵਾਰਡ ਸਨ ਅਤੇ ਮੁੜਦੀ ਯਾਤਰਾ ਦੌਰਾਨ ਮਿਸਟਰ ਨਿਰਮਲ ਸਿੰਘ ਜੋ ਮੈਨੂੰ ਅੰਕਲ ਕਹਿ ਕੇ ਬੁਲਾਉਂਦੇ ਸਨ । ਸਫਰ ਦੌਰਾਨ ਜੇਕਰ ਸਾਥੀ ਮੁਸਾਫਿਰ ਮਿਲਾਪੜੇ ਮਿਲ ਜਾਣ ਤਾਂ ਸਫਰ ਸੌਖਾ ਕਟ ਜਾਂਦਾ ਹੈ । ਮੇਰੇ ਨਾਲ ਦੀ ਸੀਟ ਤੇ ਚੀਨੀ ਬੱਚੇ ਸਫਰ ਕਰ ਰਹੇ ਸਨ ਜੋ ਆਪਣੀਆਂ ਖੇਡਾਂ ਨਾਲ ਮੇਰਾ ਦਿਲ ਪ੍ਰਚਾਵਾ ਵੀ ਕਰਦੇ ਰਹੇ ।

ਸਾਡਾ ਜਹਾਜ ਰਾਤ ਦੇ ਨੌਂ ਵਜੇ ਸਿਡਨੀ ਦੀ ਏਅਰਪੋਰਟ ਤੇ ਜਾ ਉਤਰਿਆ । ਮੇਰੇ ਬੈਗ ਵਿੱਚ ਖਾਣ ਪੀਣ ਦਾ ਸਮਾਨ ਹਮੇ ਾਂ ਹੀ ਰਹਿੰਦਾ ਹੈ । ਕਾਨੂੰਨ ਮੁਤਾਬਕ ਅਸਟਰੇਲੀਆ ਵਿੱਚ  ਬਾਹਰੋ ਖਾਣ ਪੀਣ ਦਾ ਸਮਾਨ ਨਹੀਂ ਜਾ ਸਕਦਾ । ਕਸਟਮ ਵਾਲੇ ਨੇ ਕਿਹਾ ਇਸ ਨੂੰ ਸੁਟ ਦਿਓ ਪਰੰਤੂ ਮੈ ਕਿਹਾ ਇਹ ਮੇਰੀ ਅਗਲੀ ਯਾਤਰਾ ਵਿੱਚ ਕੰਮ ਆਉਣਾ ਹੈ ਕਿਉਂਕਿ ਮੈ  ਾਕਾਹਾਰੀ ਹਾਂ । ਸੋ ਉਸਨੇ ਮੈਨੂੰ ਲੰਘ ਜਾਣ

ਦੀ ਇ ਾਜਤ ਦੇ ਦਿੱਤੀ ਵਰਨਾ ਇਸ ਤਰ੍ਹਾਂ ਦੀ ਉਲੰਘਣਾ ਲਈ ਜ਼ੁਰਮਾਨਾ ਭਰਨਾ ਪੈ ਸਕਦਾ ਹੈ। ਏਅਰਪੋਰਟ ਤੋਂ ਨਿਕਲੇ ਹੀ ਸਾਂ ਕਿ ਅੱਗੋ ਬਲਦੇਵ ਸਿੰਘ ਢਿੱਲੋ ਅਤੇ ਸੰਤੋਖ ਸਿੰਘ ਮਿਲ ਪਏ । ਉਨ੍ਹਾਂ ਨੂੰ ਮੇਰੀ ਘਰਵਾਲੀ ਨੇ ਫੋਨ ਕਰਕੇ ਮੇਰੇ ਸਿਡਨੀ ਪਹੁੰਚਣ ਦੀ  ਬਰ ਦੇ ਰੱਖੀ ਸੀ । ਇਕ ਘੰਟੇ ਦੇ ਸਫਰ ਬਾਅਦ ਅਸੀਂ ਸਿਡਨੀ ਦੇ ਇਕ ਕਸਬੇ ਵਰਿੰਗਟਨ ਵਿੱਚ ਪਹੁੰਚ ਗਏ । ਅਸਟਰੇਲੀਆ ਵਿੱਚ ਮੇਰੇ ਦੋ'ਤਿੰਨ ਪੁਰਾਣੇ ਵਿਦਿਆਰਥੀ ਨਿਕਲ ਆਏ । ਉਨ੍ਹਾਂ ਵਿੱਚੋ ਜਸਵਿੰਦਰ ਕੌਰ ਤਾਂ ਬਲਦੇਵ ਸਿੰਘ ਦੀ ਪਤਨੀ ਸੀ ਜੋ ਜਨਵਰੀ ਦੇ ਮਹੀਨੇ ਅੰਮ੍ਰਿਤਸਰ ਹੋ ਕੇ ਗਈ ਸੀ । ਵਿਦੇ  ਯਾਤਰਾ ਦਾ ਮੇਰਾ ਪੱਚੀ ਸਾਲ ਦਾ ਤਜਰਬਾ ਹੋ ਗਿਆ ਹੈ ਅਤੇ ਸਭ ਤੋਂ ਚੰਗੀ ਆਉ ਭੁਗਤ ਮੇਰੇ ਵਿਦਿਆਰਥੀ ਹੀ ਕਰਦੇ ਹਨ । ਕਈ ਵਾਰ ਰਿ ਤੇਦਾਰ ਤਾਂ ਭਾਵੇ ਕੰਨੀ ਕਤਰਾ ਜਾਣ ਪਰੰਤੂ ਪੁਰਾਣੇ  ਾਗਿਰਦ ਹਰ ਮੁ ਕਲ ਵੇਲੇ ਨਾਲ ਨਿਭਦੇ ਹਨ ।

ਅਸਟਰੇਲੀਆ ਭੂਮੱਧ ਰੇਖਾ ਦੇ ਹੇਠਾਂ ਦੱਖਣ ਵੱਲ ਹੋਣ ਕਰਕੇ ਉਥੋ ਦੀਆਂ ਰੁੱਤਾਂ ਪੰਜਾਬ ਦੇ ਬਿਲਕੁਲ ਉਲਟ ਹੁੰਦੀਆਂ ਹਨ । ਜਦੋ ਇਥੇ ਸਰਦੀ ਹੁੰਦੀ ਹੈ ਤਾਂ ਅਸਟਰੇਲੀਆ ਵਿੱਚ ਗਰਮੀ । ਸਿਡਨੀ ਏਅਰਪੋਰਟ ਤੋਂ ਨਿਕਲਣ ਸਾਰ ਮੇਰਾ ਕੋਟ ਲਹਿ ਗਿਆ । ਘਰ ਪਹੁੰਚ ਕੇ ਕੇਸੀ ਇ ਨਾਨ ਕੀਤਾ ਅਤੇ ਅੱਧੀ ਰਾਤ ਤੋਂ ਬਾਅਦ ਰਾਤ ਦਾ ਡਿਨਰ ਕਰਕੇ ਸੌਣ ਦੀ ਤਿਆਰੀ ਕੀਤੀ । ਸਵੇਰੇ ਉਠ ਕੇ ਸੈਰ ਤਾਂ ਨਾ ਕਰ ਸਕਿਆ ਪਰੰਤੂ ਜਸਵਿੰਦਰ ਹੋਰਾਂ ਦੇ ਘਰ ਵਿੱਚੋ ਬਾਹਰ ਦਾ ਕੁਦਰਤੀ ਨ ਾਰਾ ਲੱਭ ਰਿਹਾ ਸੀ । ਘਰ ਦੇ ਪਿਛਲੇ ਪਾਸੇ ਰੇਲ ਗੱਡੀ ਦੀ ਲਾਈਨ ਸੀ ਜਿਸ ਉਪਰ ਲੋਕਲ ਟਰੇਨਾਂ ਚੱਲ ਰਹੀਆਂ ਸਨ । ਦੂਰ  ਨੀਲੇ ਪਹਾੜ  (ਨ;ਚਕ ਝਰਚਅਵ੍ਜਅ) ਨ ਰੀ ਪੈਦੇ ਸਨ । ਐਤਵਾਰ ਦਾ ਦਿਨ ਹੋਣ ਕਰਕੇ ਬੜਾ  ਾਂਤਮਈ ਮਾਹੌਲ ਜਾਪਦਾ ਸੀ । ਅਮਰੀਕਾ ਵਾਂਗ ਅਸਟਰੇਲੀਆ ਦੇ ਲੋਕ ਵੀ ਖੁੱਲੇ ਵਿਚਰ ਕੇ ਖੁ  ਰਹਿੰਦੇ ਹਨ । ਆਬਾਦੀ ਦੋ ਕਰੋੜ ਤੋਂ ਵੀ ਘੱਟ ਹੈ ਅਤੇ ਰਕਬਾ ਭਾਰਤ ਤੋਂ ਕਈ ਗੁਣਾ ਵਧੇਰੇ ਹੈ । ਲੱਗਭੱਗ ਅੱਧੀ ਆਬਾਦੀ ਤਾਂ ਸਿਡਨੀ ਅਤੇ ਇਸਦੇ ਆਲੇ'ਦੁਆਲੇ ਹੀ ਵੱਸ ਰਹੀ ਹੈ । ਕਈ ਮਖੌਲ ਨਾਲ ਕਹਿੰਦੇ ਹਨ ਕਿ ਅਸਟਰੇਲੀਆ ਤਾਂ ਦੇਸ ਨਹੀਂ ਬਲਕਿ ਕੇਵਲ ਸੱਤ  ਹਿਰਾਂ ਦਾ ਸੰਗਮ ਹੈ ਜਿਨ੍ਹਾਂ ਵਿਚੋ ਸਿਡਨੀ, ਮੈਲਬੋਰਨ ਅਤੇ ਕੈਬਰਾ ਮੇਰੀ ਯਾਤਰਾ ਵਿੱਚ  ਾਮਿਲ ਸਨ ।

ਕੈਬਰਾ ਅਸਟਰੇਲੀਆ ਦੀ ਰਾਜਧਾਨੀ ਹੈ ਅਤੇ ਸਿਡਨੀ ਤੋਂ ਤਿੰਨ ਸੌ ਕਿਲੋਮੀਟਰ ਦੀ ਦੂਰੀ ਤੇ ਵਾਕਿਆ ਹੈ । ਮੇਰੇ ਤਿਆਰ ਹੋਣ ਦੀ ਦੇਰ ਸੀ ਬਲਦੇਵ ਸਿੰਘ ਨੇ ਫੋਨ ਕਰਕੇ ਕੈਬਰਾ ਜਾਣ ਵਾਲੀ ਬੱਸ ਉਪਰ ਮੇਰੀ ਸੀਟ ਬੁੱਕ ਕਰਵਾ ਦਿੱਤੀ । ਮੈ ਪੁੱਛਿਆ ਟਿਕਟ ਦੇ ਪੈਸੇ ਦੇਣੇ ਹਨ । ਉਹ ਕਹਿੰਦਾ ਨਹੀਂ ਮੈ ਫੋਨ ਤੇ ਆਪਣਾ ਕਰੈਡਿਟ ਕਾਰਡ ਦਾ ਨੰਬਰ ਵੀ ਦੇ ਦਿੱਤਾ ਹੈ ਅਤੇ ਟਿਕਟ ਦਾ ਭੁਗਤਾਨ ਹੋ ਗਿਆ ਹੈ । ਕਿੰਨੀ ਸਹੂਲਤ ਹੈ ਕਿ ਨਕਦ ਪੈਸੇ ਰੱਖਣ ਦੀ ਕੋਈ  ਰੂਰਤ ਹੀ ਨਹੀਂ ਪੈਦੀ । ਲੋਕ ਕਿੰਨਾ ਇਤਬਾਰ ਕਰਦੇ ਹਨ, ਆਪਣਾ ਕਾਰਡ ਦਾ ਨੰਬਰ ਦੇ ਦਿਓ ਅਤੇ ਭਾਵੇ ਹਜਾਰਾਂ ਡਾਲਰਾਂ ਦਾ ਸਮਾਨ ਖਰੀਦ ਲਵੋ । ਦੁਪਹਿਰ ਇਕ ਵਜੇ ਮੈਨੂੰ ਬਲਦੇਵ ਸਿੰਘ ਲੋਕਲ ਟਰੇਨ ਤੇ ਬਿਠਾ ਕੇ ਸਿਡਨੀ ਲੈ ਗਿਆ ਅਤੇ ਮਿੱਥੇ ਸਮੇ ਉਪਰ ਡੀਲਕਸ ਕੋਚ ਤੇ ਸਵਾਰ ਹੋ ਕੇ ਮੈ ਕੈਬਰਾ ਜਾਣ ਲਈ ਰਵਾਨਾ ਹੋ ਪਿਆ ।

ਸਿਡਨੀ ਤੋਂ ਕੈਬਰਾ ਚਾਰ ਘੰਟੇ ਦੀ ਬੱਸ ਯਾਤਰਾ ਹੈ ।  ਹਿਰ ਦੇ ਕਈ ਅੱਡਿਆਂ ਤੋਂ ਸਵਾਰੀਆਂ ਲੈ ਕੇ ਬੱਸ ਹਾਈਵੇ ਉਪਰ ਚੜ੍ਹਨ ਦੀ ਦੇਰ ਸੀ ਕਿ ਸਫਰ ਮੁੱਕਣਾ _ਰੂ ਹੋ ਗਿਆ । ਅਸਟਰੇਲੀਆ ਵਿੱਚ ਖੇਤੀ ਤਾਂ ਸਮੁੰਦਰ ਦੇ ਕੰਢੇ ਹੀ ਹੁੰਦੀ ਹੈ । ਬਾਕੀ ਧਰਤੀ ਜੰਗਲ ਹੇਠ ਹੈ ਅਤੇ ਦੋ ਤਿਹਾਈ ਰਕਬਾ ਮਾਰੂਥਲ ਹੈ । ਆਬਾਦੀ ਘੱਟ ਹੋਣ ਕਰਕੇ ਕੁਦਰਤੀ ਵਾਤਾਵਰਣ ਵਿੱਚ ਵਿਗਾੜ ਨਹੀਂ ਪਾਇਆ ਜਾਂਦਾ । ਦੁਨੀਆਂ ਦੇ ਬਹੁਤ ਸਾਰੇ ਦੇ  ਘੁੰਮ ਚੁੱਕਾ ਹਾਂ ਪਰੰਤੂ ਅਸਟਰੇਲੀਆ ਜਿੰਨਾ ਵਿ ਾਲ ਹੋਰ ਕੋਈ ਦੇ  ਨਹੀਂ ਲੱਭਾ ।  ਾਇਦ ਕਨੇਡਾ ਹੀ ਇਸਦਾ ਮੁਕਾਬਲਾ ਕਰ ਸਕਦਾ ਹੈ । ਸੜਕ ਦੇ ਦੋਹੀਂ ਪਾਸੀ ਘਣਾ ਜੰਗਲ ਹੀ ਲੱਭ ਰਿਹਾ ਸੀ । ਕਿਧਰੇ ਪਹਾੜ ਦਿਸ ਰਹੇ ਸਨ ਅਤੇ ਰਸਤੇ ਵਿੱਚ ਕੋਈ  ਹਿਰ ਜਾਂ ਕਸਬਾ ਨਹੀਂ ਸੀ ਲੱਭ ਰਿਹਾ । ਇਸ ਤਰ੍ਹਾਂ ਜਾਪਦਾ ਸੀ ਕਿ ਕਿਸੇ ਨਵੀਂ ਧਰਤੀ ਉਪਰ ਪਹੁੰਚ ਗਏ ਹਾਂ ਜਿੱਥੇ ਅਜੇ ਮਨੁੱਖ ਨੇ ਹੁਣੇ ਹੀ ਕਦਮ ਧਰਿਆ ਹੋਵੇ । ਮਿੱਥੇ ਸਮੇ ਤੋਂ ਪਹਿਲਾਂ ਹੀ ਪੰਜ ਵਜੇ ਦੇ ਕਰੀਬ ਸਾਡੀ ਬੱਸ ਕੈਬਰਾ ਦੇ ਬੱਸ ਸਟੈਡ ਤੇ ਪਹੁੰਚ ਗਈ । ਇਥੇ ਦਿੱਲੀ ਜਾਂ ਅੰਮ੍ਰਿਤਸਰ ਵਾਂਗ ਕੋਈ ਭੀੜ ਨਹੀਂ ਸੀ । ਤੀਹ ਕੁ ਮੁਸਾਫਰ ਬੱਸ ਵਿੱਚੋ ਉਤਰੇ ਅਤੇ ਟੈਕਸੀਆਂ ਉਪਰ ਆਪੋ ਆਪਣੇ ਟਿਕਾਣੇ ਵੱਲ ਰਵਾਨਾ ਹੋ ਗਏ ।

ਕੈਬਰਾ ਬੱਸ ਅੱਡੇ ਉਪਰ ਮੈਨੂੰ ਕੋਈ ਲੈਣ ਨਾ ਆਇਆ । ਕਾਨਫਰੰਸ ਵਾਲਿਆਂ ਨੂੰ ਮੇਰੇ ਪਹੁੰਚਣ ਦੀ ਕੋਈ  ਬਰ ਨਹੀਂ ਸੀ । ਡਰਾਈਵਰ ਨੇ ਮੈਨੂੰ ਦੱਸ ਛੱਡਿਆ ਸੀ ਕਿ ਯੂਨੀਵਰਸਿਟੀ ਕੈਪਸ ਅੱਡੇ ਤੋਂ ਨ ਦੀਕ ਹੀ ਹੈ । ਮੈ ਅਜੇ ਜੱਕੋ ਤੱਕੇ ਵਿੱਚ ਹੀ ਪਿਆ ਸਾਂ ਕਿ ਇੱਕ ਸੱਜਣ ਨੇ ਮੈਨੂੰ ਮੱਦਦ ਲਈ ਹੁੰਗਾਰਾ ਭਰਿਆ । ਉਹ ਕਹਿੰਦਾ ਮੇਰੀ ਘਰਵਾਲੀ ਸਿਡਨੀ ਤੋਂ ਇਸ ਬੱਸ ਵਿੱਚ ਨਹੀਂ ਆਈ, ਹੋ ਸਕਦਾ ਹੈ ਅਗਲੀ ਵਿੱਚ ਆ ਜਾਵੇ । ਮੈ ਇਥੇ ਇੰਤ ਾਰ ਤਾਂ ਕਰਨਾ ਹੀ ਹੈ ਕਿਉਂ ਨਾ ਮੈ ਤੁਹਾਨੂੰ ਆਪਣੀ ਕਾਰ ਵਿੱਚ ਯੂਨੀਵਰਸਿਟੀ ਛੱਡ ਆਵਾਂ । ਉਸਨੇ ਮੇਰਾ ਸਮਾਨ ਚੁੱਕ ਕੇ ਆਪਣੀ ਕਾਰ ਵਿੱਚ ਰੱਖ ਲਿਆ ਅਤੇ ਪੰਜ ਮਿੰਟ ਬਾਅਦ ਅਸੀਂ ਅਸਟਰੇਲੀਅਨ ਨੈ ਨਲ ਯੂਨੀਵਰਸਿਟੀ ਦੇ

ਉਰਸੁਲਾ ਹੋਸਟਲ ਅੱਗੇ ਜਾ ਪਹੁੰਚੇ । ਮੇਰੀ ਰਹਾਇ  ਦਾ ਪ੍ਰਬੰਧ ਇਸੇ ਹੋਸਟਲ ਵਿੱਚ ਸੀ। ਮੈ ਇਸ ਚੰਗੇ ਅਸਟਰੇਲੀਅਨ ਦਾ ਤਹਿ ਦਿਲੋਂ _ਕਰੀਆ ਅਦਾ ਕੀਤਾ । ਮੈਨੂੰ ਜਾਪਿਆ ਇਹ ਪਹਿਲਾ _ਭ  ਗਨ ਹੈ ਕਿ ਇਕ ਹਮਦਰਦੀ ਭਰਿਆ ਮਨੁੱਖ ਟੱਕਰਿਆ ਹੈ ਜਿਸ ਨੇ ਮੇਰੀ ਅਸਟਰੇਲੀਆ ਬਾਰੇ  ਰਧਾ ਜਗਾ ਦਿੱਤੀ ਹੈ । ਦਰਅਸਲ, ਇਨਸਾਨ ਅਤੇ ਹੈਵਾਨ ਹਮਦਰਦੀ ਭਰਿਆ ਵਤੀਰਾ ਚਾਹੁੰਦੇ ਹਨ । ਬਾਕੀ ਧਰਮ ਕਰਮ ਕਿਸੇ ਕੰਮ ਨਹੀਂ । ਉਹ ਆਪ ਇਕ ਇੰਜੀਨੀਅਰ ਸੀ ਅਤੇ ਇਸ ਯੂਨੀਵਰਸਿਟੀ ਦਾ ਵਿਦਿਆਰਥੀ ਰਹਿ ਚੁਕਾ ਸੀ ਜਿਸ ਕਰਕੇ ਉਸਨੇ ਇਕ ਭਾਰਤੀ ਪ੍ਰੋਫੈਸਰ ਦੀ ਸੇਵਾ ਕਰਕੇ ਖੁ ੀ ਮਹਿਸੂਸ ਕੀਤੀ ।

ਉਰਸੁਲਾ ਹੋਸਟਲ ਦੀ ਵਾਰਡਨ ਨੇ ਲਿਸਟ ਵਿੱਚੋਂ ਮੇਰਾ ਨਾਮ ਪੜ੍ਹ ਕੇ ਕਮਰੇ ਦੀ ਚਾਬੀ ਮੇਰੇ ਹਵਾਲੇ ਕਰ ਦਿੱਤੀ । ਇਹ ਲੜਕੀਆਂ ਦਾ ਹੋਸਟਲ ਸੀ ਜਿਸ ਵਿੱਚ ਕੁਝ ਕਮਰੇ ਵਿਦੇ ੀ ਡੈਲੀਗੇਟਾਂ ਲਈ ਰਾਖਵੇਂ ਸਨ । ਵਾਰਡਨ ਨੇ ਮੇਰੀ ਤਸੱਲੀ ਲਈ ਸਾਰਾ ਪ੍ਰਬੰਧ ਸਮਝਾ ਦਿੱਤਾ । ਹੋਸਟਲ ਦੇ ਅਹਾਤੇ ਵਿੱਚ ਸਿਰਗਟ ਪੀਣ ਦੀ ਸਖਤ ਮਨਾਹੀ ਹੈ ਕਿਉਂਕਿ ਮੈ ਆਪਣੀ ਚਿੱਠੀ ਵਿੱਚ ਪਹਿਲਾਂ ਹੀ ਿ ਕਰ ਕਰ ਦਿੱਤਾ ਸੀ । ਉਹ ਟਿੱਚਰ ਕਰਕੇ ਕਹਿਣ ਲੱਗੀ ਕਿ ਹੋਸਟਲ ਵਿੱਚ ਬਾਥ ਰੂਮ ਕਾਮਨ ਹਨ ਪਰੰਤੂ ਅੱਜ ਕੱਲ ਛੁੱਟੀਆਂ ਹੋਣ ਕਰਕੇ ਬਹੁਤੇ ਵਿਦਿਆਰਥੀ ਘਰਾਂ ਨੂੰ ਗਏ ਹੋਏ ਹਨ । ਾਕਾਹਾਰੀ ਭੋਜਨ ਲਈ ਏ ਿਅਨ ਰੈਸਤੋਰਾਂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਬਿਲਡਿੰਗ ਵਿੱਚ ਖੁੱਲਾ ਰਹਿੰਦਾ ਹੈ ਜਿਸ ਵਿੱਚ ਸਸਤੀ ਅਤੇ ਚੰਗੀ ਖੁਰਾਕ ਮਿਲ ਜਾਂਦੀ ਹੈ । ਮੈ ਸੋਚਿਆ ਅਸਟਰੇਲੀਆ ਵਿੱਚ ਤਾਂ ਇਉਂ ਜਾਪਦਾ ਹੈ ਮੇਰੀਆਂ ਸਭ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਕਰ ਦਿੱਤਾ ਗਿਆ ਹੋਵੇ ।

ਕਾਨਫਰੰਸ ਦੇ ਡੈਲੀਗੇਟਾਂ ਲਈ ਆਉਿਭਗਤ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ । ਮੈ ਆਪਣੀ ਰਜਿਸਟਰੇ ਨ ਕਰਵਾ ਲਈ ਅਤੇ ਕੁਝ ਪੁਰਾਣੇ ਯੂਰਪੀਨ ਮਿੱਤਰਾਂ ਨੂੰ ਮਿਲ ਕੇ ਮੈ ਕੈਂਪਸ ਦਾ ਚੱਕਰ ਲਗਾਉਣ ਚਲਾ ਗਿਆ । ਕੈਬਰਾ  ਹਿਰ ਬਹੁਤ ਛੋਟਾ ਅਤੇ ਰਮਣੀਕ ਹੈ । ਇਸ ਦੇ ਆਲੇ ਦੁਆਲੇ ਪਹਾੜੀਆਂ ਹਨ ਅਤੇ ਵਿਚਕਾਰ ਇਕ ਝੀਲ ਦੇ ਕੰਢੇ ਯੂਨੀਵਰਸਿਟੀ ਕੈਂਪਸ ਉਸਾਰਿਆ ਗਿਆ ਹੈ । ਇਹ ਤਾਂ ਸੁਰਗਾਪੁਰੀ ਦਾ ਨ ਾਰਾ ਹੀ ਜਾਪਿਆ । ਕੈਂਪਸ ਵਿੱਚੋ ਵੱਲ ਖਾਂਦੀ ਇਕ ਛੋਟੀ ਨਦੀ ਲੰਘਦੀ ਹੈ ਜਿਸ ਵਿੱਚ ਮੁਰਗਾਬੀ ਅਤੇ ਬੱਤਖਾਂ ਤੈਰ ਰਹੀਆਂ ਸਨ । ਸੜਕ ਉਪਰ ਥਾਂ ਥਾਂ ਸਾਈਨ ਬੋਰਡ ਲਗੇ ਹੋਏ ਸਨ:  ਕਾਰ ਰੋਕ ਕੇ ਲੰਘੋ, ਮੁਰਗਾਬੀਆਂ ਅਤੇ ਬੱਤਖਾਂ ਦੀ ਸੈਰਗਾਹ ਹੈ । ਇਉਂ ਜਾਪਦਾ ਸੀ ਕਿ ਕੁਦਰਤ ਦੀ ਗੋਦ ਵਿੱਚ ਵਿਚਰ ਰਹੇ ਹਾਂ ।

ਸੋਮਵਾਰ 6 ਫਰਵਰੀ ਨੂੰ ਅੰਤਰਰਾਿ ਟਰੀ ਕਾਨਫਰੰਸ ਦਾ ਉਦਘਾਟਨ ਹੋਣਾ ਸੀ । ਕੋਈ ਵ ੀਰ ਜਾਂ ਗਵਰਨਰ ਨਹੀਂ ਬੁਲਾਇਆ ਗਿਆ ਬਲਕਿ ਇਕ ਵਿਗਿਆਨੀ ਨੇ ਦਸ ਮਿੰਟ ਵਿੱਚ ਹੀ ਉਦਘਾਟਨ ਦੀ ਰਸਮ ਪੂਰੀ ਕਰ ਦਿੱਤੀ ਅਤੇ ਕਾਨਫਰੰਸ _ਰੂ ਹੋ ਗਈ । ਸਾਡੇ ਤਾਂ ਯੂਨੀਵਰਸਿਟੀ ਦੇ ਉਪਿਕੁਲਪਤੀ ਜਿਨਾਂ ਚਿਰ ਸਿਆਸੀ ਲੀਡਰ ਨਾ ਆਉਣ ਸਭ ਨੂੰ ਸੁੱਕਣੇ ਪਾ ਰੱਖਦੇ ਹਨ । ਕਈ ਕਈ ਘੰਟੇ ਦੇਰੀ ਨਾਲ ਪ੍ਰੋਗਰਾਮ _ਰੂ ਹੁੰਦੇ ਹਨ । ਪ੍ਰੰਤੂ ਇਥੇ ਮਜਾਲ ਕੀ ਹੈ ਇਕ ਮਿੰਟ ਦੀ ਦੇਰੀ ਵੀ ਹੋਵੇ । ਇਸ ਕਾਨਫਰੰਸ ਵਿੱਚ 30 ਦੇ ਾਂ ਦੇ 300 ਤੋਂ ਵਧੀਕ ਡੈਲੀਗੇਟ  ਾਮਲ ਸਨ ਪਰੰਤੂ ਭਾਰਤ ਤੋਂ ਸਵਾ ਲੱਖ ਖਾਲਸਾ ਹੀ ਨਜਰੀਂ ਪੈਂਦਾ ਸੀ । ਵੈਸੇ ਅਸਟਰੇਲੀਆ ਵਿੱਚ ਹੁਣ ਭਾਰਤੀ ਅਤੇ ਪੰਜਾਬੀ ਮੂਲ ਦੇ ਚੋਖੇ ਲੋਕ ਜਾ ਵੱਸੇ ਹਨ । ਪਰੰਤੂ ਪੰਜਾਬੀ ਪੜ੍ਹਾਈ ਦੇ ਖੇਤਰ ਵਿੱਚ ਅਜੇ ਵੀ ਫਾਡੀ ਹਨ ।

# ਕੈਬਰਾ ਦੇ ਨ ਾਰੇ

---

ਅਸਟਰੇਲੀਆ ਨੂੰ ਆਬਾਦ ਹੋਏ ਅਜੇ ਦੋ ਸੌ ਸਾਲ ਹੀ ਹੋਏ ਹਨ । ਅਠਾਰਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਅੰਗਰੇ ਜਹਾਜਰਾਨਾ ਨੇ ਇਸ ਬੰਜਰ ਧਰਤੀ ਉਪਰ ਆ ਕਦਮ ਰੱਖਿਆ। ਸਿਡਨੀ ਵਿਚ ਅੰਗਰੇ ਾਂ ਨੇ ਆਪਣੀ ਪਹਿਲੀ ਬਸਤੀ ਕਾਇਮ ਕਰ ਲਈ। ਦਰਅਸਲ, ਇੰਗਲੈਂਡ ਅਤੇ ਅਸਟਰੇਲੀਆ ਵਿਚ ਬੇਅੰਤ ਦੂਰੀ ਹੋਣ ਕਾਰਨ ਇਸ ਦੀ ਵੱਸੋ ਬਹੁਤ ਹੀ ਸੀਮਤ ਰਹੀ। ਅੰਗਰੇ ਾਂ ਨੇ ਇੱਥੇ ਦੇ ਮੁਢਲੇ ਵਸਨੀਕਾਂ ਨੂੰ ਗੁਲਾਮ ਬਣਾ ਕੇ ਜੰਗਲ ਸਾਫ ਕਰਵਾਇਆ । ਇਨ੍ਹਾਂ ਨੂੰ ਆਦਿ-ਵਾਸੀ ਲੋਕ ਕਿਹਾ ਜਾਂਦਾ ਹੈ ਅਤੇ ਅੰਗਰੇਜਾਂ ਨੇ ਇਨ੍ਹਾਂ ਦਾ ਬੇਰਹਿਮੀ ਨਾਲ ਖਾਤਮਾ ਕੀਤਾ । ਇਨ੍ਹਾਂ ਦੀ ਕੁਝ ਵੱਸੋ ਅਸਟਰੇਲੀਆ ਦੇ ਪਿੰਡਾਂ ਵਿਚ ਅਤੇ ਜੰਗਲਾਂ ਵਿਚ ਹੁਣ ਵੀ ਅਬਾਦ ਹੈ । ਹੁਣ ਇਹ ਲੋਕ ਆਪਣੇ ਹੱਕਾਂ ਦੀ ਮੰਗ ਵੀ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਭੱਤਾ ਵੀ ਮਿਲਦਾ ਹੈ ।

ਉਨੀਂਵੀ ਸਦੀ ਦੇ ੁਰੂ ਵਿਚ ਅੰਗਰੇ ਵਿਗਿਆਨੀਆਂ ਨੇ ਅਸਟਰੇਲੀਆ ਦੀ ਧਰਤੀ ਉਪਰ ਆਪਣੇ ਕਦਮ ਪਾਏ । ਇਥੋ ਦੇ ਖਣਿਜ ਪਦਾਰਥਾਂ ਦੀ ਖੋਜ ੁਰੂ ਹੋ ਗਈ । ਮੈਲਬੋਰਨ ਕੋਲ ਸੋਨੇ ਦੇ ਭੰਡਾਰ ਮਿਲੇ । ਸਿਡਨੀ ਕੋਲੋ ਕੋਇਲਾ ਪ੍ਰਾਪਤ ਹੋਇਆ ਅਤੇ ਹੋਰ ਧਾਤਾਂ ਵੀ ਲੱਭੀਆਂ । ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਕੋਇਲਾ ਦਾ ਪਹਿਲਾ ਜਹਾਜ ਸਿਡਨੀ ਤੋ ਹੀ ਰਵਾਨਾ ਕੀਤਾ ਗਿਆ ਸੀ । ਚਾਰਲਸ ਡਾਰਵਿਨ ਨੇ ਕਈ ਵਰ੍ਹੇ ਅਸਟਰੇਲੀਆ ਦੇ ਜੀਵ।ਜੰਤੂਆਂ ਬਾਰੇ ਖੋਜ ਕਰਕੇ ਆਪਣਾ ਵਿ ਵ ਪ੍ਰਸਿੱਧ ਜੀਵਨ।ਵਿਕਾਸ ਸਿਧਾਂਤ ਪੇ ਕੀਤਾ ਜਿਸ ਵਿੱਚ ਬਾਈਬਲ ਦੀ ਧਾਰਣਾ ਦੇ ਉਲਟ ਇਹ ਸਿੱਧ ਕੀਤਾ ਗਿਆ ਕਿ ਮਨੁੱਖ ਦਾ ਵਿਕਾਸ ਬਾਂਦਰ ਤੋ ਹੋਇਆ ਹੈ । ਇਸ ਵਿਗਿਆਨੀ ਦੇ ਨਾਮ ਤੇ ਹੁਣ ਡਾਰਵਿਨ ਦਾ ਮ ਹੂਰ ਹਿਰ ਵਸਾਇਆ ਗਿਆ ਹੈ ।

ਵੀਹਵੀਂ ਸਦੀ ਦੇ ੁਰੂ ਤੱਕ ਅਸਟਰੇਲੀਆ ਦੀ ਵਸੋ ਕੁਝ ਲੱਖ ਤੱਕ ਸੀਮਤ ਸੀ । ਅੰਗਰੇਜ ਸਰਕਾਰ ਨੇ ਇਸ ਨੂੰ ਕਾਲੇਪਾਣੀ ਦਾ ਦਰਜਾ ਦਿੱਤਾ ਹੋਇਆ ਸੀ ਅਤੇ ਸੰਗੀਨ ਕਿਸਮ ਦੇ ਜੁਰਮ ਕਰਨ ਵਾਲਿਆਂ ਅਤੇ ਰਾਜਸੀ ਕੈਦੀਆਂ ਨੂੰ ਅਸਟਰੇਲੀਆ ਸਜਾ ਦੇ ਤੌਰ ਤੇ ਦੇਸ ਨਿਕਾਲਾ ਦੇ ਦਿੱਤਾ ਜਾਂਦਾ । ਹੌਲੀ ਹੌਲੀ ਇਹ ਕੈਦੀ ਅਸਟਰੇਲੀਆ ਵਿੱਚ ਹੀ ਆਬਾਦ ਹੋਣੇ ੁਰੂ ਹੋ ਗਏ । ਸੋ ਹੁਣ ਦੇ ਵਧੇਰੇ ਅਸਟਰੇਲੀਅਨ ਉਨ੍ਹਾਂ ਅੰਗਰੇ ਚੋਰ ਉਚੱਕਿਆਂ ਦੀ ਹੀ ਉਲਾਦ ਹਨ । ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੰਗਰੇ ਵਿ ਵ ਭਰ ਵਿੱਚ ਸਭ ਤੋ ਵੱਧ ਕਤੀ ਾਲੀ ਕੌਮ ਬਣ ਕੇ ਉਭਰੇ ਹਨ । ਇਹ ਉਨ੍ਹਾਂ ਦੀ ਚੰਗੀ ਸਭਿਆ ਕੌਮ ਹੋਣ ਦੀ ਨਿ ਾਨੀ ਹੈ । ਭਲਾ ਮੁਕਾਬਲਾ ਕਰੋ ਖਾਂ ਭਾਰਤ ਦੀ ਸਭਿਆ ਕੌਮ ਨਾਲ ਜਿਸ ਨੇ ਆਜਾਦੀ ਹਾਸਲ ਕਰਕੇ ਲੁਟ।ਖਸੁੱਟ ਵਿੱਚ ਸਭ ਨੂੰ ਪਛਾੜ ਦਿੱਤਾ ਹੈ । ਅਸਟਰੇਲੀਆ ਵਿੱਚ ਵਧੇਰੇ ਵਸੋ ਅੰਗਰੇਜ ਕੌਮ ਦੀ ਹੈ ਪਰੰਤੂ ਬਾਕੀ ਯੂਰਪੀਨ ਕੌਮਾਂ ਅਤੇ ਪੰਜਾਬ ਦੇ ਲੋਕ ਪਹਿਲੇ ਵਿ ਵ ਯੁੱਧ ਤੋ ਬਾਅਦ ਇਥੇ ਆ ਕੇ ਆਬਾਦ ਹੋ ਗਏ । ਬਲਕਿ ਫਿ ੀ ਦੇ ਟਾਪੂਆਂ ਵਿੱਚ ਤਾਂ ਭਾਰਤੀ ਮੂਲ ਦੇ ਲੋਕਾਂ ਦੀ ਹੁਣ ਬਹੁਤਾਤ ਹੈ । ਕੁਝ ਲੋਕ ਨਿਊ ੀਲੈਂਡ ਅਤੇ ਪਪੂਆ।ਨਿਊਗਿਨੀ ਵਿੱਚ ਵੀ ਵੱਸ ਚੁੱਕੇ ਹਨ ।

ਅੰਤਰ।ਰਾ ਟਰੀ ਕਾਨਫਰੰਸ ਦੇ ਪ੍ਰੋਗਰਾਮ ਵਿੱਚ ਕੈਬਰਾ ਦੇ ਨ ਾਰਿਆਂ ਦੀ ਸੈਰ ਵੀ ਾਮਲ ਸੀ । ਬੁੱਧਵਾਰ ਨੂੰ ਦੁਪਹਿਰ ਤੱਕ ਲੈਕਚਰ ਰੱਖੇ ਗਏ ਅਤੇ ਇਕ ਵਜੇ ਦੇ ਕਰੀਬ ਬੱਸਾਂ ਦਾ ਕਾਫਲਾ ਡੈਲੀਗੇਟਾਂ ਨੂੰ ਲੈ ਕੇ ਕੈਬਰਾ ਦੇ ਜੰਗਲ ਦੀ ਸੈਰ ਵੱਲ ਟੁਰ ਪਿਆ । ਬੱਸਾਂ ਵਿੱਚ ਹੀ ਲੰਚ ਦੇ ਪੈਕਟ ਵੰਡੇ ਗਏ । ਮੇਰੇ ਲਈ ਤਾਂ ਾਕਾਹਾਰੀ ਭੋਜਨ ਮੰਗਵਾਇਆ ਗਿਆ ਪਰੰਤੂ ਸਲਾਦ ਅਤੇ ਸੇਬ ਤੋ ਬਗੈਰ ਹੋਰ ਕੁਝ ਨਾ ਲੱਭਾ। ਇਕ ਘੰਟੇ ਦੇ ਸਫਰ ਬਾਅਦ ਅਸੀਂ ਜੰਗਲ ਵਿੱਚ ਪਹੁੰਚ ਗਏ ਜਿੱਥੇ ਕਾਂਗਰੂ ਅਤੇ ਹੋਰ ਅਦਭੁੱਤ ਅਸਟਰੇਲੀਅਨ ਜਾਨਵਰ ਖੁਲ੍ਹੇ ਵਿਚਰਣ ਲਈ ਛੱਡੇ ਗਏ ਸਨ । ਸਾਡੇ ਗਾਈਡ ਨੇ ਕੈਬਰਾ ਦਾ ਇਤਿਹਾਸ ਵੀ ਦੱਸਿਆ । ਇਹ ਆਦਿ ਵਾਸੀਆਂ ਦਾ ਇਕ ਪਿੰਡ ਹੋਇਆ ਕਰਦਾ ਸੀ । ਜੰਗਲ, ਪਹਾੜ ਅਤੇ ਝੀਲਾਂ ਦਾ ਅਨੋਖਾ ਸੰਗਮ ਹੋਣ ਕਰਕੇ ਅਸਟਰੇਲੀਅਨ ਪਾਰਲੀਮੈਂਟ ਨੇ ਸਿਡਨੀ ਦੀ ਜਗਹ ਇਸਨੂੰ ਰਾਜਧਾਨੀ ਬਣਾਉਣ ਲਈ ਚੁਣਿਆ। 1932 ਈ੍ਹ ਵਿੱਚ ਕੈਬਰਾ ਕੈਪੀਟਲ ਸਿਟੀ ਬਣ ਗਿਆ ਅਤੇ ਇਸਦੀ ਪਲੈਨਿੰਗ ਆਰੰਭ ਹੋ ਗਈ । ਇਸ ਹਿਰ ਵਿੱਚ ਇਹ ਕਾਨੂੰਨ ਲਾਗੂ ਹੈ ਕਿ ਪਹਾੜ ਉਪਰ ਕੋਈ ਘਰ ਜਾਂ ਬਿਲਡਿੰਗ ਨਹੀਂ ਬਣ ਸਕਦੀ । ਸਾਰੀ ਵੱਸੋ ਹੇਠਾਂ ਵਾਦੀ ਵਿੱਚ ਹੀ ਆਬਾਦ ਹੈ । ਪਾਣੀ ਦਾ ਜ ੀਰਾ ਹੋਣ ਕਰਕੇ ਝੀਲਾਂ ਦੀ ਸੁੰਦਰਤਾ ਬਹਾਲ ਕੀਤੀ ਗਈ ਹੈ । ਇਨ੍ਹਾਂ ਦਾ ਪਾਣੀ ਸਵੱਛ ਹੈ ਅਤੇ ਕੈਬਰਾ ਹਿਰ ਦੀਆਂ ਲੋੜਾਂ ਪੂਰੀਆਂ ਕਰਦਾ ਹੈ । ਪਿਛਲੇ ਪੰਜ ਸਾਲਾਂ ਤੋ ਸਖਤ ਸੋਕਾ ਪੈ ਰਿਹਾ ਹੈ ਪਰੰਤੂ ਫਿਰ ਵੀ ਕੈਬਰਾ ਦੇ ਪਾਰਕ ਅਤੇ ਜੰਗਲ ਝੀਲਾਂ ਦੇ ਪਾਣੀ ਸਦਕਾ ਹਰੇ ਭਰੇ ਨ ਰ ਆ ਰਹੇ ਹਨ ।

ਜੰਗਲ ਅੰਦਰ ਦਾਖਲ ਹੋਣ ਲਈ ਟਿਕਟ ਲੈਣਾ  ਰੂਰੀ ਹੈ । ਇਥੇ ਇਕ ਹੋਰ ਗਾਈਡ ਸਾਡੀ ਅਗਵਾਈ ਕਰ ਰਹੀ ਸੀ । ਸਭ ਤੋਂ ਪਹਿਲਾਂ ਮੋਰਾਂ ਦੇ ਝੁੰਡ ਵੇਖੇ, ਪੈਲਾਂ ਪਾ ਰਹੇ ਮੋਰਾਂ ਦੀਆਂ ਫੋਟੋਆਂ ਡੈਲੀਗੇਟਾਂ ਨੇ ਖਿੱਚੀਆਂ । ਯੂਰਪ ਵਿੱਚ ਐਸੇ ਨਜਾਰੇ ਕਿਥੇ ਲੱਭਦੇ ਹਨ । ਫਿਰ ਭਾਰਤੀ ਮੂਲ ਦੇ ਜਾਨਵਰ ਦਿਖਾਏ ਗਏ ਖਾਸ ਕਰਕੇ ਊਠ ਅਤੇ ਹਾਥੀ ਜੋ ਅਸਟਰੇਲੀਆ ਵਿੱਚ ਨਹੀਂ ਮਿਲਦੇ । ਮੇਰਾ ਮਕਸਦ ਤਾਂ ਕੇਵਲ ਕਾਂਗਰੂ ਵੇਖਣਾ ਸੀ ਜਿਸ ਖਾਤਰ ਮੈ ਇਸ ਸੈਰ ਵਿੱਚ  ਾਮਲ ਹੋਇਆ ਸਾਂ । ਇਕ ਉਚੀ ਟੀਸੀ ਉਪਰ ਕਾਂਗਰੂ ਟਪੂਸੀਆਂ ਮਾਰ ਰਹੇ ਸਨ ।

ਕਾਂਗਰੂ ਅਸਟਰੇਲੀਆ ਦਾ ਕੌਮੀ ਜਾਨਵਰ ਹੈ । ਇਹ ਪਿਛਲੇ ਦੋ ਪੈਰਾਂ ਆਸਰੇ ਡੱਡੂ ਟਪੂਸੀ ਮਾਰ ਕੇ ਇੰਨਾਂ ਤੇਜ ਦੌੜਦਾ ਹੈ ਕਿ ਘੰਟੇ ਵਿੱਚ 60 ਕਿਲੋਮੀਟਰ ਦਾ ਸਫਰ ਤੈਹ ਕਰ ਲੈਂਦਾ ਹੈ । ਇਸ ਦੀ ਖਾਸੀਅਤ ਹੈ ਕਿ ਇਹ ਆਪਣੇ ਬੱਚੇ ਨੂੰ ਪੇਟ ਹੇਠ ਲੱਗੀ ਝੋਲੀ ਵਿੱਚ ਰੱਖ ਕੇ ਪਾਲਦਾ ਹੈ । ਜਨਮ ਸਮੇ ਕਾਂਗਰੂ ਦਾ ਬੱਚਾ ਕਰਿਕਟ ਦੀ ਗੇਂਦ ਜਿੱਡਾ ਹੁੰਦਾ ਹੈ । ਇਹ ਆਪਣੀ ਮਾਂ ਦੇ ਪੇਟ ਵਿੱਚ ਲੱਗੀ ਝੋਲੀ ਵਿੱਚ ਵਿਚਰਦਾ ਹੈ ਅਤੇ ਦੁੱਧ ਪੀ ਕੇ ਗੁਜਾਰਾ ਕਰਦਾ ਹੈ । ਜਿਨਾਂ ਚਿਰ ਬੱਚਾ ਬੱਕਰੀ ਦੇ ਲੇਲੇ ਜਿੱਡਾ ਨਾ ਹੋ ਜਾਵੇ ਇਹ ਮਾਂ ਦੇ ਪੇਟ ਨਾਲ ਹੀ ਲੱਗਾ ਰਹਿੰਦਾ ਹੈ । ਕੁਦਰਤੀ ਕਾਂਗਰੂਆਂ ਦੇ ਝੁੰਡ ਵਿੱਚ ਇਕ ਬੱਚਾ ਸਾਂਭੀ ਬੈਠੀ ਮਾਂ ਵੀ  ਾਮਲ ਸੀ । ਹਰ ਯਾਤਰੀ ਉਸਨੂੰ ਆਪਣੇ ਕੋਲ ਬੁਲਾ ਰਿਹਾ ਸੀ । ਕੁਦਰਤੀ ਉਹ ਮੇਰੇ ਕੋਲ ਆ ਗਈ ਅਤੇ ਮੈ ਆਪਣੇ ਰੂਸੀ ਮਿੱਤਰ ਨੂੰ ਕਹਿ ਕੇ ਕੁਝ ਫੋਟੋ ਖਿਚਵਾ ਲਏ । ਬੱਚਾ ਸਾਥ ਹੋਣ ਕਰਕੇ ਉਹ ਤਰਹਿੰਦੀ ਸੀ ਵਰਨਾ ਬਾਕੀ ਕਾਂਗਰੂ ਤਾਂ ਯਾਤਰੀਆਂ ਕੋਲ ਆ ਕੇ ਚੋਗਾ ਲੈ ਰਹੇ ਸਨ । ਕਾਂਗਰੂ ਦੀ ਆਬਾਦੀ ਇੰਨੀ ਜਿਆਦਾ ਹੋ ਗਈ ਹੈ ਕਿ ਅਸਟਰੇਲੀਆ ਨੇ ਇਸਨੂੰ ਮਾਰਨ ਤੇ ਲਗਾਈ ਪਾਬੰਧੀ ਹਟਾ ਲਈ ਹੈ ਅਤੇ ਹੁਣ ਲੋਕ ਇਸ ਦਾ ਿ ਕਾਰ ਕਰਕੇ ਮਾਸ ਖਾ ਲੈਂਦੇ ਹਨ । ਕਾਂਗਰੂ ਹਿਰਨ ਵਾਂਗ ਕਾਫੀ ਮਿਲਾਪੜਾ ਜਾਨਵਰ ਹੈ ਅਤੇ ਜਦੋ ਇਹ ਝੁੰਡ ਵਿੱਚ ਟਪੂਸੀਆਂ ਮਾਰ ਕੇ ਚਲਦੇ ਹਨ ਤਾਂ ਮਾਨੋ ਹਿਰਨਾਂ ਦੀ ਡਾਰ ਹੀ ਪ੍ਰਤੀਤ ਹੁੰਦੇ ਹਨ । ਜੰਗਲ ਵਿੱਚ ਅਜੀਬ ਕਿਸਮ ਦੇ ਰੰਗਦਾਰ ਤੋਤੇ ਵੀ ਵੇਖੇ । ਇਹ ਸਾਨੂੰ ਹੈਲੋ ਕਹਿ ਕੇ ਬੁਲਾ ਰਹੇ ਸਨ । ਗਾਈਡ ਨੇ ਦੱਸਿਆ ਕਿ ਇਨ੍ਹਾਂ ਨੂੰ ਮੱਤ ਛੇੜਨਾ ਵਰਨਾ ਇਹ ਅੰਗਰੇ ੀ ਵਿੱਚ ਗਾਲਾਂ ਵੀ ਕੱਢਣਾ ਜਾਣਦੇ ਹਨ ਅਤੇ ਵਾਹ ਚਲੇ ਤਾਂ ਮਾਸ ਵੀ ਨੋਚ ਲੈਂਦੇ ਹਨ । ਦੋ ਘੰਟੇ ਇਸ ਜੰਗਲ ਦੀ ਸੈਰ ਬਾਅਦ ਅਸੀ ਗਰਮੀ ਦੇ ਮੌਸਮ ਕਾਰਨ ਹੰਭ ਗਏ ਸਾਂ ਅਤੇ ਸਭ ਡੈਲੀਗੇਟ ਵਾਤਾਅਨੁਕੂਲ ਬੱਸਾਂ ਅੰਦਰ ਵੜਨ ਲਈ ਕਾਹਲੇ ਪੈ ਰਹੇ ਸਨ ।

ਸਾਡਾ ਦੂਸਰਾ ਪੜਾ ਗੋਲਡ ਕਰੀਕ ਏਰੀਆ ਸੀ ਜਿਸ ਵਿੱਚ ਅੰਗਰੇ ਾਂ ਨੇ ਆਪਣੇ ਇੰਗਲੈਂਡ ਦੇ ਪਿੰਡਾਂ ਦੀ ਨਕਲ ਵਿੱਚ ਇਕ ਛੋਟਾ ਜਿਹਾ ਮਾਡਲ ਪਿੰਡ ਤਿਆਰ ਕਰ ਰੱਖਿਆ ਹੈ । ਇਸ ਵਿੱਚ ਵੰਨ ਸੁਵੰਨੇ ਬਗੀਚੇ ਅਤੇ ਫੁਹਾਰੇ ਲੱਗੇ ਹੋਏ ਹਨ । ਪਨਚੱਕੀ ਦਾ ਮਾਡਲ ਹੈ ਜਿਸ ਤੋਂ ਆਟਾ ਪੀਹਣ ਦਾ ਕੰਮ ਲਿਆ ਜਾਂਦਾ ਸੀ । ਪੁਰਾਣੇ ਇੰਗਲੈਂਡ ਦੀ ਸਭਿਅਤਾ ਨੂੰ ਉਜਾਗਰ ਕਰਨ ਲਈ ਇਹ ਇਕ ਵਧੀਆ ਉਪਰਾਲਾ ਹੈ । ਅੰਗਰੇ  ਕਿਤੇ ਵੀ ਜਾਣ ਆਪਣੇ ਪੁਰਖਿਆਂ ਦੀ ਯਾਦ ਤਾਜਾ ਕਰਨ ਲਈ ਪਿੰਡਾਂ ਅਤੇ  ਹਿਰਾਂ ਦੇ ਨਾਮ ਵੀ ਇੰਗਲੈਂਡ ਵਾਲੇ ਹੀ ਰੱਖ ਲੈਂਦੇ ਹਨ । ਜਿਵੇ ਕੈਨੇਡਾ ਵਿੱਚ ਲੰਡਨ  ਹਿਰ ਹੈ ਇਸੇ ਤਰ੍ਹਾਂ ਹੀ ਅਸਟਰੇਲੀਆ ਵਿੱਚ ਕਈ  ਹਿਰਾਂ ਅਤੇ ਪਿੰਡਾਂ ਦੇ ਨਾਮ ਇੰਗਲੈਂਡ ਵਾਲੇ ਹੀ ਰੱਖੇ ਹੋਏ ਹਨ । ਇਸ ਮਾਡਲ ਪਿੰਡ ਦਾ ਨਾਮ ਕੋਕਿੰਗਟਨ ਗਰੀਨ ਹੈ ਅਤੇ ਇਸ ਵਿੱਚ ਘੁੰਮ ਕੇ ਬਹੁਤ ਅਨੰਦ ਆਇਆ । ਇਸ ਦਾ ਬਾਗ ਕੈਨੇਡਾ ਦੇ ਬੁਚਰ ਗਾਰਡਨ ਵਾਂਗ ਸੁੰਦਰ ਹੈ । ਬੱਚਿਆਂ ਦੇ ਮਨੋਰੰਜਨ ਲਈ ਇਕ ਰੇਲ ਗੱਡੀ ਵੀ ਚੱਲਦੀ ਹੈ । ਪਾਣੀ ਦੀਆਂ ਆਬ ਾਰਾਂ ਅਤੇ ਹਰੇ ਘਾਹ ਦੀਆਂ ਪੱਟੀਆਂ ਅਦਭੁੱਤ ਨ ਾਰਾ ਪੇ  ਕਰਦੀਆਂ ਹਨ । ਸਾਰੇ ਡੈਲੀਗੇਟਾਂ ਨੂੰ ਸੈਰ ਖਤਮ ਹੋਣ ਉਪਰੰਤ ਚਾਹ ਦਾ ਸੱਦਾ ਸੀ ਜਿਸ ਵਿੱਚ ਭਾਂਤ ਭਾਂਤ ਦੇ ਕੇਕ ਰੱਖੇ ਗਏ ਸਨ । ਇਸ ਪਿੰਡ ਦੇ ਨੇੜੇ ਹੀ ਇਕ ਡਾਈਨੋਸੌਰ ਮਿਊ ੀਅਮ ਵੀ ਉਸਾਰਿਆ ਗਿਆ ਹੈ ਜਿਸ ਵਿੱਚ ਇਸ ਅਦਭੁੱਤ ਜਾਨਵਰ ਦੇ ਪਿੰਜਰ ਰੱਖੇ ਗਏ ਹਨ । ਕੁਦਰਤੀ ਉਥਲ-ਪੁੱਥਲ ਕਾਰਨ ਇਸ ਦਿਓ-ਕੱਦ ਜਾਨਵਰ ਦੀਆਂ ਪੁੱਛਤਾਂ ਧਰਤੀ ਉਪਰੋ ਅਲੋਪ ਹੋ ਗਈਆਂ ਹਨ ।

ਵੀਰਵਾਰ, 9 ਫਰਵਰੀ ਨੂੰ ਅੰਤਰ-ਰਾਸਟਰੀ ਕਾਨਫਰੰਸ ਦੇ ਡੈਲੀਗੇਟਾਂ ਨੂੰ ਅਸਟਰੇਲੀਆ ਦੀ ਪਾਰਲੀਮੈਂਟ ਵਲੋ ਰਾਤ ਦਾ ਪਰੀਤੀ ਭੋਜਨ ਦਿੱਤਾ ਗਿਆ। ਇਹ ਡਿਨਰ ਉਚੇਚੇ ਤੌਰ ਤੇ ਪਾਰਲੀਮੈਂਟ ਹਾਲ ਵਿੱਚ ਹੀ ਹੋਇਆ । ਬੱਸਾਂ ਉਪਰ ਸੱਤ ਵਜੇ ਦੇ ਕਰੀਬ ਸਾਰੇ ਡੈਲੀਗੇਟ ਪਾਰਲੀਮੈਂਟ ਦੇ ਹਾਲ ਵਿੱਚ ਪਹੁੰਚ ਗਏ । ਸੁਰੱਖਿਆ ਦਾ ਕੋਈ ਵਿ ੇ  ਪ੍ਰਬੰਧ ਨਹੀ ਸੀ ਜਾਪਦਾ । ਇਕ ਸਿਪਾਹੀ ਪਹਿਰੇ ਉਪਰ ਕਾਇਮ ਸੀ ਅਤੇ ਸਾਰੇ ਡੈਲੀਗੇਟ ਬਗੈਰ ਕਿਸੇ ਰੋਕ ਟੋਕ ਦੇ ਅੰਦਰ ਦਾਖਲ ਹੋ ਗਏ । ਭਲਾ ਦਿੱਲੀ ਦੀ ਪਾਰਲੀਮੈਂਟ ਵਿੱਚ ਕੋਈ ਹਿੰਮਤ ਕਰੇ ਖਾਂ ਦਾਖਲ ਹੋਣ ਦੀ । ਸਾਡੇ ਤਾਂ ਇਕ ਕਿਲੋਮੀਟਰ ਬਾਹਰ ਹੀ ਜੰਗਲੇ ਲਗਾ ਕੇ ਪੁਲਸ ਤਾਇਨਾਤ ਕੀਤੀ ਜਾਂਦੀ ਹੈ ਜਿਵੇ ਕਿਸੇ ਜੰਗ ਦੀ ਤਿਆਰੀ ਹੋ ਰਹੀ ਹੋਵੇ । ਖਾਣੇ ਉਪਰ ਨਾਚ ਗਾਣੇ ਦਾ ਵੀ ਪ੍ਰਬੰਧ ਸੀ । ਮਹਿਮਾਨਾਂ ਲਈ ਆਦਿਵਾਸੀ ਕਲਾਕਾਰ ਵੀ ਸੱਦੇ ਗਏ ਸਨ ਜਿਨ੍ਹਾਂ

ਨੇ ਆਪਣੇ ਗੀਤਾਂ ਨਾਲ ਅਤੇ ਨਾਚ ਨਾਲ ਅਸਟਰੇਲੀਆ ਦੀ ਮੌਲਿਕ ਸਭਿਅਤਾ ਦੀ ਪ੍ਰਦਰ ਨੀ ਕੀਤੀ। ਇਹ ਲੋਕ ਸਰੀਰ ਤੇ ਕੇਵਲ ਲੰਗੋਟ ਪਹਿਨ ਕੇ ਅਤੇ ਰੰਗ ਬਰੰਗਾ ਟੈਟੂ ਕਰਕੇ ਨਾਚ ਵਿੱਚ  ਾਮਲ ਹੁੰਦੇ ਹਨ। ਇਨ੍ਹਾਂ ਦੇ ਸਾਜ ਵੀ ਲੱਕੜੀ ਦੇ ਹੀ ਹੁੰਦੇ ਹਨ ਅਤੇ ਇਕ ਲੰਮੇ ਬਾਂਸ ਵਿੱਚ ਫੂਕ ਮਾਰ ਕੇ ਇਹ ਕਈ ਭਾਂਤ ਦੀਆਂ ਸੁਰਾਂ ਕੱਢ ਲੈਂਦੇ ਹਨ।

ਦਸ ਫਰਵਰੀ ਨੂੰ ਸਾਡੀ ਕਾਨਫਰੰਸ ਖਤਮ ਹੋ ਜਾਣੀ ਸੀ। ਮੈ ਆਪਣਾ ਵਾਪਸੀ ਸਫਰ ਵੀ ਤੈਹ ਕਰਨਾ ਸੀ। ਸੋ ਇਕ ਦਿਨ ਪੂਰਾ ਕੈਂਬਰਾ ਦੇ ਦਫਤਰਾਂ ਵਿੱਚ ਘੁੰਮਣਾ ਪਿਆ।  ਹਿਰ ਦੇ ਵਿਚਕਾਰ ਲੋਕਾਂ ਦੇ ਖਰੀਦੋ ਫਰੋਖਤ ਲਈ ਸਟੋਰ ਹਨ ਜਿਨ੍ਹਾਂ ਵਿੱਚ ਸਭ ਕਿਸਮ ਦਾ ਸਮਾਨ ਮਿਲ ਜਾਂਦਾ ਹੈ। ਪਾਰਕਿੰਗ ਲਈ ਖੁੱਲ੍ਹੇ ਮੈਦਾਨ ਹਨ ਜਾਂ ਸੱਤ ਮੰਜਲੀਆਂ ਇਮਾਰਤਾਂ ਜਿਨ੍ਹਾਂ ਤੇ ਰੈਂਪ ਦਵਾਰਾ ਕਾਰਾਂ ਉਪਰ ਤੱਕ ਪਹੁੰਚ ਜਾਂਦੀਆਂ ਹਨ।  ਹਿਰ ਦੇ ਵੱਡੇ ਚੌਕ ਨੂੰ ਲੰਡਨ ਸਰਕਟ ਦਾ ਨਾਮ ਦਿੱਤਾ ਹੋਇਆ ਹੈ। ਸੜਕਾਂ ਤੇ ਦਿੱਲੀ ਅਤੇ ਕਲਕੱਤੇ ਵਾਂਗ ਗੰਦ ਅਤੇ ਭੀੜ ਭੜੱਕਾ ਨਹੀਂ, ਸਗੋ ਯੂਰਪ ਅਤੇ ਅਮਰੀਕਾ ਤੋਂ ਵੀ ਿ ਆਦਾ ਸਫਾਈ ਰੱਖੀ ਜਾਂਦੀ ਹੈ। ਬੱਚਿਆਂ ਦੇ ਮਨੋਰੰਜਨ ਲਈ ਪਾਰਕ ਹਨ ਅਤੇ ਖੇਡਾਂ ਦਾ ਪ੍ਰਬੰਧ ਹੁੰਦਾ ਹੈ। ਮੇਰੇ ਮਨਪਸੰਦ ਤਾਂ ਕੈਂਬਰਾ ਦੀ ਯੂਨੀਵਰਸਿਟੀ ਦਾ ਕੈਂਪਸ  ਹੀ ਆਇਆ। ਸੁਭਾ  ਾਮ ਇਸ ਦੇ ਵਿ ਾਲ ਮੈਦਾਨ ਦੀ ਸੈਰ, ਝੀਲ ਕੰਢੇ  ਸੂਰਜ ਛਿਪਣ ਦਾ ਨਜਾਰਾ ਅਤੇ ਝੀਲ ਤੋਂ ਪਾਰ ਹਰੇ ਰੰਗ ਦੀ ਪਹਾੜੀ ਦਾ ਸੋਨ ਰੰਗੀ ਹੋ ਜਾਣਾ ਇਕ ਸਵਰਗਮਈ ਝਾਕੀ ਜਾਪਣੀ।  ਪਹਾੜ ਦੀ ਟੀਸੀ ਉਪਰ ਟੀਵੀ ਟਾਵਰ ਬਣ ਗਿਆ ਹੈ, ਇਸ ਤੋਂ ਕੈਂਬਰਾ ਦੀ ਵਾਦੀ ਦਾ ਸਾਰਾ ਨਜਾਰਾ ਲੱਭ ਪੈਂਦਾ ਹੈ। ਰਾਤ ਸਮੇ ਤਾਂ ਦ੍ਰਿ  ਹੋਰ ਵੀ ਦਿਲ ਲੁਭਾਣਾ ਹੋ ਜਾਂਦਾ ਹੈ।

ਅਸਟਰੇਲੀਆ ਦੇ ਲੋਕ ਜੰਗਲ ਨੂੰ ਫੁੱਲਾਂ ਤੋਂ ਵੀ ਵੱਧ ਪਿਆਰ ਕਰਦੇ ਹਨ। ਸੈਰ ਕਰਨ ਲਈ ਪਗਡੰਡੀਆਂ ਬਣਾ ਰੱਖੀਆਂ ਹਨ। ਪਿਛਲੇ ਸਾਲ ਸਿਡਨੀ ਦੇ ਇਕ ਜੰਗਲ ਨੂੰ ਭਿਆਨਕ ਅੱਗ ਲੱਗ ਗਈ ਜਿਸਨੇ  ਹਿਰ ਦੀਆਂ ਬਾਹਰਲੀਆਂ ਅਬਾਦੀਆਂ ਨੂੰ ਘੇਰੇ ਵਿੱਚ ਲੈ ਲਿਆ। ਹਜਾਰਾਂ ਜਾਨਵਰ ਇਸ ਅੱਗ ਦੀ ਲਪੇਟ ਵਿੱਚ ਆ ਕੇ ਝੁਲਸ ਗਏ। ਇਸ ਅੱਗ ਨੂੰ ਕਾਬੂ ਕਰਨ ਲਈ ਅਮਰੀਕਾ ਤੋਂ ਮੱਦਦ ਲੈਣੀ ਪਈ। ਮਨੁੱਖਾਂ ਨੂੰ ਤਾਂ ਬਚਾਉਣਾ ਹੀ ਸੀ, ਜਾਨਵਰਾਂ ਦੇ ਬਚਾਓ ਲਈ ਵੀ ਉਪਰਾਲੇ ਕੀਤੇ ਗਏ। ਬਲਦੇਵ ਸਿੰਘ ਨੇ ਦੱਸਿਆ ਕਿ ਉਸਨੇ ਆਪਣੇ ਘਰ ਅੱਗੋ ਇਕ ਦਰਖਤ ਕਟਵਾਣਾ ਹੈ ਜਿਸ ਦੇ ਕੱਟਣ ਦੀ ਇਜਾਜਤ ਲੈਣੀ ਇਕ ਕਠਿਨ ਸਮੱਸਿਆ ਬਣ ਗਈ ਹੈ। ਹੁਣ ਪੰਜਾਬ ਵਿੱਚ ਤਾਂ ਜੰਗਲ ਦਾ ਨਾਮੋ ਨਿ ਾਨ ਹੀ ਨਹੀਂ ਰਿਹਾ। ਹਰੇ ਇਨਕਲਾਬ ਨੇ ਐਸਾ ਚੱਕਰਵਿਊ ਪੈਦਾ ਕਰ ਰੱਖਿਆ ਹੈ ਕਿ ਪੰਜਾਬ ਵਿੱਚ ਹੁਣ ਹਿਰਨਾਂ ਦੀਆਂ ਡਾਰਾਂ ਤਾਂ ਨਹੀਂ ਲੱਭਦੀਆਂ ਬਲਕਿ ਯੂ ਪੀ ਅਤੇ ਬਿਹਾਰ ਤੋਂ ਭਈਆਂ ਦੀਆਂ ਡਾਰਾਂ ਜਰੂਰ ਆ ਜਾਂਦੀਆਂ ਹਨ।

ਅ ੀਰ ਕੈਂਬਰਾਂ ਤੋਂ ਵਿਦਾ ਹੋਣ ਦੀ ਘੜੀ ਆ ਗਈ। ਪੰਜ ਰਾਤਾਂ ਕੁਦਰਤ ਰਾਣੀ ਦੀ ਗੋਦ ਵਿੱਚ ਬਿਤਾ ਕੇ ਮੈ ਸਿਡਨੀ ਵੱਲ ਪਰਤ ਆਇਆ। ਵਾਪਸੀ ਯਾਤਰਾ ਮੈ ਹਵਾਈ ਜਹਾਜ ਰਾਹੀਂ ਤੈਹ ਕਰਨ ਦਾ ਫੈਸਲਾ ਕਰ ਲਿਆ ਤਾਂ ਕਿ ਕੈਂਬਰਾ ਤੋਂ ਸਿਡਨੀ ਵਿਚਕਾਰ ਪੈਂਦੇ ਨਜਾਰਿਆਂ ਦਾ ਚੰਗਾ ਸਰਵੇਖਣ ਕਰ ਸਕਾਂ। ਉਰਸੁਲਾ ਹੋਸਟਲ ਦੀ ਵਾਰਡਨ ਨੇ ਮੈਥੋਂ ਕਮਰੇ ਦੀ ਚਾਬੀ ਲੈ ਕੇ ਅਗਲੇ ਸਫਰ ਲਈ _ਭ ਇ ਾਵਾਂ ਭੇਟ ਕੀਤੀਆਂ ਅਤੇ ਮੈ ਕੈਂਬਰਾ ਨੂੰ ਅਲਵਿਦਾ ਕਹਿ ਕੇ ਏਅਰਪੋਰਟ ਵੱਲ ਚਾਲੇ ਪਾ ਦਿੱਤੇ।

# ਸਿਡਨੀ ਦੇ ਨਾਰੇ

---

ਦਸ ਫਰਵਰੀ ਸਵੇਰੇ ਚੱਲਣ ਤੋਂ ਪਹਿਲਾਂ ਮੈ ਸਿਡਨੀ ਜਸਵਿੰਦਰ ਨੂੰ ਫੋਨ ਤੇ ਆਪਣੀ ਉਡਾਨ ਦਾ ਸਮਾਂ ਦੱਸ ਦਿੱਤਾ ਸੀ । ਉਸ ਨੇ ਕਿਹਾ ਕਿ ਏਅਰਪੋਰਟ ਤੇ ਮੈਨੂੰ ਦੋ ਘੰਟੇ ਇੰਤਜਾਰ ਕਰਨੀ ਪਵੇਗੀ ਕਿਉਕਿ ਬਲਦੇਵ ਦੀ ਡਿਊਟੀ ਚਾਰ ਵਜੇ ਖਤਮ ਹੋਣੀ ਹੈ ਅਤੇ ਉਹ ਮੈਨੂੰ ਆਪਣੇ ਨਾਲ ਹੀ ਲੈ ਆਵੇਗਾ । ਜਦੋ ਮੇਰਾ ਜਹਾਜ ਸਿਡਨੀ ਉਤਰਿਆ ਤਾਂ ਮੈ ਸਹਿਜ ਸੁਭਾ ਹੀ ਆਪਣਾ ਸਮਾਨ ਲੱਭ ਰਿਹਾ ਸਾਂ ਕਿ ਇਕ ਸਿੱਖ ਨੌਜਵਾਨ ਗੇਟ ਅੰਦਰ ਆਉਦਾ ਦਿਸਿਆ। ਉਸਨੇ ਮੇਰਾ ਨਾਮ ਪੁੱਛਿਆ ਅਤੇ ਆਪਣੇ ਬਾਰੇ ਜਾਣਕਾਰੀ ਦੇ ਕੇ ਕਿਹਾ ਕਿ ਬਲਦੇਵ ਨੇ ਹੀ ਉਸਨੂੰ ਏਅਰਪੋਰਟ ਤੇ ਭੇਜਿਆ ਹੈ । ਮਿਸਟਰ ਸੋਢੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਵਿਦਿਆਰਥੀ ਰਹਿ ਚੁਕਾ ਹੈ । ਅੱਗੋ ਉਸ ਨੇ ਹੋਰ ਵੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਸਦੀ ਘਰਵਾਲੀ ਲਵਲੀਨ ਭਾਟੀਆ ਮੇਰੀ ਪੁਰਾਣੀ ਵਿਦਿਆਰਥਣ ਰਹਿ ਚੁੱਕੀ ਹੈ । ਸੋਢੀ ਮੈਨੂੰ ਆਪਣੀ ਕਾਰ ਵਿੱਚ ਘਰ ਲੈ ਗਿਆ । ਉਸਨੂੰ ਅਜੇ ਸਿਡਨੀ ਆਏ ਛੇ ਮਹੀਨੇ ਹੀ ਹੋਏ ਸਨ ਜਿਸ ਕਰਕੇ ਉਹ ਸਰਕਾਰੀ ਭੱਤੇ ਉਪਰ ਹੀ ਗੁਜਾਰਾ ਕਰ ਰਿਹਾ ਸੀ । ਲਵਲੀਨ ਨੇ ਸਾਡੇ ਲਈ ਲੰਚ ਤਿਆਰ ਕਰ ਰੱਖਿਆ ਸੀ । ਜਾਪਦਾ ਸੀ ਕਿ ਉਹ ਸਿਡਨੀ ਵਿੱਚ ਆ ਕੇ ਬਹੁਤ ਖੁ  ਨਹੀਂ ਸੀ । ਦਰਅਸਲ, ਉਹ ਦੋਵੇ ਜਣੇ ਪੰਜਾਬ ਤੋ ਆਪਣੀ ਨੌਕਰੀ ਛੱਡ ਕੇ ਅਸਟਰੇਲੀਆ ਗਏ ਸਨ । ਅੱਗੇ ਕੰਮ ਨਾ ਮਿਲਣ ਕਰਕੇ ਉਦਾਸੀਨਤਾ ਹਾਵੀ ਹੋ ਜਾਂਦੀ ਹੈ । ਵੈਸੇ ਸਰਕਾਰੀ ਭੱਤਾ ਗੁਜਾਰੇ ਲਈ ਕਾਫੀ ਹੁੰਦਾ ਹੈ ਅਤੇ ਕਈ ਟੱਬਰ ਕੰਮ ਦੀ ਭਾਲ ਹੀ ਨਹੀਂ ਕਰਦੇ । ਕੰਮ ਤੋਂ ਬਗੈਰ ਬੰਦਾ ਤਾਂ ਨਿਕਾਰਾ ਹੋ ਜਾਂਦਾ ਹੈ ਅਤੇ ਵਿਹਲ ਉਸ ਨੂੰ ਦੁਖੀ ਕਰਦੀ ਹੈ । ਲਵਲੀਨ ਕਹਿੰਦੀ ਹੈ ਕਿ ਉਸਨੂੰ ਤਾਂ ਸਿਡਨੀ ਅਤੇ ਜਲੰਧਰ ਇਕੋ ਜਿਹਾ ਹੀ ਲਗਦੇ ਹਨ । ਉਹ ਤਾਂ ਆਪਣੇ ਦੇਸ ਪਰਤਣ ਦੀ ਸੋਚ ਰਹੀ ਹੈ ।

ਅਸੀ ਅਜੇ ਖਾਣੇ ਦੇ ਮੇਜ ਉਪਰ ਹੀ ਬੈਠੇ ਸਾਂ ਕਿ ਬਲਦੇਵ ਸਿੰਘ ਵੀ ਆ ਹਾਜਰ ਹੋਇਆ । ਸੋਢੀ ਨੇ ਮੇਰਾ ਸਮਾਨ ਉਸਦੀ ਕਾਰ ਵਿੱਚ ਟਿਕਾ ਦਿੱਤਾ ਅਤੇ ਅਸੀਂ ਸਿਡਨੀ  ਦੀ ਸੈਰ ਨੂੰ ਨਿਕਲ ਤੁਰੇ । ਜਦੋ 5 ਫਰਵਰੀ ਨੂੰ ਮੈ ਸਿਡਨੀ ਆਇਆ ਸਾਂ ਤਾਂ ਅੱਗੇ ਜਾਣ ਦੀ ਕਾਹਲੀ ਸੀ ਜਿਸ ਕਰਕੇ ਘੁੰਮਣ ਦਾ ਪ੍ਰੋਗ੍ਰਾਮ ਮੁਲਤਵੀ ਕਰ ਦਿੱਤਾ ਸੀ । ਸਿਡਨੀ ਦੀ ਬੰਦਰਗਾਹ ਅਤੇ ਪੁਰਾਣੇ  ਹਿਰ ਦਾ ਕੁਝ ਹਿੱਸਾ ਜੋ ਅਜੇ ਬਚਿਆ ਹੋਇਆ ਹੈ, ਸੈਲਾਨੀਆਂ ਦੀ ਖਿੱਚ ਦਾ ਕੇਦਰ ਹੈ ।  ਹਿਰ ਵਿੱਚ ਕਾਰ ਪਾਰਕਿੰਗ ਦੀ ਸਮੱਸਿਆ ਹੋਣ ਕਰਕੇ ਅਸੀਂ ਪਹਿਲਾਂ  ਹਿਰ ਦੇ ਬਾਹਰਲੇ ਹਿੱਸੇ ਵਿੱਚ ਕਾਰ ਪਾਰਕ ਕਰਨ ਗਏ । ਉਥੋ ਲੋਕਲ ਟਰੇਨ ਵਿੱਚ ਸਵਾਰ ਹੋ ਕੇ ਸੈਂਟਰਲ ਸਟੇ ਨ ਤੇ ਉਤਰ ਗਏ । ਕੁਝ ਚਿਰ  ਹਿਰ ਦੇ ਬਾ ਾਰਾਂ ਦਾ ਰਟਣ ਕੀਤਾ । ਹੁਣ ਪੁਰਾਣੀਆਂ ਇਮਾਰਤਾਂ ਢਾਹ ਕੇ ਨਵੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ । ਸਿਡਨੀ ਦੇ ਬੈਕ, ਸਰਕਾਰੀ ਅਦਾਰੇ ਅਤੇ ਕੰਪਨੀਆਂ ਦੇ ਦ ਤਰ ਇਸ ਹਿੱਸੇ ਵਿੱਚ ਹੋਣ ਕਰਕੇ  ਾਮ ਦੇ ਪੰਜ ਵਜੇ ਭੀੜ ਨਿਕਲਣੀ  ੁਰੂ ਹੋ ਜਾਂਦੀ ਹੈ । ਅਸੀ ਭੀੜ ਨੂੰ ਚੀਰਦੇ ਹੋਏ ਨਵੀ ਬੰਦਰਗਾਹ ਤੇ ਪਹੁੰਚ ਗਏ । ਇਥੇ ਇਕ ਯਾਤਰੀ ਜਹਾਜ ਯੂਰਪ ਤੋਂ ਆ ਕੇ ਕੰਢੇ ਲਗਾ ਸੀ ਜਿਸ ਕਰਕੇ ਕਾਫੀ ਰੌਣਕ ਸੀ । ਕੂਈਨ ਐਲਿ ਬੈਥ ਨਾਮ ਦਾ ਇਹ ਜਹਾਜ ਸੱਤ ਮੰਜਲਾ ਸੀ ਅਤੇ ਇਸ ਤਰ੍ਹਾਂ ਲਗਾ ਜਿਵੇ ਪਿੰਡ ਦਾ ਪਿੰਡ ਹੀ ਆ ਕੇ ਕੰਢੇ ਲਗਾ ਹੋਵੇ । ਇਸ ਵਿੱਚ ਲਾਇਬਰੇਰੀ, ਖੇਡ ਮੈਦਾਨ, ਸਵਿਮਿੰਗ ਪੂਲ ਅਤੇ ਹੋਰ ਸਭ ਸਹੂਲਤਾਂ ਮਹੱਈਆ ਸਨ । ਵਧੇਰੇ ਯਾਤਰੀ ਪਕੇਰੀ ਉਮਰ ਦੇ ਹੀ ਸਨ ਜੋ ਅਰਾਮ ਨਾਲ ਸਫਰ ਕਰਨ ਨੂੰ ਤਰ ੀਹ ਦੇਦੇ ਹਨ ।

ਸਮੁੰਦਰੀ ਜਹਾਜ ਦੀ ਸੈਰ ਕਰਕੇ ਨਿਕਲੇ ਤਾਂ ਕਿਣ ਮਿਣ  ੁਰੂ ਹੋ ਗਈ । ਇਥੇ ਬੱਦਲ ਉਮੱਡ ਕੇ ਕਿਧਰੋ ਆ ਜਾਂਦਾ ਹੈ ਅਤੇ ਥੋੜੀ ਜਿਹੀ ਬਾਰ  ਕਰਕੇ ਨਿਖਰ ਜਾਂਦਾ ਹੈ । ਬੰਦਰਗਾਹ ਦੇ ਦੂਸਰੇ ਪਾਸੇ ਅਸਟਰੇਲੀਆ ਦਾ ਸਭ ਤੋਂ ਵੱਡਾ ਓਪੇਰਾ ਹਾਊਸ ਬਣਿਆ ਹੈ ਜਿਸ ਦੀ ਇਮਾਰਤ ਦਿੱਲੀ ਦੇ  ਬਹਾਈ ਮੰਦਰ  ਨਾਲ ਮੇਲ ਖਾਂਦੀ ਹੈ । ਇਹ ਖਿੜੇ ਹੋਏ ਕਮਲ ਫੁੱਲ ਵਾਂਗ ਭਾਸਦੀ ਹੈ ਅਤੇ ਚਿਟੇ ਸੰਗਮਰਮਰ ਦੀ ਬਣੀ ਹੋਈ ਹੈ । ਬਾਰ  ਕਾਰਨ ਅਸੀ ਉਧਰ ਜਾਣ ਦਾ ਵਿਚਾਰ ਛੱਡ ਦਿੱਤਾ ਅਤੇ ਫੈਰੀ ਤੇ ਸਵਾਰ ਹੋ ਕੇ ਡਾਰਲਿੰਗ ਹਾਰਬਰ ਦੀ ਟਿਕਟ ਲੈ ਲਈ । ਸਿਡਨੀ  ਹਿਰ ਸਮੁੰਦਰੀ ਖਾੜੀ ਦੇ ਦੋਹੀਂ ਪਾਸੀ ਆਬਾਦ ਹੈ । ਇਨ੍ਹਾਂ ਦੋਹਾਂ ਹਿੱਸਿਆਂ ਨੂੰ ਇਕ ਉਚੇ ਪੁਲ ਨਾਲ ਜੋੜਿਆ ਗਿਆ ਹੈ ਜਿਸ ਨੂੰ ਹਾਰਬਰ ਬਰਿੱ  ਕਹਿੰਦੇ ਹਨ । ਇਸ ਦੇ ਹੇਠੋਂ ਵੱਡੇ ਸਮੁੰਦਰੀ ਜਹਾਜ ਖੁੱਲ੍ਹੇ ਲੰਘ ਸਕਦੇ ਹਨ । ਪੁਲ ਉਪਰ ਕਾਰਾਂ ਅਤੇ ਰੇਲ ਗੱਡੀਆਂ ਚੱਲਦੀਆਂ ਹਨ । ਆਮ ਮੁਸਾਫਰ ਅਜੇ ਵੀ ਆਪਣੇ ਘਰਾਂ

ਨੂੰ ਜਾਣ ਲਈ ਸਮੁੰਦਰੀ ਫੈਰੀ ਦੀ ਵਰਤੋਂ ਕਰਦੇ ਹਨ । ਫੈਰੀ ਹਾਰਬਰ ਬਰਿੱ ਦੇ ਹੇਠੋਂ ਲੰਘ ਕੇ ਬੱਚਿਆਂ ਦੇ ਮਨੋਰੰਜਨ ਲਈ ਬਣੇ ਲੂਨਾ ਪਾਰਕ ਅੱਗੇ ਰੁਕੀ । ਇਥੇ ਅਮਰੀਕਾ ਦੇ ਡਿਜਨੇਲੈਂਡ ਵਾਂਗ ਕਈ ਦਿਲ ਪਰਚਾਵੇ ਦੀਆਂ ਖੇਡਾਂ ਹਨ । ਕੁਝ ਚਿਰ ਬਾਅਦ ਅਸੀਂ ਸਿਡਨੀ ਦੀ ਪੁਰਾਣੀ ਬੰਦਰਗਾਹ ਡਾਰਲਿੰਗ ਹਾਰਬਰ ਤੇ ਜਾ ਉਤਰੇ । ਇਥੇ ਹੁਣ ਯਾਤਰੀਆਂ ਲਈ ਸੈਰਗਾਹ ਹੀ ਬਣ ਗਈ ਹੈ । ਮੋਨੋਰੇਲ ਤੇ ਸਵਾਰ ਹੋ ਕੇ ਪੁਰਾਣੇ ਹਿਰ ਦੇ ਹੋਰ ਦਿਲਚਸਪ ਅਜੂਬੇ ਵੇਖੇ ਜਾ ਸਕਦੇ ਹਨ । ਅਸੀਂ ਘੁੰਮ ਕੇ ਥੱਕ ਚੁਕੇ ਸਾਂ, ਸੋ ਸਿਡਨੀ ਟਾਵਰ ਤੇ ਚੜ੍ਹਨ ਦਾ ਪ੍ਰੋਗਰਾਮ ਕੈਂਸਲ ਕਰ ਦਿੱਤਾ । ਵਾਪਸ ਪਰਤਣ ਤੋਂ ਪਹਿਲਾਂ ਅਸੀਂ ਚਾਈਨਾ ਟਾਊਨ ਦਾ ਦੌਰਾ ਵੀ ਕੀਤਾ । ਸਿਡਨੀ ਦੇ ਪੁਰਾਣੇ ਹਿਰ ਵਿੱਚ ਚੀਨੀਆਂ ਦਾ ਇਹ ਬਾਜਾਰ ਖਾਣ ਪੀਣ ਅਤੇ ਾਪਿੰਗ ਲਈ ਪ੍ਰਸਿੱਧ ਹੈ । ਇਉਂ ਜਾਪਦਾ ਹੈ ਕਿ ਚੀਨ ਦੇ ਕਿਸੇ ਹਿਰ ਵਿੱਚ ਪਹੁੰਚ ਗਏ ਹੋਈਏ । ਰਾਤ ਦਸ ਵਜੇ ਦੇ ਕਰੀਬ ਅਸੀਂ ਬਲਦੇਵ ਦੇ ਘਰ ਵਰਿੰਗਟਨ ਪਰਤ ਆਏ ।

ਅਗਲੇ ਦਿਨ ਨਿਚਰਵਾਰ 11 ਫਰਵਰੀ ਨੂੰ ਅਸੀਂ ਅਸਟਰੇਲੀਆ ਦੇ ਬਲਿਊ ਮਾਊਂਟੇਨ ਅਰਥਾਤ ਨੀਲੇ ਪਹਾੜ ਦੇਖਣ ਦਾ ਪ੍ਰੋਗਰਾਮ ਬਣਾਇਆ । ਗਿਆਰਾਂ ਵਜੇ ਦੇ ਕਰੀਬ ਘਰੋਂ ਨਿਕਲੇ ਤਾਂ ਅਸਮਾਨ ਸਾਫ ਸੀ ਪਰੰਤੂ ਰਸਤੇ ਵਿੱਚ ਮੋਹਲੇਧਾਰ ਬਾਰ _ਰੂ ਹੋ ਗਈ । ਸਭ ਕਾਰਾਂ ਵਾਲੇ ਸੜਕ ਦੇ ਕੰਢੇ ਪਾਰਕ ਕਰ ਕੇ ਬਾਰ ਰੁਕਣ ਦੀ ਉਡੀਕ ਕਰ ਰਹੇ ਸਨ । ਬਲਦੇਵ ਦੇ ਦੋਸਤ ਦਾ ਘਰ ਸੜਕ ਦੇ ਨੇੜੇ ਸੀ । ਅਸੀਂ ਉਥੇ ਜਾ ਕੇ ਰੁਕਣਾ ਠੀਕ ਸਮਝਿਆ । ਇਹ ਸੱਜਣ ਜੰਡਿਆਲੇ ਗੁਰੂ ਕੇ ਦੇ ਨਿਕਲ ਆਏ । ਇਥੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੀ ਐਚ਼ ਡੀ਼ ਕਰ ਰਹੇ ਹਨ ਪਰੰਤੂ ਫੈਲੋਂ ਪ ਨਾ ਮਿਲਣ ਕਰਕੇ ਟੱਬਰ ਦਾ ਨਿਰਬਾਹ ਟੈਕਸੀ ਚਲਾ ਕੇ ਕਰਦੇ ਹਨ । ਦਰਅਸਲ, ਕੈਨੇਡਾ ਅਤੇ ਅਮਰੀਕਾ ਵਾਂਗ ਅਸਟਰੇਲੀਆ ਵਿੱਚ ਵੀ ਸਭ ਤੋਂ ਅਮੀਰ ਭਾਰਤੀ ਡਾਕਟਰ ਹਨ ਅਤੇ ਦੂਸਰੇ ਨੰਬਰ ਤੇ ਆਮਦਨ ਦੇ ਲਿਹਾਜ ਨਾਲ ਟੈਕਸੀ ਡਰਾਈਵਰ ਹੀ ਆਉਂਦੇ ਹਨ । ਅਸੀਂ ਅਜੇ ਚਾਹ ਪੀ ਕੇ ਗੱਪਾਂ ਮਾਰ ਰਹੇ ਸਾਂ ਕਿ ਬਾਰ ਰੁਕ ਗਈ ਅਤੇ ਅਸੀਂ ਆਪਣੀ ਪਹਾੜ ਦੀ ਯਾਤਰਾ ਅਰੰਭ ਕਰ ਦਿੱਤੀ ।

ਬਲਿਊ ਮਾਊਂਟੇਨ ਹਿਮਾਲਾ ਪਰਬਤ ਵਾਂਗ ਕੋਈ ਉਚੇ ਪਹਾੜ ਨਹੀਂ ਸਗੋਂ ਕਾਲਕਾਂਕਿਸੌਲੀ ਦੀਆਂ ਪਹਾੜੀਆਂ ਤੋਂ ਵੀ ਘੱਟ ਉਚੇ ਹਨ । ਇਕ ਘੰਟੇ ਦੇ ਸਫਰ ਬਾਅਦ ਅਸੀਂ ਪਹਾੜ ਦੀ ਟੀਸੀ ਉਪਰ ਵਸੇ ਹਿਰ ਕਟੂੰਬਾ ਪਹੁੰਚ ਗਏ । ਇਥੋਂ ਪਹਾੜੀ ਨ ਾਰੇ ਅਤੇ ਟੂਰਿਸਟ ਸਪਾਟ ਨੇੜੇ ਹੀ ਹਨ । ਛੁੱਟੀ ਦਾ ਦਿਨ ਹੋਣ ਕਰਕੇ ਸਿਡਨੀ ਤੋਂ ਬਹੁਤ ਸਾਰੀਆਂ ਯਾਤਰੀ ਬੱਸਾਂ ਕਟੂੰਬਾ ਪਹੁੰਚ ਗਈਆਂ ਸਨ । ਬਹੁਤ ਸਾਰੇ ਯਾਤਰੀ ਪਿਕਨਿਕ ਕਰਨ ਆਏ ਹੋਏ ਸਨ । ਇਥੇ ਤਿੰਨ ਪਹਾੜੀ ਚੋਟੀਆਂ ਨਾਲੋ ਨਾਲ ਖੜੀਆਂ ਦਿਖਾਈ ਦਿੰਦੀਆਂ ਹਨ । ਜਿਸ ਕਰਕੇ ਇਨ੍ਹਾਂ ਨੂੰ ਤਿੰਨ ਭੈਣਾਂ (ਥ੍ਰੀ ਸਿਸਟਰ ) ਕਿਹਾ ਜਾਂਦਾ ਹੈ । ਦਰਅਸਲ, ਇਸ ਜਗਹ ਪਹਾੜ ਇਕ ਦੀਵਾਰ ਵਾਂਗ ਸਿੱਧਾ ਖੜਾ ਹੈ ਅਤੇ ਹੇਠ ਘਾਟੀ ਵਿੱਚ ਘਣੇ ਜੰਗਲ ਹਨ । ਯਾਤਰੀ ਦੇ ਦਿਲ ਪਰਚਾਵੇ ਲਈ ਟਰਾਲੀ ਦਾ ਪ੍ਰਬੰਧ ਹੈ ਜਿਸ ਉਪਰ ਸਵਾਰ ਹੋ ਕੇ ਦੂਸਰੇ ਪਹਾੜ ਵੱਲ ਜਾਇਆ ਜਾ ਸਕਦਾ ਹੈ । ਇਥੇ ਇਕ ਰੇਲ ਗੱਡੀ ਵੀ ਚੱਲਦੀ ਹੈ ਜੋ ਪਹਾੜ ਤੋਂ ਸਿੱਧੀ ਹੇਠ ਜੰਗਲ ਤੱਕ ਅੱਪੜ ਜਾਂਦੀ ਹੈ । ਅਸੀਂ ਇਸ ਗੱਡੀ ਦੀ ਸਵਾਰੀ ਕੀਤੀ । ਇਹ ਇੰਨੀ ਤਿਰਛੀ ਢਲਾਣ ਤੇ ਉਤਰਦੀ ਹੈ ਕਿ ਇਕ ਵਾਰ ਆਦਮੀ ਦਾ ਦਿਲ ਕੰਬ ਜਾਂਦਾ ਹੈ । ਹੇਠ ਪਹੁੰਚ ਕੇ ਜੰਗਲ ਵਿੱਚ ਭਾਂਤ ਭਾਂਤ ਦੇ ਫੁੱਲਦਾਰ ਬੂਟੇ ਹਨ । ਕਟੂੰਬਾ ਤੋਂ ਹੋਰ ਅੱਗੇ ਵੀ ਟੂਰਿਸਟ ਸਪਾਟ ਹਨ ਅਤੇ ਖਾਸ ਕਰਕੇ ਪਹਾੜੀ ਗੁਫਾਵਾਂ ਤਾਂ ਬਹੁਤ ਹੀ ਪ੍ਰਸਿੱਧ ਹਨ । ਇਨ੍ਹਾਂ ਦੀ ਯਾਤਰਾ ਕਰਨ ਲਈ ਸਾਨੂੰ ਇਕ ਰਾਤ ਰੁਕਣਾ ਪੈਣਾ ਸੀ ਜਿਸ ਕਰਕੇ ਅਸੀਂ ਕਟੂੰਬਾ ਤੋਂ ਹੀ ਵਾਪਸ ਪਰਤ ਆਏ । ਪਹਾੜ ਉਪਰ ਰੇਲ ਗੱਡੀ ਅਤੇ ਸੜਕ ਨਾਲੋ ਨਾਲ ਹੀ ਹਨ । ਸੜਕ ਵੀ ਸਾਡੀ ਜੀ ਟੀ ਰੋਡ ਤੋਂ ਚੌੜੀ ਹੈ ਅਤੇ ਇਕ ਵਾਰੀ ਪਹਾੜ ਦੀ ਟੀਸੀ ਉਪਰ ਪਹੁੰਚ ਕੇ ਫਿਰ ਨਿਰੰਤਰ ਪੱਧਰੀ ਧਰਤੀ ਹੀ ਹੈ। ਪਹਾੜਾਂ ਦੀ ਇਹ ਲੜੀ ਕਈ ਸੌ ਕਿਲੋਮੀਟਰ ਤੱਕ ਚੱਲਦੀ ਹੈ ।

ਦੁਪਹਿਰ ਦਾ ਲੰਚ ਇਕ ਰੈਸਤੋਰਾਂ ਵਿੱਚ ਕਰਕੇ ਅਸੀਂ ਚਾਰ ਵਜੇ ਦੇ ਕਰੀਬ ਸਿਡਨੀ ਪਰਤ ਆਏ । ਾਮ ਦਾ ਡਿਨਰ ਪ੍ਰੋ਼ ਢੀਡਸਾ ਦੇ ਘਰ ਵਰਜਿਆ ਹੋਇਆ ਸੀ । ਇਹ ਰੋਪੜ ਦੇ ਇਲਾਕੇ ਦੇ ਜੰਮਪਲ ਹਨ ਅਤੇ ਅਮਰੀਕਾ ਤੋਂ ਪੀ ਐਚ਼ ਡੀ਼ ਕਰਕੇ ਸਿਡਨੀ ਦੇ ਇਕ ਹਸਪਤਾਲ ਵਿੱਚ ਕੈਮਿਸਟਰੀ ਦੇ ਪ੍ਰੋਫੈਸਰ ਹਨ । ਇਨ੍ਹਾਂ ਦਾ ਸਾਰਾ ਪ੍ਰਵਾਰ ਹੁਣ ਅਸਟਰੇਲੀਆ ਆ ਗਿਆ ਹੈ । ਢੀਡਸਾ ਦੇ ਘਰ ਕੁਝ ਹੋਰ ਪੰਜਾਬੀ ਪ੍ਰਵਾਰ ਵੀ ਪ੍ਰੀਤੀ ਭੋਜਨ ਤੇ ਸੱਦੇ ਹੋਏ ਸਨ । ਕਾਫੀ ਰਾਤ ਤੱਕ ਇਹ ਪ੍ਰੋਗਰਾਮ ਚੱਲਦਾ ਰਿਹਾ ਅਤੇ ਅੱਧੀ ਰਾਤ ਗਈ ਅਸੀਂ ਘਰ ਵਾਪਸ ਆ ਗਏ ।

ਐਤਵਾਰ 12 ਫਰਵਰੀ ਨੂੰ ਮੈ ਮੈਲਬੋਰਨ ਦੇ ਹਿਰ ਪਹੁੰਚਣਾ ਸੀ । ਦੁਪਿਹਰ ਤੱਕ ਮੈ ਬਲਦੇਵ ਦੇ ਘਰ ਹੀ ਸਾਂ । ਮੇਰੀ ਇੱਛਾ ਸੀ ਕਿ ਸਿਡਨੀ ਦੇ ਗੁਰਦਵਾਰੇ ਵੀ ਜਾ ਆਵਾਂ? ਬਲਦੇਵ ਦੀ ਐਤਵਾਰ ਦੀ ਡਿਊਟੀ ਲੱਗੀ ਹੋਈ ਸੀ ਜਿਸ ਕਰਕੇ ਗੁਰਦਵਾਰੇ ਦਾ ਪ੍ਰੋਗਰਾਮ

ਸਿਰੇ ਨਾ ਚੜ੍ਹ ਸਕਿਆ । ਉਸ ਨੇ ਦੱਸਿਆ ਕਿ ਹੁਣ ਸਿਡਨੀ ਵਿੱਚ ਵੀ ਦੋ ਤਿੰਨ ਗੁਰਦਵਾਰੇ ਬਣ ਗਏ ਹਨ । ਜਦੋ ਇਕ ਗੁਰਦਵਾਰੇ ਝਗੜਾ ਹੋ ਜਾਂਦਾ ਹੈ ਤਾਂ ਦੂਸਰੀ ਧਿਰ ਆਪਣਾ ਅਲਹਿਦਾ ਗੁਰਦਵਾਰਾ ਬਣਾ ਲੈਂਦੀ ਹੈ । ਅਸਟਰੇਲੀਆ ਵਿੱਚ ਸਭ ਤੋਂ ਪੁਰਾਣੀ ਸਿੱਖ ਵਸੋ ਦਾ ਇਲਾਕਾ ਕੁਈਨ ਲੈਂਡ ਵਿੱਚ ਵੂਲਗੂਲਗਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਇਥੇ ਸਿੱਖਾਂ ਦੇ ਕੇਲੇ ਦੇ ਫਾਰਮ ਹਨ ਅਤੇ ਇਹ ਜੱਦੀ ਪੁ ਤੀ ਖੇਤੀ ਦਾ ਕੰਮ ਕਰਦੇ ਆ ਰਹੇ ਹਨ । ਅਸਟਰੇਲੀਆ ਦਾ ਸਭ ਤੋਂ ਸੁੰਦਰ ਅਤੇ ਆਲੀ ਾਨ ਗੁਰਦਵਾਰਾ ਵੀ ਇਸੇ  ਹਿਰ ਵਿੱਚ ਹੈ । ਮੇਰੇ ਕੋਲ ਸਮੇ ਦੀ ਥੁੜ ਸੀ ਵਰਨਾ ਅਸਟਰੇਲੀਆ ਦੇ ਪੰਜਾਬ ਦਾ ਦੌਰਾ ਕਰ ਆਉਂਦਾ ।

ਵਰਿੰਗਟਨ ਵਿੱਚ ਕੁਝ ਦਿਨ ਰਹਿਣ ਕਰਕੇ ਜਸਵਿੰਦਰ ਦੇ ਪਿਤਾ ਜੀ ਜੋ ਕੁਝ ਦਿਨ ਪਹਿਲਾਂ ਹੀ ਸਿਡਨੀ ਪਹੁੰਚੇ ਸਨ ਮੇਰੇ ਸਾਥੀ ਬਣ ਗਏ ਅਤੇ ਅਸੀ ਦੋਵੇ ਜਣੇ ਸਵੇਰ ਦੀ ਸੈਰ ਕਰ ਆਉਂਦੇ । ਇਉਂ ਜਾਪਦਾ ਸੀ ਜਿਵੇ ਕਿਸੇ ਫਾਰਮ ਹਾਊਸ ਤੇ ਰਹਿ ਰਹੇ ਹਾਂ । ਘਰੋ ਨਜਦੀਕ ਹੀ ਇਕ ਬਣਾਉਟੀ ਝੀਲ ਹੈ ਜਿਸ ਦੁਆਲੇ ਸੈਰਗਾਹ ਬਣੀ ਹੋਈ ਹੈ । ਇਕ ਘੋੜਿਆਂ ਦਾ ਸਟੱਡ ਹੈ ਜਿਥੇ ਵੰਨ ਸੁਵੰਨੇ ਘੋੜੇ ਪਾਲੇ ਜਾਂਦੇ ਹਨ । ਇਨ੍ਹਾਂ ਦੇ ਘਰ ਤੋਂ ਥੋੜੀ ਦੂਰੀ ਉਪਰ ਦਿੱਲੀ ਤੋਂ ਆਏ ਕੰਪਿਊਟਰ ਇੰਜੀਨੀਅਰ ਅਨਿਲ ਕੁਮਾਰ ਦਾ ਘਰ ਹੈ । ਐਤਵਾਰ ਮੇਰੀ ਵਿਦਾਇਗੀ ਤੋਂ ਪਹਿਲਾਂ ਅਨਿਲ ਕੁਮਾਰ ਨੇ ਆਪਣੇ ਘਰ ਦਾਅਵਤ ਦਿੱਤੀ । ਉਸ ਦੀ ਘਰਵਾਲੀ ਨੇ ਸਾਨੂੰ ਆਲੂ ਗੋਭੀ ਦੇ ਪਰੌਂਠੇ ਅਤੇ ਹਲਵਾ ਖਵਾ ਕੇ ਨਿਹਾਲ ਕਰ ਦਿੱਤਾ । ਬਲਦੇਵ ਸਿੰਘ ਨਹੀ ਸੀ, ਸੋ ਮੈਨੂੰ ਰੇਲਵੇ ਸਟੇ ਨ ਤੇ ਗੱਡੀ ਚੜ੍ਹਾਉਣ ਦੀ ਜਿੰਮੇਵਾਰੀ ਵੀ ਉਸ ਨੇ ਲੈ ਰੱਖੀ ਸੀ । ਮੈ ਆਪਣਾ ਸਮਾਨ ਉਸਦੀ ਕਾਰ ਵਿੱਚ ਰੱਖਿਆ ਅਤੇ ਉਹ ਮੈਨੂੰ ਸਿਡਨੀ ਦੇ ਸੈਂਟਰਲ ਸਟੇ ਨ ਜਾਣ ਵਾਲੀ ਗੱਡੀ ਵਿੱਚ ਬਿਠਾ ਗਿਆ । ਸਟੇ ਨ ਦੇ ਬਾਹਰ ਏਅਰਪੋਰਟ ਨੂੰ ਜਾਣ ਵਾਲੀ ਬੱਸ ਤੇ ਸਵਾਰ ਹੋ ਕੇ ਮੈ ਦੋ ਵਜੇ ਦੇ ਕਰੀਬ ਏਅਰਪੋਰਟ ਤੇ ਪਹੁੰਚ ਗਿਆ । ਤਿੰਨ ਵਜੇ ਮੇਰੇ ਜਹਾਜ ਨੇ ਉਡਾਨ ਭਰੀ ਅਤੇ ਮੈ ਸਿਡਨੀ ਦੇ ਸੁੰਦਰ  ਹਿਰ ਨੂੰ ਅਲਵਿਦਾ ਕਹਿ ਕੇ ਮੈਲਬੋਰਨ ਵੱਲ ਰਵਾਨਾ ਹੋ ਪਿਆ ।

# ਮੇਰਾ ਆਖਰੀ ਪੜਾਅ [ ਮੈਲਬੋਰਨ

---

ਕੈਬਰਾ ਅੰਤਰਗਰਾ ਟਰੀ ਕਾਨਫਰੰਸ ਉਪਰ ਮੈਲਬੋਰਨ ਯੂਨੀਵਰਸਿਟੀ ਦੇ ਵਿਗਿਆਨੀ ਵੀ ਾਮਲ ਸਨ । ਪ੍ਰੋ ਜੈਮੀਸਨ ਨੇ ਮੈਨੂੰ ਮੈਲਬੋਰਨ ਆਉਣ ਦਾ ਸੱਦਾ ਪੱਤਰ ਦਿੱਤਾ । ਦਰਅਸਲ, ਉਹ ਕੈਬਰਾ ਤੋਂ ਬਾਅਦ ਮੈਲਬੋਰਨ ਵਿਖੇ ਇਕ ਅੰਤਰਗਰਾ ਟਰੀ ਗੋ ਟੀ ਦਾ ਪ੍ਰਬੰਧ ਕਰ ਬੈਠਾ ਸੀ ਅਤੇ ਉਸਦੀ ਇਛਾ ਸੀ ਕਿ ਕੈਬਰਾ ਦੀ ਕਾਨਫਰੰਸ ਵਿੱਚ ਆਏ ਵਿਦੇ ੀ ਵਿਗਿਆਨੀ ਇਸ ਗੋ ਟੀ ਵਿੱਚ ਵੀ ਾਮਲ ਹੋਣ । ਮੈ ਆਪਣੀ ਅਸਟਰੇਲੀਆ ਯਾਤਰਾ ਆਰੰਭ ਕਰਨ ਤੋਂ ਪਹਿਲਾਂ ਪ੍ਰੋ ਜੈਮੀਸਨ ਨੂੰ ਫੈਕਸ ਰਾਹੀਂ ਸੁਨੇਹਾ ਵੀ ਭੇਜ ਦਿੱਤਾ ਸੀ । ਮੈਲਬੋਰਨ ਅਸਟਰੇਲੀਆ ਦਾ ਦੂਜਾ ਵੱਡਾ ਹਿਰ ਹੈ ਅਤੇ ਸੁੰਦਰਤਾ ਦੇ ਲਿਹਾਜ ਨਾਲ ਸਿਡਨੀ ਤੋਂ ਇਕ ਕਦਮ ਅੱਗੇ ਹੀ ਹੈ ।

ਐਨਸੈਟ ਕੰਪਨੀ ਦੇ ਜਹਾਜ ਤੇ ਸਵਾਰ ਹੋ ਕੇ ਮੈ ਚਾਰ ਵਜੇ ਦੇ ਕਰੀਬ ਮੈਲਬੋਰਨ ਦੀ ਏਅਰਪੋਰਟ ਤੇ ਜਾ ਉਤਰਿਆ । ਸੋਹਨ ਲਾਲ ਕੌਲ ਜਿਸਨੇ ਪਟਿਆਲੇ ਮੇਰੀ ਨਿਗਰਾਨੀ ਹੇਠ ਪੀ੍ਐਚ਼ ਡੀ਼ ਦੀ ਡਿਗਰੀ ਪ੍ਰਾਪਤ ਕੀਤੀ ਸੀ, ਇਸੇ ਹਿਰ ਵਿੱਚ ਆਬਾਦ ਹੋ ਚੱਕਾ ਹੈ । ਉਸਨੂੰ ਟੈਲੀਫੋਨ ਤੇ ਮੈ ਆਪਣੇ ਪਹੁੰਚਣ ਬਾਰੇ ਸੂਚਨਾ ਦੇ ਰੱਖੀ ਸੀ । ਉਹ ਏਅਰਪੋਰਟ ਤੇ ਮੈਨੂੰ ਲੈਣ ਆਇਆ ਹੋਇਆ ਸੀ ਅਤੇ ਮੈਨੂੰ ਆਪਣੇ ਘਰ ਵਿੱਚ ਰੱਖਣ ਲਈ ਬਜਿ ਦ ਸੀ । ਵੈਸੇ ਮੈਲਬੋਰਨ ਯੂਨੀਵਰਸਿਟੀ ਵਾਲਿਆਂ ਮੇਰੀ ਰਹਾਇ ਦਾ ਪ੍ਰਬੰਧ ਕਰ ਰੱਖਿਆ ਸੀ । ਮੈ ਵੀ ਉਸ ਕੋਲ ਰਹਿਣ ਨੂੰ ਤਰਜੀਹ ਦਿੱਤੀ ਤਾਂ ਕਿ ਉਹ ਮੈਲਬੋਰਨ ਦੀ ਸੈਰ ਵੀ ਕਰਵਾ ਦੇਵੇਗਾ । ਸੋਹਨ ਲਾਲ ਨੇ 1981 ਵਿੱਚ ਹੀ ਅਸਟਰੇਲੀਆ ਆਣ ਨਿਵਾਸ ਕੀਤਾ ਜਦੋਂ ਉਸ ਨੂੰ ਇਕ ਖੋਜ ਪ੍ਰਯੋਗ ਾਲਾ ਵਿੱਚ ਨੌਕਰੀ ਮਿਲੀ ਸੀ । ਉਸਦੀ ਪਤਨੀ ਵਿਜੇ ਕੌਲ ਯੂਨੀਵਰਸਿਟੀ ਵਿੱਚ ਖੋਜ ਵਿਗਿਆਨੀ ਦਾ ਕੰਮ ਕਰਦੀ ਹੈ । ਇਨ੍ਹਾਂ ਦੋਹਾਂ ਨੇ ਚੰਗੀ ਪੂਜੀ ਲਾ ਕੇ ਮੈਲਬੋਰਨ ਵਿੱਚ ਕੁਝ ਮਕਾਨ ਖਰੀਦ ਲਏ ਅਤੇ ਇਕ ਕ ਮੀਰੀ ਰੈਸਤੋਰਾਂ ਚਲਾ ਰੱਖਿਆ ਹੈ । ਮਕਾਨਾਂ ਦੀਆਂ ਕੀਮਤਾਂ ਗਿਰ ਜਾਣ ਕਾਰਨ ਕੁਝ ਘਾਟਾ ਪਿਆ ਪਰੰਤੂ ਰੈਸਤੋਰਾਂ ਚੰਗਾ ਚਲ ਪਿਆ ਅਤੇ ਆਮਦਨੀ ਦਾ ਜਰੀਆ ਬਣ ਗਿਆ । ਅੱਜ ਕੱਲ ਇਹ ਜੋੜੀ ਇਕ ਕੰਪਨੀ ਬਣਾ ਕੇ ਹੋਰ ਵੀ ਪਸਾਰਾ ਕਰ ਰਹੀ ਹੈ ਅਤੇ ਮਾਇਆ ਇਕੱਤਰ ਕਰਨ ਵਿੱਚ ਕਾਫੀ ਮੁਹਾਰਤ ਹਾਸਲ ਕਰ ਚੁੱਕੇ ਹਨ ।

ਮੈਲਬੋਰਨ ਵਿੱਚ ਮੌਸਮ ਕੈਬਰਾ ਅਤੇ ਸਿਡਨੀ ਦੇ ਮੁਕਾਬਲੇ ਵਧੇਰੇ ਗਰਮ ਸੀ । ਮੈ ਸੋਹਨ ਲਾਲ ਨੂੰ ਪੱਖਾ ਚਲਾਉਣ ਲਈ ਕਿਹਾ ਪਰੰਤੂ ਇਥੇ ਘਰਾਂ ਵਿੱਚ ਛੱਤ ਵਾਲੇ ਪੱਖੇ ਦਾ ਰਿਵਾਜ ਨਹੀਂ ਹੈ । ਉਹ ਕਹਿੰਦਾ ਅਸੀ ਬਾਹਰ ਵਿਹੜੇ ਵਿੱਚ ਬੈਠਦੇ ਹਾਂ ਕਿਉਕਿ ਅੰਦਰ ਗਰਮੀ ਹੈ । ਜਦੋਂ ਬਾਰ ਹੋ ਜਾਵੇ ਤਾਂ ਮੌਸਮ ਸੁਹਾਵਣਾ ਹੋ ਜਾਂਦਾ ਹੈ । ਆਮ ਤੌਰ ਤੇ ਮੈਲਬੋਰਨ ਵਿੱਚ ਹਰ ਦੂਜੇ ਜਾਂ ਤੀਜੇ ਦਿਨ ਬਾਰ ਹੋ ਜਾਂਦੀ ਹੈ । ਸੋਹਨ ਲਾਲ ਨੇ ਬੜੇ ੌਕ ਨਾਲ ਆਪਣਾ ਘਰ ਬਣਾਇਆ ਹੈ, ਇਸ ਵਿੱਚ ਸਵਿਮਿੰਗ ਪੂਲ ਵੀ ਹੈ । ਉਹ ਕਹਿੰਦਾ ਜੇਕਰ ਜਿਆਦਾ ਗਰਮੀ ਲਗ ਰਹੀ ਹੈ ਤਾਂ ਪੂਲ ਵਿੱਚ ਡੁਬਕੀ ਲਗਾ ਲਵੋ ।
ਦੇਰ ਰਾਤ ਗਿਆਂ ਉਸਦੀ ਪਤਨੀ ਵੀ ਘਰ ਪਰਤ ਆਈ । ਜਾਪਦਾ ਸੀ ਉਹ ਰੈਸਤੋਰਾਂ ਦਾ ਕੰਮ ਸਮੇਟ ਕੇ ਆਈ ਹੈ । ਉਸਦੇ ਆਉਣ ਤੱਕ ਅਸੀ ਕ ਮੀਰੀ ਰਾਜਮਾਹ ਅਤੇ ਚੌਲ ਖਾ ਚੁਕੇ ਸਾਂ । ਸੋਹਨ ਲਾਲ ਦੀ ਧੀ ਜੈਸਮੀਨ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ ਅਤੇ ਆਪਣੀ ਜਮਾਤ ਵਿੱਚ ਪਹਿਲੇ ਨੰਬਰ ਤੇ ਰਹਿੰਦੀ ਹੈ । ਇਥੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਚੰਗਾ ਪ੍ਰਬੰਧ ਹੈ ਪਰੰਤੂ ਫਿਰ ਵੀ ਮਾਪੇ ਭਾਰਤ ਵਾਂਗ ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ ਦਿੰਦੇ ਹਨ । ਸਕੂਲਾਂ ਦੇ ਅਹਾਤੇ ਕਈ ਏਕੜਾਂ ਵਿੱਚ ਫੈਲੇ ਹੋਏ ਹਨ ਕਿਉਕਿ ਅਸਟਰੇਲੀਆ ਵਿੱਚ ਜਮੀਨ ਦੀ ਕੋਈ ਕਮੀ ਨਹੀਂ ਹੈ ।

13 ਫਰਵਰੀ ਸੋਮਵਾਰ ਸਵੇਰੇ ਨਾ ਤਾ ਕਰਕੇ ਅਸੀਂ ਤਿਆਰ ਹੋ ਗਏ ਅਤੇ ਸੋਹਨ ਲਾਲ ਮੈਨੂੰ ਮੈਲਬੋਰਨ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿੱਚ ਛੱਡ ਗਿਆ । ਵਿਭਾਗ ਦੀ ਸੱਤਵੀਂ ਮੰਜਿ ਲ ਉਪਰ ਗੋ ਟੀ ਦਾ ਪ੍ਰਬੰਧ ਕੀਤਾ ਗਿਆ ਸੀ । ਮੇਰੇ ਜਾਣ ਤੱਕ ਡੈਲੀਗੇਟ ਕਾਨਫਰੰਸ ਹਾਲ ਵਿੱਚ ਇਕੱਠੇ ਹੋ ਚੁੱਕੇ ਸਨ ਅਤੇ ਸਭ ਤੋਂ ਪਹਿਲਾਂ ਸਾਨੂੰ ਖੋਜ ਪ੍ਰਯੋਗ ਾਲਾ ਵਿੱਚ ਲਿਜਾਇਆ ਗਿਆ । ਇਸ ਖੋਜ ਕੇਂਦਰ ਵਿੱਚ ਖੋਜ ਦੀਆਂ ਚੰਗੀਆਂ ਸਹੂਲਤਾਂ ਵੇਖ ਕੇ ਦੰਗ ਰਹਿ ਗਏ । ਯੂਨੀਵਰਸਿਟੀ ਨੂੰ ਖੋਜ ਕਰਨ ਲਈ ਸਰਕਾਰੀ ਗਰਾਂਟ ਤੋਂ ਇਲਾਵਾ ਇੰਡਸਟਰੀ ਤੋਂ ਚੋਖੀ ਸਹਾਇਤਾ ਪ੍ਰਾਪਤ ਹੋਈ ਹੈ ।

ਅਜੇ ਅਸੀਂ ਖੋਜ ਸਹੂਲਤਾਂ ਦਾ ਸਰਵੇਖਣ ਕਰ ਹੀ ਰਹੇ ਸਾਂ ਕਿ ਇਕ ਨੌਜਵਾਨ ਮੇਰੀ ਤਲਾ ਕਰਦਾ ਹੋਇਆ ਆ ਬਹੁੜਿਆ । ਉਸਨੇ ਆਪਣਾ ਨਾਮ ਕੋਚੀ ਵਿਰਕ ਦੱਸਿਆ ਅਤੇ ਉਹ ਮੈਲਬੋਰਨ ਯੂਨੀਵਰਸਿਟੀ ਦੇ ਭੌਤਿਕ ਵਿਭਾਗ ਵਿੱਚ ਐਮ਼ ਐਸ਼ ਸੀ਼ ਦਾ ਵਿਦਿਆਰਥੀ ਹੈ । ਸਿਡਨੀ ਵਿੱਚ ਇਸ ਦਾ ਚਾਚਾ ਹਰਚਰਨ ਸਿੰਘ ਵਿਰਕ ਇਕ ਮ ਹੂਰ ਡਾਕਟਰ ਹੈ ਜਿਸਨੇ ਮੇਰੇ ਬਾਰੇ ਸੂਚਨਾ ਆਪਣੇ ਭਰਾ ਗੁਰਚਰਨ ਸਿੰਘ ਨੂੰ ਭੇਜ ਰੱਖੀ ਸੀ । ਇਹ ਵਿਰਕ ਪ੍ਰੀਵਾਰ ਮਲੇ ੀਆ ਤੋਂ ਆਸਟਰੇਲੀਆ ਵਿੱਚ ਆ ਵੱਸਿਆ ਹੈ । ਇਨ੍ਹਾਂ ਦਾ ਦਾਦਾ ਚੂਹੜਕਾਣੇ ਤੋਂ ਅੰਗਰੇ ਸਰਕਾਰ ਦੀ ਪੁਲੀਸ ਵਿੱਚ ਭਰਤੀ ਹੋ ਕੇ ਉਨੀਵੀਂ ਸਦੀ ਦੇ ਅਖੀਰ ਵਿੱਚ ਮਲਾਇਆ ਪਹੁੰਚ ਗਿਆ । ਇਥੇ ਇਸ ਦੇ ਪ੍ਰੀਵਾਰ ਨੇ ਚੋਖੀ ਜਾਇਦਾਦ ਖਰੀਦ ਲਈ ਅਤੇ ਇਸ ਦੇ ਪੁੱਤਰ ਨੇ ਪੁਲੀਸ ਕਪਤਾਨ ਦਾ ਅਹੁਦਾ ਪ੍ਰਾਪਤ ਕੀਤਾ । ਅੱਗੋ ਉਸਦੇ ਅੱਠ ਬੱਚੇ ਹੋਏ ਜੋ ਚੰਗੇ ਅਹੁਦਿਆਂ ਉਪਰ ਕੰਮ ਕਰ ਰਹੇ ਹਨ ।

ਜਦੋਂ ਮੈ 1990 ਵਿੱਚ ਮਲੇ ੀਆ ਗਿਆ ਸਾਂ ਤਾਂ ਇਸ ਵਿਰਕ ਪ੍ਰੀਵਾਰ ਨਾਲ ਸੰਪਰਕ ਕਾਇਮ ਹੋ ਗਿਆ । ਡਾ਼ ਹਰਚਰਨ ਸਿੰਘ ਵੀ ਉਦੋਂ ਆਪਣੀ ਭੈਣ ਡਾ਼ ਹਰਬੰਸ ਕੌਰ ਕੋਲ ਕੁਆਲਾ ਲੰਪਰ ਛੁੱਟੀਆਂ ਕੱਟਣ ਆਇਆ ਹੋਇਆ ਸੀ । ਉਸਨੇ ਪ੍ਰੀਵਾਰ ਦੇ ਪਿਛੋਕੜ ਬਾਰੇ ਕੁਝ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਗਿਆਨੀ ਕੇਸਰ ਸਿੰਘ (ਕਨੇਡਾ ਵਾਲੇ) ਪੀਨਾਂਗ ਗੁਰਦਵਾਰੇ ਦੇ ਗ੍ਰੰਥੀ ਸਨ ਅਤੇ ਸਾਨੂੰ ਸਾਰੇ ਭੈਣਾਂ ਭਰਾਵਾਂ ਨੂੰ ਪੰਜਾਬੀ ਪੜ੍ਹਾਇਆ ਕਰਦੇ ਸਨ। ਹਰਚਰਨ ਦਾ ਵੱਡਾ ਭਰਾ ਗੁਰਚਰਨ ਸਿੰਘ ਆਈ਼ ਐਨ਼ ਏ ਵਿੱਚ ਭਰਤੀ ਹੋ ਗਿਆ ਅਤੇ ਸੁਭਾ ਚੰਦਰ ਬੋਸ ਦੇ ਮਲਾਇਆ ਤੋਂ ਬਚ ਨਿਕਲਣ ਵਿੱਚ ਮੱਦਦਗਾਰ ਸਾਬਤ ਹੋਇਆ । ਮੇਰੀ ਤਮੰਨਾ ਸੀ ਕਿ ਮੈਲਬੋਰਨ ਵਿੱਚ ਗੁਰਚਰਨ ਸਿੰਘ ਨੂੰ ਮਿਲ ਕੇ ਇਸ ਅਨੋਖੀ ਅਤੇ ਦਿਲਚਸਪ ਘਟਨਾ ਬਾਰੇ ਘੋਖ ਕੀਤੀ ਜਾਵੇ ਪਰੰਤੂ ਉਹ ਅਗਲੇ ਦਿਨ ਕਿਤੇ ਬਾਹਰ ਜਾ ਰਹੇ ਸਨ । ਕੁਝ ਸਾਲ ਪਹਿਲਾਂ ਅੰਗਰੇ ੀ ਟ੍ਰੀਬਿਊਨ ਵਿੱਚ ਬਿੱਲਾ ਬਰਾਰ ਨੇ ਇਸ ਘਟਨਾ ਬਾਰੇ ਆਪਣਾ ਲੇਖ ਵੀ ਛਾਪਿਆ ਸੀ । ਇਕ ਘੰਟੇ ਦੇ ਸਾਥ ਬਾਅਦ ਕੋਚੀ ਵਿਰਕ ਆਪਣੇ ਕੰਮ ਤੇ ਚਲਾ ਗਿਆ । ਯੂਨੀਵਰਸਿਟੀ ਵਿੱਚ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਉਹ ਕਿਸੇ ਰੈਸਤੋਰਾਂ ਵਿੱਚ ਨੌਕਰੀ ਕਰ ਰਿਹਾ ਸੀ ਤਾਂ ਕਿ ਆਪਣੀ ਪੜ੍ਹਾਈ ਜੋਗੇ ਪੈਸੇ ਕਮਾ ਲਏ । ਅਮਰੀਕਾ ਵਾਂਗ ਇਥੇ ਵੀ ਹਰ ਵਿਦਿਆਰਥੀ ਸਕੂਲ ਤੋਂ ਬਾਅਦ ਆਪ ਕਮਾ ਕੇ ਆਪਣੀ ਪੜ੍ਹਾਈ ਦਾ ਖਰਚ ਪੂਰਾ ਕਰਦਾ ਹੈ ।

ਦੁਪਹਿਰ ਦਾ ਲੰਚ ਕਰਨ ਉਪਰੰਤ ਮੇਰਾ ਪ੍ਰੋਗਰਾਮ ਸੀ ਕਿ ਮੈਲਬੋਰਨ ਵਿੱਚ ਘੁੰਮਿਆ ਜਾਵੇ ਪਰੰਤੂ ਤੇਜ ਧੁੱਪ ਕਾਰਨ ਮੈ ਲਾਇਬਰੇਰੀ ਵਿੱਚ ਹੀ ਬੈਠ ਗਿਆ ਅਤੇ ਖੋਜ ਰਸਾਲਿਆਂ ਦਾ ਅਧਿਐਨ _ਰੂ ਕਰ ਦਿੱਤਾ । ਾਮ ਦੇ ਪੰਜ ਵਜੇ ਮੈ ਭੂਵਿਗਿਆਨ ਵਿਭਾਗ ਵਿੱਚ ਕੁਝ ਵਿਗਿਆਨੀਆਂ ਨਾਲ ਗੁਫਤਗੂ ਕੀਤੀ ਅਤੇ ਉਨ੍ਹਾਂ ਦੇ ਖੋਜ ਕੰਮ ਦਾ ਜਾਇਜਾ ਲਗਾਇਆ। ਇਨ੍ਹਾਂ ਵਿਗਿਆਨੀਆਂ ਨੇ ਯੂਨੀਵਰਸਿਟੀ ਵਿੱਚ ਖੋਜ ਕਰਕੇ ਇਕ ਐਸੀ ਤਰਕੀਬ ਸੋਚੀ ਜਿਸ ਨਾਲ ਚੋਖਾ ਪੈਸਾ ਕਮਾਇਆ ਜਾ ਸਕੇ । ਇਨ੍ਹਾਂ ਨੇ ਰਲ ਕੇ ਇਕ ਕੰਪਨੀ ਬਣਾ ਰੱਖੀ ਹੈ ਜਿਸ ਦਾ ਨਾਮ ਜੀਓਟਰੈਕ ਹੈ । ਇਹ ਕੰਪਨੀ ਅਸਟਰੇਲੀਆ ਅਤੇ ਹੋਰ ਦੇ ਾਂ ਵਿੱਚ ਤੇਲ ਅਤੇ ਗੈਸ ਦੇ ਜਖੀਰੇ ਲੱਭਣ ਵਿੱਚ ਮੱਦਦ ਕਰਦੀ ਹੈ । ਇਸ ਤਰ੍ਹਾਂ ਆਪਣੀ ਖੋਜ ਨੂੰ ਵਰਤ ਕੇ ਇਨ੍ਹਾਂ ਚੰਗਾ ਪੈਸਾ ਕਮਾਇਆ ਹੈ ।

ਾਮ ਦੇ ਛੇ ਵਜੇ ਸਾਰੇ ਡੈਲੀਗੇਟਾਂ ਨੂੰ ਇਕ ਰੈਸਤੋਰਾਂ ਵਿੱਚ ਡਿਨਰ ਦੀ ਦਾਅਵਤ ਸੀ । ਇਥੇ ਸੂਰਜ ਛਿਪਣ ਤੋਂ ਪਹਿਲਾਂ ਹੀ ਰਾਤ ਦਾ ਖਾਣਾ ਆਰੰਭ ਹੋ ਜਾਂਦਾ ਹੈ ਅਤੇ ਮਹਿਮਾਨ ਨਿਵਾਜੀ ਦੇ ਮਿਆਰ ਨੂੰ ਮੁੱਖ ਰੱਖਦਿਆਂ ਇਹ ਭਾਵੇਂ ਅੱਧੀ ਰਾਤ ਤੱਕ ਚਲਦਾ ਰਹੇ । ਮੇਰੇ ਲਈ ਇਥੇ ਵੀ ਵਿ ੇ ਪ੍ਰਬੰਧ ਕੀਤਾ ਗਿਆ ਸੀ । ਮੈ ਕਿਉਂਕਿ ਸੋਹਨ ਲਾਲ ਦੇ ਘਰ ਮੈਲਬੋਰਨ ਤੋਂ ਚਾਲੀ ਕਿਲੋਮੀਟਰ ਬਾਹਰ ਪਹੁੰਚਣਾ ਸੀ, ਸੋ ਦਸ ਵਜੇ ਦੇ ਕਰੀਬ ਮੈ ਆਪਣੇ ਮੇ ਬਾਨ ਦਾ _ਕਰੀਆ ਅਦਾ ਕਰਕੇ ਚਲਦਾ ਬਣਿਆ । ਟੈਕਸੀ ਤੇ ਸਵਾਰ ਹੋ ਕੇ ਮੈ ਆਪਣੇ ਟਿਕਾਣੇ ਬਾਰੇ ਦੱਸਿਆ । ਡਰਾਈਵਰ ਨੇ ਪਹਿਲਾਂ ਨਕ ਾ ਪੜ੍ਹਿਆ ਅਤੇ ਫਿਰ ਹਾਂ ਕਰ ਦਿੱਤੀ । ਇਸ ਨੌਜਵਾਨ ਦਾ ਪਹਿਰਾਵਾ ਅਜੀਬੋ ਗਰੀਬ ਸੀ। ਉਸ ਨੇ ਕੰਨਾਂ ਵਿੱਚ ਮੁਰਕੀਆਂ ਪਾਈਆਂ ਸਨ ਅਤੇ ਸਿਰ ਦੇ ਵਾਲ ਪਿੱਛੇ ਕਰਕੇ ਗੁੱਤ ਜਹੀ ਕਰ ਰੱਖੀ ਸੀ । ਮੈ ਸੋਚਿਆ ਰਾਤ ਨੂੰ ਕਿਸੇ ਰਾਂਝਣ ਜੋਗੀ ਨਾਲ ਹੀ ਵਾਹ ਪੈ ਗਿਆ ਜਾਪਦਾ ਹੈ । ਵੇਖੀਏ ਮੰ ਿਲ ਤੇ ਪਹੁੰਚਦੇ ਹਾਂ ਜਾਂ ਕਿਸੇ ਬੇਲੇ ਵਿੱਚ । ਸੋਹਨ ਲਾਲ ਦੇ ਘਰ ਪਹੁੰਚ ਕੇ ਮੈਨੂੰ ਚੈਨ ਆਇਆ ਕਿਉਂਕਿ ਓਪਰੇ ਥਾਂ ਟੈਕਸੀ ਵਾਲਿਆਂ ਦਾ ਕੀ ਭਰੋਸਾ।

ਮੰਗਲਵਾਰ 14 ਫਰਵਰੀ ਨੂੰ ਸੋਹਨ ਲਾਲ ਨੇ ਪੂਰੀ ਦਿਹਾੜੀ ਮੇਰੇ ਨਾਲ ਸੈਰ ਸਪਾਟੇ ਦਾ ਪ੍ਰੋਗਰਾਮ ਬਣਾ ਰੱਖਿਆ ਸੀ । ਪਹਿਲਾਂ ਅਸੀਂ ਇਥੋ ਦਾ ਾਪਿੰਗ ਸੈਂਟਰ ਵੇਖਿਆ ਜਿੱਥੇ ਅਮਰੀਕਾ ਵਾਂਗ ਹਰ ਕਿਸਮ ਦਾ ਸਮਾਨ ਇਕੋ ਛੱਤ ਹੇਠ ਮਿਲ ਜਾਂਦਾ ਹੈ । ਫਿਰ ਅਸੀਂ ਮੈਲਬੋਰਨ ਦੇ ਬਾਹਰਲੀ ਸੜਕ ਤੇ ਪੈ ਕੇ ਡੈਡੇਨੋਂਗ ਹਿੱਲ (ਪਹਾੜੀਆਂ) ਉਪਰ ਪਹੁੰਚ ਗਏ । ਸਿਡਨੀ ਦੇ ਬਲਿਊ ਮਾਊਂਟੇਨ ਵਾਂਗ ਇਥੇ ਵੀ ਯਾਤਰੀ ਘੁੰਮਣ ਆ ਜਾਂਦੇ ਹਨ ਪਰੰਤੂ ਇਨ੍ਹਾਂ ਦੀ ਉਚਾਈ ਬਹੁਤ ਘੱਟ ਹੈ । ਹੇਠਾਂ ਘਾਟੀ ਵਿੱਚ ਮੈਲਬੋਰਨ ਦਾ ਹਿਰ ਦਿਖਾਈ ਦੇਂਦਾ ਹੈ ਅਤੇ ਦੂਰ ਕਿਨਾਰੇ ਇਥੋ ਦੀ ਬੰਦਰਗਾਹ ਲੱਭਦੀ ਹੈ । ਦੁਪਹਿਰ ਹੋਣ ਤੱਕ ਅਸੀਂ ਪਹਾੜੀ ਦੀ ਸੈਰ ਕਰਕੇ ਸਮੁੰਦਰੀ ਬੀਚ ਵੇਖਣ ਚਲੇ ਗਏ । ਰਸਤੇ ਵਿੱਚ ਅਸਟਰੇਲੀਅਨ ਜਿਮੀਂਦਾਰਾਂ ਦੇ ਫਾਰਮ ਵੀ ਵੇਖੇ । ਇਹ ਲੋਕ ਗਾਈਆਂ ਅਤੇ ਭੇਡਾਂ ਪਾਲਦੇ ਹਨ । ਗਾਈਆਂ ਤੋਂ ਦੁੱਧ ਅਤੇ ਮੀਟ ਪ੍ਰਾਪਤ ਕਰਦੇ ਹਨ ਅਤੇ ਭੇਡਾਂ ਤੋਂ ਉਨ ਦਾ

ਵਿਉਪਾਰ ਕਰਦੇ ਹਨ । ਅਸਟਰੇਲੀਆ ਉਨ ਦੇ ਉਤਪਾਦਨ ਵਿੱਚ ਸਭ ਤੋ ਮੋਹਰੀ ਦੇਸ ਹੈ ਅਤੇ ਅੰਮ੍ਰਿਤਸਰ ਦੇ ਕਾਰਖਾਨਿਆਂ ਵਿੱਚ ਵਧੇਰੇ ਕੱਚਾ ਮਾਲ ਇੱਥੋ ਹੀ ਮੁਹੱਈਆ ਕੀਤਾ ਜਾਂਦਾ ਹੈ ।

ਮੈਲਬੋਰਨ ਦੀ ਬੀਚ ਉਪਰ ਗਰਮੀ ਕਾਰਨ ਕੁਝ ਨੌਜਵਾਨ ਸਮੁੰਦਰ ਵਿੱਚ ਨਹਾ ਰਹੇ ਸਨ ਅਤੇ ਬਜੁਰਗ ਕੁੰਡੀ ਲਾਈ ਮੱਛੀਆਂ ਪਕੜ ਰਹੇ ਸਨ । ਪਾਣੀ ਘਟ ਡੂੰਘਾ ਹੋਣ ਕਰਕੇ ਮੱਛੀਆਂ ਦੇ ਪੂੰਗਰ ਤੈਰ ਰਹੇ ਨ ਰ ਆਉਂਦੇ ਸਨ । ਛੁੱਟੀ ਵਾਲੇ ਦਿਨ ਇਥੇ ਬਹੁਤ ਭੀੜ ਹੋ ਜਾਂਦੀ ਹੈ । ਬੀਚ ਦਾ ਗੇੜਾ ਲਾ ਕੇ ਅਸੀ ਲੰਚ ਕਰਨ ਇਕ ਰੈਸਤੋਰਾਂ ਵਿੱਚ ਬੈਠ ਗਏ ਜਿਥੇ ਕੇਵਲ ਇਟਾਲੀਅਨ ਪੀ ਾ ਹੀ ਮਿਲਦਾ ਸੀ । ਆਰਡਰ ਲੈਣ ਆਈ ਭਾਰਤੀ ਕੁੜੀ ਨੇ ਸਾਨੂੰ ਪੰਜਾਬੀ ਜਾਣ ਕੇ ਚੰਗਾ ਕਰਾਰਾ ਪੀ ਾ ਤਿਆਰ ਕਰਵਾਇਆ । ਖਾਣਾ ਤਾਂ ਸਵਾਦ ਸੀ ਪਰੰਤੂ ਮਿਰਚਾਂ ਸਾਡੇ ਪੰਜਾਬੀ ਢਾਬਿਆਂ ਤੋ ਵੀ ਵੱਧ ਤੇਜ ਸਨ ਜਿਸ ਕਰਕੇ ਸਾਨੂੰ ਫਰੂਟ ਕਰੀਮ ਅਤੇ ਆਈਸ ਕਰੀਮ ਲੋੜ ਨਾਲੋ ਵੱਧ ਖਾਣੀ ਪੈ ਗਈ । ਸਾਡੀ ਰੀਸੇ ਕੁਝ ਅਸਟਰੇਲੀਅਨ ਜੋੜੇ ਵੀ ਇਸਦਾ ਸਵਾਦ ਚੱਖ ਬੈਠੇ । ਉਹ ਤਾਂ ਛੇਤੀ ਹੀ ਤੋਬਾ ਕਰਕੇ ਆਪਣਾ ਮੱਛੀ ਵਾਲਾ ਪੀ ਾ ਖਾਣ ਵਿੱਚ ਰੁੱਝ ਗਏ ।

ਮੈਲਬੋਰਨ  ਹਿਰ ਯਾਰਾ ਦਰਿਆ ਕੰਢੇ ਵੱਸਿਆ ਹੋਇਆ ਹੈ ।  ਇਹ ਆਪਣੀ ਮਟਕ ਚਾਲ ਨਾਲ ਮੈਲਬੋਰਨ ਦੇ ਬਾਜਾਰਾਂ ਵਿੱਚੋ ਦੀ ਮੇਲ੍ਹਦਾ ਹੋਇਆ ਸਮੁੰਦਰ ਵਿੱਚ ਜਾ ਡਿਗਦਾ ਹੈ । ਇਸ ਦੇ ਕੰਢੇ ਸੈਰਗਾਹ ਹੈ ਅਤੇ ਵਿਕਟੋਰੀਆ ਯੁੱਗ ਦੇ ਨਮੂਨੇ ਦੀਆਂ  ਾਨਦਾਰ ਇਮਾਰਤਾਂ ਹਨ । ਪੁਰਾਣੇ  ਹਿਰ ਤੋ ਬਾਹਰ ਚਿੜੀਆ ਘਰ ਹੈ ਜਿਸ ਦੇ ਮੁੱਖ ਦੁਆਰ ਉਪਰ ਅੰਕਿਤ ਹੈ  ਆਪਣੇ ਪੁਰਖਿਆਂ ਨੂੰ ਇਥੋ ਮਿਲ ਸਕਦੇ ਹੋ  । ਇਸ ਚਿੜੀਆ ਘਰ ਅੰਦਰ ਕਈ ਕਿਸਮ ਦੇ ਛਿਮਪੈਜੀ ਅਤੇ ਬਣਮਾਨੂੰ ਹਨ ਜੋ ਮਨੁੱਖ ਵਾਂਗ ਹੀ ਹਰਕਤਾਂ ਕਰਦੇ ਹਨ । ਚਾਰ ਵਜੇ ਦੇ ਕਰੀਬ ਅਸੀ ਘਰ ਪਰਤ ਆਏ । ਸੋਹਨ ਲਾਲ ਤਾਂ ਆਪਣੇ ਰੈਸਤੋਰਾਂ ਵਿੱਚ ਚਲਾ ਗਿਆ ਅਤੇ ਮੈ ਥਕੇਵਾਂ ਦੂਰ ਕਰਨ ਲਈ ਸੌਣ ਦਾ ਪ੍ਰੋਗਰਾਮ ਬਣਾ ਲਿਆ । ਰਾਤ ਨੂੰ ਕ ਮੀਰੀ ਰੈਸਤੋਰਾਂ  ਵਾ ਵਾਨ  ਵਿੱਚ ਡਿਨਰ ਦੀ ਦਾਅਵਤ ਸੀ । ਦਸ ਵਜੇ ਦੇ ਕਰੀਬ ਵਿਜੇ ਕੌਲ ਮੈਨੂੰ ਆਪਣੀ ਕਾਰ ਵਿੱਚ ਲੈਣ ਆ ਗਈ । ਰੈਸਤੋਰਾਂ ਵਿੱਚ ਕ ਮੀਰੀ ਅਖਰੋਟ ਦੀ ਲੱਕੜੀ ਵਰਤੀ ਗਈ ਹੈ ਅਤੇ ਚੌਲਾਂ ਵਿੱਚੋ ਸੰਧੂਰ ਦੀ ਖੁ ਬੋ ਲਪਟਾਂ ਮਾਰਦੀ ਹੈ । ਖਾਣੇ ਬਾਅਦ ਕ ਮੀਰੀ ਕਾਹਵਾ ਵੀ ਭੇਟ ਕੀਤਾ ਗਿਆ । ਅਸਟਰੇਲੀਅਨ ਮੁਟਿਆਰਾਂ ਜਦੋ ਕ ਮੀਰੀ ਪਹਿਰਾਵੇ ਵਿੱਚ ਮਹਿਮਾਨ ਨਿਵਾਜੀ ਕਰਦੀਆਂ ਹਨ ਤਾਂ ਇਉ ਮਹਿਸੂਸ ਹੁੰਦਾ ਹੈ ਕਿ ਮੈਲਬੋਰਨ ਵਿੱਚ ਨਹੀ ਸਗੋ ਕ ਮੀਰ ਵਾਦੀ ਦੇ ਕਿਸੇ ਰੈਸਤੋਰਾਂ ਵਿੱਚ ਬੈਠੇ ਹਾਂ ।

15 ਫਰਵਰੀ ਬੁਧਵਾਰ ਨੂੰ ਮੇਰੀ ਮੈਲਬੋਰਨ ਤੋ ਵਿਦਾਇਗੀ ਸੀ । ਏਅਰਪੋਰਟ ਤੇ ਜਾਣ ਲਈ ਇਕ ਮਿਨੀ ਬੱਸ ਦਾ ਪ੍ਰਬੰਧ ਫੋਨ ਤੇ ਹੋ ਗਿਆ । ਡਰਾਈਵਰ ਨੂੰ ਦੱਸਿਆ ਗਿਆ ਸੀ ਕਿ ਉਹ ਘਰੋ ਆ ਕੇ ਮੈਨੂੰ ਲੈ ਜਾਵੇ । ਠੀਕ ਵਕਤ ਉਪਰ ਮਿੰਨੀ ਬੱਸ ਆ ਗਈ, ਡਰਾਈਵਰ ਕੁੜੀ ਨੇ ਮੇਰਾ ਸਮਾਨ ਚੁੱਕ ਕੇ ਅੰਦਰ ਧਰ ਲਿਆ ਅਤੇ ਸੋਹਨ ਲਾਲ ਨੂੰ ਅਲਵਿਦਾ ਕਹਿ ਕੇ ਮੈ ਏਅਰਪੋਰਟ ਵੱਲ ਚਾਲੇ ਪਾ ਦਿੱਤੇ । ਦਸ ਦਿਨ ਵਿੱਚ ਮੈ ਅਸਟਰੇਲੀਆ ਦੇ ਤਿੰਨ ਵੱਡੇ  ਹਿਰ ਘੁੰਮ ਚੁੱਕਾ ਸਾਂ । ਇਥੋ ਦੀਆਂ ਦੋ ਕਾਨਫਰੰਸਾਂ ਵਿੱਚ ਭਾਗ ਲੈਣ ਤੋ ਇਲਾਵਾ ਆਪਣੇ ਪੁਰਾਣੇ ਵਿਦਿਆਰਥੀਆਂ ਦੀ ਮਹਿਮਾਨ ਨਿਵਾਜੀ ਦਾ ਆਨੰਦ ਮਾਣਿਆ । ਸਭ ਤੋ ਵੱਡੀ ਪ੍ਰਾਪਤੀ ਸੀ ਮੇਰੇ ਸੁਪਨੇ ਦਾ ਸਾਕਾਰ ਹੋਣਾ ਜੋ ਕੁਝ ਸਾਲ ਪਹਿਲਾਂ ਕਾਂਗਰੂ ਦੇਸ ਦੀ ਯਾਤਰਾ ਦਾ ਉਲੀਕਿਆ ਸੀ ।

# ਸਿੰਘਾਪੁਰ ਦੇ ਸਿੱਖ ਬਾਬੇ

---

ਅਸਟਰੇਲੀਆ ਤੋਂ ਵਾਪਸੀ ਉਪਰੰਤ ਮੇਰਾ ਸਿੰਘਾਪੁਰ ਰੁਕਣ ਦਾ ਕੋਈ ਵਿਚਾਰ ਨਹੀਂ ਸੀ । ਰੱਬ ਦਾ ਐਸਾ ਭਾਣਾ ਵਰਤਿਆ ਕਿ ਏਅਰਪੋਰਟ ਤੇ ਮੈਨੂੰ ਏਅਰ ਇੰਡੀਆ ਦੇ ਜਹਾਜ ਵਿਚ ਚੜ੍ਹਨ ਦੀ ਆਗਿਆ ਨਾ ਮਿਲ ਸਕੀ ਜਿਸ ਕਰਕੇ ਮਜਬੂਰਨ ਸਿੰਘਾਪਰੁ ਦੋ ਰਾਤਾਂ ਲਈ ਠਹਿਰਨਾ ਪੈ ਗਿਆ । ਦਰਅਸਲ, ਮੇਰਾ ਟਿਕਟ ਸਿੰਘਾਪੁਰ ਏਅਲਾਈਨ ਦਾ ਸੀ ਅਤੇ ਏਜੰਟ ਨੇ ਇਕ ਮੋਹਰ ਲਗਾ ਰੱਖੀ ਸੀ ਜਿਸ ਕਰਕੇ ਮੈ ਕਿਸੇ ਹੋਰ ਏਅਰਲਾਈਨ ਦੇ ਜਹਾਜ ਉਪਰ ਇਸ ਟਿਕਟ ਨੂੰ ਨਹੀਂ ਸਾਂ ਵਰਤ ਸਕਦਾ। ਕੈਂਬਰਾ ਵਿਚ ਭੱਜ ਨੱਠ ਕਰਕੇ ਮੈ ਇਹ ਰਤ ਹਟਾ ਲਈ ਅਤੇ ਮੇਰੀ ਵਾਪਸੀ ਮੈਲਬੋਰਨ ਤੋਂ ਸਿੰਘਾਪੁਰ ਤੱਕ ਇਸੇ ਦੇ ਦੀ ਏਅਰਲਾਈਨ ਦੇ ਜਹਾਜ ਉਪਰ ਸੀ ਅਤੇ ਸਿੰਘਾਪਰੁ ਤੋਂ ਦਿੱਲੀ ਤੱਕ ਏਅਰ ਇੰਡੀਆ ਦੇ ਜਹਾਜ ਉਪਰ ਮੇਰੀ ਬੁਕਿੰਗ ਹੋ ਗਈ ਸੀ ।

ਮੈ 15 ਫਰਵਰੀ ਰਾਤ ਦੇ ਅੱਠ ਵਜੇ ਸਿੰਘਾਪੁਰ ਏਅਰਪੋਰਟ ਤੇ ਜਾ ਉਤਰਿਆ । ਜਦੋ ਚੈਕ-ਇਨ ਲਈ ਏਅਰ ਇੰਡੀਆ ਦੇ ਕਾਊਟਰ ਤੇ ਹਾਜਰ ਹੋਇਆ ਤਾਂ ਕਾਊਟਰ ਤੇ ਡਿਊਟੀ ਦੇ ਰਹੀ ਭਾਰਤੀ ਕੁੜੀ ਨੂੰ ਪਤਾ ਨਹੀਂ ਕੀ ਸੱਪ ਸੁੰਘ ਗਿਆ, ਉਹ ਮੇਰੀ ਟਿਕਟ ਦੇਖ ਕੇ ੱਕ ਕਰਨ ਲੱਗੀ ਅਤੇ ਕਹਿੰਦੀ ਇਹ ਠੀਕ ਨਹੀਂ ਹੈ । ਵਾਪਸ ਜਾ ਕੇ ਸਿੰਘਾਪੁਰ ਏਅਰਲਾਈਨ ਤੋਂ ਮੋਹਰ ਲਵਾ ਕੇ ਲਿਆਓ । ਨਾਲੇ ਉਸਨੇ ਫੋਨ ਉਪਰ ਆਪਣੇ ੱਕ ਬਾਰੇ ਉਨ੍ਹਾਂ ਨੂੰ ਸੂਚਨਾ ਦੇ ਦਿਤੀ । ਜਦੋ ਮੈ ਸਿੰਘਾਪੁਰ ਏਅਰਲਾਈਨ ਦੇ ਕਾਊਟਰ ਤੇ ਗਿਆ ਤਾਂ ਉਥੇ ਵਾਲੀ ਕੁੜੀ ਵੀ ਲੋਹੇ ਦਾ ਥਣ ਬਣ ਬੈਠੀ । ਮੈ ਬਥੇਰਾ ਕਿਹਾ ਕਿ ਮੈ ਤੁਹਾਡੇ ਕੈਂਬਰਾ ਵਾਲੇ ਦਫਤਰ ਤੋਂ ਹੀ ਵਾਪਸੀ ਯਾਤਰਾ ਬੁੱਕ ਕਰਾਈ ਹੈ ਅਤੇ ਉਨ੍ਹਾਂ ਮੈਨੂੰ ਏਅਰ ਇੰਡੀਆ ਦੇ ਜਹਾਜ ਵਿਚ ਸਫਰ ਕਰਨ ਦੀ ਆਗਿਆ ਦੇ ਰੱਖੀ ਹੈ । ਇਕ ਘੰਟਾ ਇਸ ਉਲਝਣ ਦਾ ਹੱਲ ਲੱਭਦਿਆਂ ਲਗ ਗਿਆ । ਹਾਰ ਕੇ ਮੈ ਏਅਰਪੋਰਟ ਮੈਨੇਜਰ ਦੇ ਪੇ ਹੋਇਆ ਤਾਂ ਕਿਤੇ ਮਸਲਾ ਹੱਲ ਹੋ ਸਕਿਆ । ਅਜੇ ਅੱਧਾ ਘੰਟਾ ਰਹਿੰਦਾ ਸੀ ਪਰੰਤੂ ਜਦੋ ਦੋਬਾਰਾ ਏਅਰ ਇੰਡੀਆ ਦੇ ਕਾਊਟਰ ਤੇ ਪਹੁੰਚਿਆ ਤਾਂ ਉਹੋ ਬੀਬੀ ਫਿਰ ਪੇ ਆਈ: ਕਹਿੰਦੀ ਹੁਣ ਤਾਂ ਅਸੀਂ ਉਡਾਨ ਦੀ ਤਿਆਰੀ ਕਰ ਲਈ ਹੈ ਅਤੇ ਜਹਾਜ ਅੰਦਰ ਜਾਣ ਦੀ ਆਗਿਆ ਨਹੀਂ ਮਿਲੇਗੀ । ਏਅਰ ਇੰਡੀਆ ਦੇ ਇਸ ਕਠੋਰ ਰਵੱਈਏ ਤੋਂ ਮੈ ਅਤਿਅੰਤ ਦੁਖੀ ਹੋਇਆ ਪਰ ਕਰ ਕੁਝ ਨਹੀਂ ਸਕਦਾ ਸਾਂ । ਮੈ ਸੋਚਿਆ ਵਾਕਿਆ ਹੀ ਮੇਰਾ ਭਾਰਤ ਮਹਾਨ ਹੈ ਜੋ ਆਪਣੇ ਦੇ ਵਾਸੀਆਂ ਦੀ ਸਮੱਸਿਆ ਹੱਲ ਕਰਨ ਦੀ ਬਜਾਏ ਹੋਰ ਉਲਝਾਣ ਦੀ ਸਮਰੱਥਾ ਰੱਖਦਾ ਹੈ ।

ਦਿੱਲੀ ਤੋਂ ਸਫਰ ੁਰੂ ਕਰਨ ਲੱਗਿਆਂ ਮੈ ਸਿੰਘਾਪੁਰ ਦਾ ਵੀ ਾ ਵੀ ਲੈ ਲਿਆ ਸੀ। ਮੇਰਾ ਖਿਆਲ ਸੀ ਜਾਂਦੀ ਵਾਰੀ ਇਕ ਰਾਤ ਰੁਕਾਂਗਾ । ਪਰ ਕੀ ਪਤਾ ਸੀ ਮੈਨੂੰ ਅਸਟਰੇਲੀਆ ਤੋਂ ਮੁੜਨ ਲੱਗਿਆਂ ਮਜਬੂਰਨ ਦੋ ਰਾਤਾਂ ਇਥੋ ਦੀ ਏਅਰਪੋਰਟ ਤੇ ਹੀ ਕੱਟਣੀਆਂ ਪੈ ਜਾਣੀਆਂ ਸਨ । ਦਸ ਵਜੇ ਦੇ ਕਰੀਬ ਮੈ ਆਪਣੇ ਪੁਰਾਣੇ ਜਾਣਕਾਰਾਂ ਹਰਬੰਸ ਸਿੰਘ ਅਤੇ ਪ੍ਰਿੰਸੀਪਲ ਭਜਨ ਸਿੰਘ ਨੂੰ ਫੋਨ ਕੀਤਾ । ਉਹ ਦੋਵੇ ਜਣੇ ਘਰ ਨਹੀਂ ਸਨ । ਫਿਰ ਇਕ ਹੋਰ ਸੱਜਣ ਜੋ ਬ੍ਰਹਮਪੁਰਾ ਦੇ ਨਿਵਾਸੀ ਹਨ ਦਾ ਪਤਾ ਕੀਤਾ । ਉਹ ਭਾਰਤ ਆਏ ਹੋਏ ਸਨ । ਹਾਰ ਕੇ ਸਿੰਘਾਪੁਰ ਦੇ ਕੇਂਦਰੀ ਗੁਰਦਵਾਰੇ ਦਾ ਫੋਨ ਘੁਮਾਇਆ, ਅਗੋ ਭਾਈ ਸਾਹਿਬ ਨੇ ਮੇਰੀ ਮਜਬੂਰੀ ਦਾ ਜਾਇਜਾ ਲਗਾ ਕੇ ਮੈਨੂੰ ਗੁਰਦਵਾਰੇ ਪਹੁੰਚਣ ਦੀ ਤਾਕੀਦ ਕੀਤੀ । ਏਅਰਪੋਰਟ ਤੋਂ ਟੈਕਸੀ ਲੈ ਕੇ ਮੈ ਗਿਆਰਾਂ ਵਜੇ ਦੇ ਕਰੀਬ ਗੁਰਦਵਾਰੇ ਪਹੁੰਚ ਗਿਆ । ਦਸੰਬਰ 1990 ਵਿਚ ਕੁਆਲਾ ਲੁੰਪਰ ਤੋਂ ਵਾਪਸੀ ਉਪਰੰਤ ਮੈ ਤਿੰਨ ਦਿਨ ਇਸੇ ਗੁਰਦਵਾਰੇ ਨਿਵਾਸ ਕੀਤਾ ਸੀ । ਮੇਰੇ ਕਮਰੇ ਵਿਚ ਤਿੰਨ ਹੋਰ ਸੱਜਣ ਬਠਿੰਡੇ ਿ ਲੇ ਦੇ ਆਰਾਮ ਕਰ ਰਹੇ ਸਨ । ਇਹ ਕੰਮ ਦੀ ਭਾਲ ਵਿਚ ਇਥੇ ਕੁਝ ਦਿਨ ਪਹਿਲਾਂ ਆਏ ਸਨ ਅਤੇ ਗੁਰਦਵਾਰੇ ਦਾ ਭਾਈ ਸਾਹਿਬ ਇਨ੍ਹਾਂ ਨੂੰ ਕਿਸੇ ਏਜੰਟ ਨਾਲ ਮਿਲਾਉਣ ਵਿਚ ਸਹਾਈ ਹੋਇਆ ਸੀ । ਜਾਪਦਾ ਸੀ ਕਿ ਭਾਈ ਖੁਦ ਵੀ ਇਸ ਧੰਧੇ ਵਿਚੋ ਕੁਝ ਪ੍ਰਾਪਤੀ ਦੀ ਆਸ ਲਾਈ ਬੈਠਾ ਹੋਵੇ । ਖੈਰ, ਮੇਰੀ ਰਹਾਇ ਦੀ ਸਮੱਸਿਆ ਹੱਲ ਹੋ ਗਈ । ਬਾਕੀ ਰਿਹਾ ਲੰਗਰ ਪਾਣੀ, ਉਹ ਤਾਂ ਗੁਰੂ ਘਰ ਦੀ ਪ੍ਰੰਪਰਾ ਅਨੁਸਾਰ ਦੇਸ ਪ੍ਰਦੇਸ ਵਿਚ ਮਿਲ ਜਾਂਦਾ ਹੈ। ਸਿੰਘਾਪੁਰ ਦੇ ਗੁਰਦਵਾਰੇ ਵਿਚ ਤਾਂ ਗਰਮ ਪਰੌਠੇ ਅਤੇ ਚਾਹ ਦਾ ਲੰਗਰ ਹਮੇ ਾਂ ਹੀ ਚੱਲਦਾ ਰਹਿੰਦਾ ਹੈ ਜਿਸ ਦਾ ਆਨੰਦ ਮੈ ਪਹਿਲਾਂ ਵੀ ਮਾਣ ਗਿਆ ਸਾਂ ।

ਸੇਵੇਰੇ 16 ਫਰਵਰੀ ਨੂੰ ਉਠ ਕੇ ਇ ਨਾਨ ਕੀਤਾ ਅਤੇ ਗੁਰੂਘਰ ਦੀ ਹਾਜਰੀ ਭਰੀ। ਕੰਮ ਦਾ ਦਿਨ ਹੋਣ ਕਰਕੇ ਸੰਗਤ ਘੱਟ ਹੀ ਸੀ । ਕੁਝ ਮੁਸਾਫਰ ਅਤੇ ਕੁਝ ਲੰਗਰ ਦੇ ਪਰੌਠੇ ਛਕਣ ਵਾਲੇ ਸਿਖ ਬਾਬੇ ਹੀ ਹਾਜਰ ਸਨ । ਭੋਗ ਪੈਣ ਉਪਰੰਤ ਸਭ ਨੇ ਰੱਜ ਕੇ ਪਰੌਠੇ ਖਾਧੇ ਅਤੇ ਚਾਹ ਦਾ ਗੱਫਾ ਲਾਇਆ । ਮੈ ਤਾਂ ਰਾਤ ਦਾ ਵੀ ਫਾਕਾ ਕੱਟਿਆ ਸੀ, ਸੋ ਮੇਰੇ ਲਈ ਤਾਂ ਇਹ ਦੁਰਲੱਭ ਮੌਕਾ ਸੀ । ਲੰਗਰ ਛਕਣ

ਉਪਰੰਤ ਮੈ ਭਜਨ ਸਿੰਘ ਨੂੰ ਫੋਨ ਕੀਤਾ ਅਤੇ ਆਪਣਾ ਪ੍ਰੋਗਰਾਮ ਦੱਸਿਆ । ਉਹ ਕਹਿੰਦਾ ਮੈ ਗੁਰਦਵਾਰੇ ਹੀ ਉਸਦਾ ਚਾਰ ਵਜੇ ਤੱਕ ਇੰਤਜਾਰ ਕਰਾਂ ਅਤੇ ਪੰਜਾਬੀ ਦੀ ਕਲਾਸ ਗੁਰਦਵਾਰੇ ਵਿਚ ਹੀ ਲੱਗਦੀ ਹੈ ਜਿਸ ਵਿਚ ਮੈ ਆਪਣਾ ਭਾ ਨ ਦਿਆਂ । ਮੇਰੇ ਪਾਸ ਵਿਹਲਾ ਸਮਾਂ ਸੀ ਪਰੰਤੂ ਸਿੰਘਾਪੁਰ ਦੀ ਗਰਮੀ ਅਤੇ ਹੁੰਮਸ ਵੇਖ ਕੇ ਬਾਹਰ ਨਿਕਲਣ ਨੂੰ ਦਿਲ ਨਾ ਮੰਨਿਆ । ਮੇਰੇ ਨਾਲ ਦੇ ਸਾਥੀ ਤਾਂ ਆਪਣੇ ਏਜੰਟ ਦੀ ਤਲਾ  ਵਿਚ ਨਿਕਲ ਤੁਰੇ  । ਕੁਝ ਸਿਖ ਬਾਬੇ ਗੁਰਦਵਾਰੇ ਦੇ ਸਾਹਮਣੇ ਲਗੇ ਪੱਥਰ ਦੇ ਮੇ  ਦੁਆਲੇ ਤਾ  ਦੀ ਬਾਜੀ ਲਾਣ ਬੈਠ ਗਏ। ਮੈ ਵੀ ਆਪਣਾ ਕੈਮਰਾ ਅਤੇ ਨੋਟ ਬੁੱਕ ਲੈ ਕੇ ਇਨ੍ਹਾਂ ਪਾਸ ਪਹੁੰਚ ਗਿਆ ਅਤੇ ਆਪਣੀ ਜਾਣ ਪਹਿਚਾਣ ਕਰਵਾਈ । ਇਨ੍ਹਾਂ ਨੇ ਤਾ  ਇਕੱਠੀ ਕਰ ਲਈ ਅਤੇ ਮੇਰੇ ਮਕਸਦ ਬਾਰੇ ਪੁੱਛਿਆ । ਮੈ ਕਿਹਾ ਤੁਸੀ ਪਕੇਰੀ ਉਮਰ ਦੇ ਸਿੰਘਾਪੁਰੀਏ ਹੋ, ਮੈਨੂੰ ਆਪਣੇ ਨਿਜੀ ਤਜਰਬੇ ਦੱਸੋ ।

75 ਸਾਲਾ ਸਰਵਣ ਸਿੰਘ ਨੇ ਆਪਣੀ ਵਿਥਿਆ ਸੁਣਾਈ । ਉਹ 1937 ਵਿਚ ਆਪਣੇ ਪਿੰਡ ਡੇਮਰੂ ਤਹਿਸੀਲ ਮੋਗਾ ਤੋਂ ਇਕ ਜਹਾਜ ਵਿਚ ਸਵਾਰ ਹੋ ਕੇ ਮਲੇ ੀਆ ਦੇ  ਹਿਰ ਪੀਨਾਂਗ ਵਿਚ ਪਹੁੰਚ ਗਿਆ । ਉਸਨੂੰ ਕੋਈ ਪਤਾ ਨਹੀਂ ਸੀ ਕਿ ਕਿਥੇ ਜਾ ਕੇ ਉਤਰਣਾ ਹੈ । ਉਹ 17 ਸਾਲਾਂ ਦਾ ਅਨਪੜ੍ਹ ਮੁੰਡਾ ਸੀ । ਕੁਦਰਤੀ ਉਸ ਦੇ ਜਹਾਜ ਦੇ ਸਾਥੀਆਂ ਨੂੰ ਕੋਈ ਲੈਣ ਆ ਗਿਆ ਅਤੇ ਉਹ ਉਨ੍ਹਾਂ ਨਾਲ ਹੀ ਉਤਰ ਗਿਆ। ਵਰਨਾ ਅੰਗਰੇ  ਸਰਕਾਰ ਜੇਕਰ ਕੋਈ ਜਮਾਨਤ ਦੇਣ ਨਾ ਆਵੇ ਤਾਂ ਮੁਸਾਫਰਾਂ ਨੂੰ ਸਿੱਧਾ ਜੇਲ ਭੇਜ ਦਿਆ ਕਰਦੀ ਸੀ। ਉਸ ਜਮਾਨੇ ਵਿਚ ਵੀ ੇ ਦੀ ਕੋਈ ਲੋੜ ਨਹੀਂ ਸੀ ਪੈਦੀ ਅਤੇ ਸਰਵਣ ਸਿੰਘ ਨੇ ਆਪਣੇ ਸਫਰ ਲਈ 25 ਰੁਪਏ ਦਾ ਜਹਾਜੀ ਟਿਕਟ ਹੀ ਖਰੀਦਿਆ ਸੀ। ਉਸ ਕੋਲ ਨਾ ਵਿਦਿਆ ਸੀ, ਨਾ ਕੋਈ ਹੁਨਰ ਅਤੇ ਘਰ ਦੀ ਤੰਗੀ ਤੁਰ ੀ ਕਰਕੇ ਉਹ ਬਿਦੇ  ਕਮਾਈ ਕਰਨ ਤੁਰ ਪਿਆ । ਪੀਨਾਂਗ ਤੋਂ ਉਸਨੂੰ ਕੋਈ ਇਪੋ ਲੈ ਗਿਆ ਜੋ ਉਸ ਸਮੇ ਸਿਖ ਫੌਜੀਆਂ ਦੀ ਛਾਉਣੀ ਸੀ । ਸਰਵਣ ਦਾ ਕੱਦ ਕਾਠ ਚੰਗਾ ਸੀ ਅਤੇ ਉਸਨੂੰ ਪੁਲਸ ਵਿਚ ਨੌਕਰੀ ਮਿਲ ਗਈ । ਕੁਝ ਚਿਰ ਉਸਨੇ ਮਜਦੂਰੀ ਵੀ ਕੀਤੀ । ਇਕ ਮਜਦੂਰ ਨੂੰ 50 ਸੈਂਟ ਦਿਹਾੜੀ ਮਿਲਦੀ ਸੀ ਉਹ ਵੀ ਜੇਕਰ ਕੰਮ ਲੱਭ ਜਾਵੇ । ਬਹੁਤੇ ਪੰਜਾਬੀ ਫੌਜ ਜਾਂ ਪੁਲੀਸ ਵਿਚ ਹੀ ਭਰਤੀ ਹੋ ਕੇ ਇਥੇ ਆਉਂਦੇ ਸਨ । ਸਰਵਣ ਸਿੰਘ ਨੇ ਕੁਝ ਪੈਸਾ ਜਮਾਂ ਕਰ ਲਿਆ ਅਤੇ 1957 ਵਿਚ ਪੰਜਾਬ ਪਰਤ ਕੇ  ਾਦੀ ਕਰਵਾ ਲਈ । ਉਹ ਆਪਣੀ ਘਰਵਾਲੀ ਸਮੇਤ ਸਿੰਘਾਪੁਰ ਆ ਗਿਆ । ਉਸਨੇ 45 ਸਾਲ ਪੁਲੀਸ ਦੇ ਮਹਿਕਮੇ ਵਿਚ ਬਤੌਰ ਇਕ ਡਰਾਈਵਰ ਦੇ ਕੰਮ ਕੀਤਾ ਅਤੇ ਹੁਣ ਰੀਟਾਇਰ ਹੋ ਕੇ ਆਪਣੇ ਸੱਤ ਬੱਚਿਆਂ ਸਮੇਤ ਸਿੰਘਾਪੁਰ ਹੀ ਰਹਿੰਦਾ ਹੈ । ਉਸਦੇ ਆਪਣੇ ਤਿੰਨ ਮਕਾਨ ਹਨ ਅਤੇ ਪੁੱਤਰ ਵੀ ਸਾਰੇ ਚੰਗੀ ਕਮਾਈ ਕਰ ਰਹੇ ਹਨ । ਸਰਵਣ ਸਿੰਘ ਦਾ ਜੁੱਸਾ ਅਜੇ ਵੀ ਭਰਵਾਂ ਹੈ ਭਾਵੇ ਉਸਦੇ ਗੋਡੇ ਦਰਦ ਕਰਦੇ ਹਨ ਪਰੰਤੂ ਫਿਰ ਵੀ ਉਹ ਛੇ ਫੁਟ ਉਚਾ ਚੰਗੀ ਸਿਹਤ ਦਾ ਮਾਲਕ ਹੈ।

ਮੈ ਸਰਵਣ ਸਿੰਘ ਤੋਂ ਸੁਭਾ  ਚੰਦਰ ਬੋਸ ਬਾਰੇ ਜਾਣਕਾਰੀ ਮੰਗੀ । ਉਹ ਕਹਿੰਦਾ ਸਾਨੂੰ ਅਨਪੜ੍ਹ ਬੰਦਿਆਂ ਨੂੰ ਇਨ੍ਹਾਂ ਘੋਖਾਂ ਵਿਚ ਪੈਣ ਦੀ ਕੀ ਲੋੜ ਹੈ । ਮੈ ਤਾਂ ਪੁਲੀਸ ਦਾ ਟਰੱਕ ਹੀ ਵਾਹੁੰਦਾ ਰਿਹਾ ਹਾਂ । ਸਰਵਣ ਦਾ ਦੂਸਰਾ ਸਾਥੀ ਕੋਈ ਟਿੱਚਰੀ ਸੁਭਾ ਦਾ ਬੰਦਾ ਸੀ । ਜਦੋਂ ਮੈ ਉਸਦੇ ਪਿਆਰ ਸੰਬੰਧਾਂ ਦੀ ਗੱਲ ਛੇੜੀ ਤਾਂ ਉਹ ਉਸਨੂੰ ਲਗਾ ਛੇੜਨ ਅਤੇ ਘੁਨਤਰਾਂ ਕੱਢਣ । ਕਹਿੰਦਾ ਸਾਡਾ ਤਾਂ ਸਾਧਾਂ ਦੇ ਡੇਰੇ ਵਾਲਾ ਹੀ ਹਾਲ ਸੀ । ਇਹ ਸੱਜਣ ਕਿਸੇ ਫੈਕਟਰੀ ਵਿਚ ਰਾਤ ਦੀ ਚੌਕੀਦਾਰੀ ਕਰਦਾ ਹੈ । ਕਹਿੰਦਾ ਮੇਰੀ ਨੌਕਰੀ ਤਾਂ ਉਥੇ ਸੌਣ ਦੀ ਹੈ, ਦਿਨੇ ਗੁਰਦਵਾਰੇ ਆ ਜਾਂਦਾ ਹਾਂ ਅਤੇ ਇਥੇ ਤਾ  ਕੁੱਟ ਕੇ ਸਮਾਂ ਨਿਕਲ ਜਾਂਦਾ ਹੈ । ਬਾਲ ਬੱਚੇ ਮੇਰੀ ਪ੍ਰਵਾਹ ਨਹੀਂ ਕਰਦੇ ਅਤੇ ਮੈ ਉਨ੍ਹਾਂ ਦੀ ਕੋਈ ਸੋਅ ਨਹੀਂ ਲੈਦਾ । ਮੈਨੂੰ ਇਹ ਫੱਕਰ ਸੁਭਾ ਦਾ ਬੰਦਾ ਜਾਪਿਆ । ਤੀਸਰਾ ਸਾਥੀ ਗਰੇਵਾਲ ਧੂਰੀ ਕੋਲ ਕਾਂਜਲੇ ਪਿੰਡ ਦਾ ਨਿਕਲ ਆਇਆ । ਉਹ ਕੁਝ ਪੜ੍ਹਿਆ ਲਿਖਿਆ ਅਤੇ ਸਿਆਣਾ ਜਾਪਦਾ ਸੀ । ਕਹਿੰਦਾ ਸੁਭਾ   ਬੋਸ ਬਾਰੇ ਪਤਾ ਲਗਾ ਸੀ ਕਿ ਉਸਦੀ ਜਾਪਾਨੀਆਂ ਨਾਲ ਵਿਗੜ ਗਈ ਹੈ । ਜਾਪਾਨੀ ਭਾਰਤ ਉਪਰ ਖੁਦ ਕਬਜਾ ਕਰਨ ਦੇ ਹੱਕ ਵਿਚ ਸਨ ਅਤੇ ਸੁਭਾ  ਚਾਹੁੰਦਾ ਸੀ ਕਿ ਉਹ ਉਸਦੀ ਮੱਦਦ ਕਰਨ ਅਤੇ ਇਸ ਤਰ੍ਹਾਂ ਅੰਗਰੇ ਾਂ ਤੋਂ ਭਾਰਤ ਨੂੰ ਆ ਾਦ ਕਰਨ ਵਿਚ ਆਈ. ਐਨ. ਏ ਦਾ ਹੱਥ ਉਪਰ ਹੋਵੇਗਾ । ਜਾਪਾਨੀ ਇਸ ਤਜਵੀਜ ਨੂੰ ਠੁਕਰਾ ਚੁਕੇ ਸਨ ਜਿਸ ਕਰਕੇ ਸੁਭਾ  ਚੰਦਰ ਬੋਸ ਨੂੰ ਇਕ ਹਵਾਈ ਹਾਦਸੇ ਵਿਚ ਮਾਰ ਮੁਕਾ ਦਿਤਾ । ਗਰੇਵਾਲ ਦਾ ਕਥਨ ਸੀ ਕਿ ਇਤਿਹਾਸ ਵੀ ਲੋੜ ਅਨੁਸਾਰ ਢਾਲਿਆ ਅਤੇ ਮਰੋੜਿਆ ਜਾਂਦਾ ਹੈ  । ਆਈ. ਐਨ. ਏ ਨੇ ਕੋਈ ਲੱਲਰ ਨਹੀਂ ਲਾਹੇ, ਐਵੇ ਫੌਜੀ ਭਗੌੜਿਆਂ ਨੇ ਸਰਕਾਰੀ ਪੈਨ ਨਾਂ ਪ੍ਰਾਪਤ ਕਰ ਲਈਆਂ ਹਨ।

ਸਿਖ ਬਾਬਿਆਂ ਨਾਲ ਗੁਫਤਗੂ ਕਰਨ ਤੋਂ ਬਾਅਦ ਮੈ ਆਪਣੇ ਕਮਰੇ ਵਿਚ ਚਲਾ ਗਿਆ ।  ਾਮ ਦੇ ਚਾਰ ਵਜੇ ਤੱਕ ਭਜਨ ਸਿੰਘ ਦੀ ਇੰਤ ਾਰ ਕੀਤੀ ਪਰ ਉਹ ਕਿਧਰੋ ਬਹੁੜਿਆ ਹੀ ਨਾ । ਮੈ ਸਿੱਖ ਵਿਦਿਆ ਸੁਸਾਇਟੀ ਦੇ ਦਫਤਰ ਜਾ ਕੇ ਫੋਨ ਵੀ ਕੀਤਾ ਪਰ ਅਗੋ ਕੋਈ ਜਵਾਬ ਨਾ ਮਿਲਿਆ । ਇਸ ਸੁਸਾਇਟੀ ਦਾ ਦਫਤਰ ਗੁਰਦਵਾਰੇ ਦੀ ਇਮਾਰਤ ਵਿਚ ਹੀ ਹੈ ਅਤੇ ਇਹ ਸਿੰਘਾਪੁਰ ਵਿਚ ਪੰਜਾਬੀ ਦੇ

ਪ੍ਰਸਾਰ ਲਈ ਕੁਝ ਸਾਲਾਂ ਤੋਂ ਪ੍ਰਯਤਨ ਸ਼ੀਲ ਹੈ। ਹਰਬੰਸ ਸਿੰਘ ਜਾਮਾਰਾਏ ਵਾਲੇ ਇਸ ਦੇ ਸੈਕਟਰੀ ਹਨ ਅਤੇ ਪ੍ਰਿੰਸੀਪਲ ਭਜਨ ਸਿੰਘ ਇਸ ਦੇ ਪ੍ਰਧਾਨ । ਇਹ ਦੋਵੇ ਸੱਜਣ ਮੋਹਰੀ ਹਨ ਅਤੇ ਸਿਖ ਸੰਗਤ ਦੀ ਮੱਦਦ ਨਾਲ ਹਾਈ ਸਕੂਲ ਤੱਕ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਗੁਰਦਵਾਰਿਆਂ ਵਿਚ ਚੱਲ ਰਿਹਾ ਹੈ ।

ਜਦੋਂ ਮੈ ਸੁਸਾਇਟੀ ਦੇ ਦਫਤਰ ਫੋਨ ਕਰਨ ਗਿਆ ਤਾਂ ਦੋ ਬੀਬੀਆਂ ਕੰਪਿਊਟਰ ਦੇ ਸਬਕ ਤਿਆਰ ਕਰ ਰਹੀਆਂ ਸਨ । ਇਕ ਤਾਂ ਅੰਮਿਰਤਸਰ ਤੋਂ ਸਾਡੀ ਯੂਨੀਵਰਸਿਟੀ ਦੀ ਵਿਦਿਆਰਥਣ ਨਿਕਲ ਪਈ ਜੋ ਸ਼ਾਦੀ ਹੋਣ ਉਪਰੰਤ ਸਿੰਘਾਪੁਰ ਆਈ ਸੀ । ਉਸਨੇ ਵੱਖ ਵੱਖ ਕਲਾਸਾਂ ਲਈ ਤਿਆਰ ਕੀਤੇ ਪੰਜਾਬੀ ਦੇ ਲੈਸਨ (ਪਾਠ ਕ੍ਰਮ) ਵਿਖਾਏ । ਇਹ ਇੰਗਲੈਂਡ ਵਿਚ ਛਪੀਆਂ ਪੰਜਾਬੀ ਪਾਠ ਪੁਸਤਕਾਂ ਤੇ ਅਧਾਰਿਤ ਹਨ । ਕੁਝ ਪੁਸਤਕਾਂ ਪੰਜਾਬ ਸਕੂਲ ਬੋਰਡ ਦੀਆਂ ਵਰਤਦੇ ਹਨ । ਮੈ ਹੈਰਾਨ ਹੋ ਗਿਆ ਕਿ ਪੰਜਾਬੀ ਸਿਖਾਉਣ ਦਾ ਇੰਨਾ ਵਧੀਆ ਪ੍ਰਬੰਧ ਤਾਂ ਸਾਡੇ ਪੰਜਾਬ ਵਿਚ ਵੀ ਨਹੀ ਜਿੰਨਾ ਸਿੰਘਾਪੁਰ ਦੇ

ਗੁਰਦਵਾਰਾ ਸਕੂਲਾਂ ਵਿਚ ਚੱਲ ਰਿਹਾ ਹੈ । ਹਫਤੇ ਵਿਚ ਦੋ ਦਿਨ ਲਗਾਤਾਰ ਤਿੰਨ ਘੰਟੇ ਪੰਜਾਬੀ ਪੜ੍ਹਾਈ ਜਾਂਦੀ ਹੈ, ਇਸ ਕੰਮ ਲਈ ਬੀਬੀਆਂ ਹੀ ਹਿੰਮਤ ਕਰ ਰਹੀਆਂ ਹਨ । ਪਹਿਲਾਂ ਤਾਂ ਇਹ ਸੇਵਾ ਭਾਵ ਨਾਲ ਹੀ ਕੰਮ ਕਰਦੀਆਂ ਸਨ ਪਰੰਤੂ ਹੁਣ ਸਿਖ ਵਿਦਿਅਕ ਸੁਸਾਇਟੀ ਇਨ੍ਹਾਂ ਨੂੰ ਤਨਖਾਹ ਦੇ ਕੇ ਰੁਜਗਾਰ ਵੀ ਮੁਹੱਈਆ ਕਰਵਾ ਰਹੀ ਹੈ । ਸ਼ਾਮ ਦੇ ਪੰਜ ਵਜੇ ਜਦੋਂ ਪੰਜਾਬੀ ਕਲਾਸ ਸ਼ੁਰੂ ਹੋਈ ਤਾਂ ਮੈ ਵੀ ਇਕ ਸਰੋਤੇ ਵਾਂਗ ਇਸ ਵਿਚ ਹਾਜਰ ਸਾਂ। ਵਾਕਿਆ ਹੀ ਸਾਡੇ ਸਕੂਲਾਂ ਤੋਂ ਬਿਹਤਰ ਸਿਖਿਆ ਦਾ ਪ੍ਰਬੰਧ ਹੈ ਅਤੇ ਆਧੁਨਿਕ ਤਕਨੀਕਾਂ ਦੀ ਮੱਦਦ ਲਈ ਜਾਂਦੀ ਹੈ । ਬੱਚੇ ਬੜੇ ਸ਼ੌਕ ਨਾਲ ਪੰਜਾਬੀ ਪੜ੍ਹਨ ਆਉਂਦੇ ਹਨ ਅਤੇ ਸੁਸਾਇਟੀ ਵੱਲੋ ਬੱਸਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ । ਸਿੰਘਾਪੁਰ ਦੀ ਸਰਕਾਰ ਨੇ ਇਸ ਕੰਮ ਵਿਚ ਸੁਸਾਇਟੀ ਦੀ ਮੱਦਦ ਕੀਤੀ ਹੈ ਅਤੇ ਬੱਚਿਆਂ ਦਾ ਇਮਤਿਹਾਨ ਸਰਕਾਰੀ ਪੱਧਰ ਤੇ ਹੋਣ ਲੱਗ ਪਿਆ ਹੈ । ਸਾਡੇ ਗਵਾਂਢੀ ਪ੍ਰਾਂਤਾਂ ਦੀਆਂ ਸਰਕਾਰਾਂ ਨਾਲੋਂ ਤਾਂ ਸਿੰਘਾਪੁਰ ਦੀ ਸਰਕਾਰ ਨੇ ਹੀ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦੇ ਕੇ ਚੰਗਾ ਮਾਅਰਕੇ ਦਾ ਕੰਮ ਕੀਤਾ ਹੈ ।

17 ਫਰਵਰੀ ਨੂੰ ਮੇਰੀ ਸਿੰਘਾਪੁਰ ਤੋਂ ਵਾਪਸੀ ਸੀ । ਸਵੇਰੇ ਗੁਰਦਵਾਰੇ ਆਸਾ ਦੀ ਵਾਰ ਦਾ ਭੋਗ ਪਿਆ ਅਤੇ ਲੰਗਰ ਛਕ ਕੇ ਸਭ ਆਪੋ ਆਪਣੇ ਕੰਮ ਧੰਧਿਆਂ ਵੱਲ ਚਲੇ ਗਏ । ਮੇਰੀ ਮੁਲਾਕਾਤ ਸਰਵਣ ਸਿੰਘ ਨਾਲ ਫਿਰ ਹੋ ਗਈ। ਉਹ ਬੜੇ ਤਾਪਾਕ ਨਾਲ ਮਿਲਿਆ ਅਤੇ ਇਸ਼ਾਰਾ ਕਰਕੇ ਬੀਬੀਆਂ ਦੀ ਪੰਗਤ ਵਿਚ ਬੈਠੀ ਆਪਣੀ ਘਰਵਾਲੀ ਬਾਰੇ ਦੱਸਣ ਲੱਗਾ । ਉਹ ਸਵੇਰੇ ਚਾਰ ਵਜੇ ਉਠ ਕੇ ਘਰ ਦਾ ਕੰਮ ਸਾਂਭ ਕੇ ਹਰ ਰੋਜ ਪੰਜ ਵਜੇ ਗੁਰਦਵਾਰੇ ਪਹੁੰਚ ਕੇ ਲੰਗਰ ਦੀ ਸੇਵਾ ਕਰਦੀ ਹੈ । ਮੈ ਸਵੇਰੇ ਬੈਡ ਟੀ ਪੀਣ ਗਿਆਂ ਵੇਖਿਆ ਸੀ ਕਿ ਕੁਝ ਬੀਬੀਆਂ ਅੰਮ੍ਰਿਤ ਵੇਲੇ ਹੀ ਲੰਗਰ ਪਕਾ ਰਹੀਆਂ ਸਨ ਜੋ ਸਾਰਾ ਦਿਨ ਵਰਤਦਾ ਰਹਿੰਦਾ ਹੈ । ਉਹ ਕਈ ਸਾਲਾਂ ਤੋਂ ਆਪਣਾ ਨਿਤਨੇਮ ਨਿਭਾ ਰਹੀ ਹੈ। ਨਾਲੇ ਗੁਰੂ ਘਰ ਦੀ ਸੇਵਾ ਨਾਲੇ ਦੇਹ ਅਰੋਗਤਾ । ਵਾਕਿਆ ਹੀ ਇਹ ਬਜ਼ੁਰਗ ਸੁਭਾਗ ਜੋੜੀ ਸਿੰਘਾਪੁਰ ਵਿਚ ਪੰਜਾਬ ਦਾ ਰਸ ਮਾਣ ਰਹੀ ਹੈ ।

ਮੇਰਾ ਵਿਚਾਰ ਸੀ ਕਿ ਖਾਲਸਾ ਐਸੋਸੀਏਸ਼ਨ ਦੇ ਕੰਮ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਾਂ । ਫੋਨ ਤੇ ਪ੍ਰਧਾਨ ਡਾਕਟਰ ਸੇਖੋਂ ਨਾਲ ਸੰਪਰਕ ਕਾਇਮ ਹੋ ਗਿਆ ਅਤੇ ਉਹ ਦਸ ਵਜੇ ਦੇ ਕਰੀਬ ਗੁਰਦਵਾਰੇ ਆਉਣ ਲਈ ਮੰਨ ਗਏ । ਗਿਆਰਾਂ ਵਜੇ ਤੱਕ ਇੰਤਜ਼ਾਰ ਕਰਕੇ ਮੈ ਇੰਡੀਅਨ ਬਜ਼ਾਰ ਵੱਲ ਘੁੰਮਣ ਚਲਾ ਗਿਆ ਜੋ ਗੁਰਦਵਾਰੇ ਤੋਂ ਨਜਦੀਕ ਹੀ ਹੈ । ਰਸਤੇ ਵਿਚ ਦੋ ਹਿੰਦੂ ਮੰਦਰ ਆਏ ਅਤੇ ਕਈ ਦੁਕਾਨਾਂ । ਇਸ ਨੂੰ ਹੁਣ "ਮਿਨੀ ਇੰਡੀਆ" ਹੀ ਕਿਹਾ ਜਾਂਦਾ ਹੈ ਅਤੇ ਇਥੇ ਦੱਖਣੀ ਭਾਰਤ ਦੇ ਲੋਕਾਂ ਦੀ ਬਹੁਤਾਤ ਹੈ । ਗਰਮ ਮਸਾਲੇ ਤੋਂ ਲੈ ਕੇ ਸਾੜ੍ਹੀਆਂ ਤੱਕ ਹਰ ਸ਼ੈਅ ਮਿਲ ਜਾਂਦੀ ਹੈ । ਬਲਕਿ ਮੁੰਹਮਦ ਮੁਸਤਫ਼ਾ ਦਾ ਸਟੋਰ ਤਾਂ ਖਰੀਦ ਫਰੋਖਤ ਲਈ ਸਾਰੇ ਭਾਰਤ ਵਿਚ ਮਸ਼ਹੂਰ ਹੋ ਚੁੱਕਾ ਹੈ । ਦੁਪਹਿਰ ਹੋਣ ਤੱਕ ਮੈ ਗੁਰਦਵਾਰੇ ਵਾਪਸ ਪਰਤ ਆਇਆ । ਮੇਰੇ ਕਮਰੇ ਦੇ ਸਾਥੀ ਕਹਿਣ ਲਗੇ ਕਿ ਡਾਕਟਰ ਸੇਖੋਂ ਕਿਸੇ ਮਰੀਜ ਨੂੰ ਵੇਖਣ ਗਏ ਲੇਟ ਹੋ ਗਏ ਅਤੇ ਬਾਰਾਂ ਵਜੇ ਦੇ ਕਰੀਬ ਆਏ ਸਨ । ਮੇਰੇ ਦੋ ਦਿਨ ਇੰਤਜਾਰ ਵਿਚ ਹੀ ਖਰਾਬ ਹੋ ਗਏ ਅਤੇ ਮੈ ਸਿੰਘਾਪੁਰ ਦੇ ਕੁਝ ਟਾਪੂਆਂ ਦੀ ਸੈਰ ਨਾ ਕਰ ਸਕਿਆ ਜੋ ਯਾਤਰੀਆਂ ਦੀ ਖਿੱਚ ਦਾ ਕਾਰਣ ਹਨ । ਫਿਰ ਤਾਂ 1990 ਵਿਚ ਵੀ ਘੁੰਮ ਕੇ ਵੇਖ ਗਿਆ ਸਾਂ । ਮੇਰਾ ਕਿਆਸ ਅਤੇ ਪੁਰਾਣਾ ਤਜਰਬਾ ਸਹੀ ਸਿੱਧ ਹੋਇਆ ਕਿ ਜਦੋਂ ਮਿਥੇ ਪ੍ਰੋਗਰਾਮ ਤੋਂ ਥਿੜਕ ਜਾਈਏ ਤਾਂ ਕੋਈ ਵੀ ਬਾਂਹ

ਨਹੀ ਫੜਦਾ । ਪਰੰਤੂ ਇਕਰਾਰ ਕਰਕੇ ਸਮੇ ਸਿਰ ਹਾਜਰ ਨਾ ਹੋਣਾ ਇਹ ਪੰਜਾਬੀਆਂ ਦੇ ਸੁਭਾਅ ਦਾ ਹੀ ਖਾਸਾ ਹੈ, ਜੋ ਸਿੰਘਾਪੁਰ ਭਲੀਭਾਂਤ ਸਿੱਧ ਹੋ ਗਿਆ।

ਚਾਰ ਵਜੇ ਦੇ ਕਰੀਬ ਮੈ ਟੈਕਸੀ ਤੇ ਸਵਾਰ ਹੋ ਕੇ ਏਅਰਪੋਰਟ ਵੱਲ ਰਵਾਨਾ ਹੋ ਪਿਆ । ਸਿੰਘਾਪੁਰ ਦੀ ਏਅਰਪੋਰਟ ਦੁਨੀਆਂ ਭਰ ਵਿਚ ਸਭ ਤੋ ਸੁੰਦਰ ਮੰਨੀ ਜਾ ਸਕਦੀ ਹੈ । ਇਸ ਵਿਚ ਯਾਤਰੀਆਂ ਲਈ ਸਭ ਸਹੂਲਤਾਂ ਹਨ। ਬੱਚਿਆਂ ਦੇ ਮਨੋਰੰਜਨ ਲਈ ਕਈ ਸਾਧਨ ਹਨ । ਹੋਰ ਤਾਂ ਹੋਰ ਪਾਣੀ ਦੇ ਫੁਹਾਰਿਆਂ ਦਵਾਲੇ ਪੂਰੇ ਅਸਲੀ ਅਤੇ ਨਕਲੀ ਦਰਖਤ ਵੀ ਹਨ ਜਿਨ੍ਹਾਂ ਉਪਰ ਕੰਪਿਊਟਰ ਦੀ ਮੱਦਦ ਨਾਲ ਚਿੜੀਆਂ ਅਤੇ ਹੋਰ ਜਾਨਵਰਾਂ ਦੀ ਆਵਾਜ ਪੈਦਾ ਕਰਨ ਵਾਲੀਆਂ ਮ ਸ਼ੀਨਾਂ ਲਗੀਆਂ ਹੋਈਆਂ ਹਨ । ਯਾਤਰੀ ਨੂੰ ਮਹਿਸੂਸ ਹੀ ਨਹੀ ਹੁੰਦਾ ਕਿ ਕਿਸੇ ਪਾਰਕ ਵਿੱਚ ਬੈਠਾ ਹੈ ਜਾਂ ਕਿ ਏਅਰਪੋਰਟ ਦੀ ਇਮਾਰਤ ਅੰਦਰ ।

ਸਿੰਘਾਪੁਰ ਏਅਰਲਾਈਨ  ਦੀ ਚੈਕਇਨ _ਰੂ ਹੋਈ ਤਾਂ ਵਧੇਰੇ ਮੁਸਾਫਰ ਪੰਜਾਬੀ ਮੂਲ ਦੇ ਹੀ ਲੱਭ ਰਹੇ ਸਨ । ਇਨ੍ਹਾਂ ਵਿੱਚੋ ਬਹੁਤੇ ਕਨੇਡਾ ਦੇ  ਹਿਰ ਵੈਨਕੂਵਰ ਤੋ ਆਏ ਸਨ । ਰਾਤ ਦਸ ਵਜੇ ਦੇ ਕਰੀਬ ਸਾਡਾ ਜਹਾਜ ਦਿੱਲੀ ਏਅਰਪੋਰਟ ਤੇ ਉਤਰਿਆ। ਮੇਰੇ ਨਾਲ ਬੈਠਾ ਕਨੇਡੀਅਨ ਮੁਸਾਫਰ ਆਪਣਾ ਸਮਾਨ ਸਮੇਟਦਾ ਹੋਇਆ ਬੋਲਿਆ,   ਚਲੋ ਉਤਰੋ ਜਮਸਤਾਨ ਆ ਗਿਆ   । ਦਿੱਲੀ ਏਅਰਪੋਰਟ ਤੇ ਕਸਟਮ ਅਤੇ ਇਮੀਗ੍ਰੇ ਨ ਵਾਲੇ ਉਸਨੂੰ ਭਾਰਤੀ ਜਮਦੂਤ ਲਗਦੇ ਸਨ ।  ਮੈ ਵੀ ਮਨ ਵਿੱਚ ਆਪਣੀ ਸਿੰਘਾਪੁਰ ਦੀ ਯਾਤਰਾ ਦਾ ਲੇਖਾਜੋਖਾ ਕੀਤਾ । ਚਲੋ ਸਿੰਘਾਪੁਰ ਦੇ ਸਿੱਖ ਬਾਬਿਆਂ ਦੀ ਵਿਥਿਆ ਤੋ ਪੰਜਾਬ ਦੀ ਸੱਥ ਪ੍ਰੰਪਰਾ ਕਾਇਮ ਰਹਿਣ ਦੀ ਆਸ ਬੱਝਦੀ ਹੈ । ਸਿੰਘਾਪੁਰ ਦੇ ਬਾਬੇ ਵੀ _ਗਲ ਲਈ ਤਾ  ਖੇਡ ਕੇ, ਪੰਜਾਬ ਮਸਲਿਆਂ ਬਾਰੇ ਵਿਚਾਰਾਂ ਕਰਕੇ ਅਤੇ ਸਫਾਈ ਕਰਨ ਵਾਲੀਆਂ ਚੀਨੀ ਔਰਤਾਂ ਨਾਲ ਠਰਕ ਭੋਰ ਕੇ ਆਪਣੀ ਦਿਲ ਲਗੀ ਕਰ ਲੈਦੇ ਹਨ । ਨਵੀਂ ਪੀੜ੍ਹੀ ਨਾਲੋ ਤੋ ਇਹ ਬਾਬੇ ਹੀ ਸਾਡੀ ਪੰਜਾਬੀ ਕਲਚਰ ਦਾ ਪ੍ਰਤੀਕ ਬਣ ਕੇ ਉਭਰਦੇ ਹਨ

# ਜਪਾਨ ਦੀ ਦੂਜੀ ਫੇਰੀ

ਦਸੰਬਰ 1995 ਵਿਚ ਮੈ ਅੰਮ੍ਰਿਤਸਰ ਵਿਖੇ ਇਕ ਅੰਤਰ ਰਾ ਟਰੀ ਕਾਨਫਰੰਸ ਕਰਾਉਣ ਵਿਚ ਰੁੱਝਾ ਹੋਇਆ ਸਾਂ ਕਿ ਪ੍ਰੋਫੈਸਰ ਹੀਰੋ ੀ ਵਾਕੀਟਾ ਦਾ ਫੈਕਸ ਸੁਨੇਹਾ ਆ ਗਿਆ ਕਿ ਉਹ ਮੇਰੀ ਕਾਨਫਰੰਸ ਵਿਚ  ਾਮਲ ਨਹੀ ਹੋਣਗੇ ਕਿਉਕਿ ਉਨ੍ਹਾਂ ਦੀ ਮਾਤਾ ਗੁਜਰ ਗਈ ਹੈ ਅਤੇ ਕੁਝ ਦਿਨਾਂ ਬਾਅਦ ਉਸ ਦੀ ਧੀ ਦੀ  ਾਦੀ ਵੀ ਹੋਣੀ ਹੈ । ਭੁਚਾਲਾਂ ਦੀ ਖੋਜ ਵਿਚ ਪ੍ਰੋ: ਵਾਕੀਟਾ ਚੋਟੀ ਦੇ ਵਿਗਿਆਨੀ ਹਨ ਅਤੇ ਟੋਕੀਓ ਯੂਨੀਵਰਸਿਟੀ ਦੀ ਭੁਚਾਲ ਸੰਸਥਾ ਦੇ ਡਾਇਰੈਕਟਰ ਹਨ। 1993 ਵਿਚ ਮੈ ਪਹਿਲੀ ਫੇਰੀ ਦੌਰਾਨ ਕੁਝ ਘੰਟੇ ਹੀ ਇਨ੍ਹਾਂ ਨਾਲ ਸੰਪਰਕ ਪੈਦਾ ਕਰ ਸਕਿਆ ਸਾਂ ਕਿਉਕਿ ਇਹ ਕਿਸੇ ਅਗਾਊ ਮਿਥੇ ਹੋਏ ਪ੍ਰੋਗਰਾਮ ਤੇ ਟੋਕੀਓ ਤੋ ਬਾਹਰ ਜਾ ਰਹੇ ਸਨ । ਕੁਝ ਦਿਨਾਂ ਬਾਅਦ ਇਕ ਹੋਰ ਫੈਕਸ ਸੁਨੇਹਾ ਆ ਗਿਆ ਕਿ ਮਾਰਚ ਦੇ ਮਹੀਨੇ ਪ੍ਰੋ ਵਾਕੀਟਾ ਇਕ ਅੰਤਰ-ਰਾ ਟਰੀ ਗੋ ਟੀ ਦਾ ਆਯੋਜਨ ਕਰ ਰਹੇ ਹਨ ਅਤੇ ਭਾਰਤ  ਚੋ ਮੈਨੂੰ ਇਕ ਵਿ ੱਗ ਦੇ ਤੌਰ ਤੇ  ਾਮਲ ਹੋਣ ਦੀ ਦਾਅਵਤ ਦੇ ਰਹੇ ਹਨ । ਆਉਣ ਜਾਣ ਦੇ ਹਵਾਈ ਸਫਰ ਦਾ ਕਰਾਇਆ, ਹੋਟਲ ਦੀ ਰਹਾਇ  ਅਤੇ ਸੈਰ ਸਪਾਟੇ ਦਾ ਸਾਰਾ ਪ੍ਰਬੰਧ ਉਨ੍ਹਾਂ ਦੀ ਸੰਸਥਾ ਵੱਲੋ ਹੋਵੇਗਾ ਕਿਉਕਿ ਇਸ ਕਾਨਫਰੰਸ ਵਿਚ ਮੇਰਾ ਸੁਆਗਤੀ ਭਾ ਣ ਜੋ ਹੋਣਾ ਸੀ । ਮੈ ਕਿਹਾ ਚਲੋ ਘਰ ਦਾ ਜੋਗੀ ਜੋਗੜਾ ਹੀ ਸਹੀ ਪਰੰਤੂ ਜਪਾਨ ਵਾਲਿਆਂ ਨੇ ਸਾਡੀ ਭੁਚਾਲਾਂ ਸੰਬੰਧੀ ਖੋਜ ਦਾ ਮੁੱਲ ਤਾਂ ਪਾਇਆ ਹੈ । ਇਸ ਕਾਨਫਰੰਸ ਵਿਚ ਯੂਰਪ ਅਤੇ ਅਮਰੀਕਾ ਤੋ ਵੀ ਭੁਚਾਲ ਵਿ ੱਗ  ਾਮਲ ਹੋ ਰਹੇ ਸਨ । ਮੈ ਆਪਣਾ ਖੋਜ ਪੱਤਰ ਰਵਾਨਾ ਕਰ ਦਿੱਤਾ ਅਤੇ ਦਿੱਲੀ ਜਾ ਕੇ ਜਪਾਨ ਦਾ ਵੀ ਾ ਵੀ ਪ੍ਰਾਪਤ ਕਰ ਲਿਆ । ਬਲਕਿ ਜਪਾਨ ਦੀ ਐਬੇਸੀ ਨੇ ਮੈਨੂੰ ਵਿ  ਮਹਿਮਾਨ ਜਾਣ ਕੇ ਤੁਰੰਤ ਬਿਨਾਂ ਕਿਸੇ ਹੀਲ ਹੁੱਜਤ ਦੇ ਵੀ ਾ ਦੇ ਦਿਤਾ। ਬਚਪਨ ਵਿਚ ਸਾਡੇ ਨਾਨਕੇ ਪਿੰਡ ਦੇ ਮਾਸਟਰ ਜੋ ਪਹਿਲਾਂ ਚੀਨ ਵਿਚ ਪੁਲਿਸ ਦੀ ਨੌਕਰੀ ਕਰ ਚੁੱਕੇ ਸਨ, ਦੱਸਿਆ ਕਰਦੇ ਕਿ ਟੋਕੀਓ ਦੇ ਹੋਟਲਾਂ ਬਾਹਰ ਨੋਟਿਸ ਲਗਾ ਹੁੰਦਾ ਸੀ ਕਿ ਭਾਰਤੀ ਅਤੇ ਕੁੱਤੇ ਅੰਦਰ ਦਾਖਲ ਨਹੀ ਹੋ ਸਕਦੇ । ਜਪਾਨੀ ਅੰਗਰੇ ਾਂ ਦੇ ਜਾਨੀ ਦੁ ਮਣ ਸਨ ਜਿਸ ਕਰਕੇ ਉਹ ਗੁਲਾਮ ਭਾਰਤੀਆਂ ਨੂੰ ਵੀ ਤ੍ਰਿਸਕਾਰਦੇ ਸਨ ।

ਪਹਿਲੀ ਫੇਰੀ ਅਤੇ ਦੂਜੀ ਫੇਰੀ ਵਿਚ ਓਨਾ ਹੀ ਅੰਤਰ ਹੈ ਜਿੰਨਾ ਵਿਆਹ ਅਤੇ ਮੁਕਲਾਵੇ ਵਿਚ । ਪਹਿਲੀ ਵਾਰ ਹਰ  ੈਅ ਓਪਰੀ ਭਾਸਦੀ ਹੈ , ਦਿਲ ਤ੍ਰਹਿੰਦਾ ਹੈ ਮਤੇ ਕੋਈ ਭੁੱਲ ਹੀ ਨਾ ਹੋ ਜਾਵੇ, ਪਰਾਏ ਦੇਸ ਦੇ ਲੋਕ ਇਕ ਸਾਬਤ ਸੂਰਤ ਸਿਖ ਬਾਰੇ ਕੀ ਸੋਚਣਗੇ । ਦੂਸਰੀ ਫੇਰੀ ਦੌਰਾਨ ਮੁਕਲਾਵੇ ਆਈ ਮੁਟਿਆਰ ਵਾਂਗ ਓਪਰੇਪਨ ਦਾ ਅਹਿਸਾਸ ਦੂਰ ਹੋ ਜਾਂਦਾ ਹੈ, ਝਾਕਾ ਹਟ ਜਾਂਦਾ ਹੈ ਅਤੇ ਪਰਾਏ ਲੋਕਾਂ ਨਾਲ ਅਪਣੱਤ ਜਾਗ ਉੱਠਦੀ ਹੈ । ਸਫਰ ਦੀ ਤਿਆਰੀ ਅਰੰਭ ਹੋ ਗਈ ਅਤੇ ਪੁਰਾਣੇ ਦੋਸਤਾਂ ਲਈ ਕੁਝ ਤੋਹਫੇ ਖਰੀਦੇ ਗਏ । ਪ੍ਰੋ ਬਲਵਿੰਦਰ ਸਿੰਘ ਨੂੰ ਉਚੇਚਾ ਸੁਨੇਹਾ ਦਿਤਾ ਕਿ ਮਾਯੂਮੀ ਇ ੀ ਲਈ ਕੋਈ ਤੋਹਫਾ ਭੇਜਣਾ ਚਾਹੇ ਤਾਂ ਭੇਜ ਸਕਦਾ ਹੈ ਕਿਉਕਿ ਪਿਛਲੀ ਯਾਤਰਾ ਦੌਰਾਨ ਉਸ ਨੇ ਮੇਰੀ ਹਰ ਪੱਖੋ ਅਗਵਾਈ ਕੀਤੀ ਅਤੇ ਟੋਕੀਓ ਦੀ ਸੈਰ ਵੀ ਕਰਵਾਈ। ਮੈ ਮਾਯੂਮੀ ਦਾ  ੁਕਰੀਆ ਅਦਾ ਕਰਨਾ ਸੀ , ਸੋ ਬਲਵਿੰਦਰ ਤੋ ਉਸ ਦਾ ਪਤਾ ਅਤੇ ਟੈਲੀਫੋਨ ਨੰਬਰ ਵੀ ਲੈ ਲਿਆ । ਨਿਹੰਗ ਸਿੰਘਾਂ ਵਾਂਗ ਸਫਰ ਦਾ ਸਮਾਨ ਵੀ ਤਿਆਰ ਕਰ ਲਿਆ । ਜਪਾਨ ਦੀ ਖੁਰਾਕ ਮੇਰੇ ਮੁਆਫਕ ਨਹੀ ਬੈਠਦੀ ਸੋ ਮੇਰੀ ਘਰਵਾਲੀ ਨੇ ਅਲਸੀ ਦੀਆਂ ਪਿੰਨੀਆਂ, ਨਮਕੀਨ ਮੱਠੀਆਂ ਅਤੇ ਗੁੜ ਦੇ ਗੁਲਗੁਲੇ ਜਹੇ ਤਿਆਰ ਕਰਕੇ ਪੈਕਟ ਬੰਨ ਦਿਤੇ । ਇਕ ਹਫਤਾ ਮੈ ਟੋਕੀਓ ਦੇ ਯਾਓਈ-ਕੇਕਨ ਹੋਟਲ ਵਿਚ ਗੁਜਾਰਨਾ ਸੀ ਅਤੇ ਮੇਰੇ ਮੇ ਬਾਨ ਨੇ ਹੋਟਲ ਦੇ ਮਾਲਕ ਨੂੰ ਮੇਰੇ  ਾਕਾਹਾਰੀ ਭੋਜਣ ਲਈ ਵਿ  ਹਦਾਇਤ ਵੀ ਜਾਰੀ ਕਰ ਰੱਖੀ ਸੀ । ਦੁਨੀਆਂ ਦੇ ਭਾਂਤ ਭਾਂਤ ਦੇਸ ਰਟਣ ਤੋ ਬਾਅਦ ਖੁਰਾਕ ਦੀ ਸਮੱਸਿਆ ਹੱਲ ਕਰਨ ਦਾ ਵੱਲ ਤਾਂ ਆ ਗਿਆ ਹੈ ਪਰੰਤੂ ਇਹ ਮੰਨਣਾ ਪਵੇਗਾ ਕਿ ਪੰਜਾਬ ਅਤੇ ਖਾਸ ਕਰਕੇ ਅੰਮ੍ਰਿਤਸਰ ਦੇ ਢਾਬਿਆਂ ਦਾ ਕੋਈ ਮੁਕਾਬਲਾ ਨਹੀ ਕਰ ਸਕਦਾ।

ਦੋ ਮਾਰਚ ਨੂੰ ਦਿੱਲੀ ਤੋ ਏਅਰ ਇੰਡੀਆ ਦੇ ਜੰਬੋਜੈਟ ਤੇ ਸਵਾਰ ਹੋ ਕੇ ਟੋਕੀਓ ਵੱਲ ਰਵਾਨਾ ਹੋ ਪਿਆ । ਉਸ ਦਿਨ ਟੈਕਨੀਕਲ ਸਟਾਫ ਦੀ ਹੜਤਾਲ ਸੀ ਜਿਸ ਕਰਕੇ ਅਖੀਰਲੇ ਦਮ ਤਕ ਇਹ ਧੁੜਕੂ ਲਗਾ ਰਿਹਾ ਕਿ ਹਵਾਈ ਜਹਾ  ਉਡਾਨ ਭਰਦਾ ਹੈ ਕਿ ਨਹੀ । ਭਾਰਤ ਦੀ ਵਡੀ ਸਮੱਸਿਆ ਹੀ ਇਹੋ ਬਣ ਗਈ ਹੈ ਕਿ ਜੀਵਨ ਅਨਿਸਚਿਤਤਾ ਦੀ ਘੁੰਮਣਘੇਰੀ ਵਿਚ ਫਸਿਆ ਰਹਿੰਦਾ ਹੈ । ਸਾਰੇ ਪ੍ਰੋਗਰਾਮ ਮਿਥੇ ਜਾਣ ਉਪ੍ਰੰਤ ਵੀ ਡੋਰੀ ਪ੍ਰਭੂ ਦੇ ਹੱਥ ਹੀ ਰਹਿੰਦੀ ਹੈ । ਜਹਾ  ਜਪਾਨੀ ਵਿਦਿਆਥੀਆਂ ਨਾਲ ਖਚਾ ਖਚ ਭਰਿਆ ਪਿਆ ਸੀ । ਇਹ ਜੈਪੁਰ, ਆਗਰਾ ਅਤੇ ਖਾਜੂਰਾਹੋ ਦੀ ਯਾਤਰਾ ਕਰਕੇ ਵਾਪਸ ਜਾ ਰਹੇ ਸਨ । ਮੇਰੇ ਨਾਲ ਦੀ ਸੀਟ ਉਪਰ ਟੋਕੀਓ ਯੂਨੀਵਰਸਿਟੀ ਦਾ ਹੀ ਇਕ ਵਿਦਿਆਰਥੀ ਬੈਠਾ ਸੀ ਅਤੇ ਦੂਸਰੇ ਪਾਸੇ ਪ੍ਰੋ: ਪਾਂਡੇ ਦੀ ਧਰਮ ਪਤਨੀ ਜੋ ਅਮਰੀਕਾ ਵਾਪਸ ਪਰਤ ਰਹੀ ਸੀ ।

ਦਿੱਲੀ ਦੇ ਏਅਰ ਇੰਡੀਆ ਕਾਊਂਟਰ ਤੇ ਬੈਠੀ ਮੁਟਿਆਰ ਨੇ ਪਹਿਲਾਂ ਮੈਨੂੰ ਸਮੋਕਿੰਗ ਏਰੀਆ  ਚ ਸੀਟ ਦਿਤੀ ਅਤੇ ਜਦੋਂ ਮੈ ਝਗੜ ਕੇ ਸੀਟ ਬਦਲਣ ਲਈ ਕਿਹਾ ਤਾਂ ਉਸਨੇ  ਰਾਰਤ ਨਾਲ ਇਕ ਹੋਰ ਨਿਕੰਮੀ ਸੀਟ ਅਲਾਟ ਕਰ ਦਿਤੀ ਜੋ ਕਿ ਫਿਲਮ ਪ੍ਰੋਜੈਕ ਨ ਸਕਰੀਨ ਦੇ ਬਿਲਕੁਲ ਹੇਠ ਸੀ ਅਤੇ ਲੱਤਾਂ ਸਿੱਧੀਆਂ ਕਰਨ ਦੀ ਕੋਈ ਸੰਭਾਵਨਾ ਨਹੀਂ ਸੀ । ਸੋ ਰਾਤ ਭਰ 9 ਘੰਟੇ ਦਾ ਸਫਰ ਸੀਟ ਵਿਚ ਆਕੜ ਕੇ ਕੱਟਿਆ ਅਤੇ 3 ਮਾਰਚ ਸਵੇਰੇ 10 ਵਜੇ ਦੇ ਕਰੀਬ ਸਾਡਾ ਹਵਾਈ ਜਹਾ  ਟੋਕੀਓ ਦੇ ਨਾਰੀਟਾ ਏਅਰਪੋਰਟ ਤੇ ਜਾ ਉਤਰਿਆ। ਇਮੀਗਰੇ ਨ ਅਤੇ ਕਸਟਮ ਤੋਂ ਬਿਨਾ ਰੋਕ ਲੰਘ ਕੇ ਅੱਧੇ ਘੰਟੇ ਵਿਚ ਮੈ ਟੋਕੀਓ ਨੂੰ ਜਾਣ ਵਾਲੀ ਸੁਪਰ ਐਕਸਪਰੈਸ ਵਿਚ ਸਵਾਰ ਹੋ ਗਿਆ । ਇਹ ਗੱਡੀ ਏਅਰਪੋਰਟ ਦੀ ਬਿਲਡਿੰਗ ਦੇ ਹੇਠੋਂ ਹੀ ਚਲਦੀ ਹੈ ਅਤੇ ਇਕ ਘੰਟੇ ਵਿਚ ਟੋਕੀਓ  ਹਿਰ ਦੇ ਧੁਰ ਅੰਦਰ ਪਹੁੰਚਾ ਦਿੰਦੀ ਹੈ । ਇਸ ਦਾ ਕਿਰਾਇਆ ਵੀ 700 ਰੁਪਏ ਹੈ ਅਤੇ ਇਹ ਹਰ ਅੱਧੇ ਘੰਟੇ ਬਾਅਦ ਚਲਦੀ ਰਹਿੰਦੀ ਹੈ ।

ਟੋਕੀਓ ਵਿਚ ਮੌਸਮ ਸਰਦੀ ਦਾ ਹੋਣ ਕਰਕੇ ਧੁੱਪ ਦੇ ਬਾਵਜੂਦ ਵੀ ਠੰਡ ਮਹਿਸੂਸ ਹੋ ਰਹੀ ਸੀ । ਬਾਹਰ ਦਾ ਤਾਪਮਾਨ ਰਾਤ ਨੂੰ ਸਿਫਰ ਦਰਜ ਸੈਂਟੀਗਰੇਡ ਹੋ ਜਾਂਦਾ ਹੈ ਅਤੇ ਇਕ ਹਫਤਾ ਪਹਿਲਾਂ ਬਰ  ਪੈ ਕੇ ਹਟੀ ਸੀ । ਨੀਅਤ ਸਮੇ ਉਪਰ ਗੱਡੀ ਟੋਕੀਓ ਦੇ ਓਏਨੋ ਸਟੇ ਨ ਉਪਰ ਰੁਕੀ । ਇਹ ਟੋਕੀਓ ਦਾ ਮ ਹੂਰ ਪਾਰਕ ਹੈ ਜਿਸ ਵਿਚ ਪੁਰਾਣੇ ਬੋਧੀ ਮੰਦਰ, ਚਿੜੀਆਘਰ, ਵਿਗਿਆਨ ਅਤੇ ਹੁਨਰ ਨਾਲ ਸੰਬੰਧਿਤ ਅਜਾਇਬਘਰ, ਥੀਏਟਰ ਅਤੇ ਬੱਚਿਆਂ ਦੇ ਮਨੋਰੰਜਨ ਦੇ ਕਈ ਸਾਧਨ ਹਨ । ਅਪਰੈਲ ਦੇ ਮਹੀਨੇ ਜਪਾਨ ਦੀ ਬਸੰਤ ਰੁੱਤ ਅਰੰਭ ਹੋ ਜਾਂਦੀ ਹੈ ਅਤੇ ਓਏਨੋ ਪਾਰਕ ਦੇ ਚੈਰੀ ਦੇ ਬਾਗ ਖੇੜੇ ਵਿਚ ਝੁਰਮਟ ਪਾ ਕੇ ਮੁਸਾਫਰਾਂ ਨੂੰ ਧੂਹ ਪਾਉਂਦੇ ਹਨ। ਪ੍ਰੋ: ਪੂਰਨ ਸਿੰਘ ਇਨ੍ਹਾਂ ਚੈਰੀ ਦੇ ਫੁੱਲਾਂ ਦਾ ਮਤਵਾਲਾ ਸੀ ਅਤੇ ਆਪਣੀ ਵਾਰਤਕ ਵਿਚ ਇਸ ਬਾਗ ਦਾ ਿ ਕਰ ਕਰਦਾ ਹੈ:   ਜੇਕਰ ਮੈ ਫੁੱਲਾਂ ਨੂੰ ਤੋੜਾਂ ਤਦ ਮੇਰੇ ਹੱਥ ਦੀ ਮੈਲ ਫੁੱਲਾਂ ਨੂੰ ਮੈਲਾ ਕਰੇਗੀ, ਇਸ ਕਰਕੇ ਮੈ ਹਵਾ ਨਾਲ ਹਿਲਦੇ ਫੁੱਲਾਂ ਨੂੰ ਆਦਿ ਜੁਗਾਦ ਤੇ ਹੁਣ ਦੇ ਮਹਾਤਮਾ ਬੁੱਧਾਂ ਨੂੰ ਚੜ੍ਹਾਂਦੀ ਹਾਂ।" ਜਪਾਨੀਆਂ ਦੇ ਜੀਵਨ ਵਿਚ ਚੈਰੀ ਦੇ ਫੁੱਲਾਂ ਦੇ ਖੇੜੇ ਦੀ ਵਿ  ਮਹਾਨਤਾ ਹੈ

ਓਏਨੋ ਸਟੇ ਨ ਤੋਂ ਬਾਹਰ ਨਿਕਲ ਕੇ ਮੈ ਆਪਣੇ ਹੋਟਲ ਪਹੁੰਚਣ ਲਈ ਗਾਈਡ ਮੈਪ ਦਾ ਆਸਰਾ ਲਿਆ । ਸੜਕ ਦੇ ਦੂਸਰੇ ਪਾਸੇ ਟੈਕਸੀ ਵਾਲੇ ਨੂੰ ਪੁੱਛਿਆ ਤਾਂ ਉਸਨੇ ਇ ਾਰੇ ਨਾਲ ਹੋਟਲ ਪਹੁੰਚਣ ਦਾ ਰਾਹ ਦੱਸਿਆ ਅਤੇ ਕਿਹਾ 500 ਮੀਟਰ ਦੂਰ ਹੈ, ਅਗਲੇ ਮੋੜ ਉਪਰ ਖੱਬੇ ਪਰਤਣਾ । ਅਜੇ ਮੈ ਮੋੜ ਉਪਰ ਖੜਾ ਸੋਚ ਹੀ ਰਿਹਾ ਸਾਂ ਕਿ ਇਕ ਜੀਪ ਆ ਕੇ ਮੇਰੇ ਪਾਸ ਰੁਕੀ । ਇਸ ਵਿਚ ਤਿੰਨ ਔਰਤਾਂ ਸਨ ਅਤੇ ਡਰਾਈਵਰ ਨੇ ਮੇਰੀ ਪਰੇ ਾਨੀ ਦਾ ਕਾਰਨ ਪੁੱਛਿਆ । ਮੈ ਆਪਣੇ ਹੋਟਲ ਦਾ ਿ ਕਰ ਕੀਤਾ । ਡਰਾਈਵਰ ਮੁਟਿਆਰ ਨੇ ਮੇਰਾ ਅਟੈਚੀ ਜੀਪ ਵਿਚ ਰੱਖ ਲਿਆ ਅਤੇ ਆਪਣੀ ਮਾਂ ਅਤੇ ਛੋਟੀ ਭੈਣ ਨਾਲ ਵਾਕਫੀਅਤ ਕਰਵਾਈ । ਪਹਿਰਾਵੇ ਤੋਂ ਉਹ ਜਪਾਨੀ ਔਰਤਾਂ ਰੋਮਨ ਕੈਥੋਲਿਕ ਜਾਪਦੀਆਂ ਸਨ । ਮੇਰਾ ਅੰਦਾ ਾ ਠੀਕ ਨਿਕਲਿਆ । ਐਤਵਾਰ ਦਾ ਦਿਨ ਹੋਣ ਕਰਕੇ ਉਹ ਪ੍ਰਾਰਥਨਾ ਵਿਚ  ਾਮਲ ਹੋਣ ਲਈ ਗਿਰਜਾਘਰ ਜਾ ਰਹੀਆਂ ਸਨ । ਮੇਰਾ ਹੋਟਲ ਨ ਦੀਕ ਸੀ ਅਤੇ ਉਨ੍ਹਾਂ ਨੇ ਮੈਨੂੰ ਪ੍ਰਾਰਥਨਾ ਵਿੱਚ  ਾਮਲ ਹੋਣ ਦੀ ਦਾਅਵਤ ਦਿੱਤੀ । ਮੈ ਹੋਟਲ  ਚ ਆਪਣਾ ਕਮਰਾ ਅਲਾਟ ਕਰਵਾ ਕੇ ਸਮਾਨ ਟਿਕਾ ਦਿਤਾ ਅਤੇ ਪੰਜ ਮਿੰਟ ਬਾਅਦ ਹੀ ਪਰਤ ਆਇਆ ਤਾਂ ਕਿ ਟੋਕੀਓ ਦੀ ਸੈਰ ਕਰ ਸਕਾਂ ਅਤੇ ਇਨ੍ਹਾਂ ਮਿਹਰਬਾਨ ਜਪਾਨੀ ਔਰਤਾਂ ਦੀ ਪ੍ਰਾਰਥਨਾ ਸਭਾ ਵਿਚ  ਾਮਲ ਹੋ ਆਵਾਂ । ਪੈਰਿਸ ਵਿਚ ਜਦੋਂ ਗੁਰਦਵਾਰਾ ਨਹੀਂ ਸੀ ਹੋਇਆ ਕਰਦਾ ਤਾਂ ਮੈ ਕਦੇ ਕਦਾਈ ਨੋਟਰਡਾਮ ਦੇ ਗਿਰਜਾ ਘਰ ਵਿਚ ਸੰਗੀਤ ਦਾ ਆਨੰਦ ਮਾਨਣ ਜਾਇਆ ਕਰਦਾ ਸਾਂ।

ਸਫਰ ਦੇ ਥਕੇਵੇ ਦੇ ਬਾਵਜੂਦ ਮੈ ਸੱਦਾ ਪ੍ਰਵਾਨ ਕਰ ਲਿਆ । ਐਤਵਾਰ ਦਾ ਦਿਨ ਹੋਣ ਕਰਕੇ ਟੋਕੀਓ ਦੀਆਂ ਸੜਕਾਂ ਤੇ ਆਵਾਜਾਈ ਘੱਟ ਸੀ । ਅਸੀਂ ਟੋਕੀਓ ਯੂਨੀਵਰਸਿਟੀ ਦੇ ਕੈਂਪਸ ਵਿਚੋਂ ਦੀ ਲੰਘ ਕੇ ਿ ੁਕੂ ਨੂੰ ਜਾਣ ਵਾਲੀ ਐਕਸਪਰੈਸ ਹਾਈਵੇ ਤੇ ਚੜ੍ਹ ਗਏ । ਿ ੁਕੂ ਟੋਕੀਓ  ਹਿਰ ਦਾ ਬਿ ਨੈਸ ਸੈਂਟਰ ਹੈ ਅਤੇ ਜੇਕਰ ਟੋਕੀਓ ਵਿਚ ਇਹ ਹਾਈਵੇ ਨਾ ਹੋਣ ਤਾਂ ਕਾਰ ਅਤੇ ਬੱਸ ਉਪਰ ਸਫਰ ਕਰਨਾ ਨਾ-ਮੁਮਕਿਨ ਹੋ ਜਾਵੇ । ਟੋਕੀਓ ਅੰਦਰ ਧਰਤੀ ਹੇਠ ਅਤੇ ਉਪਰ ਵੀ ਰੇਲ ਲਾਈਨਾਂ ਦਾ ਜਾਲ ਵਿਛਿਆ ਹੋਇਆ ਹੈ । ਟੋਕੀਓ ਦਾ ਮੁੱਖ ਰੇਲਵੇ ਸਟੇ ਨ ਵੀ ਧਰਤੀ ਹੇਠ ਹੀ ਹੈ ਅਤੇ ਇਥੋਂ ਜਪਾਨ ਦੇ ਹਰ  ਹਿਰ ਨੂੰ ਜਾਣ ਲਈ ਰੇਲ ਗੱਡੀ ਚੱਲਦੀ ਹੈ । ਕਈ ਜਗਹ ਤਾਂ ਛੇ ਸਤ ਮੰਿ ਲਾਂ ਹੇਠ ਉਤਰਨਾ ਪੈਂਦਾ ਹੈ । ਸਟੇ ਨ ਅੰਦਰ ਇਉਂ ਲਗਦਾ ਹੈ ਜਿਵੇ ਚਾਂਦਨੀ ਚੌਕ ਵਿਚ ਆ ਗਏ ਹੋਈਏ। ਦੁਨੀਆਂ ਦੀ ਸਾਰੀ ਭੀੜ ਇਥੇ ਲੱਭ ਪੈਂਦੀ ਹੈ । ਦਫਤਰ ਦੇ ਸਮੇ ਤਾਂ ਕੀੜੀਆਂ ਦੇ ਭੌਣ ਵਾਂਗ ਜਪਾਨੀ ਭੱਜੇ ਫਿਰਦੇ ਲੱਭਦੇ ਹਨ । ਕੋਈ ਕਿਸੇ ਨੂੰ ਮ ਾਲ ਕੀ ਹੈ ਕਿ ਧੱਕਾ ਜਾਂ ਹੁੱਜ ਮਾਰੇ । ਹਰ ਦੋ ਮਿੰਟ ਬਾਅਦ ਲੋਕਲ ਟਰੇਨਾਂ ਚਲਦੀਆਂ ਹਨ । ਬੁੱਲਟ ਟਰੇਨ ਤਾਂ 250 ਕਿਲੋਮੀਟਰ ਘੰਟੇ ਦੀ ਰਫਤਾਰ ਤੇ ਚਲਦੀ ਹੈ, ਮਾਨੋ ਅੰਮ੍ਰਿਤਸਰ ਤੋਂ ਦਿੱਲੀ ਜਿੰਨਾ ਸਫਰ ਕੇਵਲ ਦੋ ਘੰਟੇ ਵਿਚ ਤੈਹ ਹੋ ਜਾਂਦਾ ਹੈ । ਜੇਕਰ ਗੱਡੀ ਇਕ ਮਿੰਟ ਦੇਰੀ ਨਾਲ ਪਹੁੰਚੇ ਤਾਂ ਮੁਸਾਫਰ ਕਲੇ  ਖੜਾ ਕਰ ਦਿੰਦੇ ਹਨ ਅਤੇ ਰੇਲਵੇ ਸਟਾਫ ਦੀ ਮੁਅੱਤਲੀ ਵੀ ਹੋ ਸਕਦੀ ਹੈ । ਹੁਣ ਕਰੋ ਖਾਂ ਭਾਰਤ

ਦੀ  ਤਾਬਦੀ ਐਕਸਪਰੈਸ ਜਾਂ ਰਾਜਧਾਨੀ ਦਾ ਮੁਕਾਬਲਾ । ਇਥੇ ਮਿੰਟਾਂ ਦੀ ਦੇਰੀ ਤਾਂ ਇਕ ਪਾਸੇ ਰਹੀ , ਘੰਟਿਆਂ ਦੀ ਦੇਰੀ ਵੀ ਆਮ ਗੱਲ ਜਾਪਦੀ ਹੈ । ਜਪਾਨੀ ਹੁਣ ਇਕ ਹੋਰ ਮਾਡਲ ਪਰਖ ਚੁਕੇ ਹਨ ਜੋ 500 ਕਿਲੋਮੀਟਰ ਦੀ ਰਫਤਾਰ ਤੇ ਚੱਲ ਸਕਦੀ ਹੈ ਉਸ ਨੂੰ ਸੁਪਰਕੰਡਕਟਰ ਰੇਲਵੇ ਕਿਹਾ ਜਾਂਦਾ ਹੈ ।

ਟੋਕੀਓ  ਹਿਰ ਦਾ ਨ ਾਰਾ ਲੈਂਦੇ ਹੋਏ ਅਸੀਂ ਿਜੂਕੂ ਦੇ ਗਿਰਜਾਘਰ ਵਿਚ ਪਹੁੰਚ ਗਏ। ਪਾਦਰੀ ਸਾਹਿਬ ਨੇ ਮੇਜ ਉਪਰ ਬਿਠਾ ਕੇ ਮੇਰਾ ਸੁਆਗਤ ਕੀਤਾ ਅਤੇ ਪੀਣ ਲਈ ਗਰਮ ਚਾਹ ਦਾ ਪਿਆਲਾ । ਚੀਨ ਅਤੇ ਜਪਾਨ ਵਿਚ ਹਰੀ ਚਾਹ ਦਾ ਰਿਵਾਜ ਹੈ ਅਤੇ ਪਾਣੀ ਦੀ ਥਾਂ ਵੀ ਇਸ ਦੀ ਵਰਤੋਂ ਕਰਦੇ ਹਨ। ਨਾਲ ਦੇ ਹਾਲ ਕਮਰੇ ਵਿਚ ਪ੍ਰਾਰਥਨਾ ਚਲ ਰਹੀ ਸੀ ਅਤੇ ਉੱਚੀ ਸੁਰ ਵਿਚ ਬੋਲ ਰਹੇ ਸਨ । ਸਾਨੂੰ ਵੀ ਪਾਦਰੀ ਨੇ ਮੰਤਰ ਦੀ ਇਕ ਤੁਕ ਦੱਸੀ ਅਤੇ ਉੱਚੀ ਉੱਚੀ ਬੋਲਣ ਲਗਾ । ਇਹ ਰਟਣ ਸਾਡੇ ਰੈਣ ਸਵਾਈ ਜਥੇ ਦੇ  ਵਾਹਿਗੁਰੂ ਵਾਹਿਗੁਰੂ  ਅਲਾਪ ਨਾਲ ਮੇਲ ਖਾਂਦਾ ਸੀ । ਮੈਨੂੰ ਜਪਾਨੀ ਮੰਤਰ ਤਾਂ ਯਾਦ ਨਾ ਹੋਇਆ ਮੈ ਵਾਹਿਗੁਰੂ ਵਾਹਿਗੁਰੂ ਦਾ ਅਲਾਪ ਹੀ ੁਰੂ ਕਰ ਦਿਤਾ । ਪਾਦਰੀ ਅੰਗਰੇ ੀ ਸਮਝਦਾ ਸੀ । ਕਹਿਣ ਲੱਗਾ ਕਿ ਤੁਸੀ ਆਪਣੇ ਧਰਮ ਵਿੱਚ ਰਹਿ ਕੇ ਵੀ ਸਾਡੀ ਪ੍ਰਾਰਥਨਾ ਵਿੱਚ  ਾਮਲ ਹੋ ਸਕਦੇ ਹੋ । ਮੈ ਸੋਚਿਆ ਇਹ ਹਕੀਕਤ ਤਾਂ ਕੇਵਲ ਬਾਬੇ ਨਾਨਕ ਦੇ ਸਿੱਖ ਧਰਮ ਵਿੱਚ ਹੀ ਪ੍ਰਵਾਨ ਸੀ, ਜਪਾਨ ਦੇ ਲੋਕਾਂ ਨੂੰ ਇਹ ਰਾ  ਕਿਵੇ ਪਤਾ ਲੱਗ ਗਿਆ ।

ੈਰ, ਇਥੇ ਆ ਕੇ ਪਤਾ ਲਗਾ ਕਿ ਇਹ ਕੋਈ ਅਲਹਿਦਾ ਮੱਤ ਹੀ ਹੈ । ਪਹਿਲਾਂ ਅਸੀਂ ਜੁੱਤੇ ਲਾਹ ਕੇ ਗਿਰਜਾਘਰ ਵਿੱਚ ਵੜੇ ਸਾਂ ਜੋ ਕਿ ਯੂਰਪੀਨ ਤਹਿ ਬਿ  ਤੋ ਭਿੰਨ ਹੈ । ਪਾਦਰੀ ਸਾਹਿਬ ਕਹਿਣ ਲਗੇ ਕਿ ਮੈਨੂੰ ਕੇਸੀ ਇ ਨਾਨ ਕਰ ਕੇ ਹੀ ਪ੍ਰਾਰਥਨਾ ਹਾਲ ਵਿੱਚ ਜਾਣ ਦੀ ਆਗਿਆ ਮਿਲ ਸਕਦੀ ਹੈ । ਉਨ੍ਹਾਂ ਮੇਰੇ ਲਈ ਚਿੱਟਾ ਗਾਊਨ ਅਤੇ ਜਪਾਨੀ ਵਸਤਰ ਮੰਗਾ ਲਏ ਅਤੇ ਗਿਰਜਾਘਰ ਦੇ ਤਲਾਬ ਵਿੱਚ ਚੁੱਭੀ ਲਾਉਣ ਨੂੰ ਕਿਹਾ । ਭਾਵੇ ਮੈ ਐਤਵਾਰ ਦਾ ਕੇਸੀ ਇ ਨਾਨ ਕਰਨਾ ਸੀ ਪਰੰਤੂ ਜਪਾਨੀ ਔਰਤਾਂ ਦੀ ਹਾਜਰੀ ਵਿੱਚ ਮੈ ਝਿਜਕ ਗਿਆ ਅਤੇ ਹੋਟਲ ਵਾਪਸ ਜਾਣ ਦੀ ਤਜਵੀ  ਪੇ  ਕੀਤੀ। ਜਪਾਨ ਵਿੱਚ ਪਿੱਛੇ ਜਹੇ  ਔਮ ਸੈਕਟ  ਦੇ ਗੁਰੂ ਨੇ ਸਰੀਨ ਗੈਸ ਦੀ ਵਰਤੋਂ ਕਰਕੇ ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ । ਮੇਰੇ ਮਨ ਵਿੱਚ ਇਹੋ ਜਹੇ ਵਿਚਾਰ ਉਭਰਨ ਲਗੇ । ਮੈ ਸੋਚਿਆ ਇਥੇ ਕੋਈ ਹੋਰ ਹੀ ਟੰਟਾ ਨਾ ਖੜਾ ਹੋ ਜਾਵੇ । ਪਰ ਮੈਨੂੰ ਹੈਰਾਨੀ ਵੀ ਹੋ ਰਹੀ ਸੀ ਕਿ ਜਪਾਨ ਵਿੱਚ ਰੋਮਨ ਕੈਥੋਲਿਕ ਤਾਂ ਭਾਰਤ ਦੇ ਪੰਡਿਤਾਂ ਤੋ ਵੀ ਵਧੇਰੇ ਸੁੱਚਮ ਭਾਲਦੇ ਹਨ ।

ਆਖਰ ਮੇਰੀ ਇਹ ਿੱਦ ਵੇਖ ਕੇ ਪਾਦਰੀ ਸਾਹਿਬ ਨੇ ਟੈਕਸੀ ਮੰਗਾ ਦਿੱਤੀ ਅਤੇ ਆਪਣੇ ਖਰਚ ਤੇ ਮੈਨੂੰ ਹੋਟਲ ਵਿੱਚ ਭੇਜ ਦਿੱਤਾ । ਮੇਰੀਆਂ ਸਾਥੀ ਜਪਾਨੀ ਔਰਤਾਂ ਤਾਂ ਪ੍ਰਾਰਥਨਾ ਹਾਲ ਵਿੱਚ ਪ੍ਰਵੇ  ਕਰ ਗਈਆਂ । ਹੋ ਸਕਦਾ ਹੈ ਇਹ ੁੱਧੀਕਰਨ ਦੀ ਰਸਮ ਨਵੇ ਚੇਲਿਆਂ ਉਪਰ ਹੀ ਲਾਗੂ ਹੁੰਦੀ ਹੋਵੇ । ਇਹ ਇਕ ਨਵਾਂ ਹਾਦਸਾ ਸੀ ਜੋ ਮੇਰੇ ਨਾਲ ਵਾਪਰਿਆ । ਲੱਗਭਗ ਸੌ ਸਾਲ ਪਹਿਲਾਂ ਪੰਜਾਬ ਦਾ ਇਕ ਨੌਜਵਾਨ ਗੱਭਰੂ ਟੋਕੀਓ ਯੂਨੀਵਰਸਿਟੀ ਵਿੱਚ ਵਿਦਿਆ ਹਾਸਲ ਕਰਨ ਆਇਆ ਜਪਾਨ ਦੇ ਬੋਧੀ ਮੰਦਰਾਂ ਤੋ ਅਜੇਹਾ ਪ੍ਰਭਾਵਿਤ ਹੋਇਆ ਕਿ ਸਿੱਖੀ ਸਰੂਪ ਦਾ ਤਿਆਗ ਕਰਕੇ ਬੋਧੀ ਭਿਕ ੂ ਹੋ ਨਿਬੜਿਆ । ਹੋ ਸਕਦਾ ਹੈ ਉਹ ਵੀ ਕਿਸੇ ਜਪਾਨੀ ਮੁਟਿਆਰ ਦੀ ਟੂਣੇਹਾਰੀ ਅਦਾ ਦਾ ਿ ਕਾਰ ਹੋਇਆ ਹੋਵੇ । ਮੇਰੀ ਮੁਰਾਦ ਪ੍ਰੋ: ਪੂਰਨ ਸਿੰਘ ਤੋ ਹੈ ਜੋ ਪੰਜਾਬ ਦੇ ਮਹਾਨ ਕਵੀ ਅਤੇ ਉੱਘੇ ਰਸਾਇਣ ਵਿਗਿਆਨੀ ਹੋਏ ਹਨ । ਪਤਾ ਨਹੀ ਮੇਰੀ ਵਿਗਿਆਨਕ ਬਿਰਤੀ ਹਾਵੀ ਹੋਣ ਕਰਕੇ ਮੈ ਜਪਾਨੀ ਮੁਟਿਆਰਾਂ ਦੇ ਝਾਂਸੇ ਵਿੱਚ ਨਾ ਆਇਆ ਹੋਵਾਂ । ਅਗਲੀ  ਾਮ ਨੂੰ ਮੇਰੇ ਦੋ ਵਿਗਿਆਨੀ ਸਾਥੀ ਕਹਿਣ ਲਗੇ ਕਿ ਅੱਜ ਗਲੀ ਦੇ ਮੋੜ ਤੇ ਦੋ ਜਪਾਨੀ ਮੁਟਿਆਰਾਂ ਨੇ ਉਨ੍ਹਾਂ ਨੂੰ ਪ੍ਰਾਰਥਨਾ ਵਿੱਚ  ਾਮਲ ਹੋਣ ਲਈ ਮਜਬੂਰ ਕੀਤਾ ਅਤੇ ਸਿਰ ਤੇ ਅ ੀਰਵਾਦ ਦੇ ਕੇ ਚਲੀਆਂ ਗਈਆਂ। ਉਹ ਵਿ ਵ  ਾਂਤੀ ਲਈ ਪ੍ਰਾਰਥਨਾ ਕਰ ਰਹੀਆਂ ਸਨ । ਮੇਰਾ ਭੁਲੇਖਾ ਤੇ ਵਹਿਮ ਦੂਰ ਹੋ ਗਿਆ ਅਤੇ ਮੈ ਉਨ੍ਹਾਂ ਨੂੰ ਆਪਣੀ ਹੱਡਬੀਤੀ ਸੁਣਾ ਕੇ ਧਰਵਾਸ ਦਿੱਤਾ ।

# ਟੋਕੀਓ ਦੀ ਸੈਰ

---

ਅੰਤਰ-ਰਾ ਟਰੀ ਕਾਨਫਰੰਸ 5 ਮਾਰਚ 1996 ਨੂੰ _ਰੂ ਹੋਣੀ ਸੀ ਜਿਸ ਕਰਕੇ ਸੋਮਵਾਰ 4 ਮਾਰਚ ਮੇਰਾ ਵਿਚਾਰ ਟੋਕੀਓ ਹਿਰ ਦੀ ਸੈਰ ਦਾ ਬਣ ਗਿਆ । ਸਵੇਰੇ ਦਸ ਵਜੇ ਹੋਟਲ ਤੋਂ ਰਵਾਨਾ ਹੋ ਕੇ ਟੋਕੀਓ ਯੂਨੀਵਰਸਿਟੀ ਦਾ ਕੈਂਪਸ ਵੇਖਿਆ। ਇਹ ਇਲਾਕੇ ਦਾ ਨਾਮ ਹੋਂਗੋ ਹੈ ਅਤੇ ਕਿਸੇ ਜਮਾਨੇ ਵਿਚ ਜਪਾਨ ਦੇ ਈਡੋ ਬਾਦ ਾਹ ਦਾ ਇਥੇ ਮਹੱਲ ਹੋਇਆ ਕਰਦਾ ਸੀ । 1860 ਦੇ ਕਰੀਬ ਬਾਦ ਾਹ ਨੇ ਆਪਣੇ ਮਹੱਲ ਵਿਚ ਹੀ ਟੋਕੀਓ ਯੂਨੀਵਰਸਿਟੀ ਦਾ ਅਗਾ ਕੀਤਾ । ਹੁਣ ਮਹੱਲ ਤਾਂ ਕਿਧਰੇ ਨਹੀਂ ਲੱਭਦਾ ਪਰੰਤੂ ਮੁਖ ਦੁਆਰਾ ਅਜੇ ਕਾਇਮ ਹੈ ਜਿਸ ਨੂੰ ਲਾਲ ਦਰਵਾ ਾ ਕਹਿੰਦੇ ਹਨ । ਇਹ ਬੋਧੀ ਆਰਟ ਦੀ ਸੁੰਦਰ ਪੇ ਕਾਰੀ ਹੈ । ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਖੋਜ ਰਸਾਲੇ ਵਾਚ ਕੇ ਮੈ ਭੁਚਾਲਾਂ ਸੰਬੰਧੀ ਖੋਜ ਦੀ ਸੰਸਥਾ ਦਾ ਦੌਰਾ ਕੀਤਾ । ਇਕ ਖੋਜ ਸਹਾਇਕ ਨੂੰ ਨਾਲ ਲੈ ਕੇ ਮੈ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਵਿਚ ਪੁਰਾਣੇ ਰੀਕਾਰਡ ਦੀ ਭਾਲ ਕਰਨ ਲਗਾ ।

ਕਾਨਫਰੰਸ ਤੋਂ ਇਲਾਵਾ ਮੇਰੀ ਤੀਬਰ ਇੱਛਾ ਸੀ ਕਿ ਪ੍ਰੋ: ਪੂਰਨ ਸਿੰਘ ਦੇ ਟੋਕੀਓ ਯੂਨੀਵਰਸਿਟੀ ਦੇ ਵਿਦਿਆਰਥੀ ਜੀਵਨ ਬਾਰੇ ਕੁਝ ਸਮੱਗਰੀ ਪ੍ਰਾਪਤ ਕਰਾਂ । ਉਹ ਸਤੰਬਰ 1900 ਤੋਂ ਲੈ ਕੇ ਅਪਰੈਲ 1903 ਤਕ ਟੋਕੀਓ ਚ ਰਹੇ ਸਨ । ਉਹ ਮਕਾਨ ਜਿੱਥੇ ਭਾਰਤੀ ਵਿਦਿਆਰਥੀ ਰਹਿੰਦੇ ਸਨ ਹੁਣ ਤਬਾਹ ਹੋ ਚੁਕਾ ਹੈ । ਇਹ ਹੋਂਗੋ ਦੇ ਮੈਟਰੋ ਸਟੇ ਨ ਦੇ ਲਾਗੇ ਹੀ ਸੀ । ਦਰਅਸਲ, ਦੂਸਰੇ ਵਿ ਵ ਯੁੱਧ ਵਿੱਚ ਜਪਾਨ ਦੀ ਭਾਰੀ ਤਬਾਹੀ ਹੋਈ ਅਤੇ ਮੁੜ ਉਸਾਰੀ ਕਾਰਨ ਯੂਨੀਵਰਸਿਟੀ ਅਤੇ ਹੋਂਗੋ ਜਿਲੇ ਦੀਆਂ ਪੁਰਾਣੀਆਂ ਇਮਾਰਤਾਂ ਢਹਿ ਢੇਰੀ ਹੋ ਗਈਆਂ ਹਨ । ਪ੍ਰਬੰਧਕੀ ਬਲਾਕ ਤੋਂ ਅਸੀ ਫਾਰਮੇਸੀ ਵਿਭਾਗ ਵਿੱਚ ਗਏ ਜੋ ਪਹਿਲਾਂ ਕੈਮਿਸਟਰੀ ਵਿਭਾਗ ਦਾ ਅੰਗ ਹੋਇਆ ਕਰਦਾ ਸੀ । ਪ੍ਰੋ. ਪੂਰਨ ਸਿੰਘ ਨੇ ਫਾਰਮੇਸੂਟੀਕਲ ਕੈਮਿਸਟਰੀ ਵਿੱਚ ਡਿਪਲੋਮਾ ਪ੍ਰਾਪਤ ਕੀਤਾ ਸੀ । ਕੁਝ ਚਿਰ ਟੱਕਰਾਂ ਮਾਰਨ ਉਪਰੰਤ ਮੈਨੂੰ ਖਾਲੀ ਹੱਥ ਹੀ ਮੁੜਨਾ ਪਿਆ ਕਿਉਂਕਿ ਪੀ ਐਚ਼ ਡੀ਼ ਦੇ ਖੋਜ ਨਿਬੰਧਾਂ ਤੋਂ ਬਗੈਰ ਸਾਨੂੰ ਹੋਰ ਕੋਈ ਪੁਰਾਣਾ ਰੀਕਾਰਡ ਨਾ ਮਿਲਿਆ । ਭਾਰਤ ਦੀ ਆ ਾਦੀ ਲਈ ਟੋਕੀਓ ਯੂਨੀਵਰਸਿਟੀ ਵਿੱਚ ਪੂਰਨ ਸਿੰਘ ਹੋਰਾਂ ਕਈ ਲੈਕਚਰ ਦਿੱਤੇ ਅਤੇ ਇਕ ਰਸਾਲਾ ਥੰਡਰਿੰਗ ਡਾਨ ਵੀ _ਰੂ ਕੀਤਾ । ਇਸ ਦੀ ਹੁਣ ਕੋਈ ਕਾਪੀ ਉਪਲੱਬਧ ਨਹੀਂ ।

ਦੁਪਹਿਰ ਬਾਅਦ ਮੈ ਇਟਲੀ ਅਤੇ ਬੈਲ ੀਅਮ ਤੋਂ ਆਏ ਵਿਗਿਆਨੀਆਂ ਸਮੇਤ ਓਏਨੋ ਪਾਰਕ ਵਿੱਚ ਘੁੰਮਣ ਗਿਆ । ਬੁੱਧ ਧਰਮ ਦੇ ਨਾਲ ਹੀ ਜਪਾਨ ਵਿੱਚ ਿੰਟੋ ਮੱਤ ਵੀ ਪ੍ਰਫੁੱਲਤ ਹੁੰਦਾ ਰਿਹਾ । ਿੰਟੋ ਮੱਤ ਵਾਲੇ ਨਿਰੋਲ ਕੁਦਰਤ ਦੇ ਉਪਾ ਕ ਹਨ । ਬੋਧੀ ਮੰਦਰਾਂ ਵਿੱਚ ਤਾਂ ਮਹਾਤਮਾ ਬੁੱਧ ਦੀ ਮੂਰਤੀ ਅਗੇ ਧੂਪ ਜਗਾ ਕੇ ਪੂਜਾ ਅਰਚਨਾ ਕੀਤੀ ਜਾਂਦੀ ਹੈ । ਲੋਕ ਮੱਥਾ ਵੀ ਟੇਕਦੇ ਹਨ ਅਤੇ ਰਧਾ ਮੁਤਾਬਕ ਭੇਟਾ ਅਰਪਨ ਕਰਦੇ ਹਨ। ਪਰੰਤੂ ਿੰਟੋ ਮੰਦਰ ਚ ਕੋਈ ਮੂਰਤੀ ਨਹੀਂ ਹੁੰਦੀ, ਲੋਕ ਤਾੜੀ ਮਾਰ ਕੇ ਕੋਈ ਮੰਤਰ ਦਾ ਰਟਨ ਜਾਂ ਦਿਲੋਂ ਕਾਮਨਾ ਕਰਦੇ ਹਨ । ਜਦੋਂ ਕਾਮਨਾ ਪੂਰੀ ਹੋ ਜਾਵੇ ਤਾਂ ਭੇਟਾ ਅਰਪਨ ਕਰਦੇ ਹਨ । ਵਿਆਹ ਾਦੀ ਤੋਂ ਲੈ ਕੇ ਬੱਚੇ ਦੇ ਜਨਮ ਦੀਆਂ ਰਸਮਾਂ ਵੀ ਮੰਦਰਾਂ ਚ ਕਰਦੇ ਹਨ । ਇਹੋ ਜਹੇ ਮੌਕੇ ਉਪਰ ਜਪਾਨੀ ਆਪਣੇ ਪਰਿਵਾਰ ਸਮੇਤ ਪੁਰਾਤਨ ਪਹਿਰਾਵੇ ਵਿੱਚ ਹੀ ਹਾ ਰ ਹੁੰਦੇ ਹਨ । ਇਹ ਹੱਥ ਨਹੀਂ ਮਿਲਾਉਂਦੇ ਬਲਕਿ ਤਿੰਨ ਵਾਰ ਅੱਗੇ ਝੁਕ ਕੇ ਆਏ ਮਹਿਮਾਨ ਦਾ ਸਵਾਗਤ ਕਰਦੇ ਹਨ । ਜਪਾਨੀ ਸਵਾਣੀਆਂ ਤਾਂ ਕੋਮੀਨੋ ਵਿੱਚ ਹੀ ਫੱਬਦੀਆਂ ਹਨ । ਲੱਕ ਦਵਾਲੇ ਕਮਰਕੱਸਾ ਕਰਕੇ, ਗੋਡਿਆਂ ਭਾਰ ਬਹਿੰਦੀਆਂ ਹਨ ਅਤੇ ਸੁਬਕ ਜਹੇ ਹੱਥਾਂ ਨਾਲ ਆਏ ਮਹਿਮਾਨ ਨੂੰ ਚਾਹ ਦਾ ਪਿਆਲਾ ਭੇਟ ਕਰਦੀਆਂ ਹਨ। ਜਪਾਨ ਵਿੱਚ ਚਾਹ ਦੀ ਪਾਰਟੀ ਇਕ ਪਵਿੱਤਰ ਰਸਮ ਹੀ ਸਮਝੀ ਜਾਂਦੀ ਹੈ । ਿੰਟੋ ਮੰਦਰਾਂ ਦੇ ਗੇਟ ਉਪਰ ਕਾਗ ਦੀਆਂ ਪਰਚੀਆਂ ਲਟਕਦੀਆਂ ਹਨ ਜੋ ਤੁਹਾਡੇ ਭਵਿੱਖ ਬਾਰੇ ਜਾਣਕਾਰੀ ਦਿੰਦੀਆਂ ਹਨ । ਜੇਕਰ ਕਿਸੇ ਦੀ ਮਾੜੀ ਪਰਚੀ ਨਿਕਲ ਆਵੇ ਤਾਂ ਉਸ ਨੂੰ ਦਾਨ ਕਰਨ ਦੀ ਹਦਾਇਤ ਹੁੰਦੀ ਹੈ । ਇਹ ਤਾਂ ਸਾਡੇ ਜੋਤ ੀਆਂ ਦੀ ਨਕਲ ਹੀ ਜਾਪਦੀ ਹੈ ।

ਾਮ ਦੇ ਚਾਰ ਵਜੇ ਦੇ ਕਰੀਬ ਅਸੀ ਟੋਕੀਓ ਦੇ ਆਸਾ ਕੂਸਾ ਇਲਾਕੇ ਦਾ ਦੌਰਾ ਕੀਤਾ । ਇਥੇ ਪੁਰਾਤਨ ਬੋਧੀ ਮੰਦਰ ਹਨ ਅਤੇ ਯਾਤਰੀਆਂ ਦੇ ਖਰੀਦੋ ਰੋਖਤ ਲਈ ਬਾ ਾਰ ਹਨ । ਬੋਧੀ ਮੰਦਰ ਦੇ ਬਾਹਰ ਇਕ ਹਵਨ ਕੁੰਡ ਬਣਿਆ ਹੈ ਜਿਸ ਵਿੱਚ ਹਰ ਕੋਈ ਧੂਪ ਸੁਲਗਾਂਦਾ ਹੈ ਅਤੇ ਧੂਏ ਨੂੰ ਸੁੰਘਦਾ ਹੈ । ਮੰਦਰ ਦੇ ਬਾਹਰ ਕਈ ਛੋਟੇ ਮੰਦਰ ਜਾਂ ਮੂਰਤੀਆਂ ਰੱਖਣ ਲਈ ਆਲੇ ਜਹੇ ਬਣੇ ਹੁੰਦੇ ਹਨ। ਕਈ ਬ_ਰਗ ਔਰਤਾਂ ਹਰ ਮੂਰਤੀ ਦੀ ਪ੍ਰਕਰਮਾ ਕਰਦੀਆਂ ਹਨ ਅਤੇ ਕੁਝ ਮਾਇਆ ਵੀ ਭੇਟਾ ਚੜ੍ਹਾ ਜਾਂਦੀਆਂ ਹਨ । ਨੌਜਵਾਨ ਤਬਕਾ ਤਾਂ

ਧਰਮ ਵਿੱਚ ਵਿ ਵਾਸ ਨਹੀਂ ਕਰਦਾ । ਭਾਰਤ ਦੇ ਹਿੰਦੂ ਮੰਦਰਾਂ ਦੇ ਮੁਕਾਬਲੇ ਜਪਾਨ ਦੇ ਬੋਧੀ ਮੰਦਰ ਅਤਿ ਸਾਫ ਸੁਥਰੇ ਰੱਖੇ ਜਾਂਦੇ ਹਨ । ਕਿਧਰੇ ਵੀ ਕੋਈ ਮੰਗਤਾ ਨ ਰ ਨਹੀਂ ਆਉਂਦਾ ਅਤੇ ਨਾਂ ਹੀ ਮੰਦਰ ਦੇ ਪੁਜਾਰੀ ਦਾਨ ਭੇਟਾ ਲਈ ਲੇਲਕੜੀਆਂ ਕੱਢਦੇ ਹਨ । ਪ੍ਰ ਾਦ ਚੜ੍ਹਾਉਣ ਦਾ ਵੀ ਰਿਵਾਜ ਨਹੀਂ ਹੈ ।

5 ਮਾਰਚ ਅੰਤਰਰਾ ਟਰੀ ਕਾਨਫਰੰਸ ਦਾ ਅਰੰਭ ਹੋਇਆ । ਹਾਲ ਵਿੱਚ ਵਿਗਿਆਨੀਆਂ ਤੋਂ ਇਲਾਵਾ ਕੋਈ ਓਪਰਾ ਬੰਦਾ ਨ ਰ ਨਹੀਂ ਸੀ ਆ ਰਿਹਾ । ਨਾ ਹੀ ਕੋਈ ਵ ੀਰ ਜਾਂ ਸਿਆਸੀ ਨੇਤਾ ਪ੍ਰਧਾਨਗੀ ਕਰਨ ਲਈ ਬੁਲਾਇਆ ਗਿਆ । ਇਥੋ ਤੱਕ ਕਿ ਯੂਨੀਵਰਸਿਟੀ ਦਾ ਉਪ ਕੁਲਪਤੀ ਵੀ ਨਹੀਂ ਸੱਦਿਆ ਗਿਆ । ਪ੍ਰੋ: ਵਕੀਟਾ ਨੇ ਭੂਮਿਕਾ ਦੇਣ ਲਈ ਦਸ ਮਿੰਟ ਦਾ ਸਮਾਂ ਰੱਖਿਆ ਸੀ । ਪਰੰਤੂ ਉਸ ਨੇ 6 ਮਿੰਟ ਹੀ ਲਏ ਅਤੇ ਕੁੰਜੀਵਤ ਭਾ ਣਾਂ ਦੀ ਲੜੀ ਦਾ ਅਰੰਭ ਹੋ ਗਿਆ । ਹਰ ਭਾ ਣ ਤੋਂ ਬਾਅਦ ਭਰਵੀਂ ਬਹਿਸ ਹੁੰਦੀ ਸੀ ਅਤੇ ਕਈ ਵਾਰ ਬੁਲਾਰੇ ਦੇ ਨੱਕ ਵਿੱਚ ਦਮ ਆ ਜਾਂਦਾ । ਮੇਰਾ ਭਾ ਣ ਅਗਲੇ ਦਿਨ ਰੱਖਿਆ ਗਿਆ ਸੋ ਇਕ ਦਿਨ ਹੋਰ ਤਿਆਰੀ ਦਾ ਮਿਲ ਗਿਆ। ਰਾਤ ਨੂੰ ਸਭ ਮਹਿਮਾਨ ਪ੍ਰੀਤੀ ਭੋਜਨ ਤੇ ਇਕੱਠੇ ਹੋਏ । ਜਪਾਨੀ ਬੀਅਰ ਦੇ _ਕੀਨ ਹਨ ਅਤੇ ਪੰਜਾਬੀਆਂ ਵਾਂਗ ਰਾਬ ਪੀ ਕੇ ਧੁੱਤ ਹੋਣਾ ਨਹੀਂ ਜਾਣਦੇ । ਇਨ੍ਹਾਂ ਦੀ ਚਾਹ ਵਾਂਗ ਜਪਾਨੀ ਰਾਬ ਸਾਕੀ ਵੀ ਪਵਿੱਤਰ ਸਮਝੀ ਜਾਂਦੀ ਹੈ। ਖਰਬੂਜਾ ਅਤੇ ਪਪੀਤਾ ਹਰਮਨ ਪਿਆਰੇ ਫਲ ਹਨ । ਬਲਕਿ ਖਰਬੂਜਾ ਤਾਂ ਬਹੁਤ ਹੀ ਮਹਿੰਗਾ ਫਲ ਹੈ ਅਤੇ ਬੋਧੀ ਮੰਦਰਾਂ ਵਿੱਚ ਸੋਨੇ ਦੇ ਵਰਕ ਜਾਂ ਰੁਮਾਲ ਵਿੱਚ ਲਪੇਟ ਕੇ ਭੇਟ ਕੀਤਾ ਜਾਂਦਾ ਹੈ । ਖਾਣੇ ਬਾਅਦ ਕਾਫੀ ਅਤੇ ਚਾਹ ਤਾਂ ਮਿਲਦੀ ਹੈ ਪਰੰਤੂ ਸਵੀਟ ਡਿ ਦਾ ਕੋਈ ਰਿਵਾ ਨਹੀਂ ਜਾਪਦਾ ।

ਟੋਕੀਓ ਹਿਰ ਦਾ ਰਾਤ ਦਾ ਨ ਾਰਾ ਲੈਣ ਲਈ ਅਸੀਂ ਪਹਿਲਾਂ ਾਹੀ ਮਹੱਲ ਦੇ ਬਾਗ ਵਿੱਚ ਘੁੰਮਣ ਲਈ ਗਏ । ਜਪਾਨ ਵਿੱਚ ਇੰਗਲੈਂਡ ਵਾਂਗ ਪਾਰਲੀਮੈਂਟ ਵੀ ਹੈ ਅਤੇ ਬਾਦ ਾਹ ਵੀ ਕਾਇਮ ਹੈ । ਰਸਮੀ ਤੌਰ ਤੇ ਜਪਾਨੀ ਲੋਕ ਆਪਣੇ ਬਾਦ ਾਹ ਦੀ ਇੱ ਤ ਕਰਦੇ ਹਨ ਪਰ ਥਾਈਲੈਂਡ ਵਾਂਗ ਉਸ ਦੀ ਪੂਜਾ ਨਹੀਂ ਕਰਦੇ । ਾਹੀ ਮਹੱਲ ਦੇ ਬਾਹਰ ਇਕ ਖੁੱਲਾ ਮੈਦਾਨ ਹੈ ਜਿਸ ਵਿੱਚ ਯਾਤਰੀ ਅਤੇ ਜਪਾਨੀ ਜੋੜੇ ਰੁਮਕਦੀ ਪੌਣ ਦਾ ਅਨੰਦ ਮਾਨਣ ਲਈ ਘੁੰਮਦੇ ਹਨ । ਜਪਾਨ ਵਿੱਚ ਗੁੰਡਾ ਗਰਦੀ ਅਤੇ ਹੋਰ ਜੁਰਮ ਯੂਰਪ ਅਤੇ ਅਮਰੀਕਾ ਦੇ ਮੁਕਾਬਲੇ ਨਾਮਾਤਾਰ ਹੀ ਹਨ ਜਿਸ ਕਰਕੇ ਜਪਾਨੀ ਪੁਲੀਸ ਮੈਨੂੰ ਟੋਕੀਓ ਵਿੱਚ ਕਿਧਰੇ ਵੀ ਨ ਰ ਨਹੀਂ ਪਈ । ਵੈਸੇ ਵੀ ਜਪਾਨ ਕੋਲ ਫੌਜ ਰੱਖਣ ਦੀ ਮਨਾਹੀ ਸੀ ਜਿਸ ਕਰਕੇ ਜਪਾਨੀਆਂ ਨੇ ਦੂਜੇ ਵਿ ਵ ਯੁੱਧ ਤੋਂ ਬਾਅਦ ਅਮਰੀਕਾ ਨਾਲ ਹੋਈ ਸੰਧੀ ਅਨੁਸਾਰ ਆਪਣੀ ਸੁਰੱਖਿਆ ਦਾ ਪ੍ਰਬੰਧ ਅਮਰੀਕਾ ਦੇ ਹਵਾਲੇ ਕਰ ਦਿੱਤਾ । ਸੋ ਜਪਾਨ ਕੋਲ ਕੋਈ ਫੌਜ ਨਹੀਂ ਅਤੇ ਮਾਮੂਲੀ ਜਹੀ ਪੁਲੀਸ ਫੋਰਸ ਨਾਲ ਰਾਜ ਦਾ ਪ੍ਰਬੰਧ ਚੱਲ ਰਿਹਾ ਹੈ । ਸੁਭਾਵਿਕ ਤੌਰ ਤੇ ਜਪਾਨੀ ਕੌਮ ਦੁਨੀਆਂ ਦੀ ਸਭ ਤੋਂ ਵੱਧ ਡਸਿਪਲਿਨ ਵਾਲੀ ਕੌਮ ਹੈ । ਜਪਾਨ ਨੇ ਆਪਣੀ ਸਾਰੀ ਕਤੀ ਵਿਗਿਆਨ ਅਤੇ ਟੈਕਨਾਲੋ ੀ ਨੂੰ ਪ੍ਰਫੁੱਲਤ ਕਰਨ ਵੱਲ ਲਗਾ ਦਿੱਤੀ ਹੈ । ਸਿਟੇ ਦੇ ਤੌਰ ਤੇ ਜਪਾਨ ਦੀ ਅਰਥ ਵਿਵਸਥਾ ਅਮਰੀਕਾ ਤੋਂ ਵਧੇਰੇ ਮ ਬੂਤ ਹੈ ਅਤੇ ਅਮਰੀਕਨ ਡਾਲਰ ਹਮੇ ਾਂ ਜਪਾਨੀ ਕਰੰਸੀ ਯੈਨ ਤੋਂ ਭੈਭੀਤ ਰਹਿੰਦਾ ਹੈ । ਜੇਕਰ ਜਪਾਨ ਚਾਹੇ ਤਾਂ ਟਰੇਡ ਵਿੱਚ ਅਮਰੀਕਾ ਨੂੰ ਦਿਵਾਲੀਆ ਬਣਾ ਸਕਦਾ ਹੈ । ਭਾਰਤ ਦੀ ਬਦਕਿਸਮਤੀ ਰਹੀ ਹੈ ਕਿ ਇਹ ਰੂਸੀਆਂ ਦੇ ਢਹੇ ਚੜ੍ਹ ਗਿਆ ਜੋ ਆਪ ਤਾਂ ਡੁੱਬੇ ਨਾਲ ਹੀ ਭਾਰਤ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਗਏ । ਨਾ ਹੀ ਅਸੀਂ ਵਿਗਿਆਨ ਵਿੱਚ ਮੋਹਰੀ ਬਣ ਸਕੇ ਅਤੇ ਨਾ ਹੀ ਟੈਕਨਾਲੋ ੀ ਵਿਚ ।

ਾਹੀ ਮਹੱਲ ਤੋਂ ਨੇੜੇ ਹੀ ਟੋਕੀਓ ਦਾ ਉਹ ਿ ਲਾ ਹੈ ਜਿਸ ਨੂੰ ਗਿੰ ਾ ਕਹਿੰਦੇ ਹਨ । ਇਥੇ ਜਪਾਨੀ ਬਾਦ ਾਹਾਂ ਦੀ ਟਕਸਾਲ ਹੋਇਆ ਕਰਦੀ ਸੀ ਅਤੇ ਜਪਾਨੀ ਭਾ ਾ ਵਿੱਚ ਟਕਸਾਲ ਨੂੰ ਗਿੰ ਾ ਕਹਿੰਦੇ ਹਨ ਜਿਸ ਕਰਕੇ ਇਸ ਇਲਾਕੇ ਦਾ ਨਾਮ ਗਿੰ ਾ ਪੈ ਗਿਆ । ਅੱਜ ਕੱਲ ਇਥੇ ਵਪਾਰੀ ਕੰਪਨੀਆਂ ਦੇ ਦਫਤਰ ਹਨ । ਸੋਨੀ ਕੰਪਨੀ ਦਾ ੋ ਰੂਮ ਵੀ ਗਿੰ ਾ ਮੈਟਰੋ ਸਟੇ ਨ ਦੇ ਕੋਲ ਹੀ ਹੈ । ਇਥੇ ਇਲੈਕਟ੍ਰੋਨਿਕਸ ਦੀ ਹਰ ੈਅ ਮਿਲ ਜਾਂਦੀ ਹੈ । ਵੱਡੇ ਸਟੋਰਾਂ ਵਿੱਚ ਤਾਂ ਦੁਨੀਆਂ ਭਰ ਦੀ ਹਰ ੈਅ ਖਰੀਦੀ ਜਾ ਸਕਦੀ ਹੈ ਅਤੇ ਖਾਣ ਪੀਣ ਲਈ ਵਧੀਆ ਅਤੇ ਸਸਤੇ ਰੈਸਟੋਰੈਂਟ ਵੀ ਹੁੰਦੇ ਹਨ । ਗਿੰ ਾ ਵਿੱਚ ਟੋਕੀਓ ਦੇ ਪ੍ਰਸਿੱਧ ਥੀਏਟਰ ਵੀ ਹਨ, ਪਿਛਲੀ ਫੇਰੀ ਸਮੇ ਮੈ ਇਥੇ ਦੇ ਸਭ ਤੋਂ ਪੁਰਾਤਨ ਕਾਬੂਕੀ ਥੀਏਟਰ ਵਿੱਚ ਜਪਾਨੀ ਲੋਕਗਾਥਾ ਤੇ ਆਧਾਰਿਤ ਇਕ ੋ ਵੀ ਵੇਖਿਆ ਸੀ। ਕਾਬੂਕੀ ਜਪਾਨੀ ਦੀ ਪੁਰਾਤਨ ਥੀਏਟਰ ਪਰੰਪਰਾ ਹੈ ਜਿਸ ਵਿਚ ਨਾਚ, ਗਾਣਾ ਅਤੇ ਡਰਾਮੇ ਦੇ ਅੰ ਾਮਲ ਹਨ । ਗਿੰ ਾ ਦੀ ਮ ਹੂਰੀ ਦਾ ਕਾਰਨ ਇਥੋ ਦੇ ਰੈਸਤੋਰਾਂ ਹਨ । ਮੇਨ ਬਾ ਾਰ ਦੇ ਪਿਛਲੇ ਪਾਸੇ ਗਲੀਆਂ ਅਤੇ ਕੂਚਿਆਂ ਵਿੱਚ ਖਾਣ ਪੀਣ ਦੇ ਜਪਾਨੀ ਢਾਬੇ ਹਨ ਜਿਥੇ ਯਾਤਰੀ ਲੋਕ ਜਪਾਨੀ ਫੂਡ ਦਾ ਅਨੰਦ ਮਾਣਦੇ ਹਨ । ਬਲਕਿ ਦੁਨੀਆਂ ਦੇ ਹਰ ਕੋਨੇ ਤੋਂ ਆ ਕੇ ਇਥੇ ਰੈਸਤੋਰਾਂ ਖੋਹਲੇ ਗਏ ਹਨ ।

ਭਾਰਤ ਦੇ ਕੇਰਲਾ ਪ੍ਰਾਂਤ ਤੋਂ ਨਾਇਰ ਰੈਸਤੋਰਾਂ ਵੀ ਇੰਡੀਅਨ ਫੂਡ ਲਈ ਮ ਹੂਰ ਹੈ । ਬਹੁਤ ਸਾਰੇ ਰੈਸਤੋਰਾਂ ਵਿੱਚ ਨਾਚ ਗਾਣੇ ਦਾ ਪ੍ਰਬੰਧ ਵੀ ਹੁੰਦਾ ਹੈ । ਅਮੀਰ ਲੋਕਾਂ ਦੀ ਐ ੋ ਇ ਰਤ ਲਈ ਜਪਾਨੀ ਹੋਟਲ ਵੀ ਹਨ ਜਿਥੇ ਰਵਾਇਤੀ ਢੰਗ ਨਾਲ ਮਹਿਮਾਨ ਨਿਵਾ ੀ ਹੁੰਦੀ ਹੈ । ਮਹਿਮਾਨ ਦੇ ਦਿਲ ਪ੍ਰਚਾਵੇ ਲਈ ਜਪਾਨੀ ਸੁੰਦਰੀਆਂ, ਜਿਨ੍ਹਾਂ ਨੂੰ ਗੈ ਾ ਕਹਿੰਦੇ ਹਨ, ਹਾ ਰ ਹੁੰਦੀਆਂ ਹਨ । ਨਾਚ ਗਾਣੇ ਦੇ ਨਾਲ ਉਹ ਬੜੇ ਸਲੀਕੇ ਨਾਲ ਮਹਿਮਾਨ ਦੀ ਖਾਤਰ ਤਵੱਜੋ ਕਰਦੀਆਂ ਹਨ । ਮਹਿਮਾਨ ਇਉ ਮਹਿਸੂਸ ਕਰਦਾ ਹੈ ਕਿ ਉਸਦੀ ਆਪਣੀ ਮਹਿਬੂਬਾ ਹੀ ਸੇਵਾ ਵਿਚ ਹਾ ਰ ਹੈ । ਯਾਦ ਰਹੇ ਕਿ ਮਹਿਮਾਨ ਗੈ ਾ ਨਾਲ ਕੋਈ ਬਦਤਮੀ ੀ ਨਹੀਂ ਕਰ ਸਕਦਾ, ਇਹ ਜਪਾਨੀ ਸਲੀਕੇ ਤੋਂ ਉਲਟ ਹੈ । ਗਿੰ ਾ ਦੇ ਰੈਸਤੋਰਾਂ ਰਾਤ ਭਰ ਖਚਾ ਖਚ ਭਰੇ ਰਹਿੰਦੇ ਹਨ ।

ਜਪਾਨ ਵਿਚ ਟੈਕਨਾਲੋਜੀ ਬੜੀ ਤੇ ੀ ਨਾਲ ਬਦਲਦੀ ਹੈ । ਪੁਰਾਣੇ ਮਾਡਲ ਅੱਧੀ ਕੀਮਤ ਤੇ ਹੀ ਮਿਲ ਜਾਂਦੇ ਹਨ । ਟੋਕੀਓ ਦੇ ਇਕੇਬੂਕੂਰੋ ਿ ਲੇ ਵਿਚ ਈਲੈਕਟ੍ਰੋਨਿਕ ਅਤੇ ਕੈਮਰੇ ਖਰੀਦਣ ਦੇ ੌਕੀਨ ਘੁੰਮਦੇ ਹਨ । ਇਥੇ ਸੌਦੇਬਾ ੀ ਚੱਲਦੀ ਹੈ ਅਤੇ ਗਾਹਕ ਪੁਰਾਣੇ ਮਾਡਲ ਸਸਤੇ ਭਾਅ ਖਰੀਦਦੇ ਹਨ । ਭਾਰਤ ਵਿਚ ਆ ਕੇ ਬਹੁਤਾ ਮਾਲ ਇਥੋਂ ਦੀ ਮਾਰਕੀਟ ਦਾ ਹੀ ਵਿਕਦਾ ਹੈ । ਜਪਾਨੀ ਕਾਰਾਂ ਦੀ ਵੀ ਕੋਈ ਰੀਸ ਨਹੀਂ । ਟੈਕਸੀ ਵਿਚ ਬੈਠ ਕੇ ਜਦੋਂ ਅਸੀਂ ਆਪਣੇ ਹੋਟਲ ਪਰਤੇ ਤਾਂ ਸਾਰਾ ਥਕੇਵਾਂ ਲਹਿ ਗਿਆ । ਹੁਣ ਤਾਂ ਭਾਰਤ ਦੇ ਹਿਰਾਂ ਵਿਚ ਵੀ ਜਪਾਨੀ ਮਾਲ ਧੜਾ ਧੜ ਪਹੁੰਚ ਰਿਹਾ ਹੈ ।

## ਹਾਕੋਨੇ ਅਤੇ ਕਾਮਾਕੂਰਾ

---

7 ਮਾਰਚ ਨੂੰ ਦੁਪਹਿਰ ਦੇ ਲੰਚ ਤੋਂ ਬਾਅਦ ਅਸੀ ਜਪਾਨ ਦੇ ਹਾਕੋਨੇ ਪ੍ਰਾਂਤ ਵੱਲ ਰਵਾਨਾ ਹੋ ਗਏ । ਅੰਤਰਰਾ ਟਰੀ ਕਾਨਫਰੰਸ ਦੇ ਨਾਲ ਹੀ ਫੀਲਡ-ਟਰਿਪ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਤਾਂ ਕਿ ਡੈਲੀਗੇਟ ਜਪਾਨ ਦੇ ਭੁਚਾਲੀ ਇਲਾਕੇ ਦਾ ਦੌਰਾ ਕਰ ਸਕਣ। ਵੈਸੇ ਤਾਂ ਜਪਾਨ ਦਾ ਸਾਰਾ ਖੇਤਰ ਹੀ ਭੁਚਾਲ ਗ੍ਰਸਤ ਹੈ ਅਤੇ ਭੁਚਾਲੀ ਝਟਕੇ ਮਹਿਸੂਸ ਹੁੰਦੇ ਰਹਿੰਦੇ ਹਨ । 6 ਮਾਰਚ ਰਾਤ ਨੂੰ ਟੋਕੀਓ ਵਿਚ 5 ਰਿਕਟਰ ਮਾਤਰਾ ਦਾ ਭੁਚਾਲ ਆਇਆ ਜਿਸਦਾ ਕੇਂਦਰ ਬਿੰਦੂ ਹਾਕੋਨੇ ਪ੍ਰਾਂਤ ਵਿਚ ਸੀ । ਸਾਡੇ ਕਈ ਡੈਲੀਗੇਟ ਤਾਂ ਘਬਰਾ ਗਏ ਕਿ ਕਿਤੇ ਹੋਰ ਵੱਡਾ ਭੂਚਾਲ ਹੀ ਨਾ ਆ ਜਾਵੇ । ਹੋਕੈਡੋ ਪ੍ਰਾਂਤ ਵਿਚ ਇਕ ਜਵਾਲਾਮੁਖੀ ਵੀ ਫਟਿਆ ਜੋ ਸਾਡੀ ਕਾਨਫਰੰਸ ੁਰੂ ਹੋਣ ਵਾਲੇ ਦਿਨ ਦੀ ਖਬਰ ਸੀ । ਰਾਤ ਨੂੰ ਟੀਵੀ ਉਪਰ ਇਸਦਾ ਨ ਾਰਾ ਵੀ ਵੇਖਿਆ । ਪਹਾੜ ਦੀ ਚੋਟੀ ਬਰਫ ਨਾਲ ਢਕੀ ਪਈ ਸੀ ਅਤੇ ਚਿੱਟੀ ਦੁੱਧ ਬਰਫ ਵਿਚੋ ਅੱਗ ਦੇ ਭਾਂਬੜ ਨਿਕਲ ਰਹੇ ਸਨ । ਇਹ ਜਵਾਲਾਮੁਖੀ 54 ਵਰ੍ਹਿਆਂ ਬਾਅਦ ਫਟਿਆ ਸੀ । ਜਪਾਨ ਦਾ ਸਭ ਤੋਂ ਹਰਮਨ ਪਿਆਰਾ ਪਹਾੜ ਮਾਊਂਟ ਫੂ ੀ ਹੈ । ਇਸ ਉਪਰ ਹਮੇ ਾਂ ਬਰਫ ਪਈ ਹੁੰਦੀ ਹੈ ਅਤੇ ਇਸ ਦੀ ਚੋਟੀ ਉਪਰ ਪੈਦਲ ਚੜ੍ਹਨਾ ਇਕ ੁਭ ਲੱਛਣ ਮੰਨਿਆ ਜਾਂਦਾ ਹੈ । ਜਪਾਨੀ ਲੋਕ ਮਾਊਂਟ ਫੂ ੀ ਨੂੰ ਦੇਵਤੇ ਵਾਂਗ ਹੀ ਪੂਜਦੇ ਹਨ।

ਟੋਕੀਓ ਯੂਨੀਵਰਸਿਟੀ ਤੋਂ ਅਸੀ ਦੋ ਵਜੇ ਰਵਾਨਾ ਹੋਏ ਸਾਂ ਅਤੇ ਇਕ ਘੰਟਾ ਹਿਰ ਨੂੰ ਪਾਰ ਕਰਨ ਵਿਚ ਹੀ ਲਗ ਗਿਆ । ਜਦੋਂ ਹਾਈਵੇ ਤੇ ਚੜ੍ਹ ਗਏ ਤਾਂ ਸਫਰ ਲਗਾ ਮੁੱਕਣ । ਰਸਤੇ ਵਿਚ ਬੱਸ ਦੀ ਕੰਡਕਟਰ ਬੀਬੀ, ਗਾਈਡ ਦਾ ਕੰਮ ਵੀ ਕਰ ਰਹੀ ਸੀ । ਟੋਕੀਓ ਦੇ ਬਾਹਰ ਓਡਾਵਾਰਾ ਦਾ ਹਿਰ ਅਤੇ ਕਿਲ੍ਹਾ ਆਇਆ ਜੋ ਇਕ ਛੋਟੀ ਪਹਾੜੀ ਉਪਰ ਸਥਿਤ ਹੈ । ਇਸ ਤੋਂ ਅੱਗੇ ਸਾਡਾ ਸਫਰ ਪਹਾੜੀ ਸੀ । ਸੜਕ ਦੇ ਆਲੇ ਦੁਆਲੇ ਫਲਦਾਰ ਬੂਟੇ ਸਨ ਅਤੇ ਚੈਰੀ ਦੇ ਦਰਖਤ ਬਸੰਤ ਰੁੱਤ ਦੀ ਉਡੀਕ ਵਿਚ ਬਿਹਬਲ ਸਨ । ਾਮ ਦੇ ਪੰਜ ਵਜੇ ਦੇ ਕਰੀਬ ਅਸੀ ਆਪਣੇ ਟਿਕਾਣੇ ਤੇ ਪਹੁੰਚ ਗਏ ਜੋ ਪਹਾੜ ਸੁੰਨ ਾਨ ਦੀ ਚੋਟੀ ਤੇ ਸਥਿਤ ਹੈ। ਇਸ ਕਸਬੇ ਦਾ ਨਾਮ ਗੋਰਾ ਹੈ ਅਤੇ ਇਥੇ ਯਾਤਰੀਆਂ ਲਈ ਹੋਟਲ ਅਤੇ ਪਿਕਨਿਕ ਸਪਾਟ ਬਣੇ ਹੋਏ ਹਨ । ਇਸ ਪਹਾੜ ਉਪਰ ਹਮੇ ਾ ਧੂੰਆਂ ਉੱਠਦਾ ਰਹਿੰਦਾ ਹੈ ਜਿਵੇ ਕਿਸੇ ਜੰਗਲ ਨੂੰ ਅੱਗ ਲਗੀ ਹੋਵੇ । ਦਰਅਸਲ, ਇਹ ਪੁਰਾਣਾ ਜਵਾਲਾਮੁਖੀ ਪਹਾੜ ਹੈ ਜਿਸ ਦੀ ਤਹਿ ਹੇਠ ਗਰਮ ਉਬਲਦਾ ਲਾਵਾ ਦੱਬਿਆ ਗਿਆ । ਹੁਣ ਇਸ ਵਿਚੋ ਗਰਮ ਪਾਣੀ ਦੇ ਚ ਮੇ ਫੁੱਟ ਰਹੇ ਹਨ ਅਤੇ ਗੰਧਕ ਦੇ ਵਾ ਪ ਵਾਲਾ ਝਰਨਾ ਵਹਿੰਦਾ ਹੈ । ਝਰਨੇ ਦੇ ਉਬਲਦੇ ਪਾਣੀ ਵਿਚ ਜਿਸ ਤਰ੍ਹਾਂ ਮਨੀਕਰਨ ਗੁਰਦਵਾਰੇ ਵਾਲੇ ਚੌਲ ਉਬਾਲ ਲੈਂਦੇ ਹਨ , ਇਸੇ ਤਰ੍ਹਾਂ ਹੀ ਇਥੇ ਅੰਡੇ ਉਬਾਲਣ ਦਾ ਰਿਵਾਜ ਹੈ । ਅੰਡੇ ਉਬਲਣ ਤੋਂ ਬਾਅਦ ਗੰਧਕ ਦੇ ਅਸਰ ਕਾਰਨ ਬਾਹਰੋ ਕਾਲੇ ਰੰਗ ਦੇ ਹੋ ਜਾਂਦੇ ਹਨ । ਇਥੇ ਇਹ ਮਿੱਥ ਪ੍ਰਚਲਤ ਹੈ ਕਿ ਚ ਮੇ ਦਾ ਉਬਲਿਆ ਇਕ ਅੰਡਾ ਖਾਣ ਨਾਲ ਉਮਰ ਵਿਚ ਸਤ ਸਾਲ ਦਾ ਵਾਧਾ ਹੋ ਜਾਂਦਾ ਹੈ ।

ਗੋਰਾ ਹਿਰ ਦੇ ਗੋਰਾ ਹੋਟਲ ਵਿਚ ਹੀ ਸਾਡੀ ਰਹਾਇ ਦਾ ਪ੍ਰਬੰਧ ਕੀਤਾ ਗਿਆ ਸੀ । ਇਥੇ ਜਪਾਨੀ ਤਹਿ ਿਬ ਨਾਲ ਮੇਲ ਖਾਂਦੇ ਕਮਰੇ ਅਤੇ ਖੁਰਾਕ ਮਿਲਦੀ ਹੈ । ਜਪਾਨੀ ਘਰਾਂ ਵਾਂਗ ਕਮਰਿਆਂ ਵਿਚ ਕੋਈ ਮੰਜੇ, ਮੇਜ ਅਤੇ ਹੋਰ ਸਮਾਨ ਨਹੀਂ ਰੱਖਿਆ ਜਾਂਦਾ । ਫਰ ਉਪਰ ਮੈਟ ਵਿਛਾ ਕੇ ਉਪਰ ਬਿਸਤਰ ਲਗਾ ਦਿਤਾ ਜਾਂਦਾ ਹੈ । ਨਹਾਉਣ ਦਾ ਪ੍ਰਬੰਧ ਵੀ ਜਪਾਨੀ ਤਰੀਕੇ ਦਾ ਹੈ । ਹੋਟਲ ਦੇ ਤਹਿਖਾਨੇ ਵਿਚ ਪਹਾੜੀ ਝਰਨੇ ਦਾ ਗਰਮ ਪਾਣੀ ਵਹਿੰਦਾ ਹੈ । ਸਾਰੇ ਡੈਲੀਗੇਟ ਇ ਨਾਨ ਦੀ ਤਿਆਰੀ ਕਰਨ ਲਗੇ । ਛੋਟੇ ਬੱਚਿਆਂ ਵਾਂਗ ਸਭ ਨੰਗ ਧੜੰਗੇ ਹੀ ਚੁਬੱਚੇ ਵਿਚ ਨਹਾ ਰਹੇ ਸਨ । ਇਕ ਪਾਸੇ ਮਰਦਾਂ ਦਾ ਤਲਾਬ ਹੈ ਅਤੇ ਦੂਸਰੇ ਪਾਸੇ ਤੀਵੀਆਂ ਲਈ । ਪਿਛਲੀ ਫੇਰੀ ਦੌਰਾਨ ਮੇਰਾ ਟੋਕੀਓ ਦੇ ਹੋਟਲ ਦਾ ਤਜਰਬਾ ਸੀ, ਜਦੋ ਸਾਰੇ ਨਹਾ ਕੇ ਬਾਹਰ ਆ ਗਏ ਤਾਂ ਮੈ ਵੀ ਗਰਮ ਚ ਮੇ ਦਾ ਅਨੰਦ ਮਾਣਿਆ । ਭਾਵੇ ਜਪਾਨੀ ਰਵਾਇਤ ਦੀ ਉਲੰਘਣਾ ਹੀ ਕੀਤੀ ।

ਰਾਤ ਨੂੰ ਡਿਨਰ ਵੀ ਜਪਾਨੀ ਤਰੀਕੇ ਦਾ ਸੀ। ਫਰ ਉਪਰ ਗਦੇਲੇ ਲਗੇ ਹੋਏ ਸਨ ਅਤੇ ਛੋਟੇ ਸਟੂਲਾਂ ਉਪਰ ਖਾਣਾ ਪਰੋਸਿਆ ਗਿਆ । ਗੁਜਰਾਤੀਆਂ ਵਾਂਗ ਕੌਲੀਆਂ ਦੀ ਜਗਹ ਨਿਕੀਆਂ ਨਿਕੀਆਂ ਕਈ ਚੀਨੀ ਦੀਆਂ ਪਲੇਟਾਂ ਜਪਾਨੀ ਵੰਨਗੀਆਂ ਦਾ ਨਮੂਨਾ ਪੇ ਕਰ ਰਹੀਆਂ ਸਨ , ਕਿਸੇ ਵਿਚ ਮੱਛੀ, ਕਿਸੇ ਵਿਚ ਕੇਕੜੇ ਅਤੇ ਕਿਸੇ ਵਿਚ ਚੌਲ ਅਤੇ ਸਬ ੀ । ਪਰੰਤੂ ਸਵਾਦ ਦਾ ਇੰਨਾ ਫਰਕ ਹੁੰਦਾ ਹੈ ਕਿ ਬੁਰਕੀ ਗਲੇ ਹੇਠ ਨਹੀਂ ਉਤਰਦੀ । ਮੈ ਤਾਂ ਆਪਣੇ ਸਾਥੀ ਨੂੰ ਕੇਕੜੇ ਆਦਿ ਦੇ ਦਿਤੇ । ਇਸ ਰਾਤ ਮੇਰੇ ਲਈ ਵਿ ੇ ਪ੍ਰੰਬਧ ਨਹੀ ਕੀਤਾ

ਗਿਆ ਸੀ ਤਾਂ ਕਿ ਜਪਾਨੀ ਰਵਾਇਤ ਦੀ ਉਲੰਘਣਾ ਨਾ ਹੋ ਜਾਵੇ । ਖਾਣਾ ਪਰੋਸਣ ਦਾ ਕੰਮ ਜਪਾਨੀ ਔਰਤਾਂ ਕਰ ਰਹੀਆਂ ਸਨ । ਭਾਵੇ ਉਹ ਗੈ ਾ (ਭਕਜਤੀ) ਦਾ ਰੋਲ ਤਾਂ ਅਦਾ ਨਹੀਂ ਸਨ ਕਰ ਰਹੀਆਂ ਪਰੰਤੂ ਮਹਿਮਾਨ ਨਿਵਾਜੀ ਵਿਚ ਉਨ੍ਹਾਂ ਕੋਈ ਕਸਰ ਨਾ ਛੱਡੀ ।

ਡਿਨਰ ਉਪਰੰਤ ਹਰ ਡੈਲੀਗੇਟ ਨੇ ਆਪਣੀ ਜਾਣ ਪਹਿਚਾਣ ਕਰਵਾਈ ਅਤੇ ਪ੍ਰੋ ਵਾਕੀਟਾ ਦਾ _ਕਰੀਆ ਅਦਾ ਕੀਤਾ । ਮੇਰੀ ਰਾਏ ਮੰਨ ਕੇ ਪ੍ਰੋ ਵਾਕੀਟਾ ਨੇ ਜਪਾਨੀ ਗੀਤਾਂ ਦੀ ਲੜੀ _ਰੂ ਕਰ ਦਿਤੀ । ਬਾਅਦ ਵਿਚ ਹਰ ਡੈਲੀਗੇਟ ਨੂੰ ਆਪਣੇ ਦੇਸ ਦਾ ਕੋਈ ਗੀਤ ਪੇ ਕਰਨਾ ਪਿਆ। ਕਿਉਂਕਿ ਤਜਵੀ ਮੇਰੀ ਸੀ ਸੋ ਬਾਰ ਬਾਰ ਮੇਰੇ ਗੀਤ ਦੀ ਮੰਗ ਵੀ ਆਉਣ ਲਗੀ । ਲਗਭਗ ਅੱਧੀ ਰਾਤ ਤਕ ਇਹ ਰੰਗਾ ਰੰਗ ਪ੍ਰੋਗਰਾਮ ਚਲਦਾ ਰਿਹਾ । ਜਪਾਨੀ ਚਾਹ ਅਤੇ ਸਾਕੀ ਦਾ ਦੌਰ ਵੀ ਚਲਦਾ ਰਿਹਾ । ਡੈਲੀਗੇਟ ਆਪਸ ਵਿਚ ਭਰਾਵਾਂ ਤੋ ਵੱਧ ਘੁਲਮਿਲ ਗਏ ਸਨ । 80 ਸਾਲਾ ਤਾ ਕੰਦ ਦਾ ਸੁਲਤਾਨ ਖੋ ੇਵ ਰੋਮਨ ਮੁਟਿਆਰ ਫਦੋਰਾ ਕਾਤਰੋਚੀ ਨਾਲ ਝੂਮ ਕੇ ਨੱਚ ਰਿਹਾ ਸੀ । ਪ੍ਰੋ ਵਾਕੀਟਾ ਅਤੇ ਉਸਦੀ ਘਰਵਾਲੀ ਕੋਕਿਨ ਨੇ ਮੇਰੇ ਨਾਲ ਰਲਕੇ ਗੀਤ ਗਾਇਆ। ਪਹਾੜ ਉਪਰ ਬਾਰ ਤਾਂ ਪੈਂਦੀ ਹੈ ਪਰ ਉਸ ਦਿਨ ਬਰਫਵਾਰੀ ਵੀ ਹੋ ਰਹੀ ਸੀ। ਗੋਰਾ ਹੋਟਲ ਦਾ ਪਾਰਕ ਬਰਫ ਦੀ ਚਿਟੀ ਚਾਦਰ ਹੇਠ ਕੱਜਿਆ ਗਿਆ । ਮੇਰੇ ਕਮਰੇ ਵਿਚ ਇਕ ਜਰਮਨ ਅਤੇ ਦੋ ਜਪਾਨੀ ਵਿਗਿਆਨੀ ਸਨ । ਇਉ ਜਾਪਦਾ ਸੀ ਅਸੀਂ ਕਿਸੇ ਪਰੀ ਦੇਸ ਵਿਚ ਘੁੰਮ ਰਹੇ ਹਾਂ । ਜਪਾਨੀ ਸਾਥੀਆਂ ਤੋ ਹਰ ਪ੍ਰਕਾਰ ਦੀ ਮੱਦਦ ਮਿਲ ਰਹੀ ਸੀ ।

8 ਮਾਰਚ ਨੂੰ ਨਾ ਤਾ ਕਰਕੇ ਅਸੀਂ ਗਰਮ ਪਾਣੀ ਦੇ ਚ ਮੇ ਵੇਖਣ ਗਏ । ਰਾਤ ਦੀ ਬਰਫ ਕਾਰਨ ਪਹਾੜ ਉਪਰ ਚਲਣਾ ਮੁ ਕਲ ਹੋ ਰਿਹਾ ਸੀ । ਬਰਫ ਹਟਾਣ ਦਾ ਕੰਮ ਵੀ ਚਲ ਰਿਹਾ ਸੀ । ਹਾਕੋਨੇ ਤੋ ਅਸੀਂ ਈਟੋ ਜਾਣ ਲਈ ਰਵਾਨਾ ਹੋ ਪਏ । ਸਾਰਾ ਰਸਤਾ ਪਹਾੜੀ ਸੀ । ਦੁਪਹਿਰ ਦਾ ਲੰਚ ਸਾਨੂੰ ਬੱਸ ਵਿਚ ਹੀ ਪੈਕਟਾਂ ਰਾਹੀਂ ਵੰਡਿਆ ਗਿਆ । ਇਕ ਜਪਾਨੀ ਪਿੰਡ ਕੋਲ ਰੁਕੇ ਜਿਥੇ ਪੁਰਾਣੇ ਭੁਚਾਲ ਦੇ ਪੈਰ ਚਿੰਨ ਨ ਰ ਆ ਰਹੇ ਸਨ । ਇਕ ਬੋਧੀ ਮੰਦਰ ਦੀਆਂ ਚੁਖਾਟਾਂ ਵਿਚ ਵਿੱਥ ਅਤੇ ਪਹਾੜੀ ਨਾਲੇ ਦੇ ਵਹਾਓ ਵਿਚ ਤਬਦੀਲੀ ਭੁਚਾਲ ਦੇ ਪ੍ਰਭਾਵ ਦਾ ਪ੍ਰਤੀਕ ਹਨ। ਈਟੋ ਪਹੁੰਚਣ ਤੋ ਪਹਿਲਾਂ ਅਸੀਂ ਪ੍ਰੋ ਵਾਕੀਟਾ ਦੀ ਪ੍ਰਯੋਗ ਾਲਾ ਵੀ ਵੇਖੀ ਜੋ ਭੁਚਾਲਾਂ ਦੀ ਖੋਜ ਕਾਰਨ ਵਿ ਵ ਪ੍ਰਸਿੱਧ ਹੈ । ਇਸ ਦੇ ਨੇੜੇ ਹੀ ਇਕ ਹੋਰ ਜਪਾਨੀ ਪਿੰਡ ਵਿਚ ਤੀਰ-ਅੰਦਾ ੀ ਦਾ ਮੁਕਾਬਲਾ ਵੀ ਵੇਖਿਆ । ਜਪਾਨੀ ਜੂਡੋ ਕਰਾਟੇ ਦੇ _ਕੀਨ ਹਨ ਅਤੇ ਹਰ ਸਾਲ ਅਪਰੈਲ ਮਹੀਨੇ ਟੋਕੀਓ ਵਿਚ ਸੂਮੋ ਭਲਵਾਨਾਂ ਦੀਆਂ ਕੁ ਤੀਆਂ ਵਿ ਵ ਪ੍ਰਸਿੱਧ ਹਨ । ਚਾਰ ਵਜੇ ਦੇ ਕਰੀਬ ਅਸੀਂ ਈਟੋ ਹਿਰ ਪਹੁੰਚ ਗਏ ਜੋ ਈ ੇ ਪ੍ਰਾਂਤ ਵਿਚ ਸਮੁੰਦਰ ਦੇ ਕੰਢੇ ਵਾਕਿਆ ਹੈ। ਇਥੇ ਵੀ ਗਰਮ ਪਾਣੀ ਦੇ ਚ ਮੇ ਹਨ। ਦੂਰ ਸਮੁੰਦਰ ਵਿਚ ਇਕ ਟਾਪੂ ਹੈ ਜੋ ਕਦੇ ਕਦਾਈਂ ਜਵਾਲਾਮੁਖੀ ਵਾਂਗ ਫਟਦਾ ਹੈ । ਾਮ ਦੇ ਸਤ ਵਜੇ ਦੇ ਕਰੀਬ ਅਸੀਂ ਆਪਣੇ ਹੋਟਲ ਟੋਕੀਓ ਪਰਤ ਆਏ।

9 ਮਾਰਚ ਸਵੇਰੇ ਹੀ ਡੈਲੀਗੇਟ ਵਿਦਾਈ ਲੈ ਰਹੇ ਸਨ । ਮੇਰੀ ਵਾਪਸੀ ਉਡਾਨ ਐਤਵਾਰ 10 ਮਾਰਚ ਨੂੰ ਸੀ ਜਿਸ ਕਰਕੇ ਇਕ ਹੋਰ ਦਿਨ ਘੁੰਮਣ ਲਈ ਮਿਲ ਗਿਆ । ਮੈ ਟੋਕੀਓ ਪਹੁੰਚ ਕੇ ਮਾਯੂਮੀ ਇ ੀ ਨੂੰ ਆਪਣਾ ਪ੍ਰੋਗਰਾਮ ਦੱਸ ਦਿਤਾ ਸੀ ਅਤੇ ਉਸਦਾ ਵਾਇਦਾ ਸੀ ਕਿ ਉਹ 9 ਮਾਰਚ ਨੂੰ ਮੇਰੇ ਸਾਥ ਚਲੇਗੀ। ਗਿਆਰਾਂ ਵਜੇ ਦੇ ਕਰੀਬ ਉਹ ਹੋਟਲ ਵਿਚ ਪਹੁੰਚ ਗਈ । ਅਸੀਂ ਟੋਕੀਓ ਤੋ 50 ਕਿਲੋਮੀਟਰ ਦੂਰ ਕਾਮਾਕੂਰਾ ਦੇ ਬੋਧੀ ਮੰਦਰ ਵੇਖਣ ਦਾ ਪ੍ਰੋਗਰਾਮ ਬਣਾ ਲਿਆ । ਟੋਕੀਓ ਸਟੇ ਨ ਤੋ ਗੱਡੀ ਤੇ ਸਵਾਰ ਹੋ ਕੇ ਅਸੀਂ ਦੁਪਿਹਰ ਤਕ ਕਾਮਾਕੂਰਾ ਪਹੁੰਚ ਗਏ । ਪ੍ਰੋਪੂਰਨ ਸਿੰਘ ਹੋਰਾਂ ਆਪਣੀਆਂ ਰਚਨਾਵਾਂ ਵਿਚ ਕਾਮਾਕੂਰਾ ਦੇ ਬੋਧੀ ਮੰਦਰਾਂ ਦੇ ਗੀਤ ਗਾਏ ਹਨ ਅਤੇ ਭਾਰਤ ਦੇ ਬ੍ਰਾਹਮਣਵਾਦ ਨੂੰ ਖੂਬ ਭੰਡਿਆ ਹੈ ਜਿਸ ਨੇ ਬੁੱਧ ਧਰਮ ਦੀ ਜੜ੍ਹ ਹੀ ਉਖੇੜ ਦਿਤੀ ਅਤੇ ਇਹ ਚੀਨ, ਜਪਾਨ ਅਤੇ ਹੋਰ ਦੇਸਾਂ ਵਿਚ ਪਨਾਹਗੀਰ ਬਣ ਕੇ ਰਹਿ ਗਿਆ ।

ਸਟੇ ਨ ਤੋ ਬਾਹਰ ਨਿਕਲ ਕੇ ਅਸੀਂ ਸਿੱਧਾ ਬੁੱਧ ਧਰਮ ਦੇ ਮਹਾਨ ਤੀਰਥ ਅਸਥਾਨ ਤੇ ਪਹੁੰਚ ਗਏ । ਤੇਰਵੀ ਸਦੀ ਵਿਚ ਕਾਮਾਕੂਰਾ ਜਪਾਨ ਦੇ ਸਾਮੂਰਾਏ ਬਾਦ ਾਹਾਂ ਦੀ ਰਾਜਧਾਨੀ ਸੀ ਅਤੇ ਜੋਹਕੂ ਭਿਖੂ ਨੇ ਬਾਦ ਾਹ ੀ ੇ ਦੀ ਪ੍ਰੇਰਨਾ ਨਾਲ ਮਹਾਤਮਾ ਬੁੱਧ ਦੇ ਬੁੱਤ ਲਈ ਧੰਨ ਇਕੱਠਾ ਕੀਤਾ । ਕਈ ਵਰ੍ਹਿਆਂ ਦੀ ਘਾਲਣਾ ਉਪਰੰਤ ਮਹਾਤਮਾ ਬੁੱਧ ਦਾ 12 ਮੀਟਰ ਉਚਾ ਸਮਾਧੀ ਲੀਨ ਪਿੱਤਲ ਦਾ ਬੁੱਤ ਤਿਆਰ ਕਰਵਾ ਕੇ ਬੋਧੀ ਮੰਦਰ ਉਸਾਰਿਆ ਗਿਆ। ਸੋਲਵੀਂ ਸਦੀ ਵਿਚ ਸਮੁੰਦਰੀ ਤੂਫਾਨ ਕਾਰਨ ਮੰਦਰ ਤਾਂ ਤਬਾਹ ਹੋ ਗਿਆ ਅਤੇ ਬੁੱਤ ਅਜੇ ਤਕ ਕਾਇਮ ਹੈ । ਗੇਟ ਉਪਰ ਇਕ ਤਖਤੀ ਤੇ ਹਦਾਇਤ ਉਕਰੀ ਹੋਈ ਹੈ: ਇਹ ਪਵਿਤਰ ਅਸਥਾਨ 730 ਸਾਲ ਪੁਰਾਣਾ ਹੈ ਅਤੇ ਇਥੇ ਰਧਾਵਾਨ ਸਦੀਆਂ ਤੋ ਆ ਕੇ ਸੀਸ ਨਿਵਾਂਦੇ ਰਹੇ ਹਨ । ਤੁਸੀਂ ਵੀ ਮਹਾਤਮਾ ਬੁੱਧ ਦੀ ਕ੍ਰਿਪਾ ਦੇ ਪਾਤਰ ਬਣਨ ਲਈ ਆਪਣੇ ਕਦਮ ਰਧਾ ਅਤੇ ਭਾਵਨਾ ਨਾਲ ਪੁੱਟੋ"। ਪੂਰਨ ਸਿੰਘ ਵੀ ਲਿਖਦਾ ਹੈ, ਲੱਖਾਂ ਵੇਰੀ ਇਥੇ ਨਮੋ-ਬੁੱਧ ਦੇ ਮੰਤਰਾਂ ਦੇ ਪਾਠ ਹੋਏ । ਭਾਵਾਂ ਅਤੇ

ਭਾਵਨਾ ਦੇ ਸਮੂਹ ਅਮਲਾਂ ਨੇ ਪੱਥਰਾਂ ਨੂੰ ਨਿਰਵਾਨ ਦਾ ਸੁੱਖ ਦੇ ਦਿੱਤਾ ਹੈ । ਇਥੇ ਤਾਂ ਪੱਥਰ ਵੀ ਰੂਹ ਹੋ ਗਏ ਹਨ ।" ਵਾਕਿਆ ਹੀ ਇਸ ਵਿਸਮਾਦਮਈ ਨ ਾਰੇ ਨੇ ਮੈਨੂੰ ਹਲੂਣ ਕੇ ਰੱਖ ਦਿਤਾ ।

ਇਕ ਜਪਾਨੀ ਜੋੜਾ ਉੱਚੀ ਉੱਚੀ ਬੋਧੀ ਸੂਤਰਾਂ ਦਾ ਪਾਠ ਕਰ ਰਿਹਾ ਸੀ। ਸਮਝ ਤਾਂ ਨਾ ਆਈ ਪਰ ਉਹ ਕਿਸੇ ਵੇਗ ਵਿਚ ਵਹਿ ਰਹੇ ਸਨ । ਬੁੱਤ ਦੇ ਪਿਛਲੇ ਪਾਸੇ ਜੰਗਲ ਅਤੇ ਪਹਾੜੀ ਹੈ । ਇਕ ਪਾਸੇ ਸਮੁੰਦਰੀ ਤੱਟ ਹੈ, ਬੜਾ ਹੀ ਰਮਣੀਕ ਨ ਾਰਾ ਹੈ । ਇਸ ਦੇ ਨੇੜੇ ਹੀ ਪਹਾੜੀ ਉਪਰ ਇਕ ਹੋਰ ਬੋਧੀ ਮੰਦਰ ਹੈ ਜਿਥੇ ਲਕੜੀ ਦਾ 30 ਫੁੱਟ ਉੱਚਾ ਬੁੱਤ ਹੈ । ਇਸ ਬੁੱਤ ਦੇ ਗਿਆਰਾਂ ਸਿਰ ਹਨ ਅਤੇ ਇਸ ਨੂੰ ਜਪਾਨੀ ਵਿਚ ਕੈਨੋਂਨ ਕਹਿੰਦੇ ਹਨ (ਭਾਰਤੀ ਨਾਮ ਅਵਲੋਕੀ ਤੇ ਵਰ ਹੈ) । ਭਾਰਤੀ ਬੋਧੀ ਅਤੇ ਹਿੰਦੂ ਦੇਵਤਿਆਂ ਦੇ ਬੁੱਤ ਵੀ ਮਿਲਦੇ ਹਨ ਪਰੰਤੂ ਇਨ੍ਹਾਂ ਦੇ ਜਪਾਨੀ ਨਾਮ ਹੋਰ ਹੀ ਹਨ । ਸਰਸਵਤੀ ਦਾ ਨਾਮ ਬੈਨ ਾਈਤਨ ਹੈ ਅਤੇ ਇਸਦਾ ਅ ਟਭੁਜਾ ਬੁੱਤ ਵੀ ਪਹਾੜੀ ਕੰਦਰ ਕੋਲ ਹੈ। ਲੋਕ ਕਥਾ ਅਨੁਸਾਰ ਬੋਧੀ ਭਿਖੂ ਕੋਬੋ ਦੇਸੀ ਨੇ ਕੰਦਰ ਵਿਚ ਰਾਤ ਭਰ ਦੀ ਸਮਾਧੀ ਉਪਰੰਤ ਇਹ ਬੁੱਤ ਘੜਿਆ । ਜੱਤਕ ਕਥਾਵਾਂ ਦੇ ਅਧਾਰ ਤੇ ਜਪਾਨੀ ਬੋਧੀ ਮੰਦਰਾਂ ਵਿਚ ਲੱਕੜ ਦੇ ਬੁੱਤ ਅਤੇ ਹੋਰ ਚਿਤਰ ਵੀ ਮਿਲਦੇ ਹਨ।

ਵਾਪਸੀ ਉਪਰ ਅਸੀ ਇਕ ਿ ਟੋ ਮੱਤ ਦਾ ਮੰਦਰ ਵੀ ਵੇਖਣ ਗਏ । ਛੁੱਟੀ ਦਾ ਦਿਨ ਹੋਣ ਕਰਕੇ ਬਹੁਤ ਭੀੜ ਸੀ ਅਤੇ ਇਕ ਾਦੀ ਦੀ ਰਸਮ ਵੀ ਹੋ ਰਹੀ ਸੀ । ਜਪਾਨੀ ਲਾੜਾ ਆਪਣੀ ਲਾੜੀ ਦੇ ਅਗੇ ਅਗੇ ਪੌੜੀਆਂ ਚੜ੍ਹ ਰਿਹਾ ਸੀ ਅਤੇ ਲਾੜੀ ਦੀ ਮਾਂ ਨੇ ਧੀ ਨੂੰ ਸਹਾਰਾ ਦਿੱਤਾ ਹੋਇਆ ਸੀ । ਚਿੱਟੇ ਗਾਊਨ ਵਿਚ ਸਜੀ ਜਪਾਨੀ ਮੁਟਿਆਰ ਸੁਰਗਾਂ ਦੀ ਕੋਈ ਅੱਪਛਰਾ ਹੀ ਜਾਪਦੀ ਸੀ । ਬਰਾਤੀ ਪਿਛੇ ਪਿਛੇ ਚੱਲ ਰਹੇ ਸਨ । ਕੋਈ ੋਰ ਰਾਬਾ ਨਹੀ ਸੀ ਭਾਵੇ ਖੁ ੀ ਅਤੇ ਖੇੜੇ ਦਾ ਮਾਹੌਲ ਸੀ । ਾਇਦ ਹੁੱਲੜਬਾ ੀ ਤਾਂ ਪੰਜਾਬੀਆਂ ਦੇ ਹਿਸੇ ਹੀ ਆਈ ਹੈ।

ਕਾਮਾਕੂਰਾ ਦੇ ਮੰਦਰਾਂ ਦੀ ਯਾਤਰਾ ਕਰਕੇ ਾਮ ਨੂੰ ਅਸੀ ਟੋਕੀਓ ਪਰਤ ਆਏ । ਮੈ ਮਾਯੂਮੀ ਇ ੀ ਦਾ ਤਹਿ ਦਿਲੋ ਧੰਨਵਾਦ ਕੀਤਾ ਅਤੇ ਉਹ ਅਲਵਿਦਾ ਕਹਿ ਕੇ ਆਪਣੇ ਘਰ ਪਰਤ ਗਈ । ਜਾਂਦੀ ਹੋਈ ਉਹ ਆਪਣੇ ਅੰਮ੍ਰਿਤਸਰ ਦੇ ਮਿੱਤਰ ਬਲਵਿੰਦਰ ਲਈ ਅਤੇ ਇਕ ਮੇਰੇ ਲਈ ਜਪਾਨੀ ਮਠਿਆਈ ਦਾ ਤੋਹਫਾ ਭੇਟ ਕਰ ਗਈ । ਮੈ ਆਪਣਾ ਸਮਾਨ ਪੈਕ ਕਰਕੇ 10 ਮਾਰਚ ਸਵੇਰ ਦੀ ਉਡੀਕ ਕਰਨ ਲਗਾ । ਪ੍ਰੋਵਾਕੀਟਾ ਅਤੇ ਉਸ ਦੀ ਘਰਵਾਲੀ ਕੋਕਿਨ ਸਵੇਰੇ ਅੱਠ ਵਜੇ ਮੇਰੇ ਹੋਟਲ ਪਹੁੰਚ ਗਏ ਅਤੇ ਆਪਣੀ ਕਾਰ ਵਿਚ ਬਿਠਾ ਕੇ ਰੇਲਵੇ ਸਟੇ ਨ ਤੋਂ ਨਾਰੀਟਾ ਏਅਰਪੋਰਟ ਨੂੰ ਜਾਣ ਵਾਲੀ ਗੱਡੀ ਵਿਚ ਬਿਠਾ ਗਏ ।
ਮੇਰੀ ਟਿਕਟ ਵੀ ਉਹਨਾਂ ਹੀ ਖਰੀਦੀ ਸੀ । ਬਾਰਾਂ ਵਜੇ ਦੇ ਕਰੀਬ ਏਅਰ ਇੰਡੀਆ ਦਾ ਜੰਬੋਜੈਟ ਉਡਾਨ ਭਰਨ ਲਈ ਤਿਆਰ ਸੀ । 10 ਮਾਰਚ ਾਮ ਤਕ ਮੈ ਦਿੱਲੀ ਪਹੁੰਚ ਗਿਆ। ਜਪਾਨ ਦਾ ਇਕ ਹਫਤਾ ਵਾਕਫੀ ਭਰਪੂਰ ਹੋ ਨਿਬੜਿਆ ਕਿਉਕਿ ਇਸ ਵਾਰ ਮੈ ਜਪਾਨ ਨੂੰ ਨੀਝ ਲਾ ਕੇ ਤੱਕਿਆ ਅਤੇ ਪ੍ਰੋਵਾਕੀਟਾ ਦੀ ਦੋਸਤੀ ਦਾ ਨਿੱਘ ਮਾਣਿਆ।

# ਓਡਾਵਾਰਾ : ਜਪਾਨ ਦੀ ਤੀਸਰੀ ਯਾਤਰਾ

---

ਭਾਵੇ ਦੋ ਵਾਰ ਪਹਿਲਾਂ ਵੀ ਜਪਾਨ ਹੋ ਆਇਆ ਹਾਂ ਪਰੰਤੂ ਇਸ ਵਾਰ ਮੇਰੇ ਮਿੱਤਰ ਕੈਨ ੀ ਸੂਗੀਮੋਰੀ ਦਾ ਸੱਦਾ ਆ ਗਿਆ ਕਿ ਭਾਰਤ ਤੋਂ ਕੋਈ ਹੋਰ ਡੈਲੀਗੇਟ ਨਹੀਂ ਆ ਰਿਹਾ ਜਿਸ ਕਰਕੇ ਉਹ ਮੈਨੂੰ ਹੀ ਟਿਕਟ ਭੇਜਣ ਦਾ ਫੈਸਲਾ ਲੈ ਚੁੱਕੇ ਹਨ । ਇਹ ਅੰਤਰ੍ਹ ਰਾ ਟਰੀ ਕਾਨਫਰੰਸ ਹਾਕੋਨੇ ਪ੍ਰਾਂਤ ਵਿਚ ਹੋ ਰਹੀ ਸੀ ਜੋ ਟੋਕੀਓ ਤੋਂ ਅੱਸੀ ਕਿਲੋਮੀਟਰ ਦੀ ਦੂਰੀ ਤੇ ਹੈ । ਕਾਨਫਰੰਸ ਦਾ ਮੁੱਖ ਮੁੱਦਾ ਗਰਮ ਪਾਣੀ ਦੇ ਚ ਮਿਆਂ ਬਾਰੇ ਖੋਜ ਕਰਨਾ ਅਤੇ ਇਨ੍ਹਾਂ ਦੇ ਪਾਣੀ ਤੋਂ ਪ੍ਰਾਪਤ ਲਾਭਾਂ ਬਾਰੇ ਜਾਣਕਾਰੀ ਹਾਸਲ ਕਰਨਾ ਸੀ । ਭਾਰਤ ਵਿਚ 300 ਤੋਂ ਵਧੀਕ ਗਰਮ ਪਾਣੀ ਦੇ ਚ ਮੇ ਹਨ । ਪਿਛਲੇ ਸਾਲ ਸਾਨੂੰ ਭੁਚਾਲਾਂ ਦੀ ਖੋਜ ਸੰਪੰਨ ਕਰਨ ਲਈ ਕਿਹਾ ਗਿਆ ਅਤੇ ਅਸੀਂ ਗਰਮ ਪਾਣੀ ਦੇ ਚ ਮਿਆਂ ਦਾ ਅਧਿਐਨ _ਰੂ ਕਰ ਦਿੱਤਾ । ਸਭ ਤੋਂ ਵਧੀਆ ਸੋਮਾ ਮਨੀਕਰਨ ਹੈ ਜਿਥੇ ਹੁਣ ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦੀ ਯਾਦ ਵਿੱਚ ਇਕ ਸੁੰਦਰ ਗੁਰਦਵਾਰਾ ਬਣ ਚੁੱਕਾ ਹੈ । ਇਸ ਸੋਮੇ ਨਾਲ ਕਈ ਕਥਾ ਕਹਾਣੀਆਂ ਵੀ ਜੁੜੀਆਂ ਹਨ ਪਰੰਤੂ ਇਸ ਯਾਤਰਾ ਦਾ ਜਿਕਰ ਪੁਰਾਤਨ ਜਨਮਸਾਖੀ ਵਿਚ ਵੀ ਮਿਲਦਾ ਹੈ । ਦਰਅਸਲ ਪਾਰਬਤੀ ਨਦੀ ਦੇ ਨਾਲ ਮਨੀਕਰਨ ਤੋਂ ਉਪਰ ਅਤੇ ਹੇਠਲੇ ਪਾਸੇ ਹੋਰ ਵੀ ਕਈ ਚ ਮੇ ਲੱਭੇ ਹਨ,ਖਾਸ ਕਰਕੇ ਕਸੋਲ ਵਿਖੇ ਤਿੰਨ ਚ ਮੇ ਨੇੜੇ ਨੇੜੇ ਹੀ ਨਦੀ ਦੇ ਵਹਿਣ ਵਿਚ ਮਿਲਦੇ ਹਨ। ਬਿਆਸ ਦਰਿਆ ਦੇ ਕੰਢੇ ਵੀ ਮਨਾਲੀ ਤੋਂ ਉਪਰ ਵਿ ਟ ਮੰਦਿਰ ਇਕ ਗਰਮ ਪਾਣੀ ਦੇ ਸੋਮੇ ਉਪਰ ਹੀ ਬਣਿਆ ਹੋਇਆ ਹੈ । ਭਾਰਤ ਦੀ ਭੂਵਿਗਿਆਨ ਸਰਵੇਖਣ ਸੰਸਥਾ ਨੇ ਬਿਆਸ ਨਦੀ ਦੇ ਕੰਢੇ ਮਨਾਲੀ ਤੋਂ ਕੁੱਲੂ ਦੇ ਹੇਠਲੇ ਪਾਸੇ ਤੱਕ ਕਈ ਡੂੰਘੀਆਂ ਖੁੱਡਾਂ ਪੁੱਟੀਆਂ ਹਨ ਅਤੇ ਇਨ੍ਹਾਂ ਤੋਂ ਸਿੱਧ ਹੋ ਗਿਆ ਹੈ ਕਿ ਗਰਮ ਪਾਣੀ ਦਾ ਸੋਮਾ ਧਰਤੀ ਹੇਠ ਕਈ ਕਿਲੋਮੀਟਰ ਡੂੰਘਾ ਹੈ । ਬਲਕਿ ਜਦੋਂ ਤੋਂ ਹਿਮਾਲਾ ਪਰਬਤ ਹੋਂਦ ਵਿਚ ਆਇਆ ਉਸ ਸਮੇ ਹੀ ਧਰਤੀ ਦੀ ਉਥਲ-ਪੁਥਲ ਕਾਰਨ ਗਰਮ ਪਾਣੀ ਦੇ ਚ ਮੇ ਵੀ ਹੋਂਦ ਵਿਚ ਆ ਗਏ। ਹੁਣ ਵੀ ਕਈ ਦੇ ਾਂ ਵਿਚ ਜਦੋਂ ਜਵਾਲਾਮੁਖੀ ਫੱਟਦਾ ਹੈ ਤਾਂ ਗਰਮ ਪਾਣੀ ਦੇ ਚ ਮੇ ਪੈਦਾ ਹੋ ਜਾਂਦੇ ਹਨ ।

29 ਨਵੰਬਰ 1997 ਨੂੰ ਏਅਰ ਇੰਡੀਆ ਦੀ ਉਡਾਨ ਤੇ ਸਵਾਰ ਹੋ ਕੇ 30 ਨਵੰਬਰ ਐਤਵਾਰ ਸਵੇਰ ਦੇ ਅੱਠ ਵਜੇ ਮੈ ਟੋਕੀਓ ਦੇ ਨਾਰੀਟਾ ਏਅਰਪੋਰਟ ਤੇ ਜਾ ਉਤਰਿਆ । ਹੁਣ ਭਾਰਤੀ ਮੂਲ ਦੇ ਕਾਫੀ ਲੋਕ ਜਪਾਨ ਵਿਚ ਵੱਸ ਗਏ ਹਨ । ਪਹਿਲਾਂ ਕੇਵਲ ਸਿੰਧੀ ਵਪਾਰੀ ਹੀ ਮਿਲਦੇ ਸਨ ਜੋ ਹੀਰੇ ਜਵਾਹਰਾਤ ਅਤੇ ਸੋਨੇ ਦਾ ਵਪਾਰ ਕਰਦੇ ਸਨ । ਭਲਾ ਪੰਜਾਬੀ ਪਿੱਛੇ ਕਿਉਂ ਰਹਿਣ । ਪਤਾ ਲੱਗਾ ਸੀ ਕਿ ਪਾਕਿਸਤਾਨ ਦੀ ਪੂਰੀ ਹਾਕੀ ਦੀ ਟੀਮ ਹੀ ਮੈਚ ਖੇਡਣ ਗਈ ਟੋਕੀਓ ਵਿੱਚ ਗੁੰਮ ਹੋ ਗਈ । ਇਸੇ ਤਰ੍ਹਾਂ ਹੀ ਬੰਗਲਾ ਦੇ ਅਤੇ ਲੰਕਾ ਤੋਂ ਰਨਾਰਥੀ ਚੋਰੀ ਛਿਪੇ ਜਪਾਨ ਵਿਚ ਪਹੁੰਚ ਰਹੇ ਹਨ । ਹੁਣ ਤਾਂ ਦਰਜਨ ਦੇ ਕਰੀਬ ਅੰਮ੍ਰਿਤਸਰ ਦੇ ਭਾਊ ਵੀ ਟੋਕੀਓ ਪਹੁੰਚ ਗਏ ਹਨ । ਅਕਤੂਬਰ ਵਿਚ ਜਦੋਂ ਬਿਕਰਮਜੀਤ ਬਾਜਵਾ ਕਾਨਫਰੰਸ ਤੇ ਜਪਾਨ ਗਿਆ ਤਾਂ ਭਾਊਆਂ ਦੀ ਪ੍ਰਾਹੁਣਾਚਾਰੀ ਦਾ ਫਾਇਦਾ ਉਠਾ ਕੇ ਆਇਆ ਵਰਨਾ ਜਪਾਨ ਦੁਨੀਆਂ ਦਾ ਸਭ ਤੋਂ ਮਹਿੰਗਾ ਦੇ ਹੈ ਅਤੇ ਸਾਰੇ ਡਾਲਰ ਪਹਿਲੇ ਦਿਨ ਹੀ ਖਤਮ ਹੋ ਜਾਂਦੇ ਹਨ । ਮੈ ਵੀ ਜਦੋਂ ਟੋਕੀਓ ਸਟੇ ਨ ਤੇ ਗੱਡੀ ਬਦਲ ਰਿਹਾ ਸਾਂ ਤਾਂ ਬਿਆਸ ਦਾ ਰਵੇਲ ਸਿੰਘ ਮਿਲ ਪਿਆ । ਬੜੇ ਤਪਾਕ ਨਾਲ ਮਿਲਿਆ ਅਤੇ ਖਿੱਚਣ ਲੱਗਾ ਕਿ ਰਾਤ ਉਸ ਕੋਲ ਹੀ ਗੁਜਾਰਾਂ । ਮੇਰਾ ਹੋਟਲ ਪਹਿਲਾਂ ਹੀ ਬੁੱਕ ਹੋ ਚੁੱਕਾ ਸੀ ਅਤੇ ਮੈਨੂੰ ਪੈਸੇ ਭਰਨੇ ਪੈਣੇ ਸਨ ਸੋ ਮੈ ਖਹਿੜਾ ਛੁਡਾ ਕੇ ਅੱਗੇ ਚਲਾ ਗਿਆ । ਇਹ ਪੰਜਾਬੀ ਮੁੰਡੇ ਕੰਪਨੀਆਂ ਚ ਚੋਰੀ ਛਿਪੇ ਕੰਮ ਕਰਦੇ ਹਨ ਪਰੰਤੂ ਕੰਪਨੀ ਵਾਲੇ ਸਰਕਾਰੀ ਮਨਜੂਰੀ ਲੈਣ ਵਿਚ ਮੱਦਦ ਕਰਦੇ ਹਨ । ਤਨਖਾਹ ਚੋਖੀ ਹੈ, ਚੰਗਾ ਕਾਮਾ ਮਹੀਨੇ ਦਾ ਇਕ ਲੱਖ ਰੁਪਇਆ ਕਮਾ ਲੈਂਦਾ ਹੈ ਜੇਕਰ ਟੈਕਨੀਕਲ ਕੰਮ ਦੀ ਸਿਖਲਾਈ ਹੋਵੇ ।

ਨਾਰੀਟਾ ਏਅਰਪੋਰਟ ਦੀ ਹੇਠਲੀ ਮੰਜਿਲ ਤੋਂ ਟੋਕੀਓ ਜਾਣ ਲਈ ਹਰ ਅੱਧੇ ਘੰਟੇ ਬਾਅਦ ਐਕਸਪਰੈਸ ਗੱਡੀ ਮਿਲ ਜਾਂਦੀ ਹੈ । ਸਾਧਾਰਣ ਗੱਡੀਆਂ ਤਾਂ ਚੱਲਦੀਆਂ ਰਹਿੰਦੀਆਂ ਹਨ । ਏਅਰਪੋਰਟ ਤੇ ਚਿੜੀ ਚੂਕਣ ਦੀ ਅਵਾਜ ਵੀ ਨਹੀਂ ਆਉਂਦੀ । ਜਪਾਨੀ ਲੋਕ ਬੜੇ ਨਿਯਮ ਅਤੇ ਡਸਿਪਲਿਨ ਦੇ ਪਾਬੰਦ ਹਨ। ਕਿਸੇ ਨੂੰ ਨਾਜਾਇ ਤੰਗ ਨਹੀਂ ਕਰਦੇ ਪਰੰਤੂ ਜੇਕਰ ਕੋਈ ਕਾਨੂੰਨ ਦੀ ਉਲੰਘਣਾ ਕਰੇ ਤਾਂ ਉਸਦਾ ਖਹਿੜਾ ਨਹੀਂ ਛੱਡਦੇ । ਮੈ ਫੋਨ ਕਰਕੇ ਸੂਗੀਮੋਰੀ ਨੂੰ ਆਪਣੀ ਗੱਡੀ ਦਾ ਪਹੁੰਚਣ ਸਮਾਂ ਦੱਸਿਆ । ਉਹ ਮੇਰੀ ਇੰਤਜਾਰ ਕਰ ਰਿਹਾ ਸੀ । ਪੰਜਾਹ ਡਾਲਰ ਦਾ ਟਿਕਟ ਖਰੀਦ ਕੇ ਮੈ ਗਲਤੀ ਨਾਲ ਸਟ ਕਲਾਸ ਵਿਚ ਬਹਿ ਗਿਆ । ਜਪਾਨੀ ਕੰਡੱਕਟਰ ਨੇ ਮੇਰਾ ਸਮਾਨ ਆਪ

ਚੁੱਕਿਆ ਤੇ ਨਾਲ ਦੇ ਡੱਬੇ ਵਿਚ ਬਿਠਾ ਗਿਆ । ਜਪਾਨ ਵਿਚ ਜੇਕਰ ਟਿਕਟ ਨਾ ਲਈ ਜਾਵੇ ਤਾਂ ਗੱਡੀ ਵਿਚ ਵੀ ਮਿਲ ਜਾਂਦੀ ਹੈ ਅਤੇ ਜੇਕਰ ਪੈਸੇ ਨਾ ਹੋਣ ਤਾਂ ਮੰਜਿਲ ਤੇ ਪਹੁੰਚ ਕੇ ਵੀ ਕਿਰਾਇਆ ਦੇ ਸਕਦੇ ਹੋ । ਹੇਰਾਫੇਰੀ ਕਰਨ ਦੀ ਗੁੰਜਾਇ  ਹੀ ਨਹੀਂ ਰਹਿੰਦੀ ।

ਦੋ ਘੰਟੇ ਦੇ ਸਫਰ ਬਾਅਦ ਮੇਰੀ ਗੱਡੀ ਟੋਕੀਓ ਅਤੇ ਯੋਕੋਹਾਮਾ ਹੁੰਦੀ ਹੋਈ ਓਫੂਨਾ ਦੇ ਸਟੇ ਨ ਤੇ ਰੁਕੀ । ਮੇਰਾ ਦੋਸਤ ਇੰਤਜਾਰ ਕਰ ਰਿਹਾ ਸੀ ਅਤੇ ਭੱਜ ਕੇ ਮੇਰੇ ਪਾਸ ਆ ਗਿਆ । ਇਥੋ ਇਕ ਹੋਰ ਗੱਡੀ ਰਾਹੀਂ ਅਸੀ ਉਸਦੇ  ਹਿਰ ਸੂਗੀਸਾਕੀ ਪਹੁੰਚ ਗਏ । ਉਸਦਾ ਘਰ ਸਟੇ ਨ ਤੋਂ ਨੇੜੇ ਸੀ ਅਤੇ ਉਹ ਮੇਰਾ ਸਮਾਨ ਚੁੱਕ ਕੇ ਲੈ ਗਿਆ । ਕੈਨ ੀ ਸੂਗੀਮੋਰੀ ਦਾ ਜਪਾਨੀ ਘਰ ਵੇਖਣ ਦਾ ਪਹਿਲਾ ਹੀ ਮੌਕਾ ਸੀ । ਉਸਦਾ ਬੁੱਢੀ ਮਾਂ ਰਸਤੇ ਵਿਚ ਹੀ ਮਿਲ ਪਈ ਸੀ । ਘਰ ਦੇ ਬੂਹੇ ਅੱਗੇ ਜੁੱਤੀਆਂ ਉਤਾਰ ਕੇ ਅਸੀ ਗਲੀਚਿਆਂ ਤੇ ਇਕ ਛੋਟੇ ਮੇਜ ਦੇ ਦਵਾਲੇ ਬੈਠ ਗਏ । ਮੈਨੂੰ ਪ੍ਰੋ ਪੂਰਨ ਸਿੰਘ ਦੀਆਂ ਜਪਾਨੀ ਕਥਾਵਾਂ ਦਾ ਚੇਤਾ ਸੀ । ਜਪਾਨੀ ਘਰ ਸਵੱਛ, ਕੁਦਰਤ ਦੀ ਛੋਹ ਨਾਲ ਓਤਪੋਤ ਅਤੇ ਸਾਡੇ ਘਰਾਂ ਵਾਂਗ ਫਾਲਤੂ ਸਮਾਨ ਨਾਲ ਤੂੜੇ ਨਹੀਂ ਹੁੰਦੇ । ਸਾਰਾ ਪਰਿਵਾਰ ਛੋਟੇ ਮੇ  ਦਵਾਲੇ ਬਹਿ ਕੇ ਖਾਣਾ ਖਾਂਦਾ ਹੈ ਅਤੇ ਰਾਤ ਨੂੰ ਸਾਰੇ ਜਮੀਨ ਤੇ ਹੀ ਸੌਂ ਜਾਂਦੇ ਹਨ । ਘਰ ਦੀਆਂ ਦੀਵਾਰਾਂ ਅਤੇ ਛੱਤ ਲੱਕੜੀ ਦੀ ਹੁੰਦੀ ਹੈ । ਦੀਵਾਰ ਨੂੰ ਪਰ੍ਹਾਂ ਹਟਾ ਕੇ ਪੂਰੀ ਰੋ ਨੀ ਅੰਦਰ ਆ ਜਾਂਦੀ ਹੈ । ਮੇਰੇ ਜਾਣ ਤੇ ਸੂਗੀਮੋਰੀ ਦੀ ਘਰਵਾਲੀ, ਦੋਵੇ ਪੁੱਤਰ ਅਤੇ ਛੋਟੀ ਧੀ ਮਿਲਣ ਆਏ । ਜਪਾਨ ਵਿਚ ਔਰਤਾਂ ਨੂੰ ਹੱਥ ਮਿਲਾਣਾ ਠੀਕ ਨਹੀਂ ਸਮਝਦੇ । ਝੁਕ ਕੇ ਸਲਾਮ ਕੀਤੀ ਗਈ । ਆਏ ਮਹਿਮਾਨ ਦੀ ਇੱ ਤ ਵਜੋਂ ਘਰ ਦੀ ਸਵਾਣੀ ਕਈ ਵਾਰ ਝੁਕ ਕੇ ਆਉ ਭਗਤ ਕਰਦੀ ਹੈ । ਮੈ ਹੈਰਾਨ ਹੋਇਆ ਕਿ ਆਮ ਜਪਾਨੀ ਔਰਤਾਂ ਦੇ ਮੁਕਾਬਲੇ ਸੂਗੀਮੋਰੀ ਦੀ ਘਰਵਾਲੀ ਬਹੁਤ ਜਵਾਨ ਸੀ । ਉਹ ਆਪ ਤਾਂ ਸੂਮੋ ਪਹਿਲਵਾਨਾਂ ਵਾਂਗ ਹੱਟਾ ਕੱਟਾ ਸੀ । ਅਗੋਂ ਉਸਦੇ ਪੁੱਤਰ ਵੀ ਤਕੜੇ ਗੋਲ ਮਟੋਲ ਸਨ । ਉਸਦੀ ਧੀ ਹਾਇਨਾ (ਇਸ ਦਾ ਮਤਲਬ ਫੁੱਲ ਹੈ) ਮੇਰੇ ਨਾਲ ਘੁਲ ਮਿਲ ਗਈ। ਜਦੋ ਮੈ ਉਸਨੂੰ ਰਿਓੜੀਆਂ ਅਤੇ ਗੱਚਕ ਦਿੱਤੀ ਤਾਂ ਉਹ ਮੇਰੇ ਲਈ ਜਪਾਨੀ ਮਠਿਆਈ ਲੈ ਆਈ । ਇੱਥੇ ਮਿਠੀਆਂ ਚੀਜਾਂ ਘੱਟ ਹੀ ਮਿਲਦੀਆਂ ਹਨ । ਜਪਾਨੀ ਲੋਕ ਚਾਹ ਲਗਾਤਾਰ ਦਿਨ ਵਿਚ ਪੀਂਦੇ ਰਹਿੰਦੇ ਹਨ । ਇਹ ਹਰੀ ਪੱਤੀ ਦੀ ਚਾਹ ਮੈਨੂੰ ਤਾਂ ਬੜੀ ਬੇਸੁਆਦ ਜਾਪੀ ਅਤੇ ਦਵਾਈ ਵਾਂਗ ਘੁੱਟੋਵੱਟੀ ਪੀ ਗਿਆ ।

ਦੁਪਹਿਰ ਦਾ ਭੋਜਨ ਜਪਾਨੀ ਪ੍ਰੀਵਾਰ ਵਿਚ ਬੈਠ ਕੇ ਖਾਧਾ । ਮੇਰੇ ਲਈ ਕੋਈ ਸਬਜੀ ਤਾਂ ਨਹੀਂ ਸੀ ਪਰੰਤੂ ਆਲੂ, ਅੰਡੇ ਅਤੇ ਖੀਰਾ ਮਿਲਾ ਕੇ ਖਿਚੜੀ ਜਿਹੀ ਬਣਾ ਰੱਖੀ ਸੀ । ਫਿੱਕੇ ਚਾਵਲ ਵੀ ਮੋਟੀ ਕਿਸਮ ਦੇ ਸਨ ਜੋ ਸਹਿਜੇ ਕੀਤਿਆਂ ਸੰਘੋ ਥੱਲੇ ਨਹੀਂ ਉਤਰਦੇ । ਖੈਰ ਜਪਾਨੀ ਤਰੀਕੇ ਨਾਲ ਖਾਣਾ ਮੇਰੀ ਸਭ ਤੋਂ ਵੱਡੀ ਸਮੱਸਿਆ ਬਣ ਗਈ। ਜਪਾਨੀ ਤਾਂ ਦੋ ਡੰਡੀਆਂ ਨਾਲ ਚੌਲ ਦਾ ਦਾਨਾ ਦਾਨਾ ਵੀ ਚੁਗ ਲੈਂਦੇ ਹਨ । ਮੇਰੇ ਲਈ ਚਮਚ ਅਤੇ ਛੁਰੀ ਕਾਂਟਾ ਆ ਗਿਆ । ਦੁਪਹਿਰ ਦਾ ਲੰਚ ਕਰਕੇ ਮੈ ਓਡਾਵਾਰਾ ਪਹੁੰਚ ਗਿਆ । ਇਥੇ ਏ ੀਅਨ ਸੈਂਟਰ ਵਿਚ ਮੇਰਾ ਕਮਰਾ ਬੁੱਕ ਸੀ । ਅੰਤਰਰਾ ਟਰੀ ਕਾਨਫਰੰਸ ਅਗਲੇ ਸਟੇ ਨ ਇਰੀਉਡਾ ਦੇ ਮਿਊ ੀਅਮ ਹਾਲ ਵਿਚ ਹੋਣੀ ਸੀ ।  ਾਮ ਨੂੰ ਮਾਯੂਮੀ ਇ ੀ ਮਿਲਣ ਆ ਗਈ ਅਤੇ ਅਸੀ ਦੋਵੇ ਓਡਾਵਾਰਾ ਦੀ ਸੈਰ ਨੂੰ ਨਿਕਲ ਤੁਰੇ । ਰਾਤ ਦੇ ਖਾਣੇ ਦੀ ਦਾਅਵਤ ਮਾਯੂਮੀ ਵਲੋਂ ਸੀ । ਘੁੰਮਦੇ ਘੁਮਾਂਦੇ ਇਕ ਬ ਾਰ ਵਿਚ ਸਾਨੂੰ ਇੰਡੀਅਨ ਹੋਟਲ ਲੱਭ ਪਿਆ ਜਿੱਥੇ ਤੰਦੂਰੀ ਰੋਟੀ ਅਤੇ ਦਾਲ ਸਬ ੀ ਦਾ ਇਕ ਬਹਾਨਾ ਸੀ ਕਿਉਂਕਿ ਸਵਾਦ ਜਪਾਨੀਆਂ ਦੇ ਟੇਸਟ ਨਾਲ ਮਿਲਦਾ ਰੱਖਿਆ ਸੀ । ਜਪਾਨ ਦੀ ਪਹਿਲੀ ਯਾਤਰਾ ਵਿਚ ਮਾਯੂਮੀ ਮੇਰੀ ਗਾਈਡ ਸੀ ਅਤੇ ਅੰਗਰੇ ੀ ਭਾ ਾ ਚੰਗੀ ਤਰ੍ਹਾਂ ਬੋਲ ਲੈਂਦੀ ਹੈ । ਉਹ ਇਕ ਕੰਪਨੀ ਦੇ ਲੋਕ ਸੰਪਰਕ ਮਹਿਕਮੇ ਵਿਚ ਕੰਮ ਕਰਦੀ ਹੈ । ਉਸਦਾ ਵਾਇਦਾ ਹੈ ਕਿ ਟੋਕੀਓ ਵਿਚ ਉਹ ਹਮੇ ਾ ਮੇਰੀ ਗਾਈਡ ਅਤੇ ਸਹਾਇਕ ਰਹੇਗੀ। ਉਹ ਮੈਨੂੰ ਓਡਾਵਾਰਾ ਦਾ ਮਹੱਲ ਵਿਖਾਣ ਆਈ ਸੀ ਪਰੰਤੂ ਸਾਡੇ ਪਹੁੰਚਣ ਤੱਕ ਇਹ ਬੰਦ ਹੋ ਚੁੱਕਾ ਸੀ । ਮੈ ਵੀ ਸਫ਼ਰ ਦਾ ਥੱਕਿਆ ਸਾਂ । ਮਹੱਲ ਵੇਖਣ ਦੀ ਤਜਵੀ  ਅੱਗੇ ਪਾ ਦਿੱਤੀ ।

ਪਹਿਲੀ ਦੰਸਬਰ ਨੂੰ ਅੰਤਰਰਾ ਟਰੀ ਕਾਨਫਰੰਸ ਦੀ ਰੀਸੈਪ ਨ ਸੀ । ਮੈ ਕਿਸੇ ਸਾਥੀ ਦੀ ਉਡੀਕ ਕਰ ਰਿਹਾ ਸਾਂ । ਬਾਰ  ਹੋ ਰਹੀ ਸੀ ਅਤੇ ਕਾਨਫਰੰਸ ਹਾਲ ਅੱਠ ਕਿਲੋਮੀਟਰ ਦੀ ਦੂਰੀ ਤੇ ਸੀ । ਇਕ ਜਪਾਨੀ ਮੁਟਿਆਰ ਤੋਂ ਲਿਫਟ ਮੰਗੀ । ਉਹ ਦਰਅਸਲ ਕਾਨਫਰੰਸ ਹਾਲ ਵੇਖਣ ਜਾ ਰਹੀ ਸੀ ਅਤੇ ਇਕ ਦੋਭਾ ੀਏ ਦਾ ਕੰਮ ਕਰਨ ਆਈ ਸੀ । ਉਸ ਨੇ ਮੇਰੇ ਖੋਜ ਪੱਤਰ ਦੀ ਕਾਪੀ ਲੈ ਕੇ ਜਪਾਨੀ ਭਾ ਾ ਵਿਚ ਅਨੁਵਾਦ ਕਰ ਲਿਆ । ਕਾਨਫਰੰਸ ਵਿਚ ਬਹੁਤੇ ਪਰਚੇ ਜਪਾਨੀ ਭਾ ਾ ਵਿਚ ਹੀ ਪੜ੍ਹੇ ਗਏ । ਸਾਡੀ ਸਹੂਲਤ ਲਈ ਇਹ ਬੀਬੀ ਅੰਗਰੇ ੀ ਵਿਚ ਅਨੁਵਾਦ ਕਰ ਦਿੰਦੀ ।

ਦੋ ਦਸੰਬਰ ਨੂੰ ਕਾਨਫਰੰਸ ਦਾ ਉਦਘਾਟਨ ਹੋਇਆ । ਬਹੁਤੇ ਡੈਲੀਗੇਟ ਡਾਕਟਰ ਸਨ, ਕੁਝ ਭੂਵਿਗਿਆਨੀ, ਭੌਤਿਕ ਵਿਗਿਆਨੀ, ਰਸਾਇਣ ਵਿਗਿਆਨੀ ਅਤੇ ਹੋਰ ਵਿ ਿਆਂ ਨਾਲ ਸੰਬੰਧਿਤ ਬੋਲਾਰੇ ਸਨ । ਗਰਮ ਚ ਮਿਆਂ ਦੇ ਫੁੱਟਣ, ਇਸ ਉਬਲਦੇ ਪਾਣੀ ਤੋਂ ਤਾਪ ਊਰਜਾ ਅਤੇ ਬਿਜਲੀ ਪੈਦਾ ਕਰਨ ਦੀ ਵਿਧੀ, ਰੋਗੀਆਂ ਦੇ ਇਲਾਜ ਲਈ ਭਾਫ ਅਤੇ ਗਾਰੇ ਦੇ ਲੇਪ ਦੀ ਵਰਤੋਂ, ਚ ਮਿਆਂ  ਚੋ ਨਿਕਲ ਰਹੀਆਂ

ਗੈਸਾਂ ਅਤੇ ਹੋਰ ਤੱਤਾਂ ਦਾ ਵਿ ਲੇ ਣ, ਆਦਿਕ ਵਿ ਆਂ ਉਪਰ ਖੋਜ ਪੱਤਰ ਪੜ੍ਹੇ ਗਏ । ਮੇਰਾ ਪਰਚਾ ਮਨੀਕਰਨ ਅਤੇ ਹੋਰ ਚ ਮਿਆਂ ਦੇ ਪਾਣੀ ਦੀ ਵਿਕਿਰਣ ੀਲਤਾ ਬਾਰੇ ਸੀ । ਜੋੜਾਂ ਦੇ ਦਰਦ ਲਈ ਭਾਫ ਦੇ ਨਾਲ ਪਾਣੀ ਚੋ ਨਿਕਲ ਰਹੀਆਂ ਗੈਸਾਂ ਦਾ ਵਿਕਿਰਣ ਵੀ ਇਲਾਜ ਵਿਚ ਸਹਾਈ ਹੁੰਦਾ ਹੈ । ਮਨੀਕਰਨ ਗੁਰਦਵਾਰੇ ਵਿੱਚ ਬਾਬਿਆਂ ਨੇ ਇਕ ਕਮਰਾ ਭਾ ਦੇ ਇ ਨਾਨ ਲਈ ਰੱਖਿਆ ਹੈ, ਭਾਵੇ ਉਹ ਇਲਾਜ ਲਈ ਵਿਗਿਆਨਕ ਵਿਧੀ ਦੀ ਬਜਾਏ ਬਾਬੇ ਦੀ ਫੁੱਲ ਕਿਰਪਾ ਹੀ ਦੱਸਦੇ ਹਨ ।

ਤਿੰਨ ਦਸੰਬਰ ਨਾ ਤਾ ਕਰਨ ਉਪਰੰਤ ਮੇਰਾ ਪ੍ਰੋਗਰਾਮ ਓਡਾਵਾਰਾ ਕੈਸਲ (ਮਹੱਲ) ਵੇਖਣ ਦਾ ਬਣ ਗਿਆ । ਮੇਰੇ ਆਉਣ ਬਾਅਦ ਪਹਿਲੇ ਦਿਨ ਜਪਾਨ ਵਿਚ ਚੰਗੀ ਧੁੱਪ ਲੱਗੀ ਸੀ । ਧੁੱਪ ਵਿਚ ਕਈ ਮੀਲਾਂ ਤੋ ਸਫੈਦ ਮਹੱਲ ਇਕ ਪਹਾੜੀ ਉਪਰ ਟਿਕਿਆ ਸਮੁੰਦਰੀ ਜਹਾਜ ਹੀ ਲਗਦਾ ਹੈ । ਇਸਦਾ ਇਤਿਹਾਸ ਬੜਾ ਰੋਮਾਂਚਕ ਹੈ । ਇਸ ਨੂੰ 800 ਸਾਲ ਪਹਿਲਾਂ ਕਿਸੇ ਰਈਸ ਨੇ ਤਾਮੀਰ ਕਰਵਾਇਆ ਪਰੰਤੂ ਛੇਤੀ ਹੀ ਇਹ ਓਮੋਰੀ ਾਸਕਾਂ ਦੇ ਕਬਜੇ ਵਿਚ ਆ ਗਿਆ । 1495 ਈ ਵਿਚ ਇਕ ਬਹਾਦਰ ਜਰਨੈਲ ਨੇ ਓਮੋਰੀਆਂ ਨੂੰ ਹਰਾ ਕੇ ਹਿਰ ਵਿਚੋ ਕੱਢ ਦਿੱਤਾ ਅਤੇ ਮਹੱਲ ਨੂੰ ਨਵੇ ਸਿਰਿਓਂ ਮਜਬੂਤ ਨੀਹਾਂ ਉਪਰ ਤਾਮੀਰ ਕਰਵਾਇਆ । ਇਹ ਮਹੱਲ ਉਸਦੀ ਰਿਹਾਇ ਅਤੇ ਓਡਾਵਾਰਾ ਰਿਆਸਤ ਦੀ ਰਾਖੀ ਲਈ ਵਰਤਿਆ ਗਿਆ । ਇਸ ਸਾਮੂਰਾਏ ਫਿਰਕੇ ਦੇ ਜਰਨੈਲ ਦਾ ਨਾਮ ਸੂਨ ਹੋਜੋ ਸੀ ਅਤੇ ਇਸ ਦੀਆਂ ਪੰਜ ਪੁ ਤਾਂ ਓਡਾਵਾਰਾ ਦੇ ਮਹੱਲ ਉਪਰ ਕਾਬਜ ਰਹੀਆਂ । ਅਖੀਰ ਜਪਾਨ ਦੇ ਇਕ ਹੋਰ ਸਾਮੂਰਾਏ ਜਰਨੈਲ ਟੋਇਟੋਮੀ ਨੇ ਸਾਰੇ ਜਪਾਨੀ ਰਜਵਾੜਿਆਂ ਨੂੰ ਹਰਾ ਕੇ ਇਕ ਝੰਡੇ ਹੇਠ ਇੱਕਠਾ ਕੀਤਾ । ਓਡਾਵਾਰਾ ਨੂੰ ਫਤਿਹ ਕਰਨ ਲਈ ਤਿੰਨ ਮਹੀਨੇ ਘੇਰਾ ਪਾਈ ਰੱਖਿਆ । ਇਸ ਦੌਰਾਨ ਮਹੱਲ ਬਰਬਾਦ ਹੋ ਗਿਆ । ਜਦੋ ਜਪਾਨ ਦੀ ਰਾਜਧਾਨੀ ਕਿਓਟੋ ਤੋ ਈਡੋ (ਟੋਕੀਓ ਦਾ ਪਹਿਲਾ ਨਾਮ) ਬਣ ਗਈ ਤਾਂ ਓਡਾਵਾਰਾ ਮਹੱਲ ਦੀ ਾਨੋ ੌਕਤ ਮੁੜ ਬਹਾਲ ਹੋ ਗਈ । ਈਡੋ ਨੂੰ ਜਾਣ ਵਾਲਾ ਹਰ ਮੁਸਾਫਿਰ ਇਥੇ ਚੁੰਗੀ ਟੈਕਸ ਭਰਦਾ ਸੀ । 1870 ਵਿਚ ਜਪਾਨ ਦੇ ਜਾਗੀਰਦਾਰੀ ਸਿਸਟਮ ਨੂੰ ਖਤਮ ਕੀਤਾ ਗਿਆ ਅਤੇ ਅਮੀਰਾਂ ਦੇ ਮਹੱਲ ਤਬਾਹ ਕਰ ਦਿੱਤੇ । ਇਸ ਮੁਹਿੰਮ ਦੌਰਾਨ ਓਡਾਵਾਰਾ ਦਾ ਮਹੱਲ ਵੀ ਸਾੜ ਦਿੱਤਾ ਗਿਆ। 1959 ਵਿਚ ਜਪਾਨੀ ਸਰਕਾਰ ਨੇ ਇਸਨੂੰ ਪੁਰਾਣੇ ਮਾਡਲ ਉਪਰ ਫਿਰ ਉਸਾਰ ਦਿਤਾ ਹੈ ਅਤੇ ਹਰ ਹਿਰੀ ਤੋ ਇਕ ਇੱਟ ਦਾਨ ਵਜੋ ਲੈ ਕੇ ਇਹ ਕੰਮ ਨੇਪਰੇ ਚਾੜ੍ਹਿਆ ਗਿਆ । ਇਹ ਜਪਾਨ ਦਾ ਕੌਮੀ ਸਮਾਰਕ ਹੈ ।

ਮਹੱਲ ਦੀਆਂ ਚਾਰ ਮੰਜਲਾਂ ਹਨ। ਜਪਾਨ ਦੇ ਇਤਿਹਾਸ ਦੀ ਪੂਰੀ ਝਾਕੀ ਦਰਸਾਈ ਗਈ ਹੈ । ਪਹਿਲਾਂ ਇਥੇ ਦਾਸੀ ਪ੍ਰੰਪਰਾ ਵੀ ਭਾਰਤ ਵਾਂਗ ਕਾਇਮ ਸੀ । ਔਰਤ ਦਾ ਦਰਜਾ ਗੁਲਾਮ ਵਾਲਾ ਸੀ । ਪੁਰਾਣੇ ਹਥਿਆਰ ਸਿੱਖ ਯੋਧਿਆਂ ਵਾਲੇ ਹੀ ਸਨ ।ਤਲਵਾਰ, ਤੀਰ ਕਮਾਨ ਅਤੇ ਬਰ ਾ ਲੜਾਈ ਵਿਚ ਵਰਤਿਆ ਜਾਂਦਾ । ਸਾਮੂਰਾਏ ਕਬੀਲੇ ਦੇ ਲੋਕ ਤਲਵਾਰ ਦੇ ਧਨੀ ਸਨ ਅਤੇ ਖਾਲਸੇ ਵਾਂਗ ਕੇਸਾਧਾਰੀ ਸਨ । ਜਪਾਨ ਦੇ ਬਹਾਦਰ ਜਰਨੈਲ ਇਸੇ ਫਿਰਕੇ ਨਾਲ ਸੰਬੰਧਿਤ ਰਹੇ ਹਨ । ਜਪਾਨੀ ਪਹਿਰਾਵਾ ਵੀ ਹੁਣ ਬਦਲ ਗਿਆ ਹੈ । ਜਪਾਨ ਨੇ ਦੂਸਰੇ ਵਿ ਵ ਯੁੱਧ ਵਿਚ ਜਰਮਨੀ ਦਾ ਸਾਥ ਦਿੱਤਾ ਸੀ । ਸੁਭਾ ਚੰਦਰ ਬੋਸ ਦੀ ਅਜਾਦ ਹਿੰਦ ਫੌਜ ਨੂੰ ਸਹਾਇਤਾ ਕੀਤੀ । ਹੁਣ ਜਪਾਨ ਵਿਗਿਆਨ ਅਤੇ ਟੈਕਨਾਲੋਜੀ ਵਿਚ ਅਮਰੀਕਾ ਨੂੰ ਮਾਤ ਪਾ ਰਿਹਾ ਹੈ । ਉਹ ਮਹਾਤਮਾ ਬੁੱਧ ਦੀ ਾਂਤੀ ਦਾ ਪੈਰੋਕਾਰ ਹੈ ।

# ਦੱਖਣੀ ਕੋਰੀਆ [ ਇਕ ਪੰਛੀ ਝਾਤ

3 ਦਸੰਬਰ ਨੂੰ ਜਪਾਨ ਵਿੱਚ ਕਾਨਫਰੰਸ ਖਤਮ ਹੋਈ ਤਾਂ ਸਾਰੇ ਡੈਲੀਗੇਟਾਂ ਦੀ ਸਹੂਲਤ ਲਈ ਤਿੰਨ ਟੂਰ ਪ੍ਰੋਗਰਾਮ ਮਿਥੇ ਗਏ । ਦੋ ਜਪਾਨ ਅੰਦਰਲੇ ਸਨ ਅਤੇ ਤੀਸਰਾ ਕੋਰੀਆ ਦੇ ਗਰਮ ਚ ਮਿਆਂ ਅਤੇ ਸਿਓਲ ਦੀ ਸੈਰ ਦਾ ਸੀ । ਮੈ ਜਪਾਨ ਪਹਿਲਾਂ ਵੀ ਵੇਖ ਚੁੱਕਾ ਸਾਂ, ਸੋ ਮੇਰੀ ਚੋਣ ਦੱਖਣੀ ਕੋਰੀਆ ਦੀ ਸੁਭਾਵਿਕ ਹੋਣੀ ਸੀ । ਮੇਰੀ ਰਿਹਾਇ ਦਾ ਪ੍ਰਬੰਧ ਨਾਰੀਟਾ ਏਅਰਪੋਰਟ ਦੇ ਰੈਸਟ ਹਾਊਸ ਵਿਚ ਕੀਤਾ ਗਿਆ ਤਾਂ ਕਿ ਚਾਰ ਦਸੰਬਰ ਸਿਓਲ ਜਾਣ ਦੀ ਉਡਾਨ ਸਹਿਜੇ ਹੀ ਫੜ ਸਕਾਂ । ਇਸ ਰੈਸਟ ਹਾਊਸ ਦਾ ਕਿਰਾਇਆ ਹੋਟਲਾਂ ਬਰਾਬਰ ਹੀ ਸੀ, ਅਰਥਾਤ 3000 ਰੁਪਏ ਜਾਂ ਅੱਸੀ ਡਾਲਰ । ਇਥੇ ਹੋਰ ਵੀ ਕਈ ਯਾਤਰੀ ਠਹਿਰੇ ਹੋਏ ਸਨ ।

ਚਾਰ ਦਸੰਬਰ ਸਵੇਰੇ ਦਸ ਵਜੇ ਜਪਾਨ ਏਅਰਲਾਈਨ ਦੇ ਜਹਾਜ ਤੇ ਸਵਾਰ ਹੋ ਕੇ ਮੈ ਦੁਪਹਿਰ ਤੱਕ ਸਿਓਲ ਦੀ ਅੰਤਰ[ਰਾ ਟਰੀ ਏਅਰਪੋਰਟ ਕਿੰਪੋ ਤੇ ਜਾ ਉਤਰਿਆ । ਮੇਰਾ ਮੇ ਬਾਨ ਕੈਨ ੀ ਸੁਗੀਮੋਰੀ ਜਪਾਨੀ ਗਰੁੱਪ ਨਾਲ ਪਹਿਲਾਂ ਹੀ ਕੋਰੀਅਨ ਏਅਰਲਾਈਨ ਦੇ ਜਹਾਜ ਉਪਰ ਪਹੁੰਚ ਚੁੱਕਾ ਸੀ । ਉਹ ਯਾਤਰੀ ਬੱਸ ਵਿਚ ਮੇਰਾ ਇੰਤ ਾਰ ਕਰ ਰਹੇ ਸਨ । ਅਸੀਂ ਏਅਰਪੋਰਟ ਤੋਂ ਸਿੱਧਾ ਸਿਓਲ, ਕੋਰੀਆ ਦੀ ਰਾਜਧਾਨੀ ਦੀ ਸੈਰ ਕਰਨ ਨਿਕਲ ਪਏ । ਰਸਤੇ ਵਿਚ ਦੱਖਣੀ ਕੋਰੀਆ ਦਾ ਸਭ ਤੋਂ ਵੱਡਾ ਦਰਿਆ ਹਾਨਮੈਨ ਆਇਆ । ਸਾਡੇ ਜਾਣ ਤੋਂ ਦੋ ਦਿਨ ਪਹਿਲਾਂ ਦਰਿਆ ਜੰਮ ਚੁੱਕਾ ਸੀ ਅਤੇ ਬੱਚੇ ਇਸ ਦੀ ਸਤਹ ਉਪਰ ਫੁੱਟਬਾਲ ਖੇਡ ਰਹੇ ਸਨ । ਕੋਰੀਆ ਵਿਚ ਠੰਡ ਜਪਾਨ ਤੋਂ ਵਧੇਰੇ ਸੀ ਪਰੰਤੂ ਧੁੱਪ ਨਿਕਲੀ ਹੋਣ ਕਰਕੇ ਮੌਸਮ ਬੁਰਾ ਨਹੀ ਸੀ ਲਗ ਰਿਹਾ । ਸਾਡਾ ਗਰੁੱਪ ਹਿਰ ਦੇ ਬ ਾਰਾਂ ਵਿਚੋ ਲੰਘ ਕੇ ਕੋਰੀਆ ਦੇ ਾਹੀ ਮਹੱਲ ਕਿਓਂਗਬੋਕੰਮ ਦੇ ਵਿਹੜੇ ਅੱਗੇ ਜਾ ਰੁਕਿਆ । ਇਹ ਮਹੱਲ ਚੀਨ ਦੇ ਮਹੱਲਾਂ ਨਾਲ ਮਿਲਦਾ ਜੁਲਦਾ ਹੈ ਜੋ ਮੈ ਪੀਕਿੰਗ ਯਾਤਰਾ ਦੌਰਾਨ ਵੇਖੇ ਸਨ । ਇਸ ਨੂੰ ਚੋਸੁਨ ਖਾਨਦਾਨ ਦੇ ਬਾਦ ਾਹ ਲੀ ਸੋਂਗ ਗੇ ਨੇ ਬਣਵਾਇਆ ਸੀ । ਕਈ ਮੀਲਾਂ ਵਿਚ ਫੈਲਿਆ ਇਹ ਮਹੱਲ ਲੱਕੜੀ ਦਾ ਬਣਿਆ ਹੋਇਆ ਹੈ ਜਿਸ ਕਰਕੇ ਇਹ ਕਈ ਵਾਰ ਅਗਨੀ ਦੀ ਲਪੇਟ ਵਿਚ ਆ ਚੁੱਕਾ ਹੈ ।

ਕੋਰੀਆ ਦਾ ਇਤਿਹਾਸ ਵੀ ਇਕ ਹਜਾਰ ਸਾਲ ਪੁਰਾਣਾ ਹੈ । ਇਥੇ ਕੋਰੀਓ ਖਾਨਦਾਨ ਦਾ ਰਾਜ (950[1394 ਈ.) ਰਿਹਾ ਜਿਸ ਕਰਕੇ ਦੇ ਦਾ ਨਾਮ ਕੋਰੀਆ ਪੈ ਗਿਆ। ਇਸ ਤੋਂ ਪਹਿਲਾਂ ਕਈ ਖਾਨਦਾਨਾਂ ਦਾ ਰਾਜ ਸੀ ਅਤੇ ਿ ਲਾ ਖਾਨਦਾਨ ਨੇ ਸਭ ਨੂੰ ਜਿੱਤ ਕੇ ਕੋਰੀਆ ਨੂੰ ਇਕੱਠਾ ਕੀਤਾ । ਬੁੱਧ ਧਰਮ ਚੀਨ ਵਲੋਂ ਅੱਠਵੀਂ ਸਦੀ ਦੇ ਅੰਤ ਤੱਕ ਕੋਰੀਆ ਪਹੁੰਚ ਗਿਆ ਸੀ ਅਤੇ ਿ ਲਾ ਬਾਦ ਾਹ ਇਸ ਦੇ ਪੈਰੋਕਾਰ ਬਣ ਗਏ । ਕੋਰੀਓ ਤੋਂ ਬਾਅਦ ਚੋਸੁਨ ਖਾਨਦਾਨ ਦਾ ਰਾਜ (1394[1910 ਈ) ਕਾਇਮ ਹੋ ਗਿਆ ਜਿਸ ਦੌਰਾਨ ਕਈ ਬੋਧੀ ਮੰਦਰ ਅਤੇ ਮਹੱਲ ਤਾਮੀਰ ਕਰਵਾਏ ਗਏ । ਪੰਦਰਵੀਂ ਸਦੀ ਵਿਚ ਬਾਦ ਾਹ ਸੇਜੋਂਗ ਨੇ ਬੋਧੀ ਵਿਦਵਾਨਾਂ ਦਾ ਇੱਕਠ ਕੀਤਾ । ਬਾਦ ਾਹ ਖੁਦ ਵਿਦਵਾਨ ਸੀ ਅਤੇ ਰਾਜ ਵਿਚ ਤਕਨੀਕੀ ਸਿਖਿਆ ਚਾਲੂ ਕਰਨ ਦਾ ਚਾਹਵਾਨ ਸੀ । ਉਸਨੇ ਖੁਦ ਕੋਰੀਅਨ ਭਾ ਾ ਹਾਂਗੁਲ ਦੀ ਐਲਫਾਬੈਟ ਤਿਆਰ ਕੀਤੀ ਅਤੇ ਇਸ ਦੇ ਚੌਵੀ ਅੱਖਰ ਘੜੇ । ਹਾਂਗੁਲ ਨੂੰ ਸਰਕਾਰੀ ਭਾ ਾ ਦਾ ਦਰਜਾ ਦਿੱਤਾ ਗਿਆ । ਇਸ ਬਾਦ ਾਹ ਦੀ ਫੋਟੋ ਅੱਜ ਵੀ ਕੋਰੀਆ ਦੇ ਨੋਟਾਂ ਤੇ ਛਾਪੀ ਜਾਂਦੀ ਹੈ ।

ਮਹੱਲ ਦੇ ਨਾਲ ਹੀ ਕੋਰੀਆ ਦਾ ਕੌਮਾਂਤਰੀ ਅਜਾਇਬ ਘਰ ਹੈ । ਰਸਤੇ ਵਿਚ ਥਾਂ ਪਰ ਥਾਂ ਮਹਾਤਮਾ ਬੁੱਧ ਅਤੇ ਉਸਦੇ ਚੇਲਿਆਂ ਦੇ ਬੁੱਤ ਲੱਗੇ ਹੋਏ ਸਨ। ਇਕ ਵਾਰ ਤਾਂ ਭਾਰਤੀਆਂ ਦਾ ਸਿਰ ਖਰ ਨਾਲ ਉੱਚਾ ਉਠਦਾ ਹੈ ਕਿ ਸਾਡੇ ਮਹਾਤਮਾ ਬੁੱਧ ਜੀ ਦੀ ਕਦਰ ਚੀਨ, ਜਪਾਨ ਅਤੇ ਕੋਰੀਆ ਵਿਚ ਤਾਂ ਅਜੇ ਤੱਕ ਕਾਇਮ ਹੈ ਭਾਵੇ ਭਾਰਤ ਵਿਚ ਉਹ ਇਕ ਹਿੰਦੂ ਦੇਵਤਾ ਹੀ ਬਣ ਕੇ ਰਹਿ ਗਏ ਜਾਪਦੇ ਹਨ । ਅਜਾਇਬ ਘਰ ਵਿਚ ਕੋਰੀਅਨ ਬਾਦ ਾਹਾਂ ਦੀਆਂ ਵਸਤਾਂ ਸਾਂਭੀਆਂ ਹੋਈਆਂ ਹਨ । ਪੁਰਾਤਨ ਥੇਹਾਂ ਦੀ ਪੁਟਾਈ ਕਰਕੇ ਲੱਭੀਆਂ ਪੁਰਾਤੱਤਵ ਵਸਤਾਂ ਮਨੁੱਖੀ ਇਤਿਹਾਸ ਦੀ ਝਲਕ ਪੇ ਕਰਦੀਆਂ ਹਨ । ਇਉ ਜਾਪਦਾ ਹੈ ਕਿ ਪੁਰਾਤਨ ਮਨੁੱਖੀ ਸਭਿਅਤਾ ਭਾਰਤ ਅਤੇ ਏ ੀਆ ਦੇ ਪੂਰਬੀ ਦੇ ਾਂ ਵਿਚ ਇਕੋ ਸਮੇ ਹੀ ਵਿਕਸਿਤ ਹੋਈ ।

ਸਿਓਲ ਦੇ ਬਜਾਰਾਂ ਵਿਚ ਗਹਿਮਾ ਗਹਿਮੀ ਵੇਖ ਕੇ ਅਸੀਂ ਲੋਟ ਹੋਟਲ ਦੇ ਾਪਿੰਗ ਸੈਟਰ ਵਿਚ ਖਰੀਦੋ ਫਰੋਖਤ ਕਰਨ ਗਏ । ਇਸ 30 ਮੰਜਿਲਾਂ ਹੋਟਲ ਵਿਚ 1500 ਕਮਰੇ ਹਨ ਅਤੇ ਸਾਡੇ ਬਜਾਰ ਨਾਲੋ ਵੀ ਵੱਡਾ ਾਪਿੰਗ ਸੈਟਰ ਹੈ ਜਿਥੇ ਦੁਨੀਆਂ ਭਰ ਦੀਆਂ ਵਸਤਾਂ ਮਿਲਦੀਆਂ ਹਨ । ਇਥੋ ਦੇ ਰੇਟ ਜਪਾਨੀਆਂ ਦੇ ਮੁਆਫਕ ਸਨ । ਮੈ ਤਾਂ ਇਕ ਕਮੀ ਦੀ 4000 ਰੁਪਏ ਕੀਮਤ ਪੜ੍ਹ ਕੇ ਵਾਪਸ ਆ ਗਿਆ

। ਇਕ ਸਵਿੱਸ ਘੜੀ ਵੇਖੀ ਜੋ 14 ਲੱਖ ਰੁਪਏ ਦੀ ਸੀ । ਇਸ ਤੋ ਕੀਮਤੀ ਹੀਰੇ ਜਵਾਹਰਾਤ ਅਤੇ ਚਿੱਤਰ ਕਲਾ ਕਿਰਤਾਂ ਸਨ । ਕੋਰੀਆ ਵਿਚ ਰੇਟ ਵੀ ਡਾਲਰ ਜਾਂ ਜਪਾਨੀ ਯੈਨ ਵਿਚ ਲਿਖੇ ਹੁੰਦੇ ਹਨ । ਦਰਅਸਲ ਦੱਖਣੀ ਕੋਰੀਆ ਅਮਰੀਕਾ ਦੀ ਬਸਤੀ ਹੀ ਰਿਹਾ ਹੈ । ਇਥੇ ਹੁਣ ਵੀ ਪੰਚਤਾਲੀ ਹ ਾਰ ਅਮਰੀਕਨ ਸੈਨਿਕ ਮੌਜੂਦ ਹਨ ।

1910 ਵਿਚ ਜਪਾਨੀਆਂ ਨੇ ਕੋਰੀਆ ਉਪਰ ਕਬਜਾ ਕਰਕੇ ਇਥੋ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ । 1945 ਵਿਚ ਕੋਰੀਆ ਅ ਾਦ ਹੋਇਆ ਤਾਂ ਇਸਦੇ ਦੋ ਟੁਕੜੇ ਕਰ ਦਿੱਤੇ। ਉਤਰੀ ਕੋਰੀਆ ਰੂਸ ਦੇ ਕਬਜੇ ਵਿਚ ਆ ਕੇ ਕਮਿਊਨਿਸਟ ਬਣ ਗਿਆ ਅਤੇ ਦੱਖਣੀ ਕੋਰੀਆ ਅਮਰੀਕਾ ਦੇ ਵੱਸ ਪੈ ਗਿਆ । ਇਹ ਦੋਵੇ ਆਪਸ ਵਿਚ ਅਜੇ ਤੱਕ ਝਗੜਦੇ ਰਹਿੰਦੇ ਹਨ। ਨੌਜਵਾਨ ਤਾਂ ਚਾਹੁੰਦੇ ਹਨ ਕਿ ਜਰਮਨੀ ਤੇ ਵੀਅਤਨਾਮ ਵਾਂਗ ਕੋਰੀਆ ਵੀ ਇਕ ਦੇ ਬਣ ਜਾਵੇ ਪਰੰਤੂ ਸਿਆਸਤਦਾਨ ਅੜੇ ਹੋਏ ਹਨ । ਉਤਰੀ ਕੋਰੀਆ ਬਹੁਤ ਗਰੀਬ ਹੈ ਅਤੇ ਦੱਖਣੀ ਕੋਰੀਆ ਜਪਾਨ ਦਾ ਮੁਕਾਬਲਾ ਕਰ ਰਿਹਾ ਹੈ । ਭਾਵੇ ਹੁਣ ਅਮਰੀਕਾ ਨੇ ਆਰਥਿਕ ਮੰਦਵਾੜੇ ਦੀ ਹਾਲਤ ਪੈਦਾ ਕਰ ਦਿੱਤੀ ਹੈ ਪਰੰਤੂ ਦੱਖਣੀ ਕੋਰੀਆ ਇਸ ਤੋ ਜਲਦੀ ਹੀ ਬੰਦ ਖਲਾਸੀ ਪਾ ਲਵੇਗਾ ।

ਪੰਜ ਦਸੰਬਰ ਸਵੇਰੇ ਅੱਠ ਵਜੇ ਸਿਓਲ ਦੇ ਪੂਨ੍ਹਜੂਨ ਹੋਟਲ ਤੋ ਯਾਤਰੀ ਬੱਸ ਤੇ ਸਵਾਰ ਹੋ ਕੇ ਅਸੀ ਕੋਰੀਆ ਦੇ ਗਰਮ ਪਾਣੀ ਦੇ ਚ ਮਿਆਂ ਦਾ ਦੌਰਾ ਕਰਨ ਚੱਲ ਪਏ । ਪਹਿਲਾਂ ਈਚੋਨ ਹਿਰ ਪਹੁੰਚੇ । ਇਥੇ ਹੋਟਲਾਂ ਵਿਚ ਗਰਮ ਪਾਣੀ ਦੇ ਖੂਹਾਂ ਤੋ ਪਾਣੀ ਸਪਲਾਈ ਕੀਤਾ ਜਾਂਦਾ ਹੈ । ਸਾਡੀ ਮੰਜਿਲ ਕੋਰੀਆ ਦੇ ਸਾਇੰਸ ਸਿਟੀ ਤੇਜੂੰਗ ਦੀ ਸੀ। ਰਸਤੇ ਵਿਚ ਇਕ ਪੋਰਸੀਲੇਨ ਫੈਕਟਰੀ ਵੇਖੀ ਜਿਸ ਅੰਦਰ ਮਿੱਟੀ ਦੇ ਭਾਂਡਿਆਂ ਤੋ ਲੈ ਕੇ ਬਹੁਮੁੱਲੇ ਸਜਾਵਟੀ ਬਰਤਨ ਤਿਆਰ ਕੀਤੇ ਜਾਂਦੇ ਹਨ। ਾਹੀ ਮਹੱਲਾਂ ਵਿਚ ਵਰਤੇ ਜਾਣ ਵਾਲੇ ਰਾਬ ਦੇ ਜਾਰ ਇਥੇ ਹੀ ਬਣਿਆ ਕਰਦੇ ਸਨ । ਫੈਕਟਰੀ ਦੇ ਨੇੜੇ ਹੀ ਕੋਰੀਅਨ ਪਿੰਡ ਵੇਖਣ ਗਏ ਤਾਂ ਬਾਹਰ ਇਕ ਡਰਾਉਣਾ ਬੁੱਤ ਗੱਡਿਆ ਹੋਇਆ ਸੀ । ਇਥੇ ਹਰ ਪਿੰਡ ਦੇ ਬਾਹਰ ਇਹੋ ਜਿਹੇ ਲੱਕੜ ਦੇ ਬੁੱਤ ਮਿਲਦੇ ਹਨ ਜੋ ਪਿੰਡ ਦੀ ਸੁੱਰਖਿਆ ਅਤੇ ਮਾੜੀ ਨ ਰ ਤੋ ਬਚਾ ਕਰਦੇ ਹਨ । ਪੰਜਾਬ ਦੇ ਪਿੰਡਾਂ ਵਿਚ ਮੁੱਖ ਦਰਵਾਜਿਆਂ ਉਪਰ ਵੀ ਇਹੋ ਜਿਹੇ ਡਰਾਉਣੇ ਬੁੱਤ ਲਗਾਏ ਜਾਂਦੇ ਸਨ ।

ਰਾਤ ਨੂੰ ਸਾਡਾ ਗਰੁੱਪ ਤੇਜੂੰਗ ਹਿਰ ਦੇ ਯੂਸੂੰਗ ਹੋਟਲ ਵਿਚ ਠਹਿਰਿਆ। ਇਸ ਅੰਦਰ ਵੀ ਗਰਮ ਪਾਣੀ ਦਾ ਚ ਮਾ ਸੀ । ਸਭ ਯਾਤਰੀ ਬੱਚਿਆਂ ਵਾਂਗ ਨੰਗ ਧੜੰਗੇ ਨਹਾ ਰਹੇ ਸਨ । ਜਪਾਨ ਅਤੇ ਕੋਰੀਆ ਵਿਚ ਇਸ ਤਰ੍ਹਾਂ ਦੇ ਚ ਮੇ ਚੰਗੀ ਆਮਦਨ ਦਾ ਸਾਧਨ ਹਨ । ਇਨ੍ਹਾਂ ਉਪਰ ਹੋਟਲ ਅਤੇ ਸੈਨੇਟੋਰੀਅਮ ਬਣਾਏ ਜਾਂਦੇ ਹਨ । ਸੁਆਨਬੋ ਚ ਮੇ ਉਪਰ ਵਧੇਰੇ ਭੀੜ ਸੀ । ਲੋਕੀ ਨਹਾ ਕੇ ਪੱਥਰ ਦੀ ਸਿੱਲ ਉਪਰ ਲੇਟਦੇ ਹਨ । ਇਸ ਸਿੱਲ ਵਿਚੋ ਵਿਕਿਰਣ ਨਿਕਲਦੀ ਹੈ ਜੋ ਕਈ ਰੋਗਾਂ ਦੇ ਇਲਜ ਵਿਚ ਸਹਾਈ ਹੁੰਦੀ ਹੈ। ਨੰਗੇ ਨਹਾਉਣ ਤੋ ਕਤਰਾਉਦਿਆਂ ਵੇਖ ਕੇ ਹੋਟਲ ਦਾ ਮੈਨੇਜਰ ਮੇਰੇ ਪਾਸ ਆ ਗਿਆ ਅਤੇ ਵਿਕਿਰਣ ਲਿ ਪੱਥਰ ਦੇ ਗੁਣ ਦੱਸਣ ਲੱਗਾ । ਇਕ ਪੱਥਰ ਦੀ ਕੁਰਸੀ ਉਪਰ ਬੈਠ ਕੇ ਮੈ ਵੀ ਇਸ ਦਾ ਵਿਕਿਰਣ ਪ੍ਰਖਿਆ । ਯਾਤਰੀ ਲੋਕ ਪਾਣੀ ਦੀਆਂ ਬੋਤਲਾਂ ਭਰੀ ਜਾ ਰਹੇ ਸਨ । ਕੋਰੀਆ ਦੀਆਂ ਬੱਸਾਂ ਵੀ ਕਮਾਲ ਦੀਆਂ ਹਨ । ਹਰ ਸੀਟ ਨਾਲ ਜਹਾਜ ਵਾਂਗ ਬੈਲਟ ਹੁੰਦੀ ਹੈ । ਟੈਲੀਫੋਨ ਸੁਵਿਧਾ ਬੱਸ ਅੰਦਰ ਹੀ ਮਿਲ ਜਾਂਦੀ ਹੈ । ਸਾਡੀਆਂ ਬੱਸਾਂ ਤਾਂ ਚੰਗੇ ਭਲੇ ਦੇ ਹੱਡ ਦੁਖਣ ਲਾ ਦਿੰਦੀਆਂ ਹਨ ।

ਹੁਣ ਜਪਾਨ ਅਤੇ ਕੋਰੀਆ ਦੀ ਖੂਬ ਬਣਦੀ ਹੈ । ਜਪਾਨ ਨੇ ਆਪਣੇ ਕੀਤੇ ਜੁਲਮਾਂ ਦੀ ਮੁਆਫੀ ਮੰਗ ਕੇ ਕੋਰੀਆ ਵੱਲ ਦੋਸਤੀ ਦਾ ਹੱਥ ਵਧਾਇਆ ਹੈ । ਮੈਨੂੰ ਏਅਰਪੋਰਟ ਤੇ ਪੰਜਾਬ ਦਾ ਇਕ ਨੌਜਵਾਨ ਇੰਜੀਨੀਅਰ ਮਿਲ ਪਿਆ। ਉਹ ਇਥੇ ਦੇਵੂਮੋਟਰ ਕੰਪਨੀ ਨਾਲ ਸਪੇਅਰ ਪਾਰਟਸ ਦੀ ਗੱਲਬਾਤ ਕਰਨ ਆਇਆ ਹੋਇਆ ਸੀ । ਹੁਣ ਕੋਰੀਅਨ ਕੰਪਨੀਆਂ ਕਾਰਾਂ ਦੇ ਕਾਰਖਾਨੇ ਅਤੇ ਤੇਲ ਦੇ ਭੰਡਾਰ ਲੱਭਣ ਵਿਚ ਭਾਰਤ ਸਰਕਾਰ ਦੀ ਮੱਦਦ ਕਰ ਰਹੀਆਂ ਹਨ । ਇਕ ਪੰਜਾਬਣ ਵੀ ਮਿਲ ਪਈ ਜੋ ਸਮਾਨ ਦੀ ਰੇੜੀ ਨੂੰ ਗੱਡੇ ਵਾਂਗ ਭਰੀ ਖਲੋਤੀ ਸੀ । ਉਹ ਹਰ ਇੱਕ ਨੂੰ ਵੰਗਾਰ ਰਹੀ ਸੀ ਕਿ ਉਸਦਾ ਇਕ ਨਗ ਆਪਣੇ ਕੋਲ ਲੈ ਕੇ ਲੰਘਾ ਦਿਓ । ਹੈ ਤਾਂ ਇੰਜੀਨੀਅਰ ਸੀ ਪਰੰਤੂ ਰਸੋਈ ਦੇ ਭਾਂਡਿਆਂ ਤੋ ਲੈ ਕੇ ਕੰਬਲਾਂ ਰ ਾਈਆਂ ਤੱਕ ਖਰੀਦ ਲਿਆਈ ਸੀ ।

ਪੰਜਾਬੀ ਨੌਜਵਾਨ ਮਿਸਟਰ ਚੰਦਵਾਨੀ ਨਾਲ ਗੁਫਤਗੂ ਹੋਈ ਤਾਂ ਉਹ ਲੁਧਿਆਣੇ ਦਾ ਨਿਕਲ ਪਿਆ ਅਤੇ ਸਾਡੀ ਯੂਨੀਵਰਸਿਟੀ ਦਾ ਵਿਦਿਆਰਥੀ ਰਹਿ ਚੁੱਕਾ ਸੀ । ਅਸੀ ਭਾਰਤ ਅਤੇ ਕੋਰੀਆ ਦਾ ਮੁਕਾਬਲਾ ਕਰਨ ਲੱਗੇ । ਮੈਨੂੰ ਉਸਦੀ ਇਹ ਰਾਏ ਬਿਲਕੁਲ ਠੀਕ ਜਾਪੀ ਕਿ ਕੋਰੀਆ ਜਪਾਨ ਨੂੰ ਆਪਣਾ ਰੋਲ ਮਾਡਲ ਸਮਝਦਾ ਹੈ ਅਤੇ ਉਸਨੂੰ ਮੁੱਖ ਰੱਖਕੇ ਵਿਗਿਆਨ ਅਤੇ ਟੈਕਨਾਲੋਜੀ ਦੇ ਖੇਤਰ ਵਿਚ ਅੱਗੇ ਵਧ

ਰਿਹਾ ਹੈ । ਭਾਰਤ ਹਰ ਕੰਮ ਵਿਚ ਆਪਣਾ ਮੁਕਾਬਲਾ ਪਾਕਿਸਤਾਨ ਨਾਲ ਕਰਕੇ ਤਹਿੰਗੜਦਾ ਹੈ ਕਿ ਅਸੀ ਤਾਂ ਰਾਕਟ ਟੈਕਨਾਲੋਜੀ ਵਿੱਚ ਪਾਕਿਸਤਾਨ ਨੂੰ ਪਛਾੜ ਦਿੱਤਾ ਹੈ । ਲੋੜ ਹੈ ਕਿ ਅਸੀ ਆਪਣਾ ਰੋਲ ਮਾਡਲ ਕਿਸੇ ਵਿਕਾਸ ੀਲ ਦੇ  ਨੂੰ ਚੁਣੀਏ ।

# ਤਾ ਕੰਦ ਦੀ ਯਾਤਰਾ (1999)

---

ਮਾਸਕੋ ਦੀ ਯਾਤਰਾ ਸਮੇ ਦੋ ਵਾਰ ਮੇਰਾ ਜਹਾਜ ਤਾ ਕੰਦ ਦੇ ਹਵਾਈ ਅੱਡੇ ਤੇ ਰੁਕਿਆ ਪਰੰਤੂ ਕਾਹਲੀ ਵਿਚ ਹੋਣ ਕਰਕੇ ਮੈ ਇਸ ਹਿਰ ਦੀ ਸੈਰ ਨਾ ਕਰ ਸਕਿਆ । ਇਸ ਵਾਰ ਮਾਰਚ ਦੇ ਮਹੀਨੇ ਸੱਦਾ ਪੱਤਰ ਆ ਗਿਆ ਜਿਸ ਵਿਚ ਮੈਨੂੰ ਤਾ ਕੰਦ ਦੀ ਭੁਚਾਲਾਂ ਨਾਲ ਸੰਬੰਧਤ ਸੰਸਥਾ ਨੇ ਅੰਤਰਰਾ ਟਰੀ ਕਾਨਫਰੰਸ ਵਿਚ ਖੋਜ ਪੱਤਰ ਪੜ੍ਹਨ ਲਈ ਬੁਲਾਇਆ ਸੀ । ਅਪਰੈਲ ਦੇ ਮਹੀਨੇ ਮੈ ਸਫਰ ਦੀ ਤਿਆਰੀ _ਰੂ ਕਰ ਦਿੱਤੀ ਪਰੰਤੂ ਉ ਬੇਕਿਸਤਾਨ ਦੀ ਐਬੈਸੀ ਨੇ ਵੀ ਾ ਦੇਣ ਤੋਂ ਇਨਕਾਰ ਕਰ ਦਿੱਤਾ । ਉਨ੍ਹਾਂ ਨੇ ਰਤ ਲਗਾ ਦਿੱਤੀ ਕਿ ਸੱਦਾ ਪੱਤਰ ਦੀ ਕਾਪੀ ਸਰਕਾਰੀ ਪੱਧਰ ਤੇ ਐਬੈਸੀ ਕੋਲ ਸਿੱਧੀ ਆਉਣੀ ਚਾਹੀਦੀ ਹੈ । ਕਾਫੀ ਦਿਨ ਟੱਕਰਾਂ ਮਾਰਨ ਉਪਰੰਤ ਈਮੇਲ ਰਾਹੀਂ ਜਵਾਬ ਆ ਗਿਆ ਅਤੇ 24 ਅਪਰੈਲ ਨੂੰ ਤੁਰੰਤ ਵੀ ਾ ਲੈ ਕੇ ਮੈ ਉ ਬੇਕ ਏਅਰਲਾਈਨ ਦੇ ਜਹਾਜ ਤੇ ਸਵਾਰ ਹੋ ਕੇ ਾਮ ਦੇ ਸਤ ਵਜੇ ਤਾ ਕੰਦ ਦੇ ਹਵਾਈ ਅੱਡੇ ਤੇ ਜਾ ਉਤਰਿਆ। ਦਿੱਲੀ ਤੋਂ ਤਾ ਕੰਦ ਦਾ ਸਫਰ ਕੇਵਲ ਢਾਈ ਘੰਟੇ ਦਾ ਹੈ । ਅਸਮਾਨ ਸਾਫ ਹੋਣ ਕਰਕੇ ਜਹਾਜ ਵਿਚੋਂ ਦਿਸਦੇ ਕੁਦਰਤੀ ਨਜਾਰੇ ਮਨ ਨੂੰ ਮੋਹ ਰਹੇ ਸਨ । ਅਸੀਂ ਪੰਜਾਬ ਦੀ ਧਰਤੀ ਤੋਂ ਉਡਦੇ ਹੋਏ, ਪੇ ਾਵਰ ਅਤੇ ਕਾਬਲ ਦੇ ਰਾਹ ਹੁੰਦੇ ਹੋਏ ਹਿੰਦੂਕੁ ਪਰਬਤ ਦੀਆਂ ਬਰ ਲੱਦੀਆਂ ਚੋਟੀਆਂ ਪਾਰ ਕਰਕੇ, ਉ ਬੇਕਿਸਤਾਨ ਦੀਆਂ ਪਹਾੜੀ ਵਾਦੀਆਂ ਦੇ ਨ ਾਰੇ ਵੇਖਦੇ ਹੋਏ ਢਲਦੇ ਸੂਰਜ ਦੀਆਂ ਕਿਰਨਾਂ ਦੇ ਅਸਤ ਹੋਣ ਨਾਲ ਤਾ ਕੰਦ ਹਿਰ ਵਿਚ ਜਾ ਡੇਰੇ ਲਾਏ । ਹਵਾਈ ਅੱਡੇ ਤੇ ਪਹਿਲਾਂ ਲੰਘਣ ਲਈ ਭਾਰਤ ਵਾਂਗ ਹੀ ਧੱਕਾਜੋਰੀ ਚੱਲ ਰਹੀ ਸੀ । ਹਰ ਯਾਤਰੀ ਦੇ ਰਹਿਣ ਦਾ ਥਾਂ ਟਿਕਾਣਾ ਨੋਟ ਕੀਤਾ ਗਿਆ ਅਤੇ ਜੇਬ ਵਿਚ ਪਈ ਨਕਦੀ ਦਾ ਲੇਖਾ ਜੋਖਾ ਲਿਆ ਗਿਆ । ਦਰਅਸਲ, ਰੂਸ ਦੀ ਅਰਥ ਵਿਵਸਥਾ ਦੇ ਤਹਿਸ ਨਹਿਸ ਹੋਣ ਨਾਲ ਉ ਬੇਕਿਸਤਾਨ ਦੀ ਵੀ ਮੰਦੀ ਹਾਲਤ ਹੋ ਗਈ ਹੈ ਅਤੇ ਯਾਤਰੀਆਂ ਤੋਂ ਡਾਲਰ ਬਟੋਰਨ ਲਈ ਸਰਕਾਰ ਕਈ ਢੰਗ ਵਰਤ ਰਹੀ ਹੈ ।

ਹਵਾਈ ਅੱਡੇ ਤੇ ਮੇਰਾ ਮੇ ਬਾਨ ਅਤੇ ਵਾਕਫਕਾਰ ਪ੍ਰੋਫੈਸਰ ਬਾਈਕੋਤਸਵ ਮੇਰਾ ਇੰਤ ਾਰ ਕਰ ਰਿਹਾ ਸੀ । ਉਸਦੀ ਕਾਰ ਵਿਚ ਸਵਾਰ ਹੋ ਕੇ ਅਸੀ ਤਾ ਕੰਦ ਹਿਰ ਦੇ ਕੇਦਰ ਵਿਚ ਸਥਿਤ ਤਾ ਕੰਦ ਹੋਟਲ ਵਿਚ ਪਹੁੰਚ ਗਏ ਜਿਥੇ ਮੇਰੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ । ਇਹ ਹੋਟਲ ਰੂਸੀ ਸਰਕਾਰ ਨੇ ਤਿਆਰ ਕਰਵਾਇਆ ਸੀ ਅਤੇ ਇਸ ਵਿਚ 600 ਦੇ ਕਰੀਬ ਕਮਰੇ ਹਨ । ਜਦੋਂ 1965 ਦੀ ਭਾਰਤ-ਪਾਕਿ ਜੰਗ ਦੇ ਖਾਤਮੇ ਲਈ ਅਯੂਬ ਖਾਨ ਅਤੇ ਲਾਲ ਬਹਾਦਰ ਾਸਤਰੀ ਵਿਚਕਾਰ ਸੁਲਾਹ ਕਰਵਾਈ ਗਈ ਤਾਂ ਦੋਹਾਂ ਦੇ ਾਂ ਦੇ ਡੈਲੀਗੇ ਨ ਇਸੇ ਹੋਟਲ ਵਿਚ ਹੀ ਠਹਿਰੇ ਸਨ । ਤਾ ਕੰਦ ਸੰਧੀ ਸਾਡੇ ਪ੍ਰਧਾਨ ਮੰਤਰੀ ਲਈ ਜਾਨ ਲੇਵਾ ਸਾਬਤ ਹੋਈ ਅਤੇ ਉਹ ਦਿਲ ਦੇ ਦੌਰੇ ਨਾਲ ਪ੍ਰਾਣ ਤਿਆਗ ਗਏ । ਯਾਤਰਾ ਦੇ ਅਖੀਰ ਵਿਚ ਮੈ ਵੀ ਆਪਣੀ ਰਧਾ ਦੇ ਫੁੱਲ ਭੇਟ ਕਰਨ ਲਈ ਾਸਤਰੀ ਜੀ ਦੇ ਸਮਾਰਕ ਉਪਰ ਗਿਆ ।

25 ਅਪਰੈਲ ਐਤਵਾਰ ਦਾ ਦਿਨ ਸੀ ਅਤੇ ਪ੍ਰੋ ਬਾਈਕੋਤਸਵ ਨੇ ਮੇਰੇ ਲਈ ਤਾ ਕੰਦ ਹਿਰ ਦੀ ਯਾਤਰਾ ਦਾ ਪ੍ਰੋਗਰਾਮ ਬਣਾ ਰੱਖਿਆ ਸੀ । ਦਿੱਲੀ ਦੀ ਤਪ ਦੇ ਮੁਕਾਬਲੇ ਤਾ ਕੰਦ ਹਿਰ ਵਿਚ ਮੌਸਮ ਬਹੁਤ ਹੀ ਸੁਹਾਵਣਾ ਸੀ। ਦਿਨ ਵੇਲੇ ਤਾਪਮਾਨ 20-25 ਦਰਜਾ ਸੈਟੀਗਰੇਡ ਅਤੇ ਰਾਤ ਨੂੰ 10 ਦਰਜਾ ਸੈਟੀਗਰੇਡ ਰਹਿ ਜਾਂਦਾ ਸੀ ਅਰਥਾਤ ਪੰਜਾਬ ਦੇ ਦਸੰਬਰ ਵਰਗਾ ਮੌਸਮ ਸੀ । ਹੋਟਲ ਦੇ ਕਮਰੇ ਬਹੁਤ ਹੀ ਖਸਤਾ ਹਾਲਤ ਵਿਚ ਸਨ ਅਤੇ ਸਫਾਈ ਦਾ ਮਿਆਰ ਵੀ ਯੂਰਪ ਦੇ ਦੇ ਾਂ ਤੋਂ ਘੱਟ ਸੀ । ਉ ਬੇਕੀ ਲੋਕ ਹਰ ਸਮੇ ਹਰੀ ਜਾਂ ਕਾਲੀ ਚਾਹ ਦਾ ਸੇਵਨ ਕਰਦੇ ਰਹਿੰਦੇ ਹਨ ਜਿਵੇ ਚੀਨ ਅਤੇ ਜਪਾਨ ਦੇ ਲੋਕ ਕਰਦੇ ਹਨ । ਪਾਣੀ ਦੀ ਜਗਹ ਚਾਹ ਦੀ ਵਰਤੋਂ ਹੀ ਹੁੰਦੀ ਹੈ ਅਤੇ ਰਾਤ ਸਮੇ ਖਾਣੇ ਨਾਲ ਵੋਦਕਾ ਅਤੇ ਅਰਕ ਦਾ ਸੇਵਨ ਕਰਦੇ ਹਨ । ਉ ਬੇਕੀ ਭਾ ਾ ਵਿਚ ਰਾਬ ਨੂੰ ਅਰਕ ਕਹਿੰਦੇ ਹਨ । ਪੰਜਾਬੀ ਬੋਲੀ ਦੇ ਢੇਰ ਸਾਰੇ ਬਦ ਫਾਰਸੀ, ਅਰਬੀ ਅਤੇ ਉ ਬੇਕੀ ਭਾ ਾ ਦੇ ਸੋਮਿਆਂ ਤੋਂ ਆਏ ਹਨ । ਦਰਅਸਲ ਪੰਜਾਬ ਦੀ ਧਰਤੀ ਹਮਲਾਵਰਾਂ ਦੀ ਲਪੇਟ ਚ ਆਉਂਦੀ ਰਹੀ ਅਤੇ ਇਸ ਦਾ ਮਿਲਗੋਭਾ ਕਲਚਰ ਯੂਨਾਨੀ, ਅਰਬੀ, ਫਾਰਸੀ, ਮੰਗੋਲ ਅਤੇ ਹੋਰ ਕਈ ਭਾਂਤ ਦੇ ਕਬੀਲਿਆਂ ਤੋਂ ਪ੍ਰਭਾਵਿਤ ਹੁੰਦਾ ਰਿਹਾ ਜਿਸ ਕਰਕੇ ਪੰਜਾਬੀ ਬੋਲੀ ਦਾ ਬਦ ਭੰਡਾਰ ਬਾਕੀ ਭਾਰਤੀ ਬੋਲੀਆਂ ਨਾਲੋਂ ਵਧੇਰੇ ਅਮੀਰ ਹੋ ਨਿਬੜਿਆ । ਮੈਨੂੰ ਰੂਸੀ ਭਾ ਾ ਦਾ ਪੜ੍ਹਨ ਜੋਗਾ ਗਿਆਨ ਹੈ ਜਿਸ ਕਰਕੇ ਤਾ ਕੰਦ ਹਿਰ ਦੇ ਸਾਈਨ ਬੋਰਡ ਪੜ੍ਹਨਾ ਆਸਾਨ ਹੋ ਗਿਆ । ਮੇਰੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਦਰਜਨ ਦੇ ਕਰੀਬ ਬਦ ਮੇਰੇ ਜਾਣੇ ਪਹਿਚਾਣੇ ਹੀ ਨਿਕਲੇ । ਉਦਾਹਰਣ ਲਈ, ਹਿਰ, ਦਰਵਾਜਾ, ਬਾਗ, ਬਾ ਾਰ, ਮਦਰੱਸਾ, ਮੁਹੱਲਾ, ਰਬਾਬ, ਦੋਤਾਰਾ, ਚਿਲਮ, ਕਿਤਾਬ, ਦੁਕਾਨ, ਨਕਦ, ਇਤਫਾਕ, ਗਰਾਂ, ਸਾਡੇ ਪੰਜਾਬੀ ਬੋਲੀ ਵਿਚ ਵਰਤੇ ਜਾਂਦੇ ਬਦ ਹੀ ਤਾਂ ਹਨ । ਬਲਕਿ ਚਾਹ ਨੂੰ ਚਾਹੇ ਅਤੇ ਚਾਹ ਦੀ ਦੁਕਾਨ ਨੂੰ ਚਾਏਖਾਨਾ ਕਹਿੰਦੇ ਹਨ ਅਤੇ ਦਵਾਈਆਂ ਦੀ ਦੁਕਾਨ ਨੂੰ ਦੋਰੀਖਾਨਾ ਜੋ ਪੰਜਾਬੀ

ਵਿਚ ਆ ਕੇ ਦਵਾਖਾਨਾ ਬਣ ਗਿਆ ਹੈ । ਮੈ ਭਾ ਾ ਵਿਗਿਆਨੀ ਤਾਂ ਹੈ ਨਹੀਂ ਪਰੰਤੂ ਪੰਜਾਬੀ ਨਾਲ ਮੋਹ ਹੋਣ ਕਰਕੇ ਮੈ ਉ ਬੇਕੀ।ਪੰਜਾਬੀ ਸਾਂਝੇ ਬਦਾਂ ਦੀ ਇਕ ਸੂਚੀ ਤਿਆਰ ਕਰ ਲਈ ਹੈ ਜੋ ਮੂਲ ਬਦ ਸਰੋਤ ਲੱਭਣ ਵਿਚ ਸਹਾਈ ਸਿੱਧ ਹੋਵੇਗੀ ।

ਤਾ ਕੰਦ ਹੋਟਲ ਤੋ ਕਾਰ ਵਿਚ ਸਵਾਰ ਹੋ ਕੇ ਅਸੀ ਹਿਰ ਦੀਆਂ ਖੁੱਲ੍ਹੀਆਂ ਅਤੇ ਚੌੜੀਆਂ ਸੜਕਾਂ ਉਪਰ ਚੱਲ ਪਏ । ਸਾਡੇ ਹਿਰਾਂ ਵਿਚ ਤਾਂ ਕਾਰ ਰਾਹੀਂ ਸਫਰ ਕਰਨਾ ਜੋ ਮ ਭਰਿਆ ਕੰਮ ਹੋ ਨਿਬੜਦਾ ਹੈ ਪਰੰਤੂ ਤਾ ਕੰਦ ਹਿਰ ਦੇ ਧੁਰ ਅੰਦਰਲੇ ਹਿੱਸੇ ਵਿਚ ਵੀ ਕੋਈ ਟਰੈਫਿਕ ਜਾਮ ਨਹੀਂ ਹੁੰਦਾ । ਆਵਾਜਾਈ ਦੇ ਸਾਧਨ ਭਾਰਤ ਤੋਂ ਵੀ ਸਸਤੇ ਹਨ। ਹਿਰ ਦੇ ਇਕ ਸਿਰੇ ਤੋਂ ਦੂਸਰੇ ਤੱਕ ਟਰਾਮ, ਬੱਸ ਅਤੇ ਮੈਟਰੋ ਰੇਲ ਰਾਹੀਂ ਸਫਰ ਕੀਤਾ ਜਾ ਸਕਦਾ ਹੈ । ਆਰਥਿਕ ਮੰਦਵਾੜੇ ਕਾਰਨ ਸੜਕਾਂ ਦੀ ਮੁਰੰਮਤ ਨਹੀਂ ਹੋ ਰਹੀ ਪਰੰਤੂ ਫਿਰ ਵੀ ਕੌਮੀ ਸੜਕਾਂ ਜਾਂ ਹਾਈਵੇ ਇੰਨੇ ਚੌੜੇ ਹਨ ਕਿ ਹਵਾਈਜਹਾਜ ਵੀ ਉਤਰ ਸਕਦਾ ਹੈ । ਦਰਅਸਲ, ਰੂਸੀ ਸਰਕਾਰ ਨੇ ਫੌਜੀਆਂ ਦੀ ਸਹੂਲਤ ਲਈ ਚੌੜੀਆਂ ਸੜਕਾਂ ਤਿਆਰ ਕੀਤੀਆਂ ਅਤੇ ਲੋੜ ਪੈਣ ਸਮੇ ਇਨ੍ਹਾਂ ਨੂੰ ਹਵਾਈ ਪੱਟੀ ਵਜੋਂ ਵੀ ਵਰਤਿਆ ਗਿਆ । ਹ ਤੇ ਭਰ ਦੀ ਯਾਤਰਾ ਦੌਰਾਨ ਮੈ ਕਿਧਰੇ ਵੀ ਹਿਰ ਜਾਂ ਬਾਹਰ ਕੋਈ ਐਕਸੀਡੈਂਟ ਜਾਂ ਹਾਦਸਾ ਨਹੀਂ ਵੇਖਿਆ । ਬਲਕਿ ਹਾਈਵੇ ਤੇ ਸੌ ਕਿਲੋਮੀਟਰ ਤੋਂ ਵੱਧ ਸਪੀਡ ਤੇ ਕਾਰ ਰਾਹੀਂ ਸ ਰ ਵੀ ਕੀਤਾ । ਸੜਕਾਂ ਉਪਰ ਪੁਲੀਸ ਦੀ ਗ ਤ ਜਾਰੀ ਰਹਿੰਦੀ ਹੈ ਤਾਂ ਕਿ ਹਾਦਸੇ ਸਮੇ ਤੁਰੰਤ ਹਸਪਤਾਲ ਲਿਜਾਇਆ ਜਾ ਸਕੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਸਜਾ ਦਿੱਤੀ ਜਾ ਸਕੇ । ਮੇਰੇ ਮੇ ਬਾਨ ਨੂੰ ਦੋ ਵਾਰੀ ਤੇਜ ਰਫਤਾਰ ਤੇ ਚੱਲਣ ਕਰਕੇ ਜੁਰਮਾਨਾ ਭਰਨਾ ਪਿਆ । ਭਾਰਤ ਵਾਂਗ ਹੁਣ ਇਥੇ ਵੀ ਪੁਲੀਸ ਪੈਸੇ ਬਟੋਰਨ ਵਿਚ ਰੁੱਝੀ ਹੋਈ ਹੈ, ਜੇਕਰ ਚਲਾਨ ਭੁਗਤਣ ਤੋਂ ਬਚਣਾ ਹੋਵੇ ਤਾਂ ਪੁਲੀਸ ਨੂੰ ਰਿ ਵਤ ਦੇ ਕੇ ਕੰਮ ਸਰ ਜਾਂਦਾ ਹੈ । ਫਰਵਰੀ ਦੇ ਮਹੀਨੇ ਕੁਝ ਅੱਤਵਾਦੀ ਹਿਰ ਵਿਚ ਬੰਬ ਧਮਾਕੇ ਵੀ ਕਰ ਗਏ ਸਨ ਜਿਸ ਕਰਕੇ ਹੁਣ ਪੁਲੀਸ ਅਤੇ ਫੌਜ ਦੀ ਗ ਤ ਜਾਰੀ ਹੈ । ਪਰੰਤੂ ਫਿਰ ਵੀ ਪੰਜਾਬ ਅਤੇ ਦਿੱਲੀ ਵਾਂਗ ਪੁਲੀਸ ਜੀਪਾਂ ਹਰਲ ਹਰਲ ਕਰਦੀਆਂ ਜਨਤਾਂ ਨੂੰ ਤੰਗ ਨਹੀਂ ਕਰਦੀਆਂ। ਲਾਲ ਬੱਤੀ ਤੇ ਆਪਣੀ ਵਾਰੀ ਨਾਲ ਹੀ ਚੱਲਦੀਆਂ ਹਨ ਅਤੇ ਕਿਸੇ ਨੂੰ ਹੂਟਰ ਵਰਤਣ ਦੀ ਇ ਾ ਤ ਨਹੀਂ ਹੈ । ਸਾਡੇ ਤਾਂ ਠਾਣੇਦਾਰ ਦੀ ਸਵਾਰੀ ਵੀ ਹੂਟਰ ਨਾਲ ਲੰਘਦੀ ਹੈ, ਵਜੀਰਾਂ ਅਤੇ ਮੁੱਖ ਮੰਤਰੀਆਂ ਦੀ ਤਾਂ ਗੱਲ ਹੀ ਛੱਡੋ ।

ਤਾ ਕੰਦ ਹਿਰ 1966 ਵਿਚ ਇਕ ਭੁਚਾਲ ਦੀ ਲਪੇਟ ਵਿਚ ਆ ਗਿਆ । ਕੁਦਰਤ ਵੱਲੋਂ ਇਹ ਛੋਟੀ ਮਾਤਰਾ ਦਾ ਭੁਚਾਲ ਸੀ ਵਰਨਾ ਸਾਰਾ ਹਿਰ ਗਰਕ ਹੋ ਜਾਂਦਾ। ਇਸ ਭੁਚਾਲ ਨਾਲ ਚਾਰ ਮੌਤਾਂ ਹੋਈਆਂ ਅਤੇ ਪੁਰਾਣੇ ਹਿਰ ਦੀਆਂ ਕੁਝ ਇਮਾਰਤਾਂ ਢਹਿ ਗਈਆਂ । ਭੁਚਾਲ ਦੇ ਕੇਂਦਰ ਬਿੰਦੂ ਉਪਰ ਇਕ ਸਮਾਰਕ ਬਣਾਇਆ ਗਿਆ ਅਤੇ ਇਸ ਦੇ ਨੇੜੇ ਹੀ ਭੁਚਾਲਾਂ ਦੀ ਅਗੇਤ।ਸੂਚਨਾ ਸੰਬੰਧੀ ਖੋਜ ਕਰਨ ਲਈ ਇਕ ਸੰਸਥਾ ਕਾਇਮ ਕੀਤੀ ਗਈ । ਮੈਨੂੰ ਇਸ ਸੰਸਥਾ ਦੇ ਡਾਇਰੈਕਟਰ ਨੇ ਹੀ ਸੱਦਾ ਪੱਤਰ ਭੇਜਿਆ ਸੀ । ਇਸ ਸੰਸਥਾ ਦੇ ਇਕ ਮਹਾਨ ਖੋਜੀ ਪ੍ਰੋ: ਸੁਲਤਾਨਖੋ ੇਵ ਨੇ ਇਕ ਨਵੀਂ ਤਕਨੀਕ ਈ ਾਦ ਕੀਤੀ ਜਿਸ ਨਾਲ ਭੁਚਾਲਾਂ ਦੀ ਅਗੇਤ।ਸੂਚਨਾ ਦੇਣੀ ਸੰਭਵ ਹੋ ਸਕਦੀ ਹੈ । ਇਸ ਤਕਨੀਕ ਉਪਰ ਪਿਛਲੇ ਦਸ ਸਾਲਾਂ ਤੋਂ ਮੇਰੀ ਖੋਜ ਵੀ ਜਾਰੀ ਹੈ ਅਤੇ ਅੰਤਰ।ਰਾ ਟਰੀ ਪੱਧਰ ਉਪਰ ਸਾਡੀ ਪ੍ਰਯੋਗ ਾਲਾ ਨੂੰ ਮਾਨਤਾ ਪ੍ਰਾਪਤ ਹੋ ਚੁੱਕੀ ਹੈ । ਟੋਕੀਓ ਵਿਚ 1996 ਦੀ ਕਾਨਫਰੰਸ ਸਮੇ ਪ੍ਰੋ: ਸੁਲਤਾਨਖੋ ੇਵ ਮੇਰੇ ਮਿੱਤਰ ਬਣ ਗਏ ਅਤੇ ਮੇਰੀ ਤਮੰਨਾ ਸੀ ਕਿ ਤਾ ਕੰਦ ਵਿਖੇ ਉਨ੍ਹਾਂ ਦੀ ਪ੍ਰੋਯਗ ਾਲਾ ਦਾ ਮੁਆਇਨਾ ਕਰਾਂ ਅਤੇ ਗੁਫਤਗੂ ਰਾਹੀਂ ਹੋਰ ਗੁੱਝੇ ਭੇਦਾਂ ਬਾਰੇ ਜਾਣਕਾਰੀ ਹਾਸਲ ਕਰ ਲਵਾਂ । ਐਤਵਾਰ ਉਹ ਕਾਨਫਰੰਸ ਦੀ ਤਿਆਰੀ ਵਿਚ ਰੁੱਝੇ ਹੋਏ ਸਨ, ਸੋ ਅਸੀਂ ਮੁਲਾਕਾਤ ਦਾ ਸਮਾਂ 27 ਅਪਰੈਲ ਮੁਕਰੱਰ ਕਰ ਲਿਆ । 28 ਅਪਰੈਲ ਨੂੰ ਆਪਣੇ ਘਰ ਡਿਨਰ ਦੀ ਦਾਅਵਤ ਵੀ ਦੇ ਦਿੱਤੀ । ਰੂਸ ਵਾਂਗ ਉ ਬੇਕਿਸਤਾਨ ਵਿਚ ਵੀ ਹਰ ਪਰੋਫੈਸਰ ਨੂੰ ਖੁੱਲ੍ਹ ਹੈ ਕਿ ਉਹ ਪ੍ਰਾਈਵੇਟ ਅਦਾਰਿਆਂ ਨਾਲ ਤਾਲਮੇਲ ਕਰਕੇ ਆਪਣੀ ਖੋਜ ਦੇ ਸਿੱਟਿਆਂ ਨੂੰ ਮਾਰਕੀਟ ਵਿਚ ਵਰਤੇ ਅਤੇ ਵੇਚੇ । ਕਈ ਖੋਜੀ ਪਾਰਟ ਟਾਈਮ ਨੌਕਰੀ ਨੂੰ ਤਰਜੀਹ ਦਿੰਦੇ ਹਨ ਅਤੇ ਵਧੇਰਾ ਸਮਾਂ ਪ੍ਰਾਈਵੇਟ ਕੰਮ ਕਰਕੇ ਪੈਸਾ ਕਮਾ ਰਹੇ ਹਨ । ਤਨਖਾਹਾਂ ਬਹੁਤ ਹੀ ਘੱਟ ਹਨ ਅਤੇ ਗੁਜਾਰੇ ਖਾਤਰ ਹਰ ਕੋਈ ਹੱਥ ਪੈਰ ਮਾਰ ਰਿਹਾ ਹੈ । ਭਾਵੇ ਖਾਣ ਪੀਣ ਦੀਆਂ ਚੀਜਾਂ ਪੰਜਾਬ ਤੋਂ ਵੀ ਸਸਤੀਆਂ ਹਨ ਜਿਵੇ ਕਿ ਦੁੱਧ ਸੱਤ ਰੁਪਏ ਲਿਟਰ, ਕੋਕਾ ਕੋਲਾ ਚਾਰ ਰੁਪਏ ਦੀ ਬੋਤਲ, ਸੁੱਕਾ ਮੇਵਾ ਪੰਜੀ ਤੋਂ ਲੈ ਕੇ ਪੰਜਾਹ ਰੁਪਏ ਕਿਲੋ, ਵੋਦਕਾ ਪੰਜੀ ਰੁਪਏ ਬੋਤਲ ਅਤੇ ਚਾਹ ਦਾ ਕੱਪ ਇਕ ਰੁਪਏ ਦਾ ਹੀ ਮਿਲ ਜਾਂਦਾ ਹੈ । ਪੈਟਰੋਲ ਪੰਜ ਰੁਪਏ ਪ੍ਰਤੀ ਲਿਟਰ ਹੈ ਅਤੇ ਕੱਪੜੇ ਲੱਤੇ ਵੀ ਸਸਤੇ ਹਨ ਜੋ ਭਾਰਤ ਅਤੇ ਚੀਨ ਤੋਂ ਆ ਰਹੇ ਹਨ । ਜਿਸ ਜਹਾਜ ਵਿਚ ਮੈ ਸਫਰ ਕੀਤਾ ਉਸ ਵਿਚ ਉ ਬੇਕੀ ਔਰਤਾਂ ਦਿੱਲੀ ਤੋਂ ਕੱਪੜੇ ਦੇ ਭਰੇ ਬੋਰੇ ਲੱਦ ਕੇ ਤਾ ਕੰਦ ਜਾ ਰਹੀਆਂ ਸਨ ।

ਆਰਥਿਕ ਮੰਦਵਾੜੇ ਕਾਰਨ ਰੂਸੀ ਮਿੱਲਾਂ ਬੰਦ ਹੋ ਗਈਆਂ ਹਨ, ਕਾਮੇ ਬੇਰੁ ਗਾਰ ਹਨ ਅਤੇ ਨੌਜਵਾਨਾਂ ਵਿਚ ਪੱਛਮੀ ਕਲਚਰ ਦਾ ਪ੍ਰਭਾਵ ਵਧ ਰਿਹਾ ਹੈ । ਰੂਸੀਆਂ ਨੇ ਮਸਜਿਦਾਂ ਅਤੇ ਮਦਰੱਸੇ ਬੰਦ ਕਰਕੇ ਸਟੋਰ ਬਣਾ ਦਿਤੇ ਸਨ ਪਰੰਤੂ ਰੂਸ ਤੋਂ ਅਜਾਦੀ ਮਿਲਣ ਉਪਰੰਤ ਇਹ ਪੁਰਾਣੀਆਂ ਇਮਾਰਤਾਂ ਮੁਰੰਮਤ ਕਰਕੇ ਖੋਲ੍ਹ ਦਿਤੀਆਂ ਗਈਆਂ ਹਨ । ਤਾ ਕੰਦ  ਹਿਰ ਦੇ ਕਈ ਮਦਰੱਸੇ ਮੁੜ ਬਹਾਲ ਹੋ ਗਏ ਹਨ, ਇਨ੍ਹਾਂ ਵਿਚ ਇਸਲਾਮੀ  ਰੀਅਤ ਅਤੇ ਕੁਰਾਨ ਪੜ੍ਹਾਈ ਜਾਂਦੀ ਹੈ । ਜਿਵੇ ਸਾਡੀਆਂ ਟਕਸਾਲਾਂ ਵਿਚ ਨਿਯਮਬੱਧ ਜੀਵਨ ਜਾਂਚ ਅਤੇ ਸਿਖ ਧਰਮ ਦੀ ਸਿਖਿਆ ਦਿਤੀ ਜਾਂਦੀ ਹੈ ਇਸੇ ਤਰ੍ਹਾਂ ਹੀ ਮਦਰੱਸਿਆਂ ਵਿਚ ਇਸਲਾਮੀ ਜੀਵਨ-ਜਾਂਚ ਉਪਰ ਵਧੇਰੇ ਜੋਰ ਹੈ ।  ਹਿਰ ਦੇ ਪੁਰਾਤਨ ਹਿਸੇ ਵਿਚ ਅਸੀ ਅਮੀਰ ਤੈਮੂਰ ਦੇ ਕਾਇਮ ਕੀਤੇ ਮਦਰੱਸੇ ਦਾ ਦੌਰਾ ਕੀਤਾ । ਮੇਰੀ ਪਗੜੀ ਅਤੇ ਦਾਹੜੀ ਵੇਖ ਕੇ ਕਈ ਵਿਦਿਆਰਥੀ ਮੈਨੂੰ ਮੌਲਾਨਾ ਹੀ ਸਮਝਣ ਲਗੇ ਅਤੇ ਬੜੇ ਸਤਿਕਾਰ ਸਹਿਤ ਦਿਲ ਤੇ ਹੱਥ ਧਰ ਕੇ ਸਲਾਮ ਕਹਿ ਰਹੇ ਸਨ । ਬਲਕਿ ਨਮਾ  ਦਾ ਸਮਾਂ ਹੋਣ ਕਰਕੇ ਮੈਨੂੰ ਵੀ ਦਾਅਵਤ ਦੇਣ ਲਗੇ। ਮੇਰੇ ਮੇ ਬਾਨ ਨੇ ਉਨ੍ਹਾਂ ਦਾ ਭੁਲੇਖਾ ਦੂਰ ਕਰ ਦਿੱਤਾ ਅਤੇ ਦੱਸਿਆ ਕਿ ਮੈ ਭਾਰਤ ਤੋਂ ਇਕ ਸਿਖ ਯਾਤਰੀ ਹਾਂ । ਪੁਰਾਣੇ  ਹਿਰ ਦੀਆਂ ਗਲੀਆਂ ਅੰਮਿਰਤਸਰ ਅਤੇ ਪੁਰਾਣੀ ਦਿਲੀ ਵਾਂਗ ਤੰਗ ਸਨ । ਲੋਕਾਂ ਦੇ ਮਕਾਨ ਵੀ ਕੱਚੀਆਂ ਇੱਟਾਂ ਦੇ ਸਨ । ਉ ਬੇਕੀ ਲੋਕ ਬਹੁਤ ਹੀ ਮਿਲਾਪੜੇ ਹਨ ਅਤੇ ਹਰ ਕੋਈ ਚਾਹ ਦਾ ਸੱਦਾ ਦੇ ਰਿਹਾ ਸੀ । ਗਲੀ ਵਿਚ ਔਰਤਾਂ ਅਤੇ ਬੱਚਿਆਂ ਦੀ ਭੀੜ ਮੇਰੇ ਆਲੇ ਦੁਆਲੇ ਮੰਡਲਾ ਰਹੀ ਸੀ । ਅਸੀ ਕਾਰ ਵਿਚ ਸਵਾਰ ਹੋ ਕੇ ਨਿਕਲਣ ਦੀ ਕੀਤੀ । ਉ ਬੇਕੀ ਲੋਕ ਧਾਰਮਿਕ ਕੱਟੜਤਾ ਤੋ ਬਚੇ ਹੋਏ ਹਨ ਭਾਵੇ ਇਸਲਾਮੀ ਰਵਾਇਤਾਂ ਦੀ ਪਕੜ ਮਜਬੂਤ ਹੋ ਰਹੀ ਹੈ । ਪਿੰਡਾਂ ਵਿਚ ਔਰਤਾਂ ਸਿਰ ਤੋਂ ਲੈ ਕੇ ਪੈਰਾਂ ਤੱਕ ਲਿਬਾਸ ਪਹਿਨਦੀਆਂ ਹਨ ਪਰੰਤੂ ਬੁਰਕੇ ਵਾਲੀ ਕੋਈ ਨ ਰ ਨਹੀਂ ਆਈ । ਬਲਕਿ ਤਾ ਕੰਦ ਯੂਨੀਵਰਸਿਟੀ ਅਤੇ  ਹਿਰ ਦੇ ਬਜਾਰਾਂ ਵਿਚ ਨੌਜਵਾਨ ਕੁੜੀਆਂ ਸਕਰਟ ਅਤੇ ਜੀਨ  ਪਾ ਕੇ ਘੁੰਮਦੀਆਂ ਲੱਭ ਰਹੀਆਂ ਸਨ । ਔਰਤ ਦੀ ਅ ਾਦੀ ਭਾਰਤ ਤੋਂ ਵਧੇਰੇ ਹੈ ਅਤੇ ਉਹ ਡਿਨਰ ਪਾਰਟੀਆਂ ਤੇ ਵੋਦਕਾ ਪੀ ਕੇ ਨਾਚ ਗਾਣੇ ਵਿਚ ਖੂਬ ਰੌਣਕਾਂ ਲਾਂਦੀਆਂ ਹਨ ।

27 ਅਪਰੈਲ ਨੂੰ ਕਾਨਫਰੰਸ  ੁਰੂ ਹੋਈ ਅਤੇ ਮੈ ਵੀ ਆਪਣਾ ਖੋਜ ਪੱਤਰ ਪੜ੍ਹਿਆ। ਸਵੇਰ ਦੇ ਸੈ ਨ ਸਮੇ ਤਾ ਕੰਦ ਵਿਗਿਆਨ ਅਕੈਡਮੀ ਦਾ ਪ੍ਰਧਾਨ ਅਤੇ  ਹਿਰ ਦੇ ਹੋਰ ਪਤਵੰਤੇ ਸੱਜਣ ਬੜੇ ਹੀ ਤਪਾਕ ਨਾਲ ਮਿਲੇ । ਭਾਰਤ ਤੋਂ ਮੈ ਇਕੱਲਾ ਹੀ ਡੈਲੀਗੇਟ  ਾਮਲ ਹੋਇਆ ਸਾਂ । ਵਧੇਰੇ ਡੇਲੀਗੇਟ ਮਾਸਕੋ ਅਤੇ ਬਾਕੀ ਰੂਸੀ ਦੇ ਾਂ ਵਿਚੋ ਭਾਗ ਲੈਣ ਆਏ ਸਨ । ਸਾਰੇ ਖੋਜ ਪਰਚੇ ਰੂਸੀ ਭਾ ਾ ਵਿਚ ਪੜ੍ਹੇ ਗਏ । ਜਦੋ ਮੇਰੀ ਵਾਰੀ ਆਈ ਤਾਂ ਪ੍ਰੋ: ਬਾਈਕੋਤਸਵ ਨੂੰ ਦੋਭਾ ੀਏ ਦਾ ਕੰਮ ਕਰਨਾ ਪਿਆ । ਉਹ ਮੇਰੇ ਅੰਗਰੇ ੀ ਵਿਚ ਲਿਖੇ ਪਰਚੇ ਦਾ ਰੂਸੀ ਤਰਜਮਾ ਕਰ ਲਿਆਇਆ ਸੀ, ਜੋ ਵੰਡਿਆ ਗਿਆ ਪਰੰਤੂ ਬਹਿਸ ਵਿਚ ਹਿੱਸਾ ਲੈਣ ਲੱਗਿਆਂ ਫਿਰ ਉਸਦੀ  ਰੂਰਤ ਪੈ ਗਈ । ਸਾਨੂੰ ਪੰਜਾਬੀਆਂ ਨੂੰ ਵਹਿਮ ਹੈ ਕਿ ਅੰਗਰੇ ੀ ਭਾ ਾ ਬਿਨਾ ਗੁਜਾਰਾ ਨਹੀ ਹੋ ਸਕਦਾ ਜਿਸ ਕਰਕੇ ਸਾਡੇ ਵਿਦਿਆ ਮੰਤਰੀ ਮਾਨਯੋਗ ਤੋਤਾ ਸਿੰਘ ਹੋਰਾਂ ਪ੍ਰਾਇਮਰੀ ਤੋਂ ਹੀ ਅੰਗਰੇ ੀ ਦੀ ਪੜ੍ਹਾਈ  ੁਰੂ ਕਰਵਾ ਦਿਤੀ ਹੈ । ਯੂਰਪ ਅਤੇ ਰੂਸੀ ਦੇ  ਅਜੇ ਵੀ ਵਿਗਿਆਨ ਦੀ ਸਿਖਿਆ ਮਾਤਭਾ ਾ ਵਿਚ ਦੇ ਰਹੇ ਹਨ ਅਤੇ ਸਾਡੇ ਤੋਂ ਕਿਤੇ ਉਤਮ ਖੋਜੀ ਪੈਦਾ ਕਰ ਰਹੇ ਹਨ ।

28 ਅਪਰੈਲ ਨੂੰ ਪ੍ਰੋ: ਸੁਲਤਾਨਖੋ ੇਵ ਨੇ ਆਪਣੇ ਘਰ ਵਿਦਾਇਗੀ ਦੀ ਦਾਅਵਤ ਦਾ ਪ੍ਰਬੰਧ ਕੀਤਾ ਅਤੇ ਸਾਰੇ ਵਿਦੇ ੀ ਡੈਲੀਗੇਟਾਂ ਨੂੰ ਪ੍ਰੀਤੀ ਭੋਜਨ ਉਪਰ ਬੁਲਾਇਆ । ਖਾਣੇ ਵਿਚ ਕਈ ਕਿਸਮ ਦਾ ਸਲਾਦ, ਸੁੱਕਾ ਮੇਵਾ,  ੋਰਬਾ, ਕਬਾਬ ਅਤੇ ਮੱਛੀ ਦਾ ਮਾਸ ਪਰੋਸਿਆ ਗਿਆ । ਰੂਸੀ ਰਵਾਇਤ ਅਨੁਸਾਰ ਹਰ ਮਹਿਮਾਨ ਡਿਨਰ ਸਮੇ ਪ੍ਰੋ: ਸੁਲਤਾਨਖੋ ੇਵ ਦੀ ਲੰਮੀ ਉਮਰ ਅਤੇ ਸਿਹਤ ਲਈ  ੁਭਕਾਮਨਾ ਭੇਟ ਕਰਨ ਲਈ ਵੋਦਕਾ ਦਾ ਜਾਮ ਪੀ ਕੇ ਤਕਰੀਰ ਕਰ ਰਿਹਾ ਸੀ । ਵੋਦਕਾ ਦੇ ਭਰੇ ਗਲਾਸ ਨੂੰ ਉਹ ਇਕ ਘੁੱਟ ਵਾਂਗ ਹੀ ਡਕਾਰ  ਜਾਂਦੇ ਸਨ । ਮੇਰੀ ਵਾਰੀ ਟੋਸਟ ਭੇਟ ਕਰਨ ਦੀ ਆਈ ਤਾਂ ਮੈਨੂੰ ਖੁੱਲ੍ਹ ਦਿਤੀ ਗਈ ਕਿ ਵੋਦਕਾ ਦੀ ਜਗਹ ਜੂਸ ਦੀ ਵਰਤੋ ਵੀ ਕਰ ਸਕਦਾ ਹਾਂ । ਇਸ ਪ੍ਰੀਤੀ ਭੋਜਨ ਵਿਚ ਘਰ ਦੀਆਂ ਔਰਤਾਂ  ਾਮਲ ਨਹੀ ਸਨ ,  ਾਇਦ ਉਹ ਖਾਣਾ ਤਿਆਰ ਕਰਨ ਵਿਚ ਰੁੱਝੀਆਂ ਰਹੀਆਂ । ਵਰਨਾ ਹੋਟਲ ਵਿਚ ਹੋਏ ਡਿਨਰ ਸਮੇ ਤਾਂ ਪ੍ਰੋਫੈਸਰ ਦੀਆਂ ਨੂੰਹਾਂ ਅਤੇ ਧੀਆਂ ਆਪਣੀ ਸੱਸ ਸਮੇਤ ਨੱਚ ਰਹੀਆਂ ਸਨ ਅਤੇ ਮੈਨੂੰ ਵੀ ਖਿੱਚ ਕੇ ਲੈ ਗਈਆਂ ।

29 ਅਪਰੈਲ ਮੈ ਤਾ ਕੰਦ ਹੋਟਲ ਨੂੰ ਛੱਡ ਕੇ ਪ੍ਰੋ: ਬਾਈਕੋਤਸਵ ਦੇ ਘਰ ਡੇਰਾ ਲਾ ਲਿਆ । ਦਰਅਸਲ, ਹੋਟਲ ਵਿਚ ਠੰਡ ਲੱਗ ਜਾਣ ਨਾਲ ਮੈਨੂੰ ਬੁਖਾਰ ਹੋ ਗਿਆ ਸੀ ਅਤੇ ਪ੍ਰੋ: ਬਾਈਕੋਤਸਵ ਦੀ ਮਾਂ ਡਾਕਟਰ ਹੋਣ ਕਰਕੇ ਮੇਰੇ ਲਈ ਉਸ ਦੀ ਪੇ ਕ  ਬਹੁਤ ਲਾਹੇਵੰਦ ਸਾਬਤ ਹੋਈ । ਉਸਨੇ ਮੇਰੀ ਤਾਮੀਰਦਾਰੀ ਵਿਚ ਕੋਈ ਕਸਰ ਨਾ ਛੱਡੀ ਅਤੇ ਮੈ ਦੋ ਦਿਨ ਵਿਚ ਹੀ ਠੀਕ ਹੋ ਗਿਆ । ਪ੍ਰੋਫੈਸਰ ਦੀ ਮਾਤਾ ਰੂਸੀ ਫੌਜ ਵਿਚ ਕਪਤਾਨ (ਡਾਕਟਰ) ਰਹਿ ਚੁਕੀ ਸੀ ਅਤੇ ਦੂਸਰੇ ਵਿ ਵ ਯੁੱਧ ਵਿਚ  ਾਮਲ ਵੀ ਹੋਈ । ਕੁਦਰਤ ਨੇ ਮਾਂ ਦਾ ਦਿਲ ਹੀ ਅਜੇਹਾ ਬਣਾਇਆ ਹੈ ਕਿ ਉਹ ਹਰ ਪ੍ਰਾਣੀ ਨੂੰ ਆਪਣਾ ਪੁੱਤਰ ਸਮਝ ਕੇ ਪਿਆਰ ਕਰਦੀ ਹੈ । ਇਉ ਜਾਪਿਆ ਜਿਵੇ ਤਾ ਕੰਦ ਵਿਚ ਮੈਨੂੰ ਗਵਾਚੀ ਮਾਂ ਹੀ ਲੱਭ ਪਈ ਹੋਵੇ । ਇਕ ਤਾਂ ਮੈਨੂੰ ਉਸਦੇ ਪਿਆਰ ਨੇ ਸਿਹਤਯਾਬ ਕਰ ਦਿਤਾ ਅਤੇ ਦੂਸਰਾ ਇਕ ਉ ਬੇਕੀ ਪ੍ਰੀਵਾਰ ਵਿਚ ਰਹਿਣ ਦੀ ਮੇਰੀ ਰੀਝ ਪੂਰੀ ਹੋ ਗਈ । ਕਿਸੇ ਦੇ  ਦੀ ਨੁਹਾਰ ਸਮਝਣ ਲਈ ਹੋਟਲ ਸਹਾਈ ਨਹੀਂ ਹੁੰਦਾ ਬਲਕਿ ਉਥੋ ਦੇ ਲੋਕਾਂ ਵਿਚ ਵਿਚਰ ਕੇ ਸਹੀ ਜਾਣਕਾਰੀ ਪ੍ਰਾਪਤ ਹੁੰਦੀ ਹੈ ।

# ਤੈਮੂਰ ਅਤੇ ਉਲਗਬੇਗ ਦਾ  ਹਿਰ [ ਸਮਰਕੰਦ

---

ਦੁਨੀਆਂ ਦੇ ਇਤਿਹਾਸ ਵਿਚ ਕਈ  ਹਿਰ ਵੀ ਅਮਰ ਹੋ ਗਏ ਹਨ ਅਤੇ ਉਨ੍ਹਾਂ ਵਿਚੋ ਸਮਰਕੰਦ ਵੀ ਇਕ ਹੈ । ਚੀਨ ਤੋ ਯੂਰਪ ਨੂੰ ਜਾਣ ਵਾਲੀ  ਰੇ ਮੀ ਸੜਕ  ਇਥੋ ਹੀ ਲੰਘਦੀ ਸੀ । ਸੁਕਾ ਮੇਵਾ ਅਤੇ ਰੇ ਮ ਦੀ ਆਮਦ ਲਈ ਅੱਜ ਵੀ ਵਿ ਵ ਭਰ ਵਿਚ ਸਮਰਕੰਦ ਮੋਹਰੀ ਹੈ । ਹਿੰਦੁਸਤਾਨ ਨੂੰ ਫਤਹਿ ਕਰਨ ਵਾਲਾ ਅਮੀਰ ਤੈਮੂਰ ਕੇਦਰੀ ਏ ਿਆ ਦਾ ਬਾਦ ਾਹ ਸੀ ਅਤੇ ਸਮਰਕੰਦ ਉਸਦੀ ਰਾਜਧਾਨੀ ਸੀ । ਉਸਦੇ ਪੋਤਰੇ ਉਲਗਬੇਗ ਨੇ ਇਸ  ਹਿਰ ਦੀ ਕਾਇਆ ਕਲਪ ਕਰ ਦਿਤੀ । ਉਲਗਬੇਗ ਇਕ ਮਹਾਨ ਵਿਗਿਆਨੀ, ਫਿਲਾਸਫਰ, ਨੀਤੀਵੇਤਾ ਅਤੇ ਹੁਨਰ ਦਾ ਪਾਰਖੂ ਸੀ। ਉਸਦੇ ਰਾਜਕਾਲ ਵਿਚ ਸਮਰਕੰਦ ਦੁਨੀਆਂ ਭਰ ਵਿਚ ਮ ਹੂਰ ਹੋ ਗਿਆ । ਉਲਗਬੇਗ ਨੇ ਤਾਰਾਂਵਿਗਿਆਨ ਦੇ ਅਧਿਐਨ ਲਈ ਆਬ ਰਵੇਟਰੀ ਤਿਆਰ ਕਰਵਾਈ ਅਤੇ ਸਾਰੀ ਸਾਰੀ ਰਾਤ ਗ੍ਰਹਿਆਂ ਅਤੇ ਤਾਰਿਆਂ ਦੀ ਬਦਲਦੀ ਸਥਿਤੀ ਦਾ ਜਾਇਜਾ ਲਗਾਇਆ । ਉਸਦੇ ਤਿਆਰ ਕੀਤੇ ਤਾਰਾ ਕੈਟਾਲਾਗ ਨੂੰ ਿ    ਕਹਿੰਦੇ ਹਨ ਜੋ ਕਿ ਯੂਰਪੀਨ ਵਿਗਿਆਨੀਆਂ ਦੀ ਅਗਵਾਈ ਕਰਦਾ ਰਿਹਾ । ਇਥੋ ਤੱਕ ਕਿ ਤਾਜ ਮਹੱਲ ਨੂੰ ਤਾਮੀਰ ਕਰਨ ਵਾਲਾ ਮੁੱਖ ਕਾਰੀਗਰ ਮੁਹੰਮਦ  ਰੀਫ ਵੀ ਸਮਰਕੰਦ  ਹਿਰ ਦਾ ਵਾਸੀ ਸੀ ।

30 ਅਪਰੈਲ ਨੂੰ ਸਵੇਰੇ 6 ਵਜੇ ਅਸੀ ਕਾਰ ਵਿਚ ਤਾ ਕੰਦ ਤੋ ਸਮਰਕੰਦ ਜਾਣ ਲਈ ਰਵਾਨਾ ਹੋ ਪਏ । ਪ੍ਰੋ: ਬਾਈਕੋਤਸਵ ਆਪਣੀ ਘਰਵਾਲੀ ਅਤੇ ਦੋ ਸਾਲ ਦੇ ਪੁੱਤਰ ਨੂੰ ਵੀ ਨਾਲ ਲੈ ਤੁਰਿਆ ਤਾਂ ਕਿ ਸਾਰਾ ਪ੍ਰੀਵਾਰ ਘੁੰਮ ਆਵੇ । ਤਾ ਕੰਦ ਦੇ ਬਾਹਰ ਨਿਕਲਣ ਸਾਰ ਸਾਡੀ ਕਾਰ ਹਵਾ ਨਾਲ ਗੱਲਾਂ ਕਰਦੀ ਸਫਰ ਚੀਰਦੀ ਜਾ ਰਹੀ ਸੀ । ਰਸਤੇ ਵਿਚ ਮਾਰਕੀਟ ਲੱਗੀ ਹੋਈ ਸੀ ਜਿਥੇ ਲੋਕ ਦੂਰ ਦੁਰਾਡੇ  ਹਿਰਾਂ ਅਤੇ ਪਿੰਡਾਂ ਤੋ ਆ ਕੇ ਆਪਣੀਆਂ ਲੋੜ ਦੀਆਂ ਵਸਤਾਂ ਦੀ ਖਰੀਦੋਂਫਰੋਖਤ ਕਰ ਰਹੇ ਸਨ । ਇਹ ਪਹਿਲਾ ਮੌਕਾ ਸੀ ਕਿ ਮੈਨੂੰ ਉ ਬੇਕਿਸਤਾਨ ਦ ੇਪਿੰਡਾਂ ਵਿਚੋ ਲੰਘਣ ਦਾ ਸੁਭਾਗ ਪ੍ਰਾਪਤ ਹੋਇਆ ।  ਹਿਰੀ ਲੋਕਾਂ ਦਾ ਜੀਵਨ ਕਿਸੇ ਦੇ  ਦੀ ਕਲਚਰ ਬਾਰੇ ਭੁਲੇਖਾ ਵੀ ਪਾ ਸਕਦਾ ਹੈ ਪਰੰਤੂ ਹਰ ਦੇ  ਦੀ ਰੂਹ ਦਾ ਝਲਕਾਰਾ ਉਥੋ ਦੇ ਪੇਂਡੂ ਲੋਕਾਂ ਦੇ ਰਹਿਣ ਸਹਿਣ ਤੋ ਵੇਖਿਆ ਜਾਂਦਾ ਹੈ । ਸੜਕ ਦੇ ਦੋਵੀਂ ਪਾਸੀ ਗਾਈਆਂ ਦੇ ਵੱਗ ਅਤੇ ਭੇਡਾਂ ਦੇ ਇੱਜੜ ਚਰ ਰਹੇ ਦਿਖਾਈ ਦਿੰਦੇ ਸਨ । ਆਜੜੀ ਆਪਣੇ ੇਰਾਂ ਵਰਗੇ ਕੁੱਤਿਆਂ ਨਾਲ ਇੱਜੜ ਦੀ ਰਾਖੀ ਕਰਦੇ ਸਨ । ਵੱਗ ਚਾਰਨ ਵਾਲੇ ਚਰਵਾਹੇ ਘੋੜਿਆਂ ਤੇ ਸਵਾਰ ਹੋ ਕੇ ਗਾਈਆਂ ਚਾਰ ਰਹੇ ਸਨ । ਉਹ ਕਈ ਕਈ ਦਿਨ ਘਰ ਨਹੀ ਪਰਤਦੇ ਅਤੇ ਆਪਣੇ ਖਾਣ ਪੀਣ ਦਾ ਸਮਾਨ ਵੀ ਨਾਲ ਹੀ ਰੱਖਦੇ ਹਨ । ਖੇਤੀਬਾੜੀ ਲਈ ਕੋਂਅਪਰੇਟਿਵ ਫਾਰਮ ਹਨ ਅਤੇ ਮ ੀਨਾਂ ਦੀ ਵਰਤੋ ਕੀਤੀ ਜਾਂਦੀ ਹੈ । ਖੇਤਾਂ ਵਿਚ ਕਣਕ ਹਰੀ ਭਰੀ ਦਿਖਾਈ ਦੇ ਰਹੀ ਸੀ ਜੋ ਮਾਰਚ ਦੇ ਮਹੀਨੇ ਬਰਫ ਪਿਘਲਣ ਤੋ ਬਾਅਦ ਹੀ ਬੀਜੀ ਜਾਂਦੀ ਹੈ । ਉ ਬੇਕਿਸਤਾਨ ਦੀ ਧਰਤੀ ਉਪਜਾਊ ਹੈ ਅਤੇ ਇਥੇ ਮੌਸਮ ਠੰਡਾ ਸੁਹਾਵਣਾ ਅਤੇ ਖੁ ਕ ਹੋਣ ਕਰਕੇ ਅੰਗੂਰ, ਅੰਜੀਰ, ਸੇਬ ਅਤੇ ਹਰ ਕਿਸਮ ਦਾ ਫਲ ਪੈਦਾ ਹੋ ਸਕਦਾ ਹੈ । ਕਪਾਹ ਅਤੇ ਕਣਕ ਦੀ ਪੈਦਾਵਾਰ ਵੀ ਚੋਖੀ ਹੋ ਜਾਂਦੀ ਹੈ । ਧਰਤੀ ਪੰਜਾਬ ਵਾਂਗ ਪੱਧਰੀ ਤਾਂ ਨਹੀਂ ਪਰੰਤੂ ਸਿੰਚਾਈ ਲਈ ਨਹਿਰਾਂ ਦਾ ਪਾਣੀ ਵਰਤਿਆ ਜਾਂਦਾ ਹੈ । ਧਰਤੀ ਰੇਤਲੀ ਹੋਣ ਕਰਕੇ ਸਾਰੀਆਂ ਨਹਿਰਾਂ ਅਤੇ ਕੱਸੀਆਂ ਪੱਕੀਆਂ ਹਨ ਅਤੇ ਕਈ ਥਾਂ ਲਿਫਟ ਸਿੰਚਾਈ ਦਾ ਪ੍ਰੰਬਧ ਵੀ ਹੈ ਤਾਂ ਕਿ ਪੰਪਾਂ ਰਾਹੀ ਪਾਣੀ ਉਠਾਇਆ ਜਾ ਸਕੇ । ਪਹਾੜਾਂ ਦੀਆਂ ਵਾਦੀਆਂ ਵਿਚ ਵੀ ਖੇਤੀ ਚੋਖੀ ਹੋ ਜਾਂਦੀ ਹੈ ।

ਦੋ ਘੰਟੇ ਦੇ ਸਫਰ ਬਾਅਦ ਅਸੀ ਕਾਰ ਰੋਕੀ ਅਤੇ ਨਾ ਤਾ ਖਾਣ ਲਈ ਸੜਕ ਦੇ ਕਿਨਾਰੇ ਆਸਣ ਲਾ ਲਿਆ । ਪ੍ਰੋ: ਬਾਈਕੋਤਸਵ ਤਾਂ ਖੁੰਬਾਂ ਦੀ ਭਾਲ ਵਿਚ ਇਧਰ ਉਧਰ ਘੁੰਮਣ ਲਗਾ ਅਤੇ ਉਸਦੀ ਘਰਵਾਲੀ ਨੇ ਮੇਰੇ ਲਈ ਘਰੋ ਤਿਆਰ ਕੀਤਾ ਭੋਜਨ ਪਰੋਸਿਆ । ਪਰੋਫੈਸਰ ਦੀ ਮਾਤਾ ਨੇ ਮੇਰੇ ਲਈ ਉਚੇਚੇ ਤੌਰ ਤੇ  ਾਕਾਹਾਰੀ ਨਾ ਤਾ ਤਿਆਰ ਕੀਤਾ ਸੀ ਜਿਸ ਵਿਚ ਗਾਜਰ ਅਤੇ  ਲਗਮ ਦਾ ਸਲਾਦ, ਦਹੀ ਅਤੇ ਸਮੋਸੇ ਜਾਂ ਪਕੌੜਿਆਂ ਵਾਂਗ ਕੁਝ ਪਕਵਾਨ ਵੀ  ਾਮਲ ਸਨ । ਆਲੂ ਅਤੇ ਪਿਆਜ ਦੇ ਪਕੌੜੇ ਪਰੌਠਿਆਂ ਵਰਗਾ ਸਵਾਦ ਦੇ ਰਹੇ ਸਨ । ਦੂਰ ਦੂਰ ਤੱਕ ਚਰਾਂਦ ਲੱਭਦੀ ਸੀ , ਉਸ ਤੋ ਪਾਰ ਉਚੀਆਂ ਪਹਾੜੀਆਂ ਉਪਰ ਤਾਜੀ ਪਈ ਬਰਫ ਧੁੱਪ ਵਿਚ ਚਮਕ ਰਹੀ ਸੀ। ਅਸੀ ਅੱਧਾ ਸਫਰ ਤੈਹ ਕਰ ਚੁੱਕੇ ਸਾਂ । ਸੜਕ ਉਪਰ ਆਵਾਜਾਈ ਘੱਟ ਸੀ, ਕਦੀ ਕਦਾਈਂ ਕੋਈ ਬੱਸ ਜਾਂ ਕਾਰ ਸਾਡੇ ਰਾਹ ਵਿਚੋ ਗੁ ਰਦੀ । ਸਾਡੇ ਦੇ  ਵਰਗਾ ਭੀੜ ਭੜੱਕਾ ਤਾਂ ਕਿਧਰੇ ਨਹੀ ਲੱਭਦਾ । ਰਸਤੇ ਵਿਚ ਕਈ ਉ ਬੇਕੀ ਔਰਤਾਂ ਫਲ ਵੇਚ ਰਹੀਆਂ ਸਨ । ਇਨ੍ਹਾਂ ਦੇ ਰੰਗ ਗੋਰੇ, ਕੱਦ ਲੰਮੇ, ਡੀਲ ਡੌਲ ਪਠਾਣੀਆਂ ਵਰਗੀ ਅਤੇ ਭੜਕੀਲੇ ਰੰਗ ਦੇ ਪਹਿਰਾਵੇ ਵਿਚ ਡੋਲੀਓਂ ਨਿਕਲੀਆਂ ਮੁਟਿਆਰਾਂ ਜਾਪ ਰਹੀਆਂ ਸਨ । ਖੇਤਾਂ ਵਿਚ ਔਰਤਾਂ, ਮਰਦਾਂ ਬਰਾਬਰ ਕੰਮ ਕਰਦੀਆਂ ਹਨ, ਉਹ ਗੋਡੀ ਕਰਦੀਆਂ, ਪਾਣੀ ਲਗਾਉਂਦੀਆਂ ਅਤੇ ਫਲ ਤੋੜਦੀਆਂ ਨਜਰੀ

ਪੈ ਰਹੀਆਂ ਸਨ । ਸਾਰੇ ਰਸਤੇ ਵਿਚ ਕੋਈ ਵਿਰਲਾ ਟਾਵਾਂ ਹੀ ਪਿੰਡ ਲੱਭਦਾ ਹੈ । ਾਇਰ ਦਰਿਆ ਅਤੇ ਅਮੂ ਦਰਿਆ ਇਸ ਦੇ ਦੀ ਧਰਤੀ ਨੂੰ ਸਿੰਜਦੇ ਹਨ ਅਤੇ ਅਮੂ ਦਰਿਆ ਦਾ ਇਤਿਹਾਸ ਵਿਚ ਉਹੋ ਹੀ ਸਥਾਨ ਹੈ ਜੋ ਭਾਰਤ ਲਈ ਸਿੰਧ ਦਰਿਆ ਦਾ ਹੋਇਆ ਕਰਦਾ ਸੀ ।

ਚਾਰ ਘੰਟੇ ਦੇ ਸਫਰ ਬਾਅਦ ਸਾਢੇ ਤਿੰਨ ਸੌ ਕਿਲੋਮੀਟਰ ਦਾ ਪੈਂਡਾ ਮੁਕਾ ਕੇ ਅਸੀਂ ਸਮਰਕੰਦ ਪਹੁੰਚ ਗਏ । ਇਥੇ ਤਾ ਕੰਦ ਨਾਲੋਂ ਵਧੇਰੇ ਗਰਮੀ ਸੀ । ਪ੍ਰੋ: ਬਾਈਕੋਤਸਵ ਵੀ ਵੀਹ ਸਾਲ ਬਾਅਦ ਇਥੇ ਆਇਆ ਸੀ, ਸੋ ਉਸਦੀ ਜਾਣਕਾਰੀ ਅਧੂਰੀ ਸੀ । ਉਸਨੇ ਆਪਣੇ ਸਹਾਇਕ ਦੀ ਮੱਦਦ ਨਾਲ ਇਸ ਹਿਰ ਦੀ ਇਕ ਰੂਸੀ ਔਰਤ ਲੁਡਮੀਲਾ ਗਲੁਮੋਵਾ ਨਾਲ ਸੰਪਰਕ ਕਾਇਮ ਕੀਤਾ ਜੋ ਸਾਡੇ ਲਈ ਲਾਹੇਵੰਦ ਸਿੱਧ ਹੋਇਆ । ਸਮਰਕੰਦ ਦੇ ਹੋਟਲ ਮਹਿੰਗੇ ਸਨ, ਸੋ ਲੁਡਮੀਲਾ ਨੇ ਪੇ ਕ ਕੀਤੀ ਕਿ ਅਸੀਂ ਸਾਰੇ ਜਣੇ ਉਸਦੇ ਫਲੈਟ ਤੇ ਹੀ ਰਾਤ ਗੁਜਾਰੀਏ । 30 ਅਪਰੈਲ ਉਸਦਾ ਜਨਮਦਿਨ ਸੀ ਅਤੇ ਉਹ ਸਾਨੂੰ ਦੁਪਹਿਰ ਦਾ ਭੋਜਨ ਖਾਣ ਲਈ ਵੀ ਦਾਅਵਤ ਦੇ ਗਈ । ਹੋਟਲ ਵਿਚ ਉਸ ਦੇ ਦ ਤਰ ਦੀਆਂ ਕਲਰਕ ਸਾਥਣਾਂ ਅਤੇ ਸਹੇਲੀਆਂ ਉਡੀਕ ਰਹੀਆਂ ਸਨ । ਖਾਣੇ ਦੇ ਮੇਜ ਦੁਆਲੇ ਸਮਰਕੰਦ ਹਿਰ ਦੀਆਂ ਮੁਟਿਆਰਾਂ ਪੂਰੀ ਵੋਦਕਾ ਦੀ ਬੋਤਲ ਡਕਾਰ ਸਕਦੀਆਂ ਹਨ ਅਤੇ ਸਾਡੇ ਕਹਿੰਦੇ ਕਹਾਉਂਦੇ ਪਿਆਕੜ ਨੂੰ ਮਾਤ ਪਾ ਸਕਦੀਆਂ ਨੇ । ਪਲਾਓ ਨਾਲ ਸੀਖ ਕਬਾਬ ਅਤੇ ਭੁੰਨੀ ਮੱਛੀ ਖਾ ਕੇ ਉਹ ਮਸਤੀ ਵਿਚ ਝੂਮ ਰਹੀਆਂ ਸਨ । ਸਾਰੀਆਂ ਨੇ ਆਪਣੀ ਸਹੇਲੀ ਲੁਡਮੀਲਾ ਨੂੰ ਤੋਹਫੇ ਦਿਤੇ, ਉਸਦੀ ਸਿਫਤ ਸਲਾਹ ਵਿਚ ਭਾ ਨ ਕੀਤੇ ਅਤੇ ਕਵਿਤਾ ਵੀ ਪੜ੍ਹੀ । ਦੋ ਘੰਟੇ ਦੇ ਪ੍ਰੋਗਰਾਮ ਤੋਂ ਬਾਅਦ ਕਈਆਂ ਨੇ ਸਿਗਰਟ ਦੇ ਕਸ ਲਾਏ ਅਤੇ ਹੱਸਦੀਆਂ ਹੋਈਆਂ ਵਿਦਾ ਹੋ ਗਈਆਂ ।

ਲੁਡਮੀਲਾ ਨੇ ਮਹਿਮਾਨਾਂ ਨੂੰ ਵਿਦਾਇਗੀ।ਚੁੰਮਣ ਦੇ ਕੇ ਤੋਰ ਦਿਤਾ ਅਤੇ ਸਾਡੀ ਕਾਰ ਵਿਚ ਸਾਰੇ ਸਵਾਰ ਹੋ ਕੇ ਸਮਰਕੰਦ ਹਿਰ ਦੀ ਸੈਰ ਨੂੰ ਰਵਾਨਾ ਹੋ ਪਏ । ਪਹਿਲਾਂ ਅਸੀਂ ਸਮਰਕੰਦ ਯੂਨੀਵਰਸਿਟੀ ਦੇ ਕੈਂਪਸ ਦਾ ਗੇੜਾ ਲਾਇਆ ਅਤੇ ਇਥੋ ਦੀ ਲਾਇਬਰੇਰੀ ਵੇਖੀ ਜਿਸ ਵਿਚ ਹਜਾਰਾਂ ਸਾਲ ਪੁਰਾਣੇ ਖਰੜੇ ਮੌਜੂਦ ਹਨ । ਅਮੀਰ ਤੈਮੂਰ ਦਾ ਬੁੱਤ ਕੈਂਪਸ ਦੇ ਮੁੱਖ ਦੁਆਰ ਅਗੇ ੋਭਦਾ ਹੈ । ਯੂਨੀਵਰਸਿਟੀ ਦੇ ਪਾਸ ਹੀ ਤੈਮੂਰ ਦੀ ਯਾਦਗਾਰ ਵਿਚ ਗੁਰ।ਏਮੀਰ ਦਾ ਸਮਾਰਕ ਹੈ ਜਿਥੇ ਤੈਮੂਰ ਅਤੇ ਉਸਦੇ ਪ੍ਰੀਵਾਰ ਦੇ ਬਾਕੀ ਮੈਬਰਾਂ ਦੀਆਂ ਕਬਰਾਂ ਹਨ । ਗਾਈਡ ਨੇ ਮੇਰੇ ਲਈ ਉਚੇਚਾ ਤਹਿਖਾਨੇ ਦੀਆਂ ਚਾਬੀਆਂ ਮੰਗਾ ਕੇ ਾਹੀ ਕਬਰਾਂ ਦਾ ਚੱਕਰ ਲਗਵਾਇਆ । ਦੱਸਿਆ ਜਾਂਦਾ ਹੈ ਕਿ ਇਕ ਰੂਸੀ ਪੁਰਾਤੱਤਵ ਵਿਗਿਆਨੀ ਨੇ ਤੈਮੂਰ ਦੀ ਕਬਰ ਪੁੱਟ ਕੇ ਇਸ ਦਾ ਨਿਰੀਖਣ ਕੀਤਾ । ਹਿਰ ਦੇ ਲੋਕਾਂ ਡੱਕਿਆ ਕਿ ਆਫਤ ਆ ਜਾਵੇਗੀ ਅਜੇਹਾ ਨਾ ਕਰੋ ਉਹੋ ਹੀ ਹੋਇਆ ਕੁਝ ਦਿਨਾਂ ਬਆਦ ਦੂਸਰਾ ਵਿ ਵ ਯੁੱਧ ੁਰੂ ਹੋ ਪਿਆ ਅਤੇ ਰੂਸ ਇਸ ਦੀ ਲਪੇਟ ਵਿਚ ਆ ਗਿਆ ।

ਸਮਰਕੰਦ ਦਾ ਦੂਸਰਾ ਪ੍ਰਸਿੱਧ ਸਮਾਰਕ ਰੇਗਿਸਤਾਨ ਹੈ । ਕਦੀ ਇਥੇ ਦਰਿਆ ਵਗਦਾ ਸੀ, ਧਰਤੀ ਹੇਠ ਰੇਤ ਹੋਣ ਕਰਕੇ ਇਸ ਦਾ ਨਾਮ ਰੇਗਿਸਤਾਨ ਪੈ ਗਿਆ । ਇਸ ਜਗਹ ਸਮਰਕੰਦ ਦੇ ਦੋ ਪੁਰਾਤਨ ਅਤੇ ਮਹਾਨ ਮਦਰੱਸੇ ਉਸਾਰੇ ਗਏ, ਪਹਿਲਾ ਉਲਗਬੇਗ ਨੇ 1417 ਵਿਚ ਤਾਮੀਰ ਕਰਵਾਇਆ ਅਤੇ ਦੂਸਰਾ ੇਅਰਡੋਰ ਮਦਰੱਸਾ ਈਰਾਨੀ ਕਾਰੀਗਰਾਂ ਨੇ 1619 ਤੋਂ 1636 ਤੱਕ ਤਿਆਰ ਕੀਤਾ । ਇਨ੍ਹਾਂ ਦੋਹਾਂ ਦੇ ਵਿਚਕਾਰ ਤੀਲੋਖੋਰੀ ਦੀ ਸੁਨਹਿਰੀ ਮਸਜਿਦ ਹੈ ਜਿਸ ਵਿਚ ਨਾਮਾਜ ਪੜ੍ਹਣ ਲਈ ਸੁਨਹਿਰੀ ਗੁੰਬਦ ਵਾਲਾ ਹਾਲ ਹੈ । ਜਦੋ ੇਅਰਡੋਰ ਮਦਰੱਸਾ ਬਣ ਰਿਹਾ ਸੀ ਤਾਂ ਹਿਰ ਦੇ ਇਕ ਬੁੱਚੜ ਨੇ ਸਤਾਰਾਂ ਸਾਲ ਮੀਟ ਦਾ ਲੰਗਰ ਲਗਾਈ ਰੱਖਿਆ । ਉਸਦੀ ਕਬਰ ਮਦਰੱਸੇ ਦੇ ਦਰਵਾਜੇ ਦੀ ਸੱਜੀ ਬਾਹੀ ਤੇ ਅੱਜ ਵੀ ਮੌਜੂਦ ਹੈ ।

ਦੱਸਿਆ ਜਾਂਦਾ ਹੈ ਕਿ ਉਲਗਬੇਗ ਨੇ ਆਪਣੇ ਰਾਜਕਾਲ ਵਿਚ 23 ਮਦਰੱਸੇ ਤਾਮੀਰ ਕਰਵਾਏ ਪਰੰਤੂ ਉਹ ਪੱਕਾ ਨਿਮਾਜੀ ਮੁਸਲਮਾਨ ਨਹੀ ਸੀ । ਉਸਦਾ ਵਧੇਰੇ ਸਮਾਂ ਵਿਗਿਆਨਕ ਖੋਜਾਂ ਵਿਚ ਗੁਜਰਦਾ । ਕੱਟੜਪੰਥੀ ਉਸਦੇ ਵਿਰੋਧੀ ਹੋ ਨਿਬੜੇ ਅਤੇ ਉਸਦੇ ਆਪਣੇ ਪੁੱਤਰ ਅਬਦੁੱਲ ਲਤੀਫ ਨੇ ਸਾਜ ਰਚ ਕੇ ਆਪਣੇ ਪਿਉ ਦਾ ਕਤਲ ਕਰਵਾ ਦਿਤਾ । ਸਮਰਕੰਦ ਦੇ ਲੋਕਾਂ ਨੇ ਅਬਦੁੱਲ ਲਤੀਫ ਦਾ ਕਤਲ ਕਰ ਦਿਤਾ ਅਤੇ ਹੁਣ ਕਿਧਰੇ ਵੀ ਉਸਦੀ ਕਬਰ ਦਾ ਨਾਮੋਨਿ ਾਨ ਨਹੀਂ ਲੱਭਦਾ । ਉਲਗਬੇਗ ਦੀ ਆਬ ਰਵੇਟਰੀ ਸਮਰਕੰਦ ਹਿਰ ਤੋਂ ਦਸ ਕਿਲੋਮੀਟਰ ਬਾਹਰ ਹੈ ਅਤੇ ਉਸਦੇ ਵਰਤੇ ਗਏ ਉਪਕਰਣ ਇਕ ਮਿਊ ਿਅਮ ਵਿਚ ਸਾਂਭੇ ਪਏ ਹਨ । ਤਾਰਾ।ਵਿਗਿਆਨ ਵਿਚ ਭਾਰਤ ਵੀ ਮੋਹਰੀ ਦੇ ਰਿਹਾ ਹੈ । ਹੋ ਸਕਦਾ ਹੈ ਉਲਗਬੇਗ ਨੇ ਭਾਰਤ ਤੋਂ ਜਾਣਕਾਰੀ ਹਾਸਲ ਕੀਤੀ ਹੋਵੇ ।

ਤੈਮੂਰ ਨੇ ਭਾਰਤ ਨੂੰ ਫਤਹਿ ਕਰਨ ਉਪਰੰਤ ਸਮਰਕੰਦ ਹਿਰ ਵਿਚ ਜਿੱਤ ਦੀ ਖੁ ੀ ਮਨਾਉਣ ਖਾਤਰ ਆਪਣੀ ਬੇਗਮ ਲਈ ਇਕ ਆਲੀ ਾਨ ਮਕਬਰਾ ਤਿਆਰ ਕਰਵਾਇਆ ਜਿਸ ਨੂੰ ਬੀਬੀ।ਖਾਨਮ ਕਹਿੰਦੇ ਹਨ । ਇਸ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ ਅਤੇ ਅਸੀਂ

ਬਾਹਰੋ ਹੀ ਫੋਟੋ ਖਿਚ ਕੇ ਪਰਤ ਆਏ । ਹੋਰ ਵੀ ਕਈ ਮਸਜਿਦਾਂ ਅਤੇ ਪੁਰਾਤਨ ਸਮਾਰਕ ਵੇਖ ਕੇ ਅਸੀਂ ਸਮਰਕੰਦ ਦੀ ਮਾਰਕੀਟ ਵਿਚ ਾਪਿੰਗ ਲਈ ਗਏ । ਮੇਰੇ ਡਿਨਰ ਲਈ ਫਲ ਅਤੇ ਸਬਜੀਆਂ ਖਰੀਦੀਆਂ ਗਈਆਂ । ਹਰ ਸਟਾਲ ਅਗੇ ਔਰਤਾਂ ਹੀ ਸੌਦਾ ਵੇਚ ਰਹੀਆਂ ਸਨ । ਉਹ ਮੇਰੇ ਦੁਆਲੇ ਝੁਰਮਟ ਪਾ ਲੈਂਦੀਆਂ ਅਤੇ ਬਾਣੀਏ ਦੀ ਹੱਟੀ ਵਾਂਗ ਸੌਦਾ ਲੁਟਾ ਕੇ ਖੁ ਹੁੰਦੀਆਂ । ਰਾਤ ਦਾ ਨਿਵਾਸ ਲੁਡਮੀਲਾ ਦੇ ਫਲੈਟ ਤੇ ਸੀ ਅਤੇ ਉਸਦਾ ਘਰਵਾਲਾ ਸਾਡੀ ਉਡੀਕ ਕਰ ਰਿਹਾ ਸੀ । ਉਸਨੇ ਡਿਨਰ ਤਿਆਰ ਕਰਨ ਵਿਚ ਲੁਡਮੀਲਾ ਦੀ ਪੂਰੀ ਮੱਦਦ ਕੀਤੀ, ਮੇਰੀ ਆਉਭਗਤ ਵਿਚ ਰੁੱਝਿਆ ਰਿਹਾ ਅਤੇ ਮੈਨੂੰ ਇਸ ਤਰ੍ਹਾਂ ਜਾਪਿਆ ਕਿਸੇ ਚਿਰੀ ਵਿਛੁੰਨੇ ਹਮਜੋਲੀ ਦੇ ਘਰ ਹੀ ਰਹਿ ਰਿਹਾ ਹੋਵਾਂ । ਉ ਬੇਕੀ ਲੋਕਾਂ ਦੀ ਪ੍ਰਾਹੁਣਾਚਾਰੀ ਦਾ ਇਹ ਵਧੀਆ ਨਮੂਨਾ ਲੁਡਮੀਲਾ ਦੇ ਘਰ ਦੇਖ ਕੇ ਮੈ ਗਦਗਦ ਹੋ ਗਿਆ । ਕਿਵੇ ਬਗਾਨੇ ਵੀ ਆਪਣੇ ਬਣ ਜਾਂਦੇ ਹਨ । ਸਮਰਕੰਦ ਦੀ ਯਾਤਰਾ ਅਤੇ ਲੁਡਮੀਲਾ ਦੀ ਪ੍ਰਾਹੁਣਾਚਾਰੀ ਮੇਰੇ ਲਈ ਇਕ ਵਧੀਆ ਤੋਹਫਾ ਸਿੱਧ ਹੋਈ।

## ਦਰਵੇ ਾਂ ਦਾ ਹਿਰ : ਐਲ਼ਬੁਖਾਰਾ

---

ਪਹਿਲੀ ਮਈ ਦੀ ਸਵੇਰ ਨਾ ਤਾ ਕਰਨ ਉਪਰੰਤ ਅਸੀਂ ਸਮਰਕੰਦ ਤੋ ਬੁਖਾਰਾ ਹਿਰ ਵੱਲ ਚਾਲੇ ਪਾ ਦਿੱਤੇ । ਲੁਡਮੀਲਾ ਦਾ ਪਤੀ ਸਾਨੂੰ ਬੁਖਾਰਾ ਜਾਣ ਵਾਲੀ ਜਰਨੈਲੀ ਸੜਕ ਤੱਕ ਛੱਡਣ ਆਇਆ । ਸੜਕ ਦੇ ਦੋਵੇ ਪਾਸੀ ਹਿਤੂਤ ਦੇ ਦਰਖਤ ਕਈ ਕਤਾਰਾਂ ਵਿਚ ਲਗਾਏ ਹੋਏ ਨ ਰ ਆ ਰਹੇ ਸਨ । ਜਿਵੇ ਪੰਜਾਬ ਵਿਚ ਸੜਕਾਂ ਕਿਨਾਰੇ ਸਫੈਦਾ ਲਗਾਇਆ ਜਾਂਦਾ ਹੈ ਇਸੇ ਤਰ੍ਹਾਂ ਹੀ ਬੁਖਾਰਾ ਦੇ ਇਲਾਕੇ ਵਿਚ ਹਿਤੂਤ ਦੀ ਕਾ ਤ ਹੁੰਦੀ ਹੈ ਜਿਸ ਤੋਂ ਰੇ ਮ ਦੇ ਕੀੜੇ ਪਾਲ ਕੇ ਰੇ ਮ ਦਾ ਕੱਪੜਾ ਤਿਆਰ ਕੀਤਾ ਜਾਂਦਾ ਹੈ । ਲੁਡਮੀਲਾ ਦੇ ਘਰ ਅਸੀਂ ਹਿਤੂਤ ਦਾ ਜੈਮ ਵੀ ਚੱਖਿਆ ਸੀ । ਪੰਜਾਬ ਵਿਚ ਤਾਂ ਹੁਣ ਪੁਰਾਣੇ ਪੰਜਾਬ ਦੇ ਦਰਖਤ ਹੀ ਅਲੋਪ ਹੋ ਗਏ ਹਨ । ਰਸਤੇ ਵਿਚ ਕਈ ਪਿੰਡ ਅਤੇ ਕਸਬੇ ਆਏ । ਬੁਖਾਰਾ ਦਾ ਇਤਿਹਾਸ 2500 ਸਾਲ ਪੁਰਾਣਾ ਹੈ । ਇਸ ਦੀ ਧਰਤੀ ਜਰਖੇਜ ਹੈ ਅਤੇ ਇਸ ਨੂੰ ਜਰਫ ਾਨ ਦਰਿਆ ਦੀ ਵਾਦੀ ਕਿਹਾ ਜਾਂਦਾ ਹੈ । ਕਿਸੇ ਸਮੇ ਬੁਖਾਰਾ ਹਿਰ ਇਸ ਦਰਿਆ ਦੇ ਕਿਨਾਰੇ ਵੱਸਿਆ ਸੀ ਪਰੰਤੂ ਹੁਣ ਇਸ ਦਾ ਪਾਣੀ ਮਾਰੂਥਲ ਵਿਚ ਹੀ ਸਮਾ ਜਾਂਦਾ ਹੈ । ਅਲੀ ੇਰ ਨੋਵਾਈ ਦਾ ਹਿਰ ਰਾਹ ਤੋਂ ਪਰ੍ਹਾਂ ਹਟਵਾਂ ਸੀ । ਇਸ ਮਹਾਨ ਕਵੀ ਦੀ ਯਾਦ ਵਿਚ ਏਅਰਪੋਰਟ ਅਤੇ ਹੋਰ ਕਈ ਸਮਾਰਕ ਸੜਕ ਕਿਨਾਰੇ ਬਣਾਏ ਗਏ ਹਨ । ਇਸ ਦੀ ਕਾਵਿ ਰਚਨਾ ਦੀ ਸਿਫਤ ਬਾਬਰ ਬਾਦ ਾਹ ਨੇ ਆਪਣੀ ਪੁਸਤਕ ਬਾਬਰਨਾਮਾ ਵਿਚ ਕੀਤੀ ਹੈ ਅਤੇ ਇਸ ਨੂੰ ਫਿਰਦੌਸੀ ਦੇ ਹਾਣ ਦਾ ਕਵੀ ਮੰਨਿਆ ਜਾਂਦਾ ਹੈ ।

ਬੁਖਾਰਾ ਮੇਰੇ ਸੁਪਨਿਆਂ ਦਾ ਹਿਰ ਹੋ ਨਿਬੜਿਆ । ਪੰਜਾਬ ਦੇ ਪਿੰਡਾਂ ਵਿਚ ਆਮ ਕਹਾਵਤ ਹੈ ਜੋ ਸੁੱਖ ਛੱਜੂ ਦੇ ਚੌਬਾਰੇ, ਉਹ ਨਾ ਬਲਖ ਤੇ ਬੁਖਾਰੇ । ਇਸ ਤੋਂ ਸਪ ਟ ਹੁੰਦਾ ਹੈ ਕਿ ਪੰਜਾਬ ਦੇ ਗੱਭਰੂ ਪੁਰਾਣੇ ਸਮਿਆਂ ਵਿਚ ਰੋ ੀ ਰੋਟੀ ਕਮਾਉਣ ਲਈ ਹੁਣ ਵਾਂਗ ਅਮਰੀਕਾ ਤੇ ਕੈਨੇਡਾ ਨਹੀ ਜਾਂਦੇ ਸੀ ਬਲਕਿ ਬਲਖ ਅਤੇ ਬੁਖਾਰਾ ਜਾਇਆ ਕਰਦੇ ਸਨ । ਕਿਸੇ ਪੰਜਾਬਣ ਨੇ ਆਪਣੇ ਗੱਭਰੂ ਨੂੰ ਹੋੜਣ ਖਾਤਰ ਇਹ ਤਨ ਮਾਰੀ ਜਾਪਦੀ ਹੈ । ਇਕ ਹਜਾਰ ਵਰ੍ਹਾ ਪਹਿਲਾਂ ਤੋਂ ਹੀ ਪੰਜਾਬ ਅਤੇ ਬੁਖਾਰਾ ਵਿਚ ਵਪਾਰ ਦਾ ਰਾਹ ਖੁੱਲ੍ਹਾ ਸੀ । ਬੁਖਾਰਾ ਦੇ ਨ ਦੀਕ ਹੀ ਇਕ ਕਸਬਾ ਹੈ ਜਿਸ ਦਾ ਨਾਮ ਹੈ ਕਾਸਰੇਿਹਿੰਦੂਵਾਨ ਜੋ ਕਦੇ ਹਿੰਦੁਸਤਾਨੀ ਵਪਾਰੀਆਂ ਦੇ ਕਾਫਲੇ ਠਹਿਰਣ ਦਾ ਮੁਕਾਮ ਸੀ । ਗਰਮੀ ਤੇਜ ਤਰਾਰ ਅਤੇ ਸਿੱਧੀ ਧੁੱਪ ਤੋ ਤੰਗ ਆ ਕੇ ਅਸੀਂ ਸੜਕ ਕਿਨਾਰੇ ਇਕ ਢਾਬੇ ਤੇ ਰੁਕ ਗਏ । ਪੰਜਾਬੀ ਢਾਬਿਆਂ ਵਾਂਗ ਇਥੇ ਵੀ ਡਰਾਈਵਰਾਂ ਦੀ ਚੋਖੀ ਸੇਵਾ ਹੁੰਦੀ ਹੈ । ਮੰਜਿਆਂ ਦੀ ਜਗਹ ਮੇ ਪੋ ਡਾਹੇ ਹੁੰਦੇ ਹਨ ਅਤੇ ਥਕੇਵਾਂ ਲਾਹੁਣ ਲਈ ਨਿਸਲ ਹੋ ਕੇ ਸੌਣ ਦਾ ਵਧੀਆ ਪ੍ਰਬੰਧ ਹੁੰਦਾ ਹੈ । ਅਸੀ ਇਕ ਘੰਟਾ ਅਰਾਮ ਕਰਕੇ ਅਤੇ ਹਰੀ ਚਾਹ ਦੇ ਕਈ ਕੱਪ ਪੀ ਕੇ ਬੁਖਾਰੇ ਦੀ ਸੜਕ ਤੇ ਰਵਾਨਾ ਹੋ ਪਏ । ਸੜਕ ਦੇ ਕਿਨਾਰੇ ਅੰਗੂਰਾਂ ਦੀਆਂ ਵੇਲਾਂ ਨ ਰ ਆ ਰਹੀਆਂ ਸਨ ਅਤੇ ਖੇਤਾਂ ਵਿਚ ਔਰਤਾਂ ਆਪਣੇ ਮਰਦਾਂ ਲਈ ਭੱਤਾ ਲਈ ਜਾਂਦੀਆਂ ਪੁਰਾਣੇ ਪੰਜਾਬ ਦੀ ਪ੍ਰੰਪਰਾ ਦੀ ਯਾਦ ਦਿਲਾ ਰਹੀਆਂ ਸਨ ।

ਲਗਭਗ ਤਿੰਨ ਸੌ ਕਿਲੋਮੀਟਰ ਦਾ ਸਫਰ ਤੈਹ ਕਰਕੇ ਅਸੀਂ ਬੁਖਾਰਾ ਹਿਰ ਦੇ ਦਰਵਾਜੇ ਤੇ ਪਹੁੰਚ ਗਏ । ਪੰਜਾਬ ਦੇ ਪਿੰਡਾਂ ਵਾਂਗ ਉ ਬੇਕਿਸਤਾਨ ਦੇ ਵੱਡੇ ਹਿਰਾਂ ਵਿਚ ਜੀ ਆਇਆਂ ਨੂੰ ਕਹਿਣ ਲਈ ਆਲੀ ਾਨ ਦਰਵਾਜੇ ਉਸਾਰੇ ਗਏ ਹਨ । ਕੁਝ ਹੀ ਦੇਰ ਬਾਅਦ

ਅਸੀਂ  ਹਿਰ ਦੇ ਅੰਦਰ ਪਹੁੰਚ ਗਏ ਅਤੇ ਹੋਟਲ  ਰਫ ਾਨ ਵਿਚ ਰਾਤ ਗੁਜਾਰਨ ਲਈ ਕਮਰਾ ਬੁੱਕ ਕਰਵਾ ਲਿਆ ਜੋ ਕਿ ਬਹੁਤ ਹੀ ਸਸਤਾ ਮਿਲ ਗਿਆ । ਸਾਡੇ ਪਾਸ ਕੇਵਲ ਅੱਧਾ ਦਿਨ ਹੀ ਬਾਕੀ ਸੀ ਅਤੇ ਅਸੀਂ ਵੱਧ ਤੋਂ ਵੱਧ ਬੁਖਾਰਾ  ਹਿਰ ਦਾ ਦੌਰਾ ਕਰਨਾ ਚਾਹੁੰਦੇ ਸਾਂ । ਆਪਣਾ ਸਮਾਨ ਟਿਕਾ ਕੇ ਅਸੀਂ  ਹਿਰ ਦੇ ਪੁਰਾਤਨ ਹਿੱਸੇ ਵਿਚ ਚਲੇ ਗਏ । ਕਿਸੇ ਸਮੇ ਬੁਖਾਰਾ  ਹਿਰ ਦੇ ਆਲੇ ਦੁਆਲੇ ਕੱਚੀ ਕੰਧ ਰੱਖਿਆ ਲਈ ਉਸਾਰੀ ਗਈ ਸੀ ਜਿਸਦਾ ਘੇਰਾ ਬਾਰਾਂ ਕਿਲੋਮੀਟਰ ਸੀ ਅਤੇ ਇਸ ਵਿਚ ਬਾਰਾਂ ਦਰਵਾਜੇ ਸਨ । ਹੁਣ ਇਸ ਦੇ ਖੰਡਰ ਹੀ ਬਾਕੀ ਬਚੇ ਹਨ । ਇਸ ਦੇ ਨ ਦੀਕ ਹੀ ਇਕ ਕਿਲ੍ਹਾਨੁਮਾ ਇਮਾਰਤ ਹੈ ਜਿਸ ਅੰਦਰ ਬੁਖਾਰਾ ਦੇ ਬਾਦ ਾਹ ਦੀ ਰਹਾਇ  ਸੀ ਅਤੇ ਕਚਹਿਰੀ ਲੱਗਿਆ ਕਰਦੀ ਸੀ । ਕੈਦੀਆਂ ਨੂੰ ਤੈਹਖਾਨੇ ਵਿਚ ਬੰਦ ਰੱਖਿਆ ਜਾਂਦਾ ਅਤੇ ਇਸ ਦੇ ਮਘੋਰੇ ਵਿਚੋਂ ਗੰਦਾ ਪਾਣੀ ਉਨ੍ਹਾਂ ਉਪਰ ਸੁੱਟਿਆ ਜਾਂਦਾ । ਕਿਲ੍ਹੇ ਦੇ ਦਰਵਾਜੇ ਉਪਰ ਸ ਾ ਦੇਣ ਲਈ ਇਕ ਕੋਰੜਾ ਲਟਕਾਇਆ ਹੋਇਆ ਸੀ ਤਾਂ ਕਿ  ਹਿਰ ਵਾਸੀਆਂ ਨੂੰ ਕਾਨੂੰਨ ਦੀ ਉਲੰਘਣਾ ਕਰਨ ਤੋਂ ਸੁਚੇਤ ਰੱਖਿਆ ਜਾ ਸਕੇ । ਦੂਸਰੇ ਵਿ ਵ ਯੁੱਧ ਦੌਰਾਨ ਇਸ ਕਿਲੇ ਦਾ ਵਧੇਰੇ ਹਿੱਸਾ ਨ ਟ ਹੋ ਗਿਆ ਪਰੰਤੂ ਜੋ ਬਾਕੀ ਬਚਿਆ ਹੈ, ਉਸ ਵਿਚ ਬੁਖਾਰਾ ਦੇ ਪੁਰਾਤੱਤਵ ਵਿਭਾਗ ਨੇ ਮਿਊ ਿਅਮ ਕਾਇਮ ਕਰ ਰੱਖਿਆ ਹੈ ਜਿਸ ਤੋਂ ਇਸ  ਹਿਰ ਦੀ 2500 ਸਾਲ ਪੁਰਾਣੀ ਹੋਂਦ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ । ਸਾਨੂੰ ਇਕ ਅੰਗਰੇ ੀ ਜਾਣਦੀ ਗਾਈਡ ਮਿਲ ਗਈ ਜਿਸਨੇ ਬੁਖਾਰਾ ਦੇ ਇਤਿਹਾਸ ਬਾਰੇ ਰੋ ਨੀ ਪਾਈ । ਇਸ ਪੁਰਾਤਨ ਕਿਲ੍ਹੇ ਨੂੰ  ਆਰਕ  ਕਹਿੰਦੇ ਹਨ ਅਤੇ ਪੁਰਾਣਾ ਬੁਖਾਰਾ ਇਸ ਦੇ ਅੰਦਰ ਹੀ ਵੱਸਿਆ ਸੀ । ਇਹ ਸਾਡੇ ਜੈਸਲਮੇਰ ਦੇ ਕਿਲ੍ਹੇ ਨਾਲ ਮੇਲ ਖਾਂਦਾ ਹੈ ।

ਬੁਖਾਰਾ ਵਿਚ ਕਈ ਹਮਲਾਵਰਾਂ ਨੇ ਪੈਰ ਜਮਾਏ । ਨੌਂਵੀਂ ਦਸਵੀਂ ਸਦੀ (875[999) ਵਿਚ ਅਫਗਾਨਿਸਤਾਨ ਤੋਂ ਆਏ ਸਾਮਾਨਿਦ ਸਰਦਾਰਾਂ ਦਾ ਰਾਜ ਕਾਇਮ ਹੋ ਗਿਆ । ਇਸਮਾਈਲ ਸਾਮਾਨਿਦ ਨੇ  ਹਿਰ ਦੀ ਪੁਨਰ ਉਸਾਰੀ ਕੀਤੀ । ਬੁਖਾਰਾ ਦੀ ਖੁ ਹਾਲੀ ਅਤੇ ਕਲਚਰ ਬੁਲੰਦੀਆਂ ਛੂਹ ਰਹੀ ਸੀ । ਆਰਟ, ਸਾਇੰਸ ਅਤੇ ਇਮਰਾਤਸਾਜੀ ਲਈ ਬੁਖਾਰਾ ਦੁਨੀਆਂ ਭਰ ਵਿਚ ਮ ਹੂਰ ਹੋ ਗਿਆ । ਇਸ  ਹਿਰ ਨੇ ਕਈ ਮਹਾਨ ਹਸਤੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚ ਐਲ[ਬੁਖਾਰੀ, ਇਬਨੇ ਸੀਨਾ, ਅਬੂ[ਬਕਰ ਮੁਹੰਮਦ ਅਤੇ ਮੁਹੰਮਦ ਬਲਾਮੀ ਦੇ ਨਾਮ ਵਰਨਣ ਯੋਗ ਹਨ । ਦੂਰ ਦੁਰਾਡੇ ਦੇ ਾਂ ਤੋਂ ਵਿਦਵਾਨ, ਕਵੀ ਅਤੇ ਇਤਿਹਾਸਕਾਰ ਬੁਖਾਰਾ ਆ ਕੇ ਨਿਵਾਸ ਕਰਦੇ ਅਤੇ ਇਹ ਇਸਲਾਮੀ ਸਿਖਿਆ ਦਾ ਗੜ੍ਹ ਬਣ ਗਿਆ। ਮਹੁੰਮਦ[ਬਿਨ[ਇਸਮੈਲ ਐਲ[ਬੁਖਾਰੀ ਇਸੇ  ਹਿਰ ਵਿਚ ਜੰਮਿਆ ਸੀ ਜਿਸਨੇ ਹਜਰਤ ਮੁਹੰਮਦ ਸਾਹਿਬ ਦੀਆਂ ਲਿਖਤਾਂ ਦੀ ਖੋਜ ਕਰਕੇ  ਹਾਦੀਸ  ਤਿਆਰ ਕੀਤੀ । ਇਸ ਦਰਵੇ  ਦੀ ਯਾਦਗਾਰ ਹੁਣ ਸਮਰਕੰਦ ਦੇ ਨੇੜੇ ਇਕ ਪਿੰਡ ਵਿਚ ਕਾਇਮ ਕੀਤੀ ਗਈ ਹੈ । ਜਿਥੇ ਇਸਨੂੰ ਦਫਨਾਇਆ ਗਿਆ ਸੀ, ਇਕ ਆਲੀ ਾਨ ਮਕਬਰਾ ਬਣਾਇਆ ਗਿਆ ਹੈ ਅਤੇ ਉ ਬੇਕੀ ਲੋਕ ਬੜੀ  ਰਧਾ ਨਾਲ ਇਸ ਮਕਬਰੇ ਤੇ ਨਿਮਾ  ਅਦਾ ਕਰਦੇ ਵੇਖੇ । ਬੁਖਾਰੇ ਤੋਂ ਮੁੜਦਿਆਂ ਅਸੀਂ ਵੀ ਉਚੇਚੇ ਐਲ[ਬੁਖਾਰੀ ਨੂੰ ਆਪਣੀ  ਰਧਾ ਦੇ ਫੁੱਲ ਭੇਟ ਕਰਨ ਗਏ ਤਾਂ ਉਸ ਦਾ ਉਰਸ ਹੋਣ ਕਰਕੇ ਇਕ ਮੇਲਾ ਹੀ ਲੱਗਾ ਹੋਇਆ ਸੀ । ਲੋਕੀਂ ਚ ਮੇ ਦਾ ਪਾਣੀ ਬੋਤਲਾਂ ਵਿੱਚ ਲਿਜਾ ਰਹੇ ਸਨ ਜਿਵੇ ਹੁਣ ਸਿੱਖ  ਰਧਾਲੂ ਵੀ ਕਰਦੇ ਹਨ । ਇਕ ਫਰਕ ਜਰੂਰ ਹੈ, ਇਸਲਾਮ ਦੇ ਧਰਮ ਅਸਥਾਨਾਂ ਉਪਰ ਇੰਨੀ ਭੀੜ ਦੇ ਬਾਵਜੂਦ ਵੀ ਕੋਈ ੋਰ  ਰਾਬਾ ਨਹੀਂ ਹੁੰਦਾ । ਹਰ ਕੋਈ  ਾਂਤਮਈ ਢੰਗ ਨਾਲ ਇਬਾਦਤ ਕਰਦਾ ਹੈ ।

ਬੁਖਾਰਾ ਮਸਜਿਦਾਂ ਅਤੇ ਮਦਰੱਸਿਆਂ ਲਈ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ । ਇਥੇ ਉਲਗਬੇਗ ਮਦਰੱਸਾ, ਅਬਦੁੱਲ ਅ ੀ   ਾਨ ਮਦਰੱਸਾ ਅਤੇ ਅਰਬੀ ਮਦਰੱਸਾ ਮੀਨਾਕਾਰੀ ਲਈ ਮ ਹੂਰ ਹਨ ।  ਹਿਰ ਵਿੱਚ ਅਸਮਾਨ ਛੂੰਹਦੇ ਕਈ ਮੀਨਾਰ ਹਨ । ਅਰਬੀ ਮਦਰੱਸੇ ਨਜਦੀਕ ਕਲਿਆਨ ਮੀਨਾਰਾ ਛੋਟੀ ਇੱਟ ਦਾ ਬਣਿਆ ਬਾਰਵੀਂ ਸਦੀ ਦਾ ਇਕ ਅਜੂਬਾ ਹੈ । ਸੂਫੀ ਫਕੀਰਾਂ ਦੀਆਂ ਕਈ ਖਾਨਗਾਹਾਂ ਹਨ । ਬੂਆਨ ਕੁਲੀਖਾਨ ਦਾ ਮਕਬਰਾ ਇਕ ਖਸਤਾ ਹਾਲਤ ਵਿੱਚ ਹੈ ਪਰੰਤੂ  ਰਧਾਲੂ ਇਬਾਦਤ ਲਈ ਆਉਂਦੇ ਰਹਿੰਦੇ ਹਨ । ਬੁਖਾਰਾ ਦੇ ਬਾਦ ਾਹ ਇਸਮਾਈਲ ਸਾਮਾਨਿਦ  ਦਾ ਮਕਬਰਾ ਉਸ ਦੇ ਪੁੱਤਰ ਨੇ ਤਿਆਰ ਕਰਵਾਇਆ ਸੀ । ਖੁਦਾਈ ਕਰਨ ਉਪਰੰਤ ਦਸਵੀਂ ਸਦੀ ਦੀ ਇਕ ਇਮਾਰਤ ਲੱਭ ਪਈ ਜੋ ਇਮਾਰਤਸਾਜੀ ਦਾ ਇਕ ਵਧੀਆ ਨਮੂਨਾ ਪੇ  ਕਰਦੀ ਹੈ ।

ਬਾਦ ਾਹਾਂ ਦੇ ਮਹੱਲਾਂ, ਛੱਤੇ ਹੋਏ ਬਜਾਰਾਂ ਅਤੇ ਸਰਾਵਾਂ ਦੀ ਸੈਰ ਕਰਕੇ ਅਸੀਂ  ਾਮ ਨੂੰ ਬੁਖਾਰਾ ਤੋਂ ਬਾਹਰ ਇਕ ਸੂਫੀ ਦਰਵੇ  ਦੀ ਖਾਨਗਾਹ ਵੇਖਣ ਚਲੇ ਗਏ ਜੋ ਕਾਸਰੇ[ਹਿੰਦੂਵਾਨ ਵਿੱਚ ਬਣਾਈ ਗਈ ਹੈ । ਮੁਹੰਮਦ ਬਹਾਓਦੀਨ ਨਕ ਬੰਦ ਚੌਦਵੀਂ ਸਦੀ ਦੇ ਮ ਹੂਰ ਸੂਫੀ ਦਰਵੇ  ਹੋਏ ਹਨ ਜਿਨ੍ਹਾਂ ਦੇ ਪੈਰੋਕਾਰ ਹਿੰਦੁਸਤਾਨ ਅਤੇ ਹੋਰ ਦੇ ਾਂ ਵਿੱਚ ਨਕ ਬੰਦੀ ਸੂਫੀ ਪਰੰਪਰਾ ਦੇ ਧਾਰਨੀ ਹਨ । ਤੈਮੂਰ ਬਾਦ ਾਹ ਇਨ੍ਹਾਂ ਦਾ ਮੁਰੀਦ ਸੀ। ਇਸ ਖਾਨਗਾਹ ਦਾ ਮੁਤਵੱਲੀ ਬੜੇ ਪਰੇਮ ਨਾਲ ਮਿਲਿਆ । ਉਹ ਹਰ ਕਿਸੇ ਯਾਤਰੀ ਦੀ ਇੱਛਾ ਪੂਰਤੀ ਲਈ ਅਰਦਾਸ ਵੀ ਕਰਦਾ । ਇਥੇ ਕਈ ਹੋਰ ਸੂਫੀ ਦਰਵੇ ਾਂ ਦੀਆਂ ਕਬਰਾਂ ਵੀ ਹਨ। ਲੱਕੜੀ ਦੀ ਛੱਤ ਵਾਲਾ ਹਾਲ ਕਮਰਾ ਹੈ ਜਿਸ ਵਿੱਚ

ਮੀਨਾਕਾਰੀ ਕੀਤੀ ਗਈ ਹੈ । ਰਾਤ ਪੈਣ ਤੱਕ ਅਸੀਂ ਆਪਣੇ ਹੋਟਲ ਵਿੱਚ ਪਰਤ ਆਏ । ਵਿਦਾਇਗੀ ਲੈਣ ਸਮੇ ਗਾਈਡ ਕਹਿ ਰਹੀ ਸੀ ਕਿ ਬੁਖਾਰਾ ਵੇਖਣ ਲਈ ਘੱਟ ਤੋਂ ਘੱਟ ਇਕ ਹਫਤਾ ਹੋਣਾ ਚਾਹੀਦਾ ਹੈ । ਇਸ  ਹਿਰ ਵਿੱਚ ਤੇਤੀ ਹ ਾਰ ਸੂਫੀ ਦਰਵੇ ਾਂ ਦੇ ਮ ਾਰ ਹਨ ਅਤੇ ਕਈ ਹਜਾਰ ਕਵੀ, ਫਿਲਾਸਫਰ, ਸਿਆਸਤਦਾਨ, ਵਿਗਿਆਨੀ ਅਤੇ ਬਾਦ ਾਹ ਬੁਖਾਰਾ ਦੀਆਂ ਕਬਰਾਂ ਵਿੱਚ ਦਫਨ ਸਮੇ ਦੀ ਧੂੜ ਵਿੱਚ ਸਮਾ ਗਏ ਹਨ ।

# ਯਹੂਦੀਆਂ ਦੀ ਜਨਮ ਭੂਮੀ : ਇ ਰਾਈਲ

1970 ਵਿੱਚ ਪੈਰਿਸ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਮੇਰੀਆਂ ਧਾਰਮਿਕ ਰੁਚੀਆਂ ਦੇ ਕਾਰਨ ਬਾਈਬਲ ਦੀ ਇਕ ਕਾਪੀ ਭ੍ਰੇਟ ਕੀਤੀ । ਇਸ ਵਿੱਚ ਕਈ ਵਾਰ ਇ ਰਾਈਲ ਦਾ ਜਿਕਰ ਆਇਆ ਹੋਣ ਕਰਕੇ ਮੈ ਮਨ ਬਣਾ ਲਿਆ ਕਿ ਯਹੂਦੀਆਂ ਦੀ ਜਨਮਭੂਮੀ ਇ ਰਾਈਲ ਵੀ ਵੇਖਾਂ । ਪੈਰਿਸ ਤ੍ਰੋ ਆਪਣੀ ਖੋਜ ਦਾ ਕੰਮ ਸਮਾਪਤ ਕਰਕੇ ਮੈ ਜਦ੍ਰੋ 1972 ਵਿੱਚ ਭਾਰਤ ਵਾਪਸ ਮੁੜਿਆ ਤਾਂ ਮੇਰਾ ਜਹਾਜ ਤੈਲਅਵੀਵ ਦੇ ਹਵਾਈ ਅੱਡੇ ਤੇ ਉਤਰਿਆ। ਵੀ ਾ ਮਿਲਣਾ ਮੁ ਕਲ ਸੀ, ਸੋ ਮੇਰੀ ਇ ਰਾਈਲ ਯਾਤਰਾ ਵਿੱਚੇ ਹੀ ਰਹਿ ਗਈ ।

ਸਤੰਬਰ 2004 ਦੇ ਮਹੀਨੇ ਇਕ ਅੰਤਰਰਾ ਟਰੀ ਕਾਨਫਰੰਸ ਵਿੱਚ ਹਿੱਸਾ ਲੈਣ ਦਾ ਸੱਦਾ ਆਇਆ ਹੋਇਆ ਸੀ । ਘਰ ਵਾਲੇ ਅਤੇ ਦੋਸਤ ਮਿੱਤਰ ਕਹਿਣ ਲੱਗੇ ਕਿ ਕਿਉ੍ਹ ਮੌਤ ਦੇ ਮੂੰਹ ਵਿੱਚ ਜਾਣ ਦੀ ਤਿਆਰੀ ਕਰ ਰਹੇ ਹੋ । ਇ ਰਾਈਲ ਅਤੇ ਅਰਬਾਂ ਦੀ ਪਿਛਲੇ ਪੰਜਾਹ ਸਾਲਾਂ ਤ੍ਰੋ ਲੜਾਈ ਜਾਰੀ ਹੈ ਅਤੇ ਹਰ ਰੋ ਆਤਮਘਾਤੀ ਦਸਤੇ ਇ ਰਾਈਲ ਅੰਦਰ ਧਮਾਕੇ ਕਰ ਜਾਂਦੇ ਹਨ । ਜਵਾਬੀ ਹਮਲੇ ਵਿੱਚ ਇ ਰਾਈਲ ਦੇ ਫੌਜੀ ਦਸਤੇ ਅਰਬਾਂ ਦੇ ਫਿਲਸਤੀਨੀ ਟਿਕਾਣਿਆਂ ਉਪਰ ਬੰਬਾਰੀ ਕਰਦੇ ਰਹਿੰਦੇ ਹਨ । ਖਤਰੇ ਦੀ ਜਾਣਕਾਰੀ ਲਈ ਆਪਣੇ ਯਹੂਦੀ ਮਿੱਤਰ ਦੀ ਸਲਾਹ ਲਈ ਤਾਂ ਉਹ ਕਹਿਣ ਲੱਗਾ ਕਿ ਕ ਮੀਰ ਨਾਲ੍ਹੋ ਇਥੇ ਘੱਟ ਖਤਰਾ ਹੈ । ਇਕ ਹਫਤਾ ਇ ਰਾਈਲ ਅਤੇ ਇਕ ਹਫਤਾ ਜਾਰਡਨ ਘੁੰਮਣ ਦਾ ਪ੍ਰੋਗਰਾਮ ਬਣ ਗਿਆ ਤਾਂ ਕਿ ਯਹੂਦੀ ਅਤੇ ਅਰਬਾਂ ਦੀ ਸਮੱਸਿਆ ਚੰਗੀ ਤਰ੍ਹਾਂ ਸਮਝਿਆ ਜਾ ਸਕੇ ।

7 ਸਤੰਬਰ ਉ ਬੇਕਿਸਤਾਨ ਏਅਰਵੇ ਦੇ ਜਹਾ ਤੇ ਦਿੱਲੀ ਤ੍ਰੋ ਉਡਾਨ ਭਰੀ ਅਤੇ ਤਾ ਕੰਦ ਦੇ ਰਸਤੇ ਰਾਤ ਦੇ ਨੌ ਵਜੇ ਤੈਲਅਵੀਵ ਦੇ ਹਵਾਈ ਅੱਡੇ ਤੇ ਜਾ ਉਤਰਿਆ । ਤਾ ਕੰਦ ਅਗੇ ਵੀ ਕਈ ਵਾਰ ਜਾ ਚੁੱਕਾ ਹਾਂ । ਹੁਣ ਤਾਂ ਦਿੱਲੀ ਅਤੇ ਅੰਮ੍ਰਿਤਸਰ ਤ੍ਰੋ ਹਰ ਰੋ ਪੰਜਾਬੀਆਂ ਦੇ ਭਰੇ ਜਹਾ ਇਥ੍ਹੋ ਲੰਘਦੇ ਹਨ ਅਤੇ ਹਵਾਈ ਅੱਡਾ ਇਕ ਸਰਾਂ ਹੀ ਬਣ ਗਿਆ ਜਾਪਦਾ ਹੈ । ਸਹੂਲਤਾਂ ਦੀ ਘਾਟ ਹੋਣ ਕਰਕੇ ਮੁਸਾਫਰ ਫਰ ਤੇ ਹੀ ਲੇਟ ਜਾਂਦੇ ਹਨ । ਾਇਦ ਦੁਨੀਆਂ ਦਾ ਸਭ ਤ੍ਰੋ ਗੰਦਾ ਹਵਾਈ ਅੱਡਾ ਤਾ ਕੰਦ ਦਾ ਹੀ ਹੋਵੇ ਅਤੇ ਪੰਜਾਬੀਆਂ ਨੇ ਇਸ ਹੋਰ ਗੰਦਾ ਰੱਖਣ ਵਿੱਚ ਆਪਣਾ ਯੋਗਦਾਨ ਪਾਇਆ ਹੋਵੇ । ਤੈਲਅਵੀਵ ਤਾਂ ਸਾਫ ਸੁਥਰਾ ਸੀ ਪਰੰਤੂ ਜੋ ਮੁਸਾਫਿਰ ਮੇਰੇ ਨਾਲ ਦੀ ਸੀਟ ਤੇ ਬੈਠਾ ਸੀ ਉਹ ਤਾਂ ਜਟਾਧਾਰੀ ਸਾਧੂ ਜਾਪਦਾ ਸੀ । ਇ ਰਾਈਲ ਦੇ ਬਹੁਤ ਸਾਰੇ ਨੌਜਵਾਨ ਯਾਤਰੀ ਭਾਰਤ ਵੱਲ ਆਉ੍ਹਦੇ ਹਨ । ਮਨੀਕਰਨ ਦੇ ਕੋਲ ਇਕ ਪਿੰਡ ਕਸੋਲ ਹੈ ਜਿੱਥੇ ਇਨ੍ਹਾਂ ਦੇ ਰਹਿਣ ਲਈ ਪਾਰਵਤੀ ਦਰਿਆ ਕਿਨਾਰੇ ਕਈ ਹੋਟਲ ਬਣ ਚੁੱਕੇ ਹਨ । ਇਹ ਨੌਜਵਾਨ ਮੌਜ ਮਸਤੀ ਕਰਨ ਲਈ ਭਾਰਤ ਆਉ੍ਹਦੇ ਹਨ । ਕਿਉ੍ਹਕਿ ਇਥੇ ਸੁੰਦਰ ਵਾਦੀ ਦਾ ਨ ਾਰਾ ਹੈ ਪਰੰਤੂ ਵੱਡੀ ਖਿੱਚ ਦਾ ਕਾਰਨ ਗਾਂਜਾ ਅਤੇ ਹੋਰ ਨ ਿਆਂ ਦਾ ਖੁੱਲਾ ਸੇਵਨ ਹੈ ਜੋ ਇ ਰਾਈਲ ਵਿੱਚ ਕਰਨ ਦੀ ਸਖਤ ਮਨਾਹੀ ਹੈ । ਇ ਰਾਈਲ ਦੇ ਹਰ ਜਵਾਨ ਮੁੰਡੇ ਕੁੜੀ ਲਈ ਫੌਜੀ ਨੌਕਰੀ ਜਰੂਰੀ ਹੈ ਜਿਸ ਕਰਕੇ ਕਈ ਨੌਜਵਾਨ ਤਾਂ ਫੌਜੀ ਭਗੌੜੇ ਹੀ ਬਣ ਕੇ ਹਿਮਾਚਲ ਦੀਆਂ ਵਾਦੀਆ ਵਿੱਚ ਆ ਨਿਵਾਸ ਕਰਦੇ ਹਨ । ਇਸ ਜਟਾਧਾਰੀ ਨੌਜਵਾਨ ਨੇ ਮੈ ਗੁਜਾਰੇ ਜੋਗੇ ਹੀਬਰੂ ਭਾ ਾ ਦੇ ਕਈ ਬਦ ਸਿਖਾ ਦਿੱਤੇ ਤਾਂ ਕਿ ਏਅਰਪੋਰਟ ਉਤੇ ਕੋਈ ਤਕਲੀਫ ਨਾ ਹੋਵੇ । ਕਈ ਮ ੀਨਾਂ ਥਾਣੀ ਲੰਘ ਕੇ ਮੈ ਏਅਰਪੋਰਟ ਤ੍ਰੋ ਬਾਹਰ ਆਇਆ ਹੀ ਸੀ ਕਿ ਮੇਰੇ ਨਾਮ ਦੀ ਤਖਤੀ ਫੜੀ ਇਕ ਸੱਜਣ ਇੰਤਜਾਰ ਕਰ ਰਿਹਾ ਸੀ । ਮੈ ਹੌਂਸਲਾ ਹੋ ਗਿਆ ਕਿ ਹੁਣ ਕੋਈ ਖਤਰਾ ਨਹ੍ਹੀ । ਰਾਤ ਦੇ ਗਿਆਰਾਂ ਵਜੇ ਅਸ੍ਹੀ ਏਰੀਅਲ ਹਿਰ ਪਹੁੰਚ ਗਏ ਜਿੱਥੇ ਅੰਤਰਰਾ ਟਰੀ ਕਾਨਫਰੰਸ ਹੋ ਰਹੀ ਸੀ । ਰਸਤੇ ਵਿੱਚ ਥਾਂ ਥਾਂ ਫੌਜ ਦੇ ਨਾਕੇ ਵੇਖੇ ਅਤੇ ਗ ਤੀ ਗੱਡੀਆਂ ਘੁੰਮ ਰਹੀਆਂ ਸਨ । ਇ ਰਾਈਲ ਦੇ ਹਰ ਹਿਰ ਅਤੇ ਪਿੰਡ ਵਿੱਚ ਫੌਜੀ ਪਹਿਰਾ ਰਹਿੰਦਾ ਹੈ ਤਾਂ ਕਿ ਫਿਲਸਤੀਨੀ ਗੁਰੀਲੇ ਆ ਕੇ ਹਮਲਾ ਨਾ ਕਰ ਦੇਣ । ਇ ਰਾਈਲ ਦਾ ਹਰ ਹਿਰੀ ਫੌਜੀ ਟਰੇਨਿੰਗ ਹਾਸਲ ਕਰਦਾ ਹੈ ਅਤੇ ਯੁੱਧ ਸਮ੍ਹੇ ਮੋਰਚਾ ਸੰਭਾਲ ਲੈਂਦਾ ਹੈ ।

8 ਸਤੰਬਰ ਮੈ ਕਾਨਫਰੰਸ ਵਿੱਚ ਾਮਲ ਹੋਇਆ ਤਾਂ ਵੇਖਿਆ ਕਿ ਸੱਠ ਡੈਲੀਗੇਟਾਂ ਵਿੱਚ੍ਹੋ ਚਾਲੀ ਤਾਂ ਰੂਸੀ ਵਿਗਿਆਨੀ ਹਨ । ਦਰਅਸਲ ਰੂਸ ਦੇ ਯਹੂਦੀ ਪ੍ਰੀਵਾਰ ਇ ਰਾਈਲ ਵਿੱਚ ਆ ਕੇ ਵੱਸ ਗਏ ਅਤੇ ਜੋ ਇਲਾਕਾ ਇ ਰਾਈਲ ਦੀ ਫੌਜ ਨੇ ਫਿਲਸਤੀਨ ਦਾ ਦੱਬਿਆ ਹੋਇਆ ਹੈ ਉਥੇ ਰੂਸੀਆਂ ਆਬਾਦ ਕਰ ਰੱਖਿਆ ਹੈ । ਏਰੀਅਲ ਹਿਰ ਪਿਛਲੇ ਵੀਹ ਸਾਲਾਂ ਦੌਰਾਨ ਹੀ ਆਬਾਦ ਹੋਇਆ ਹੈ

ਅਤੇ ਇਸ ਦੇ ਦੁਆਲੇ ਅਰਬੀ ਮੁਸਲਮਾਨਾਂ ਦੇ ਪਿੰਡ ਹਨ । ਜਦੋਂ ਮੈ ਸਵੇਰੇ ਸੈਰ ਲਈ ਨਿਕਲਿਆ ਤਾਂ ਦੂਰੋਂ ਮਸਜਿਦ ਵਿੱਚੋਂ ਮੌਲਵੀ ਦੇ ਨਮਾ ੁਰੂ ਕਰਨ ਦੀ ਆਵਾਜ ਸੁਣਾਈ ਦਿੱਤੀ ਜਿਸ ਅ ਾਨ ਕਿਹਾ ਜਾਂਦਾ ਹੈ । ਰੂਸ ਕਦੇ ਦੁਨੀਆਂ ਦਾ ਮੋਹਰੀ ਦੇ ਹੋਇਆ ਕਰਦਾ ਸੀ ਪਰੰਤੂ ਕਮਿਊਨਿਸਟ ਹਕੂਮਤ ਨੇ ਇਸ ਦਾ ਭੱਠਾ ਬਿਠਾ ਦਿੱਤਾ ਅਤੇ ਹੁਣ ਰੂਸੀ ਵਿਗਿਆਨੀ ਕੌਡੀਆਂ ਦੇ ਭਾਅ ਵਿਕਣ ਲਈ ਤਿਆਰ ਹੋ ਜਾਂਦੇ ਹਨ । ਬਹੁਤ ਸਾਰੇ ਵਿਗਿਆਨੀ ਮੇਰੇ ਮਿੱਤਰ ਬਣ ਗਏ । ਇ ਰਾਈਲ ਦੀ ਖੂਬੀ ਇਹ ਹੈ ਕਿ ਇਹ ਵਿ ਵ ਭਰ ਦੇ ਯਹੂਦੀਆਂ ਲਈ ਮਾਦਰੇਵਤਨ ਬਣ ਗਿਆ ਹੈ । ਉਹ ਆਪਣੇ ਖੂਨ ਦੀ ਆਖਰੀ ਬੂੰਦ ਤੱਕ ਇਸ ਤੋਂ ਨਿ ਾਵਰ ਕਰਨ ਲਈ ਹਮੇ ਾ ਤਿਆਰ|ਬਰ|ਤਿਆਰ ਰਹਿੰਦੇ ਹਨ । ਅਰਬਾਂ ਨਾਲ ਹੋਈਆਂ ਕਈ ਲੜਾਈਆਂ ਵਿੱਚ ਇ ਰਾਈਲ ਦਾ ਪੱਲੜਾ ਭਾਰੀ ਰਿਹਾ ਹੈ। ਯਹੂਦੀਆਂ ਦੀ ਕੌਮ ਵਿਗਿਆਨ ਅਤੇ ਟੈਕਨਾਲੋ ੀ ਵਿੱਚ ਸਭ ਕੌਮਾਂ ਦੀ ਮੋਹਰੀ ਹੈ ਅਤੇ ਦੁਨੀਆਂ ਭਰ ਦੇ ਅੱਧੇ ਨੋਬਲ ਪੁਰਸਕਾਰ ਜੇਤੂ ਵਿਗਿਆਨੀ ਯਹੂਦੀ ਹੋਏ ਹਨ ।

ਇ ਰਾਈਲ ਦਾ ਇਤਿਹਾਸ ਵੀ ਅਨੋਖਾ ਹੀ ਹੈ । ਵੀਹਵੀਂ ਸਦੀ ਦੇ ੁਰੂ ਵਿੱਚ ਯਹੂਦੀਆਂ ਦੀ ਗਿਣਤੀ ਕੇਵਲ ਪੰਜ ਹ ਾਰ ਸੀ ਅਤੇ ਅਰਬੀ ਮੁਸਲਮਾਨ ਅਤੇ ਈਸਾਈ ਪੰਜ ਲੱਖ ਦੇ ਕਰੀਬ ਸਨ । 1910 ਵਿੱਚ ਅੰਗਰੇਜੀ ਹਕੂਮਤ ਕਾਇਮ ਹੋਈ ਤਾਂ ਉਨ੍ਹਾਂ ਯਹੂਦੀਆਂ ਇਥੇ ਅਬਾਦ ਕਰਨਾ ੁਰੂ ਕਰ ਦਿੱਤਾ । 1936 ਈਸਵੀ ਤੱਕ ਯਹੂਦੀਆਂ ਦੀ ਗਿਣਤੀ ਪੰਜਾਹ ਹ ਾਰ ਹੋ ਗਈ । ਦੂਜੇ ਵਿ ਵ ਯੁੱਧ ਸਮੇਂ ਹਿਟਲਰ ਨੇ ਵੀਹ ਲੱਖ ਯਹੂਦੀ ਕੈਂਪਾਂ ਵਿੱਚ ਡੱਕ ਕੇ ਮਰਵਾ ਦਿੱਤੇ ਅਤੇ ਜੋ ਬਚ ਨਿਕਲੇ ਉਹ ਇ ਰਾਈਲ ਦੀ ਧਰਤੀ ਉਪਰ ਆ ਵੱਸੇ । ਜਦੋਂ ਫਿਲਸਤੀਨ ਦੀ ਵੰਡ ਹੋਈ ਤਾਂ ਯਹੂਦੀਆਂ ਇ ਰਾਈਲ ਮਿਲ ਗਿਆ ਅਤੇ ਅਰਬਾਂ ਜਾਰਡਨ ਵੱਲ ਧੱਕ ਦਿੱਤਾ ਗਿਆ । ਬੱਸ ਇਹੋ ਵੰਡ ਪਵਾੜੇ ਦੀ ਜੜ੍ਹ ਬਣ ਗਈ ਅਤੇ ਅਰਬਾਂ ਨੇ ਆਪਣੀ ਆ ਾਦੀ ਲਈ ਘੋਲ ੁਰੂ ਕਰ ਦਿੱਤਾ। ਅਮਰੀਕਾ ਦੀ ਮੱਦਦ ਨਾਲ ਇ ਰਾਈਲ ਨੇ ਅਰਬਾਂ ਖੂੰਜੇ ਲਾ ਰੱਖਿਆ ਹੈ ਅਤੇ ਹੁਣ ਯਹੂਦੀਆਂ ਦੀ ਗਿਣਤੀ ਪੰਜਾਹ ਲੱਖ ਹੋ ਗਈ ਹੈ ਅਤੇ ਅਰਬੀ ਮੁਸਲਮਾਨ ਕੇਵਲ ਪੰਜ ਲੱਖ ਹੀ ਰਹਿ ਗਏ ਹਨ । ਅਰਬਾਂ ਦੇ ਪਿੰਡਾਂ ਦਵਾਲੇ ਕੰਡਿਆਲੀ ਤਾਰ ਲਗਾਈ ਹੋਈ ਹੈ ਤਾਂ ਕਿ ਉਹ ਬਾਹਰ ਨਾ ਆਉਣ। ਕਈ ਹਿਰਾਂ ਵਿੱਚ ਦੀਵਾਰ ਖੜ੍ਹੀ ਕੀਤੀ ਹੋਈ ਹੈ ਅਤੇ ਅਰਬੀ ਮੁਸਲਮਾਨਾਂ ਕੈਦੀਆਂ ਵਾਂਗ ਘੇਰ ਰੱਖਿਆ ਹੈ । ਯਾਸੀਰ ਅਰਾਫਾਤ ਫਿਲਸਤੀਨ ਦੇ ਬਾਗੀਆਂ ਦਾ ਲੀਡਰ ਹੈ ਪਰੰਤੂ ਇ ਰਾਈਲ ਨੇ ਉਸਦਾ ਨੱਕ ਵਿੱਚ ਦਮ ਕਰ ਰੱਖਿਆ ਹੈ । ਮੇਰੀ ਹਮਦਰਦੀ ਤਾਂ ਦੋਹਾਂ ਕੌਮਾਂ ਨਾਲ ਹੈ ਪਰੰਤੂ ਇਸ ਕਾਣੀ ਵੰਡ ਲਈ ਅੰਗਰੇ ਜਿੰਮੇਵਾਰ ਸਨ ।

ਕਾਨਫਰੰਸ ਦੇ ਆਖਰੀ ਦਿਨ ਪ੍ਰੀਤੀ ਭੋਜਨ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਹਿਰ ਦੇ ਪੰਤਵੰਤੇ ਯਹੂਦੀ ਪ੍ਰੀਵਾਰ ਵੀ ਾਮਲ ਹੋਏ । ਰਾਤ ਭਰ ਨਾਚ ਗਾਣੇ ਦਾ ਪ੍ਰੋਗ੍ਰਾਮ ਚਲਦਾ ਰਿਹਾ । ਮੇਰੀ ਇਕ ਯਾਹੂਦੀ ਪ੍ਰੀਵਾਰ ਨਾਲ ਵਾਕਫੀ ਹੋ ਗਈ ਅਤੇ ਉਹ ਆਪਣੇ ਘਰ ਆਉਣ ਦਾ ਸੱਦਾ ਦੇ ਗਏ । ਮੇਰੇ ਲਈ ਚੰਗਾ ਮੌਕਾ ਬਣ ਗਿਆ ਅਤੇ ਯਹੂਦੀ ਪਿੰਡਾਂ ਦਾ ਦੌਰਾ ਕਰਨ ਦਾ ਅਵਸਰ ਮਿਲ ਗਿਆ । ਮੇਰਾ ਯਹੂਦੀ ਮਿੱਤਰ ਮੋ ੇ ਇਕ ਹਸਪਤਾਲ ਵਿੱਚ ਰੇਡੀਓਗ੍ਰਾਫਰ ਦੀ ਨੌਕਰੀ ਕਰਦਾ ਹੈ । ਉਸਦੀ ਘਰਵਾਲੀ ਯੂਨੀਵਰਸਿਟੀ ਦੀ ਲਾਇਬਰੇਰੀ ਵਿੱਚ ਕੰਮ ਕਰਦੀ ਹੈ । ਧੀ ਕੈਰਿਲ ਫੌਜ ਦੀ ਟ੍ਰੇਨਿੰਗ ਲੈ ਰਹੀ ਹੈ ਅਤੇ ਪੁੱਤਰ ਸਕੂਲ ਵਿੱਚ ਪੜ੍ਹਦਾ ਹੈ । ਮੋ ੇ ਦੇ ਪ੍ਰਵਾਰ ਵਿੱਚ ਤਿੰਨ ਦਿਨ ਗੁਜਾਰਣ ਦਾ ਮੌਕਾ ਮਿਲ ਗਿਆ । ਉਸਦਾ ਘਰ ਤੈਲਅਵੀਵ ਤੋਂ ਪੰਜੀ ਕਿਲੋਮੀਟਰ ਦੂਰ ਮੋ ਵ ਕਿਦਰਾਨ ਦੇ ਪਿੰਡ ਵਿੱਚ ਵਾਕਿਆ ਹੈ । ਅਗਲੀ ਸਵੇਰ ਮੋ ੇ ਦੇ ਮਾਤਾ ਪਿਤਾ ਮਿਲਣ ਆਏ ਅਤੇ ਇਕ ਯਹੂਦੀ ਪ੍ਰੀਵਾਰ ਦੀ ਦਰਦਭਰੀ ਗਾਥਾ ਨੇ ਮੇਰੇ ਰੌਂਗਟੇ ਖੜ੍ਹੇ ਕਰ ਦਿੱਤੇ । ਮੋ ੇ ਦਾ ਪਿਤਾ ਹਿਟਲਰ ਦੀ ਮਾਰ ਤੋਂ ਬਚ ਕੇ ਇ ਰਾਈਲ ਪਹੁੰਚਿਆ ਸੀ । ਜਦੋਂ ਹਿਟਲਰ ਦੇ ਫੌਜੀ ਰੁਮਾਨੀਆਂ ਦੇ ਯਹੂਦੀਆਂ ਗੱਡੀ ਵਿੱਚ ਕੈਦ ਕਰਕੇ ਜਰਮਨੀ ਵੱਲ ਲਿਜਾ ਰਹੇ ਸਨ ਤਾਂ ਉਸਦੇ ਪਿਤਾ ਨੇ ਚੱਲਦੀ ਗੱਡੀ ਤੋਂ ਛਾਲ ਮਾਰ ਕੇ ਜਾਨ ਬਚਾਈ । ਉਹ ਅਜੇ ਬਾਰਾਂ ਸਾਲ ਦਾ ਬੱਚਾ ਸੀ । ਕਿਸੇ ਸਮੁੰਦਰੀ ਜਹਾਜ ਵਿੱਚ ਸਵਾਰ ਹੋ ਕੇ ਉਹ ਇ ਰਾਈਲ ਪਹੁੰਚ ਗਿਆ ਅਤੇ ਇਸ ਪਿੰਡ ਦੇ ਯਹੂਦੀ ਕਿਸਾਨਾਂ ਦੀ ਨੌਕਰੀ ਕਰਨ ਲੱਗਾ । ਮੋ ੇ ਦੇ ਪਿਤਾ ਨੇ ਯਹੂਦੀਆਂ ਉਪਰ ਢਾਹੇ ਗਏ ਜ਼ੁਲਮਾਂ ਦੀ ਦਾਸਤਾਨ ਸੁਣਾਈ ਤਾਂ ਸਭ ਦੇ ਹਿਰਦੇ ਕੰਬ ਗਏ, ਉਸਦੀ ਹੱਡਬੀਤੀ ਹਰ ਯਹੂਦੀ ਪ੍ਰੀਵਾਰ ਨਾਲ ਵਾਪਰੀ ਘਟਨਾ ਹੈ ਜੋ ਯੂਰਪ ਤੋਂ ਇ ਰਾਈਲ ਪਹੁੰਚਿਆ ਸੀ।

ਐਤਵਾਰ ਦੇ ਦਿਨ ਅਸੀਂ ਤੈਲਅਵੀਵ ਕੋਲ ਇਕ ਇਤਿਹਾਸਕ ਹਿਰ ਵੇਖਣ ਗਏ ਜਿਸ ਯਾਫਾ ਕਹਿੰਦੇ ਹਨ । ਇਥੇ ਰੋਮਨ ਅਤੇ ਤੁਰਕਾਂ ਦਾ ਕਬਜਾ ਰਿਹਾ ਹੈ ਅਤੇ ਇਹ ਫਿਲਸਤੀਨ ਦੀ ਬੰਦਰਗਾਹ ਹੋਇਆ ਕਰਦੀ ਸੀ । ਤੈਲਅਵੀਵ ਵੀਹਵੀਂ ਸਦੀ ਦਾ ਹਿਰ ਹੈ ਪਰੰਤੂ ਯਾਫਾ ਤਿੰਨ ਹਜਾਰ ਸਾਲ ਪੁਰਾਣਾ ਹਿਰ ਹੈ ਜਿਸ ਕਰਕੇ ਸਾਰੇ ਯਾਤਰੀ ਇਥੋਂ ਹੀ ਸਮੁੰਦਰੀ ਤੱਟ ਅਤੇ ਗਲੀਆਂ ਵਿੱਚ ਘੁੰਮ ਕੇ ਪੁਰਾਣੀ ਸਭਿਅਤਾ ਦੀ ਯਾਦ ਤਾਜਾ ਕਰਦੇ ਹਨ । ਵਾਪਸ ਮੁੜਨ ਸਮੇਂ ਅਸੀਂ ਇਕ ਪੁਰਾਣੇ ਪਿੰਡ ਦਾ ਦੌਰਾ ਕੀਤਾ ਜਿਸ ਦਾ ਨਾਮ ਗੀਵਾ ਬਰੈਨੇਰ ਹੈ ।

ਜਦੋਂ ਰੂਸ ਤੋਂ ਯਹੂਦੀ ਪ੍ਰੀਵਾਰ ਇ ਰਾਈਲ ਆ ਕੇ ਵੱਸ ਗਏ ਤਾਂ ਉਨ੍ਹਾਂ ਨੇ ਰੂਸੀ ਕਮਿਊਨ ਦੀ ਤਰ  ਉਪਰ ਖੇਤੀ ਦਾ ਕੰਮ _ਰੂ ਕੀਤਾ । ਇਸ ਕਿਸਮ ਦੇ ਪਿੰਡ ਨੂੰ ਕਾਬੂ  ਕਿਹਾ ਜਾਂਦਾ ਹੈ । ਕਾਬੂ  ਵਿੱਚ ਕਈ ਪ੍ਰੀਵਾਰ ਰਲਕੇ ਸਾਂਝੀ ਖੇਤੀ ਕਰਦੇ ਹਨ, ਇਕੋ ਮੈਸ ਵਿੱਚ ਲੰਗਰ ਪੱਕਦਾ ਹੈ ਅਤੇ ਸਾਰੇ ਪਿੰਡ ਦੇ ਲੋਕ ਇਕ ਪ੍ਰੀਵਾਰ ਵਾਂਗ ਰਲਕੇ ਰਹਿੰਦੇ ਹਨ। ਬੱਚਿਆਂ  ਸਾਂਝੇ ਹੋਸਟਲ ਵਿੱਚ ਰੱਖਿਆ ਜਾਂਦਾ ਹੈ । ਮੈ  ਜਾਪਿਆ ਇਹ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ ਅਤੇ ਵੰਡ ਛਕੋ ਸਿਧਾਂਤ ਦੀ ਸੁੰਦਰ ਉਦਾਹਰਣ ਹੈ । ਅਸੀਂ ਕਾਬੂ  ਦੇ ਅਜਾਇਬ ਘਰ ਦਾ ਚੱਕਰ ਲਗਾਇਆ ਅਤੇ ਵੇਖਿਆ ਕਿ ਆਟਾ ਪੀਹਣ ਲਈ ਚੱਕੀ, ਪੱਠੇ ਕੁਤਰਨ ਦੀ ਮ ਨਿ ਅਤੇ ਹੋਰ ਸਾਜੋ ਸਮਾਨ ਸਾਡੇ ਪੰਜਾਬ ਦੇ ਪਿੰਡਾਂ ਵਾਂਗ ਹੀ ਮਿਲਦਾ ਹੈ । ਹੁਣ ਪੰਜਾਬ ਵਿੱਚ ਵੀ ਸਭਿਆਚਾਰਕ ਤਬਦੀਲੀ ਆ ਚੁੱਕੀ ਹੈ ।  ਕਾਬੂ  ਪੰਜਾਬ ਦੇ ਪੁਰਾਣੇ ਪਿੰਡਾਂ ਦੀ ਚੰਗੀ ਮਿਸਾਲ ਪੇ  ਕਰਦੇ ਹਨ ਅਤੇ ਮੇਰੇ ਲਈ ਇ ਰਾਈਲ ਦੀ ਯਾਤਰਾ ਪਿੰਡ ਵੇਖੇ ਬਗੈਰ ਅਧੂਰੀ ਰਹਿ ਜਾਣੀ ਸੀ ।

# ਪੈਗੰਬਰਾਂ ਦਾ  ਹਿਰ : ਯੂਰੋ ਲਮ

---

ਜਿਸ ਤਰ੍ਹਾਂ ਭਾਰਤ ਵਿੱਚ ਕਾ ੀ   ਦੇਵਤਿਆਂ ਦੀ ਨਗਰੀ ਮੰਨਿਆ ਜਾਂਦਾ ਹੈ, ਉਸੇ ਤਰ੍ਹਾਂ ਹੀ ਇ ਰਾਈਲ ਦੀ ਰਾਜਧਾਨੀ ਯੂਰੋ ਲਮ  ਸਾਮੀ ਧਰਮਾਂ ਦੇ ਪੈਗੰਬਰਾਂ ਦਾ  ਹਿਰ ਕਰਕੇ ਜਾਣਿਆ ਜਾਂਦਾ ਹੈ । 4000 ਸਾਲ ਦਾ ਇਤਿਹਾਸ ਇਸ  ਹਿਰ ਦੇ ਖੰਡਰਾਂ ਹੇਠ ਦੱਬਿਆ ਮਿਲ ਜਾਂਦਾ ਹੈ । ਵਿ ਵ ਭਰ ਵਿੱਚ ਇਸ ਦੀ ਧਾਰਮਿਕ ਮਹਾਨਤਾ ਸਭ ਤੋਂ ਉਪਰ ਮੰਨੀ ਜਾਂਦੀ ਹੈ । ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਦੇ ਪੈਗੰਬਰ ਯੂਰੋ ਲਮ  ਹਿਰ ਵਿੱਚ ਪਧਾਰੇ ਅਤੇ ਇਨ੍ਹਾਂ ਦੀਆਂ ਯਾਦਾਂ ਨਾਲ ਸੰਬੰਧਿਤ ਧਾਰਮਿਕ ਸਥਾਨ ਇਸ  ਹਿਰ ਦੀ ਹਰ ਗਲੀ ਮੋੜ ਉਪਰ ਮਿਲ ਜਾਂਦੇ ਹਨ । ਇਹ 24 ਵਾਰ ਤਹਿਸ ਨਹਿਸ ਹੋ ਕੇ ਫਿਰ ਇਕ ਜਿੰਦਾ  ਹਿਰ ਹੈ ਜਿੱਥੇ ਸਾਮੀ ਧਰਮਾਂ ਦੇ ਪੈਗੰਬਰ ਅਤੇ ਉਨ੍ਹਾਂ ਦੇ ਪੈਰੋਕਾਰ ਦਫਨ ਕੀਤੇ ਗਏ ਸਨ । ਇਸ ਦੀਆਂ ਨੀਹਾਂ ਹੇਠ ਲੱਖਾਂ ਮਾਸੂਮਾਂ ਦਾ ਖੂਨ ਡੁੱਲਿਆ ਹੈ ਕਿਉਂਕਿ ਧਰਮ ਦੇ ਨਾਮ ਉਪਰ ਹੋਏ ਜੁਲਮਾਂ ਦੀ ਇਹ ਜੀਉਂਦੀ ਜਾਗਦੀ ਮਿਸਾਲ ਹੈ । ਗੁਰਬਾਣੀ ਵਿੱਚ ਲਾਹੌਰ  ਹਿਰ ਦੇ ਜੁਲਮਾਂ ਦਾ ਜਿਕਰ ਮਿਲਦਾ ਹੈ :  ਲਾਹੌਰ  ਹਿਰ ਕਹਿਰ ਸਵਾ ਪਹਿਰ" । ਯੂਰੋ ਲਮ ਬਾਰੇ ਵੀ ਇਹੋ ਜਿਹੀਆਂ ਲੋਕ ਪ੍ਰਿਆ ਕਹਾਵਤਾਂ ਮ ਹੂਰ ਹਨ ।

10 ਸਤੰਬਰ   ਯੂਰੋ ਲਮ ਦੀ ਯਾਤਰਾ ਦਾ ਪ੍ਰੋਗਰਾਮ ਮਿਥਿਆ ਗਿਆ । ਸਾਰੇ ਡੈਲੀਗੇਟ ਬੱਸ ਤੇ ਸਵਾਰ ਹੋ ਕੇ ਇਸ ਪਵਿੱਤਰ  ਹਿਰ ਦੀ ਯਾਤਰਾ ਤੇ ਨਿਕਲ ਪਏ । ਇ ਰਾਈਲ ਦੀ ਧਰਤੀ ਪਾਣੀ ਦੀ ਘਾਟ ਹੋਣ ਕਰਕੇ ਪਥਰੀਲੀ ਅਤੇ ਮਾਰੂਥਲ ਹੈ । ਰਸਤੇ ਵਿੱਚ ਅੰਗੂਰਾਂ ਦੇ ਬਾਗ ਅਤੇ ਜੈਤੂਨ ਦੇ ਜੰਗਲੀ ਰੁੱਖ ਵੇਖੇ । ਜੈਤੂਨ ਦੇ ਰੁੱਖ ਤਾਂ ਹਰ ਘਰ ਅਤੇ ਖੇਤ ਵਿੱਚ ਲੱਭ ਪੈਂਦੇ ਹਨ ਅਤੇ ਇਹ ਇਥੋਂ ਦੀ ਕੁਦਰਤੀ ਫਸਲ ਹੈ ਜਿਸ ਤੋਂ ਤੇਲ ਅਤੇ ਆਚਾਰ ਤਿਆਰ ਕਰ ਲਿਆ ਜਾਂਦਾ ਹੈ । ਯੂਰੋ ਲਮ ਪਥਰੀਲੇ ਪਹਾੜਾਂ ਦੀ ਚੋਟੀ ਉਪਰ ਵੱਸਿਆ  ਹਿਰ ਹੈ । ਇਤਿਹਾਸਕ  ਹਿਰ ਤਾਂ ਚਾਰ ਦੀਵਾਰੀ ਦੇ ਅੰਦਰ ਹੀ ਹੈ ਪਰੰਤੂ ਨਵਾਂ  ਹਿਰ ਦੂਰ ਤੱਕ ਫੈਲਿਆ ਲੱਭਦਾ ਹੈ । ਯਾਤਰੂਆਂ ਦੀ ਖਿੱਚ ਦਾ ਕਾਰਨ ਪੁਰਾਣਾ ਹਿੱਸਾ ਹੈ ਜਿੱਥੇ ਬਹੁਤੇ ਸਾਮੀ ਧਰਮਾਂ ਦੇ ਪੈਗੰਬਰਾਂ ਦੀਆਂ ਯਾਦਗਾਰਾਂ ਕਾਇਮ ਹਨ ।

ਦਸ ਵਜੇ ਦੇ ਕਰੀਬ ਅਸੀਂ  ਜੈਤੂਨਾਂ ਦੇ ਪਹਾੜ  ਉਪਰ ਪਹੁੰਚ ਗਏ ਜਿੱਥੋਂ ਯੂਰੋ ਲਮ ਦਾ ਨ ਾਰਾ ਵੇਖਿਆ ਜਾ ਸਕਦਾ ਹੈ । ਇਸ ਪਹਾੜ ਉਪਰ ਹੀ ਹੀਬਰੂ ਯੂਨੀਵਰਸਿਟੀ ਦਾ ਕੈਂਪਸ ਹੈ ਜੋ ਵਿ ਵ ਭਰ ਵਿੱਚ ਭਾ ਾ ਦੇ ਨਾਮ ਉਪਰ ਉਸਾਰੀ ਗਈ ਪਹਿਲੀ ਸੰਸਥਾ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੂਜੇ ਸਥਾਨ ਉਪਰ ਆਉਂਦੀ ਹੈ । ਜੋ ਕੰਮ ਹੀਬਰੂ ਯੂਨੀਵਰਸਿਟੀ ਨੇ ਇਕ ਮਰ ਚੁੱਕੀ ਭਾ ਾ   ਜਿੰਦਾ ਕਰਨ ਵਿੱਚ ਕੀਤਾ ਹੈ, ਪੰਜਾਬੀ ਯੂਨੀਵਰਸਿਟੀ ਉਸਦੇ ਪਾਸਕੂ ਵੀ ਨਹੀਂ ਆਉਂਦੀ ਜਿਸ ਕਰਕੇ ਪੰਜਾਬੀ ਭਾ ਾ ਵਿ ਵ ਭਰ ਵਿੱਚ ਉਹ ਸਥਾਨ ਨਹੀਂ ਪ੍ਰਾਪਤ ਕਰ ਸਕੀ ਜੋ ਇਸ ਦਾ ਬਣਦਾ ਹੈ । ਖੈਰ ਇਹ ਇੱਕ ਵੱਖਰੇ ਲੇਖ ਦਾ ਵਿ ਾ ਹੋਵੇਗਾ ।  ਜੈਤੂਨਾਂ ਦਾ ਪਹਾੜ  ਇਸ ਕਰਕੇ ਪ੍ਰਸਿੱਧ ਹੈ ਕਿਉਂਕਿ ਈਸਾ ਮਸੀਹ ਦੀ ਯਾਦ ਇਸ ਨਾਲ ਜੁੜੀ ਹੋਈ ਹੈ । ਈਸਾ ਮਸੀਹ ਦਾ ਜਨਮ ਬੈਥਲਹਮ ਵਿੱਚ ਹੋਇਆ ਜੋ ਯੂਰੋ ਲਮ ਦੇ ਨੇੜੇ ਹੀ ਹੈ । ਉਹ ਆਪਣੇ ਆਜੜੀ ਸਾਥੀਆਂ ਨਾਲ ਇਸ ਪਹਾੜ ਉਪਰ ਆਇਆ ਕਰਦੇ ਸਨ । ਇਸ ਦੇ ਇਕ ਬਾਗ ਵਿੱਚੋਂ ਹੀ ਉਨ੍ਹਾਂ  ਕੈਦ ਕੀਤਾ ਗਿਆ ਸੀ । ਬਾਈਬਲ ਵਿੱਚ ਇਸ ਪਹਾੜ ਦਾ ਜਿਕਰ ਆਉਂਦਾ ਹੈ । ਇਸ ਪਹਾੜ ਤੋਂ ਹ ਰਤ ਮੁਹੰਮਦ ਸਾਹਿਬ ਦੀ ਯਾਦ ਵਿੱਚ ਬਣੀ ਐਲ਼ਅਕਸਾ ਮਸਜਿਦ, ਯਹੂਦੀਆ ਦੇ ਪੈਗੰਬਰ ਮੂਸਾ ਨਾਲ ਸੰਬੰਧਿਤ ਮੰਦਰ ਅਤੇ ਈਸਾਈਆਂ ਦੇ ਕਈ ਗਿਰਜਾਘਰ ਨਜਰੀਂ ਪੈਂਦੇ ਹਨ । ਪਹਾੜ ਦੀ ਢਲਾਣ ਉਪਰ ਯਹੂਦੀਆਂ ਅਤੇ ਮੁਸਲਮਾਨਾਂ ਦੇ ਕਬਰਸਤਾਨ ਇਸ  ਹਿਰ ਵਿੱਚ ਹੋਏ ਕਤਲੋਗਾਰਤ ਦੀ ਤਸਵੀਰ ਪੇ  ਕਰਦੇ ਹਨ ।

ਯੂਰੋ ਲਮ ਦੇ ਇਤਿਹਾਸਕ ਪੁਰਾਣੇ  ਹਿਰ ਵਿੱਚ ਦਾਖਲ ਹੋ ਕੇ ਮੈ  ਪੁਰਾਣੀ ਦਿੱਲੀ ਦੇ ਕੂਚੇ ਅਤੇ ਤੰਗ ਗਲੀਆਂ ਯਾਦ ਆ ਗਈਆਂ । ਇਥੇ ਵੀ ਗਾਈਡ ਬਗੈਰ ਯਾਤਰੀ ਰਾਹ ਭੁੱਲ ਜਾਂਦੇ ਹਨ । ਕਈ ਜਗਹ ਤਾਂ ਸੂਰਜ ਦੀ ਰੌ ਨੀ ਵੀ ਨਹੀਂ ਪਹੁੰਚਦੀ।  ਹਿਰ ਦੇ ਚਾਰ ਹਿੱਸੇ ਹਨ । ਇਕ ਯਹੂਦੀਆਂ ਦੇ ਕਬਜੇ ਵਿੱਚ ਹੈ ਅਤੇ ਬਾਕੀ ਈਸਾਈਆਂ, ਅਰਬੀ ਮੁਸਲਮਾਨਾਂ ਅਤੇ ਆਰਮੀਨੀ ਵਾਿਦਿਆਂ ਕੋਲ ਹਨ । ਇਹੋ ਕਾਰਨ ਹੈ ਕਿ ਇਥੇ ਦੰਗੇ ਫਸਾਦ ਹੁੰਦੇ ਰਹਿੰਦੇ ਹਨ । ਹੁਣ ਯਹੂਦੀਆਂ ਦਾ ਬੋਲਬਾਲਾ ਹੋ ਗਿਆ ਜਾਪਦਾ ਹੈ ਪਰੰਤੂ ਇ ਰਾਈਲ ਕਾਇਮ ਹੋਣ ਤੋਂ ਪਹਿਲਾਂ ਅਰਬੀ ਮੁਸਲਮਾਨ  ਹਿਰ ਉਪਰ ਭਾਰੂ ਸਨ । 1948 ਵਿੱਚ ਫਿਲਸਤੀਨ ਦੀ ਵੰਡ ਹੋਣ ਵੇਲੇ ਯੂਰੋ ਲਮ ਨੂੰ ਅੰਤਰ

ਰਾ ਟਰੀ  ਹਿਰ ਦਾ ਦਰਜਾ ਮਿਲ ਗਿਆ ਅਤੇ ਇਸ ਦਾ ਪ੍ਰਬੰਧ ਸਿੱਧਾ ਯੂ ਐਨ ੳ ਹੇਠ ਸੀ । ਪਰੰਤੂ ਬਾਅਦ ਵਿੱਚ ਇਸ ਦੇ ਦੋ ਹਿੱਸੇ ਕਰ ਦਿੱਤੇ ਗਏ ਅਤੇ ਲੜਾਈ ਦਾ ਮੁੱਢ ਬੱਝ ਗਿਆ ਜੋ ਅਜੇ ਤੱਕ ਜਾਰੀ ਹੈ ।

ਸਾਡੇ ਗਾਈਡ ਨੇ ਯੂਰੋ ਲਮ ਦੇ ਕਈ ਖੰਡਰ ਵੀ ਵਿਖਾਏ । ਰੋਮਨ ਬਾਦ ਾਹਾਂ ਤੋਂ ਬਾਅਦ, ਅਰਬਾਂ ਦਾ ਰਾਜ ਹੋ ਗਿਆ, ਫਿਰ ਮੰਗੋਲ ਅਤੇ ਅਖੀਰ ਪੰਜ ਸੌ ਸਾਲ ਤੁਰਕਾਂ ਦਾ ਰਾਜ ਕਾਇਮ ਰਿਹਾ । ਅੰਗਰੇਜਾਂ ਨੇ ਪਹਿਲੇ ਵਿ ਵ ਯੁੱਧ ਦੌਰਾਨ ਇਸ  ਹਿਰ ਉਪਰ ਕਬਜਾ ਕਰ ਲਿਆ ਅਤੇ ਯਹੂਦੀਆਂ   ਇਥੇ ਵਸਾਉਣਾ _ਰੂ ਕਰ ਦਿੱਤਾ । ਜਦੋਂ ਅਰਬਾਂ ਦਾ ਰਾਜ ਕਾਇਮ ਹੋਇਆ ਤਾਂ ਉਹਨਾਂ ਨੇ ਯਹੂਦੀਆਂ ਅਤੇ ਈਸਾਈਆਂ ਦੇ ਗਿਰਜਾਘਰ ਢਾਹ ਕੇ ਮਸੀਤਾਂ ਉਸਾਰ ਦਿੱਤੀਆ । ਕਤਲੋਗਾਰਤ ਕੀਤਾ ਗਿਆ ਜਿਵੇਂ ਦਿੱਲੀ  ਹਿਰ ਵਿੱਚ ਹੋਇਆ ਕਰਦਾ ਸੀ, ਉਹੋ ਹੀ ਯੂਰੋ ਲਮ ਦੀ ਕਥਾ ਕਹਾਣੀ ਹੈ । ਇਤਿਹਾਸਕ ਯਾਦਾਂ ਨੂੰ ਤਾਜਾ ਕਰਨ ਲਈ ਅਸੀਂ ਯੂਰੋ ਲਮ ਦੀ ਉਸ ਗਲੀ ਵਿੱਚ ਘੁੰਮਣਾ ਚਾਹੁੰਦੇ ਸਾਂ ਜਿੱਥੋਂ ਦੋ ਹ ਾਰ ਸਾਲ ਪਹਿਲਾਂ ਹ ਰਤ ਈਸਾ ਆਪਦੀ ਸਲੀਬ ਲੈ ਕੇ ਲੰਘੇ ਸਨ । ਇਸ ਗਲੀ ਦਾ ਨਾਮ  ਦੋਲਾਰੋਸਾ  ਹੈ, ਭਾਵ  ਦੁੱਖਾਂ ਦੀ ਗਲੀ । ਜਦੋਂ ਹ ਰਤ ਈਸਾ   ਰੋਮਨ ਬਾਦ ਾਹ ਦੇ ਯਹੂਦੀ ਗਵਰਨਰ ਨੇ ਯੂਰੋ ਲਮ ਵਿੱਚ ਕੈਦ ਕਰ ਲਿਆ ਅਤੇ ਮੌਤ ਦੀ ਸਜਾ ਸੁਣਾਈ ਤਾਂ ਯਹੂਦੀ ਲੋਕਾਂ ਨੇ ਹ ਰਤ ਈਸਾ ਦਾ ਮੌਜੂ ਉਡਾਇਆ । ਉਸ ਨੂੰ ਕੰਡਿਆਂ ਦਾ ਤਾਜ ਪਹਿਨਾ ਕੇ, ਮੋਢੇ ਤੇ ਸਲੀਬ ਲਟਕਾ ਕੇ ਇਸ ਗਲੀ ਵਿੱਚੋਂ ਲੈ ਕੇ ਗਏ ਸਨ । ਹ ਰਤ ਈਸਾ ਡਿਗਦੇ ਢਹਿੰਦੇ ਜਾ ਰਹੇ ਸਨ ਅਤੇ ਉਨ੍ਹਾਂ ਦੀ ਯਾਦ ਵਿੱਚ ਚੌਦਾਂ ਮੁਕਾਮਾਂ ਤੇ ਯਾਦਾਂ ਕਾਇਮ ਕੀਤੀਆਂ ਗਈਆਂ ਹਨ । ਸਾਡੇ ਲਈ  ਦੁਖਾਂ ਦੀ ਗਲੀ  ਵਿੱਚੋ ਲੰਘਣਾ ਹ ਰਤ ਈਸਾ   ਰਧਾਂਜਲੀ ਪੇ  ਕਰਨਾ ਸੀ । ਅਖੀਰਲੇ ਮੁਕਾਮ ਉਪਰ ਹ ਰਤ ਈਸਾ   ਸਲੀਬ ਉਪਰ ਲਟਕਾਇਆ ਗਿਆ ਜਿੱਥੇ ਹੁਣ ਇਕ ਸੁੰਦਰ ਗਿਰਜਾਘਰ ਕਾਇਮ ਹੈ ਜੋ ਰੋਮਨ ਬਾਦ ਾਹ ਕੰਨਸਤੈਤਿਨ ਨੇ ਬਣਵਾਇਆ ਸੀ ।

ਯੂਰੋ ਲਮ ਤੋਂ ਬਾਹਰ ਹ ਰਤ ਈਸਾ ਨਾਲ ਜੁੜੀਆਂ ਕਈ ਘਟਨਾਵਾਂ ਹਨ ਅਤੇ ਹਰ ਜਗਹ ਗਿਰਜਾਘਰ ਉਸਾਰੇ ਗਏ ਹਨ । ਇਹ ਯਾਦਗਾਰਾਂ ਫਿਲਸਤੀਨ ਘੇਰੇ ਅੰਦਰ ਹੋਣ ਕਰਕੇ ਅਸੀਂ ਜਾਣਾ ਠੀਕ ਨਾ ਸਮਝਿਆ ਕਿਉਂਕਿ ਆਤਮਘਾਤੀ ਦਸਤੇ ਇਸ ਹੱਦ ਅੰਦਰ ਹੀ ਮੌਜੂਦ ਹਨ । ਯਹੂਦੀਆਂ ਦੀ ਸਭ ਤੋਂ ਮਹੱਤਵਪੂਰਨ ਯਾਦਗਾਰ ਐਲ਼ਅਕਸਾ ਮਸਜਿਦ ਦੀ ਬਾਹਰਲੀ ਕੰਧ ਹੈ ਜੋ ਉਨ੍ਹਾਂ ਦੇ ਪੈਗੰਬਰ ਨਾਲ ਸਬੰਧ ਰੱਖਦੀ ਹੈ । ਅਰਬੀ ਮੁਸਲਮਾਨਾਂ ਨੇ ਪੈਗੰਬਰ ਦੀ ਯਾਦਗਾਰ ਢਾਹ ਕੇ ਮਸਜਿਦ ਉਸਾਰ ਲਈ । ਇਸ ਇਤਿਹਾਸਕ ਕੰਧ ਨਾਲ ਹਰ ਯਹੂਦੀ ਮੁਹੱਬਤ ਕਰਦਾ ਹੈ ਅਤੇ ਬੜੀ ਦੀਵਾਨਗੀ ਅਤੇ ਮਸਤੀ ਵਿੱਚ ਆ ਕੇ ਪ੍ਰਾਰਥਨਾ ਕਰਦਾ ਹੈ । ਕਈ ਉਚੀ ਉਚੀ ਰੋਂਦੇ ਵੀ ਹਨ ਜਿਸ ਕਰਕੇ ਇਸ ਕੰਧ    ਚੀਖਾਂ ਭਰੀ ਕੰਧ  ਕਿਹਾ ਜਾਂਦਾ ਹੈ । ਜਦੋਂ ਅਸੀਂ ਇਥੇ ਗਏ ਤਾਂ ਕਈ ਯਹੂਦੀ ਪ੍ਰਾਰਥਨਾ ਕਰ ਰਹੇ ਸਨ ਅਤੇ ਝੂਮ ਝੂਮ ਕੇ ਮੰਨਤਾ ਮੰਗ ਰਹੇ ਸਨ ।

ਆਪਣੇ ਟਿਕਾਣੇ ਤੇ ਮੁੜਨ ਤੋਂ ਪਹਿਲਾਂ ਅਸੀਂ ਇ ਰਾਈਲ ਦੇ ਕੁਝ ਹੋਰ ਇਤਿਹਾਸਕ ਸਥਾਨ ਵੇਖਣ ਦਾ ਮਨ ਬਣਾ ਲਿਆ । ਦੁਨੀਆਂ ਦਾ ਸਭ ਤੋਂ ਪੁਰਾਣਾ  ਹਿਰ  ਜੈਰੀਕੋ  ਜੋ ਹਾਲੇ ਵੀ ਕਾਇਮ ਹੈ, ਵੇਖ ਕੇ ਅਸੀਂ ਧਰਤੀ ਦਾ ਸਭ ਤੋਂ ਡੂੰਘਾ ਖਿੱਤਾ ਵੇਖਣ ਤੁਰ ਪਏ ਜਿਸ   ਮਰਿਆ ਸਮੁੰਦਰ  (ਣ਼ਕਦ ਛਕ਼) ਕਹਿੰਦੇ ਹਨ । ਇਹ ਸਮੁੰਦਰ ਖਾਰੇ ਪਾਣੀ ਦਾ ਸਰੋਤ ਹੈ ਅਤੇ ਇਸ ਦੀ ਇਹ ਖੂਬੀ ਹੈ ਕਿ ਹਰ ਚੀਜ ਉਪਰ ਤਰਦੀ ਰਹਿੰਦੀ ਹੈ ਅਤੇ ਡੁੱਬਦੀ ਨਹੀਂ । ਪਾਣੀ ਇੰਨਾ ਭਾਰਾ ਹੈ ਕਿ ਤੁਸੀਂ ਇਸ ਉਪਰ ਚੌਂਕੜੀ ਮਾਰ ਕੇ ਬੈਠ ਸਕਦੇ ਹੋ ਅਤੇ ਕਿਤਾਬ ਪੜ੍ਹ ਸਕਦੇ ਹੋ । ਮੈ  ਤੈਰਨਾ ਨਹੀਂ ਆਉਂਦਾ ਪਰੰਤੂ ਇਸ ਸਮੁੰਦਰ ਵਿੱਚ ਮੈ ਵੀ ਨਹਾ ਸਕਿਆ । ਇਸ    ਮਰਿਆ ਸਮੁੰਦਰ  ਇਸ ਕਰਕੇ ਕਹਿੰਦੇ ਹਨ ਕਿਉਂਕਿ ਇਸ ਵਿੱਚ ਮੱਛੀਆਂ ਅਤੇ ਹੋਰ ਜੀਵ ਜੀਉਂਦੇ ਨਹੀਂ ਰਹਿ ਸਕਦੇ। ਇਸ ਦੀ ਡੂੰਘਾਈ ਜਿਆਦਾ ਨਹੀਂ ਪਰੰਤੂ ਧਰਤੀ ਦਾ ਇਹ ਖਿੱਤਾ ਸਮੁੰਦਰ ਦੀ ਸਤਹ ਤੋਂ ਇਕ ਹ ਾਰ ਫੁੱਟ ਨੀਵਾਂ ਹੈ ਅਤੇ ਯਾਤਰੂ ਇਸ ਦੀ ਪ੍ਰੀਕਰਮਾ ਕਰਨ ਆਉਂਦੇ ਹਨ ।

ਇਸ ਸਮੁੰਦਰ ਦੇ ਕੰਢੇ ਦੋ ਇਤਿਹਾਸਕ ਯਾਦਗਾਰਾਂ ਦੇ ਖੰਡਰ ਵਿ ਵ ਭਰ ਵਿੱਚ ਪ੍ਰਸਿੱਧ ਹਨ । ਮਸਾਦਾ ਇਕ ਪਹਾੜੀ ਉਪਰ ਯਹੂਦੀਆਂ ਦੇ ਗਵਰਨਰ ਹੈਰੋਡ ਦਵਾਰਾ ਤਾਮੀਰ ਕਰਵਾਇਆ ਗਿਆ  ਹਿਰ ਸੀ ਜੋ ਰੋਮਨ ਹਮਲਾਵਾਰਾਂ ਨੇ ਤਬਾਹ ਕਰ ਦਿੱਤਾ । ਘੇਰੇ ਵਿੱਚ ਆਏ ਯਹੂਦੀਆਂ ਨੇ ਹਥਿਆਰ ਨਹੀਂ ਸੁੱਟੇ ਸਗੋਂ ਸਾਰੇ ਯੋਧਿਆਂ ਨੇ ਮਤਾ ਪਾਸ ਕਰਕੇ ਆਤਮਘਾਤ ਕਰ ਲਿਆ ਅਤੇ ਰੋਮਨਾਂ ਦੇ ਗੁਲਾਮ ਨਾ ਬਣੇ । ਇਹ ਘਟਨਾ 73 ਈਸਵੀ ਵਿੱਚ ਵਾਪਰੀ ਅਤੇ ਯਹੂਦੀਆਂ ਦੀ ਲਾਸਾਨੀ  ਹਾਦਤ ਦਾ ਪ੍ਰਤੀਕ ਬਣ ਗਈ ।

ਦੂਸਰੇ  ਹਿਰ ਦਾ ਨਾਮ ਕੁਮਰਾਨ ਹੈ ਜਿਥੇ ਯਹੂਦੀਆਂ ਦਾ ਇਕ ਫਿਰਕਾ ਈਸੀਨ ਆਬਾਦ ਹੋਇਆ ਕਰਦਾ ਸੀ । ਜਦੋਂ ਰੋਮਨਾਂ ਨੇ ਮਸਾਦਾ ਉਪਰ ਕਬਜਾ ਕਰ ਲਿਆ ਤਾਂ ਕੁਮਰਾਨ ਦੇ ਵਾਿੰਦੇ ਪਹਾੜਾਂ ਦੀਆਂ ਗੁਫਾਵਾਂ ਵਿੱਚ ਲੁਕ ਕੇ ਰਹਿਣ ਲੱਗ ਪਏ । ਇਨ੍ਹਾਂ   ਹਰ

ਵੇਲੇ ਮੌਤ ਦਾ ਡਰ ਬਣਿਆ ਰਹਿੰਦਾ ਪਰੰਤੂ ਯਹੂਦੀ ਲਿਖਾਰੀਆਂ ਨੇ ਆਪਣਾ ਇਤਿਹਾਸ, ਧਾਰਮਿਕ ਅਤੇ ਦਾਰ ਨਿਕ ਗਰੰਥ ਲਿਖ ਕੇ ਮਿਟੀ ਦੇ ਬਰਤਨਾਂ ਵਿੱਚ ਬੰਦ ਕਰ ਦਿੱਤੇ । ਇਕ ਭੇਡਾਂ ਚਾਰਦਾ ਆਜੜੀ ਗਵਾਚੀ ਹੋਈ ਭੇਡ ਦੀ ਭਾਲ ਵਿੱਚ ਇਕ ਗੁਫਾ ਵਿੱਚ ਜਾ ਵੜਿਆ ਅਤੇ ਇਨ੍ਹਾਂ ਗ੍ਰੰਥਾਂ ਦੀ ਟੋਹ ਕੱਢ ਲਿਆਇਆ । ਬਾਈਬਲ ਦੀਆਂ ਬਹੁਤ ਸਾਰੀਆਂ ਗਾਥਾਵਾਂ ਇਨ੍ਹਾਂ ਨਾਲ ਮੇਲ ਖਾਂਦੀਆਂ ਹਨ , ਇਸ ਅਨਮੋਲ ਖਜਾਨੇ ਯੂਰੋ ਲਮ ਦੇ ਅਜਾਇਬ ਘਰ ਵਿੱਚ ਸਾਂਭਿਆ ਗਿਆ ਹੈ ਅਤੇ ਚਮੜੇ ਉਪਰ ਲਿਖੇ ਇਨ੍ਹਾਂ ਗ੍ਰੰਥਾਂ ਡੈਡ ਸੀ ਸਕਰੋਲ (ਣਕ੍ਦ ਛਕ੍ ਛਫਗਰ;;) ਕਿਹਾ ਜਾਂਦਾ ਹੈ। ਮੈ ਯਾਦ ਆ ਗਿਆ ਕਿ ਖਾਲਸਾ ਵਿਰਾਸਤ ਮਿਊ ਿਅਮ ਦਾ ਆਰਕੀਟੈਕਟ ਵੀ ਇ ਰਾਈਲ ਦਾ ਇਕ ਯਹੂਦੀ ਹੈ ਜੋ ਯੂਰੋ ਲਮ ਦੇ ਅਜਾਇਬ ਘਰ ਦੀ ਤਰ ਉਪਰ ਅਨੰਦਪੁਰ ਸਾਹਿਬ ਦਾ ਅਜਾਇਬ ਘਰ ਬਣਾ ਰਿਹਾ ਹੈ । ਪੈਗੰਬਰਾਂ ਦਾ ਹਿਰ ਯੂਰੋ ਲਮ ਅਤੇ ਯਹੂਦੀਆਂ ਦੀ ਜਨਮਭੂਮੀ ਇ ਰਾਈਲ ਵਿ ਵ ਭਰ ਵਿੱਚ ਆਪਣੀ ਮਿਸਾਲ ਕਾਇਮ ਕਰ ਚੁੱਕੇ ਹਨ । ਮੇਰੀ ਦੁਆ ਹੈ ਕਿ ਇਸ ਭਟਕਦੀ ਕੌਮ ਸੁਖ਼ ਾਂਤੀ ਦਾ ਮਹੌਲ ਨਸੀਬ ਹੋਵੇ ਜੋ ਵਿ ਵ ਅਮਲ ਲਈ ਵੀ ਜਰੂਰੀ ਰਤ ਬਣ ਗਿਆ ਹੈ ।

# ਜਾਰਡਨ ਦੀ ਯਾਤਰਾ ਅਤੇ ਅਰਬਾਂ ਦੀ ਪ੍ਰਾਹੁਣਾਚਾਰੀ

---

ਬਾਰਾਂ ਸਤੰਬਰ ਨੂੰ ਮੈ ਜਾਰਡਨ ਦੀ ਯਾਤਰਾ ਅਰੰਭ ਕਰਨੀ ਸੀ ਕਿਉਂਕਿ ਉਥੋਂ ਦੇ ਇਰਬਿਦ ਹਿਰ ਦੀ ਯਾਰਮੂਕ ਯੂਨੀਵਰਸਿਟੀ ਵਿੱਚ ਅਰਬ ਦੇ ਾਂ ਦੀ ਇਕ ਵਿਗਿਆਨਕ ਕਾਨਫਰੰਸ ਹੋ ਰਹੀ ਸੀ । ਇ ਰਾਈਲ ਅਤੇ ਜਾਰਡਨ ਵਿਚਕਾਰ ਜਾਰਡਨ ਦਰਿਆ ਵਹਿੰਦਾ ਹੈ ਅਤੇ ਇਹੋ ਹੀ ਇਨ੍ਹਾਂ ਦੀ ਹੱਦ ਨਿ ਚਿਤ ਕਰਦਾ ਹੈ । ਮੇਰੀ ਯੋਜਨਾ ਸੀ ਕਿ ਬਾਰਡਰ ਦਰਿਆ ਦੇ ਪੁਲ ਰਸਤੇ ਪਾਰ ਕੀਤਾ ਜਾਵੇ ਪਰੰਤੂ ਮੇਰੇ ਇ ਰਾਈਲੀ ਦੋਸਤ ਨੇ ਮਨ੍ਹਾਂ ਕਰ ਦਿੱਤਾ ਅਤੇ ਮੈ ਤੇਲਅਵੀਵ ਤੋਂ ਅਮਾਨ ਦੇ ਹਵਾਈ ਅੱਡੇ ਤੇ ਜਾ ਕੇ ਉਤਰਨਾ ਪਿਆ । ਅਰਬਾਂ ਦੀ ਪ੍ਰਾਹੁਣਾਚਾਰੀ ਦਾ ਪੁਰਾਣਾ ਤਜਰਬਾ ਯਾਦ ਸੀ । ਜਦੋਂ ਮੈ ਜਾਰਡਨ ਦੀ ਰਾਜਧਾਨੀ ਅਮਾਨ ਉਤਰਿਆ ਤਾਂ ਇਰਬਿਦ ਯੂਨੀਵਰਸਿਟੀ ਤੋਂ ਲੋਕ ਸੰਪਰਕ ਵਿਭਾਗ ਦਾ ਇੰਚਾਰਜ ਕਾਰ ਲੈ ਕੇ ਹਾ ਰ ਸੀ । ਸਰਕਾਰੀ ਮਹਿਮਾਨ ਵਾਂਗ ਵੀ ਾ ਵੀ ਏਅਰਪੋਰਟ ਤੇ ਹੀ ਮਿਲ ਗਿਆ । ਜਦੋਂ ਮੈ ਬਾਹਰ ਨਿਕਲ ਰਿਹਾ ਸਾਂ ਤਾਂ ਪੰਜਾਹ ਦੇ ਕਰੀਬ ਭਾਰਤੀ ਯਾਤਰੀ ਹਾਲ ਵਿੱਚ ਬੈਠੇ ਨਜਰੀਂ ਪਏ । ਕਿਸੇ ਦੱਸਿਆ ਕਿ ਇਹ ਭਾਰਤੀ ਇਰਾਕ ਤੋਂ ਭਾਰਤ ਵਾਪਸ ਮੁੜ ਰਹੇ ਹਨ ਕਿਉਂਕਿ ਇਨ੍ਹਾਂ ਹੁਣ ਆਪਣੀ ਜਾਨ ਦਾ ਖਤਰਾ ਹੈ ।

ਅਮਾਨ ਕਈ ਪਹਾੜੀਆਂ ਉਪਰ ਉਸਰਿਆ ਸੁੰਦਰ ਹਿਰ ਹੈ ਅਤੇ ਹਰ ਇਮਾਰਤ ਇਕੋ ਰੰਗ ਦੇ ਪੱਥਰਾਂ ਤੋਂ ਉਸਾਰੀ ਗਈ ਹੈ । ਇਸ ਵਿੱਚ ਕਈ ਸੁੰਦਰ ਮਸਜਿਦਾਂ ਹਨ । ਮੇਰੀ ਯਾਤਰਾ ਦੇ ਅਖੀਰਲੇ ਦਿਨ ਡਾਕਟਰ ਭੰਡਾਰੀ ਨੇ ਮੇਰੀ ਅਮਾਨ ਯਾਤਰਾ ਦਾ ਪ੍ਰਬੰਧ ਕਰ ਰੱਖਿਆ ਸੀ ਅਤੇ ਇਥੋਂ ਦੇ ਰੋਮਨ ਸਮਾਰਕ ਅਤੇ ਮਸਜਿਦਾਂ ਵੇਖ ਕੇ ਦੰਗ ਰਹਿ ਗਿਆ । ਅਰਬੀ ਵਿਗਿਆਨੀਆਂ ਦੀ ਕਾਨਫਰੰਸ ਵਿੱਚ ਅਸੀਂ ਚਾਰ ਵਿਦੇ ੀ ਾਮਲ ਸਾਂ, ਤਿੰਨ ਯੂਰਪ ਦੇ ਵਿਗਿਆਨੀ ਅਤੇ ਚੌਥਾ ਮੈ ਭਾਰਤੀ ਮੂਲ ਦਾ ਸਿੱਖ ਜੋ ਸਭ ਲਈ ਖਿੱਚ ਦਾ ਕਾਰਨ ਬਣ ਗਿਆ ।

ਇਰਬਿਦ ਯੂਨੀਵਰਸਿਟੀ ਦੇ ਗੈਸਟ ਹਾਊਸ ਵਿੱਚ ਮੇਰੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਸੀ । ਸੁੱਖ ਆਰਾਮ ਲਈ ਸਾਰੇ ਸਾਧਨ ਮੁਹੱਈਆ ਕੀਤੇ ਗਏ ਜਿਵੇਂ ਕਿ ਟੈਲੀਫੋਨ, ਟੀ ਵੀ ਅਤੇ ਖਾਣ ਪੀਣ ਦਾ ਸਮਾਨ । ਮੈ ਾਕਾਹਾਰੀ ਭੋਜਨ ਬਾਰੇ ਦੱਸਿਆ ਤਾਂ ਫਲਾਂ ਦੇ ਢੇਰ ਲਗਾ ਦਿੱਤੇ । ਇਥੇ ਜਾਰਡਨ ਵਾਦੀ ਵਿਚ ਹਰ ਕਿਸਮ ਦਾ ਫਲ ਪੈਦਾ ਕੀਤਾ ਜਾਂਦਾ ਹੈ । ਜਾਰਡਨ ਦੀ ਭੂਮੀ ਰੇਤਲੀ ਅਤੇ ਪਥਰੀਲੀ ਹੈ ਪਰੰਤੂ ਦਰਿਆ ਦੇ ਆਸ ਪਾਸ ਚੰਗੀ ਖੇਤੀ ਹੋ ਜਾਂਦੀ ਹੈ । ਜੈਤੂਨ ਦੀ ਖੇਤੀ ਤਾਂ ਹਰ ਕੋਈ ਕਰਦਾ ਹੈ ਪਰੰਤੂ ਸਭ ਤੋਂ ਸਸਤਾ ਫਲ ਅਨਾਰ ਹੈ ਜੋ ਪੰਜਾਬ ਵਿੱਚ ਕਿਧਰੇ ਨਹੀਂ ਮਿਲਦਾ । ਕੈਂਪਸ ਵਿੱਚ ਮਸਜਿਦ ਬਣੀ ਹੋਈ ਹੈ ਅਤੇ ਧਾਰਮਿਕ ਬਿਰਤੀ ਦੇ ਮੁਸਲਮਾਨ ਨਮਾ ਪੜ੍ਹਨ ਲਈ ਚਲੇ ਜਾਂਦੇ ਹਨ । ਮੁੰਡਿਆਂ ਨਾਲੋਂ ਕੁੜੀਆਂ ਵਧੇਰੇ ਜਾਬਤੇ ਵਿੱਚ ਵੇਖੀਆਂ । ਭਾਵੇਂ ਪੱਛਮੀ ਪਹਿਰਾਵੇ ਦਾ ਰਿਵਾਜ ਵੱਧ ਰਿਹਾ ਹੈ ਪਰੰਤੂ ਹਰ ਕੁੜੀ ਲਈ ਸਿਰ ਤੋਂ ਪੈਰਾਂ ਤੱਕ ਚੋਗਾ ਪਾ ਕੇ ਰੱਖਣਾ ਜਰੂਰੀ ਹੈ। ਕਈ ਪਿੰਡਾਂ ਵਿੱਚ ਤਾਂ ਬੁਰਕੇ ਦਾ ਰਿਵਾਜ ਵੀ ਕਾਇਮ ਹੈ । ਾਮ ਦੇ ਡਿਨਰ ਉਪਰ ਸਾਰੇ ਡੈਲੀਗੇਟਾਂ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ । ਕਾਫੀ ਹੈਰਾਨੀ ਦੀ ਗੱਲ ਹੈ ਕਿ ਸਭ ਤੋਂ ਵੱਧ ਡੈਲੀਗੇਟ ਇਰਾਕ ਦੇ ਹਿਰ ਬਗਦਾਦ ਤੋਂ ਆਏ ਸਨ । ਇਨ੍ਹਾਂ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਦੇ ਬਰਾਬਰ ਸੀ ਅਤੇ ਚੰਗੀਆਂ ਖੋਜ ਸੰਸਥਾਵਾਂ ਦੀਆਂ ਮੁਖੀ ਔਰਤਾਂ ਵੀ ਾਮਲ ਸਨ । ਹਾਨਾ ਹਸਨ ਅਤੇ ਨਾਹਿਦਾ ਜੂਮਾ ਤਾਂ ਮੇਰੀ ਖੋਜ ਤੋਂ ਪਹਿਲਾਂ ਹੀ ਵਾਕਿਫ ਸਨ ਕਿਉਂਕਿ ਕੁਝ ਸਾਲ ਪਹਿਲਾਂ ਇਨ੍ਹਾਂ ਨੇ ਮੇਰੇ ਕੋਲੋਂ ਖੋਜ ਪਰਚੇ ਮੰਗਵਾਏ ਸਨ ਜਦੋਂ ਇਰਾਕ ਅਤੇ ਅਮਰੀਕਾ ਦਾ ਯੁੱਧ ੁਰੂ ਹੋਇਆ ਸੀ । ਦੋਹਾਂ ਨੇ ਇਰਾਕ ਆਉਣ ਦਾ ਸੱਦਾ ਦਿੱਤਾ ਪਰੰਤੂ ਮੇਰੀ ਰਤ ਸੀ ਕਿ ਜਿੰਨਾ ਚਿਰ ਅਮਰੀਕਨ ਇਰਾਕ ਖਾਲੀ ਨਹੀਂ ਕਰ ਜਾਂਦੇ ਮੈ ਬਗਦਾਦ ਨਹੀਂ ਜਾਵਾਂਗਾ । ਸੀਰੀਆ ਜਾਣ ਦਾ ਪ੍ਰੋਗਰਾਮ ਸੀ ਪਰੰਤੂ ਇ ਰਾਈਲ ਹੋ ਆਵੋ ਤਾਂ ਅਰਬ ਦੇ ਵੀ ਾ ਨਹੀਂ ਦੇਂਦੇ । ਸੋ ਮੇਰੇ ਲਈ ਹੁਣ ਅਰਬ ਦੇ ਾਂ ਦੀ ਸੈਰ ਵਰਜਿਤ ਹੋ ਗਈ ਹੈ ।

13 ਸਤੰਬਰ ਕਾਨਫਰੰਸ ੁਰੂ ਹੋਈ । ਪਹਿਲਾਂ ਕੁਰਾਨ ਰੀਫ ਦੀਆਂ ਆਇਤਾਂ ਪੜ੍ਹੀਆਂ ਗਈਆਂ । ਮਸਜਿਦ ਦਾ ਇਮਾਮ ਮੇਰੇ ਲਈ ਅੰਗਰੇਜੀ ਤਰਜਮਾ ਦੇ ਗਿਆ ਜਿਸ ਵਿੱਚ ਲਿਖਿਆ ਸੀ ਕਿ ਖੁਦਾ ਯਾਦ ਕਰਨਾ ਚਾਹੀਦਾ ਹੈ ਕਿਉਂਕਿ ਉਹ ਧਰਤੀ ਉਪਰ ਮਨੁੱਖ ਲਈ ਕਈ ਕਿਸਮ ਦੀਆ ਨਿਆਮਤਾਂ ਮੁਹੱਈਆ ਕਰਦਾ ਹੈ । ਮਤਲਬ ਸੁਖਮਨੀ ਦੀਆ ਤੁਕਾਂ ਨਾਲ ਹੂਬਹੂ ਮੇਲ ਖਾਂਦਾ ਹੈ ਕਿਉਂਕਿ ਗੁਰੂ ਅਰਜਨ ਦੇਵ ਵੀ ਤਾਕੀਦ ਕਰਦੇ ਹਨ: ਜਿਹ ਪਰਸਾਦਿ ਛਤੀਹ ਅੰਮ੍ਰਿਤ ਖਾਹੈ, ਤਿਸ ਠਾਕਰ ਕਉ ਰਾਖ ਮਨ ਮਾਹਿ"। ਦਰਅਸਲ ਸਭ ਧਰਮਾਂ

ਦੀ ਅੰਤਰੀਵ ਅਧਿਆਤਮਕ ਸੋਚ ਤਾਂ ਮੇਲ ਖਾਂਦੀ ਹੈ ਪਰੰਤੂ ਪ੍ਰਗਟਾ ਦੇ ਮਾਧਿਅਮ ਵੱਖੋ ਵੱਖਰੇ ਹੋਣ ਕਰਕੇ ਆਪਸੀ ਟੱਕਰ ਨਿਰੰਤਰ ਚਲੀ ਆਉਂਦੀ ਹੈ । ਇਕ ਚੰਗੀ ਗੱਲ ਇਹ ਹੋਈ ਕਿ ਹਰ ਮ ਸੈਰ ਸਪਾਟੇ ਦਾ ਪ੍ਰਬੰਧ ਸਰਕਾਰੀ ਪੱਧਰ ਤੇ ਕੀਤਾ ਗਿਆ ਸੀ । ਪਹਿਲੇ ਦਿਨ ਅਸੀਂ ਜੈਰਾ ਦੀ ਯਾਤਰਾ ਕੀਤੀ ਜੋ ਦੋ ਹ ਾਰ ਸਾਲ ਪਹਿਲਾਂ ਇਕ ਰੋਮਨ ਬਾਦ ਾਹ ਨੇ ਵਸਾਇਆ ਸੀ । ਇਹ ਕਈ ਵਾਰ ਭੁਚਾਲਾਂ ਨੇ ਤਬਾਹ ਕਰ ਦਿੱਤਾ ਅਤੇ ਹੁਣ ਰੋਮਨ ਥੀਏਟਰ ਅਤੇ ਗਿਰਜਾਘਰ ਦੇ ਖੰਡਰ ਹੀ ਲੱਭਦੇ ਹਨ । ਕਈ ਮੀਲਾਂ ਵਿੱਚ ਫੈਲੇ ਇਸ ਹਿਰ ਵਿੱਚ ਸੜਕਾਂ ਅਤੇ ਪਾਣੀ ਦੀ ਸਪਲਾਈ ਦਾ ਚੰਗਾ ਪ੍ਰਬੰਧ ਹੋਇਆ ਕਰਦਾ ਸੀ । ਸੜਕਾਂ ਕਿਨਾਰੇ ਖੜ੍ਹੇ ਥੰਮ ਅੱਜ ਵੀ ਰੋਮਨ ਬਾਦ ਾਹਾਂ ਦੀ ਾਨੋ ੌਕਤ ਦੀ ਗਵਾਹੀ ਭਰਦੇ ਹਨ ।

14 ਸਤੰਬਰ ਅਸੀਂ ਸੀਰੀਆ ਦੇ ਬਾਰਡਰ ਕੋਲ ਉਮਕੈਸ ਦੇ ਇਤਿਹਾਸਕ ਹਿਰ ਦੀ ਯਾਤਰਾ ਕੀਤੀ । ਇਸ ਦੇ ਰੋਮਨ ਖੰਡਰਾਂ ਤ੍ਹੋਂ ਹੇਠ ਯਾਰਮੁਕ ਦਰਿਆ ਦੀ ਵਾਦੀ ਵਿੱਚ ਵੱਸੇ ਅਰਬਾਂ ਦੇ ਪਿੰਡ ਵੀ ਵੇਖੇ । ਜਾਰਡਨ, ਸੀਰੀਆ ਅਤੇ ਇ ਰਾਈਲ ਦੀ ਹੱਦ ਨਾਲੋ ਨਾਲ ਹੈ । ਉਹ ਸਥਾਨ ਜਿਥੇ ਹ ਰਤ ਈਸਾ ਬਪਤਿਸਮਾ ਦੇ ਕੇ ਪੈਗੰਬਰ ਥਾਪਿਆ ਗਿਆ, ਇਥ੍ਹੋਂ ਨਜਰੀਂ ਪੈਂਦਾ ਹੈ ਅਤੇ ਇਹ ਝੀਲ ਤਿਬੜੀਆ ਦੇ ਕਿਨਾਰੇ ਹੈ । 15 ਸਤੰਬਰ ਨੂੰ ਜਾਰਡਨ ਵਾਦੀ ਦੇ ਨਾਲ ਦੀ ਸੜਕ ਪੈ ਕੇ ਅਸੀਂ ਫਿਰ ਡੈਡ ਸੀ (ਣਕ਼ਦ ਛਕ਼) ਉਪਰ ਪਹੁੰਚ ਗਏ । ਇਸ ਸਮੁੰਦਰ ਦਾ ਮੱਧ ਇ ਰਾਈਲ ਅਤੇ ਜਾਰਡਨ ਦੀ ਹੱਦ ਮੁਕੱਰਰ ਕਰਦਾ ਹੈ । ਜਾਰਡਨ ਵਾਲੇ ਪਾਸੇ ਪਥਰੀਲੇ ਪਹਾੜ ਹਨ ਅਤੇ ਇ ਰਾਈਲ ਪਾਸੇ ਰੇਗਿਸਤਾਨ ਹੈ । ਯਾਤਰੀਆਂ ਦੀ ਸਹੂਲਤ ਲਈ ਚੰਗੀਆਂ ਸੜਕਾਂ ਦਾ ਪ੍ਰਬੰਧ ਹੈ । ਸੜਕ ਦੇ ਕਿਨਾਰੇ ਬੱਦੂ ਲੋਕ ਭੇਡਾਂ ਚਾਰਦੇ ਵੇਖੇ । ਹੁਣ ਇਨ੍ਹਾਂ ਕੋਲ ਸਮਾਨ ਢੋਣ ਲਈ ਟਰੈਕਟਰ ਹਨ । ਪਾਣੀ ਦੀ ਘਾਟ ਹੈ ਅਤੇ ਕਈ ਮੀਲ ਦਾ ਸਫਰ ਕਰਨਾ ਪੈਂਦਾ ਹੈ । ਇਨ੍ਹਾਂ ਦਾ ਪਹਿਰਾਵਾ ਸਾਡੇ ਰਾਜਸਥਾਨੀ ਗਡਰੀਆਂ ਨਾਲ ਮੇਲ ਖਾਂਦਾ ਹੈ।

ਸਾਡੀ ਯਾਤਰਾ ਦਾ ਮੁੱਖ ਪੜਾਅ ਪੈਟਰਾ ਸੀ ਜੋ ਦੋ ਹ ਾਰ ਸਾਲ ਪਹਿਲਾਂ ਪਹਾੜਾਂ ਦੀਆ ਗੁਫਾਵਾਂ ਵਿੱਚ ਵਸਾਇਆ ਗਿਆ ਸੀ । ਇਹ ਸਾਡੀਆਂ ਅਜੰਤਾਂ ਅਤੇ ਏਲੋਰਾ ਗੁਫਾਵਾਂ ਵਾਂਗ ਵਿ ਵ ਭਰ ਵਿੱਚ ਪ੍ਰਸਿੱਧ ਹੈ । ਇਥੇ ਕਈ ਪੰਜ ਤਾਰਾ ਹੋਟਲ ਹਨ ਅਤੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ । ਇਥ੍ਹੋਂ ਨਬੇਤੀਅਨ ਲੋਕਾਂ ਨੇ ਰੋਮਨਾਂ ਹਰਾਇਆ ਅਤੇ ਅਖੀਰ ਰੋਮਨ ਜਰਨੈਲ ਨੇ ਪਾਣੀ ਦੀ ਸਪਲਾਈ ਵਿੱਚ ਹਿਰ ਮਿਲਾ ਕੇ ਸਾਰੇ ਵਾ ਿੰਦੇ ਮਾਰ ਦਿੱਤੇ ਅਤੇ ਪੈਟਰਾ ਤੇ ਕਬਜਾ ਕਰ ਲਿਆ । ਰੋਮਨ ਬਾਦ ਾਹ ਦਾ ਮਹੱਲ ਅਤੇ ਕੁਝ ਗਿਰਜਾਘਰ ਅਜੇ ਵੀ ਕਾਇਮ ਹਨ । ਦੱਸਿਆ ਜਾਂਦਾ ਹੈ ਕਿ ਨਬਾਤੀਅਨ ਫਿਰਕੇ ਦੇ ਲੋਕ ਸਮਲਿੰਗੀ ਵਿਆਹ ਵੀ ਕਰ ਲੈਂਦੇ ਹਨ ਜੋ ਪ੍ਰਥਾ ਹੁਣ ਫਿਰ ਪੱਛਮੀ ਸਭਿਅਤਾ ਨੇ ਪ੍ਰਵਾਨ ਕਰ ਲਈ ਹੈ ।

16 ਸਤੰਬਰ ਅਸੀਂ ਲਾਲ ਸਮੁੰਦਰ (ਵ਼ਕਦ ਛਕ਼) ਉਪਰ ਅਕਾਬਾ ਦੀ ਖਾੜੀ ਤੇ ਵੱਸੇ ਅਕਾਬਾ ਹਿਰ ਪਹੁੰਚ ਗਏ । ਇਥ੍ਹੋਂ ਇਕ ਪਾਸੇ ਸਾਊਦੀ ਅਰਬ ਦੀ ਸਰਹੱਦ ਹੈ ਅਤੇ ਦੂਸਰੇ ਪਾਸੇ ਇ ਰਾਈਲ ਅਤੇ ਮਿਸਰ ਦੀ ਹੱਦ । ਯੂਰਪ ਤੁਰਕੀ ਅਤੇ ਈਰਾਨ ਨਾਲ ਜੋੜਨ ਵਾਲਾ ਰੇਲ ਮਾਰਗ ਇਸ ਹਿਰ ਥਾਣੀਂ ਗੁਜਰਦਾ ਹੈ । ਤੁਰਕਾਂ ਦੇ ਰਾਜ ਸਮ੍ਹੇ ਇਹ ਮੱਕੇ ਮਦੀਨੇ ਦੀ ਹੱਜ ਲਈ ਤਿਆਰ ਕੀਤਾ ਗਿਆ ਸੀ । ਸੜਕਾਂ ਬਣ ਜਾਣ ਨਾਲ ਇਹ ਰੇਲ ਮਾਰਗ ਬੰਦ ਹੋ ਗਿਆ ਹੈ । ਪੈਟਰਾ ਵਾਂਗ ਅਕਾਬਾ ਵਿੱਚ ਵੀ ਅਮਰੀਕਨ ਯਾਤਰੀ ਛੁੱਟੀਆਂ ਕੱਟਣ ਆਏ ਹੋਏ ਸਨ । ਸਮੁੰਦਰੀ ਬੀਚ ਉਪਰ ਹਮੇ ਾ ਭੀੜ ਰਹਿੰਦੀ ਹੈ ਕਿਉਂਕਿ ਇਥੇ ਸਰਦੀਆਂ ਵਿੱਚ ਵੀ ਮੌਸਮ ਸੁਹਾਵਣਾ ਰਹਿੰਦਾ ਹੈ । 17 ਸਤੰਬਰ ਇਰਬਿਦ ਮੁੜਨ ਤ੍ਹੋਂ ਪਹਿਲਾਂ ਅਸੀਂ ਕਿ ਤੀ ਵਿੱਚ ਬੈਠ ਕੇ ਲਾਲ ਸਮੁੰਦਰ ਦੀ ਸੈਰ ਕੀਤੀ। ਕਿ ਤੀਆਂ ਦੇ ਥੱਲੇ ੀ ੇ ਦੀ ਪਲੇਟ ਲੱਗੀ ਹੁੰਦੀ ਹੈ ਤਾਂ ਕਿ ਭਾਂਤ ਭਾਂਤ ਦੇ ਨ ਾਰੇ ਵੇਖੇ ਜਾ ਸਕਣ । ਅਕਾਬਾ ਖਾੜੀ ਵਿੱਚ ਗੋਤਾਖੋਰ ਵੀ ਅਨੰਦ ਮਾਣਦੇ ਹਨ । ਸਮੁੰਦਰੀ ਤੱਲ ਉਪਰ ਕੋਰਲ (ਙਰਗ਼;) ਦੇ ਬਾਗ ਹਨ ਜਿਨ੍ਹਾਂ ਅੰਦਰ ਰੰਗ ਬਰੰਗੀਆਂ ਮੱਛੀਆਂ ਘੁੰਮਦੀਆਂ ਲੱਭ ਰਹੀਆਂ ਸਨ । ਜਾਰਡਨ ਦੀ ਯਾਤਰਾ ਸਮਾਪਤ ਕਰਕੇ 18 ਸਤੰਬਰ ਮੈ ਅਮਾਨ ਦੇ ਹਵਾਈ ਅੱਡੇ ਤ੍ਹੋਂ ਉਡਾਨ ਭਰੀ ਅਤੇ ਤੈਲਅਵੀਵ ਹੁੰਦਾ ਹੋਇਆ ਦਿੱਲੀ ਪਰਤ ਆਇਆ । ਮੇਰੇ ਲਈ ਅਰਬਾਂ ਦੀ ਪ੍ਰਾਹੁਣਾਚਾਰੀ ਯਹੂਦੀਆਂ ਤ੍ਹੋਂ ਵੀ ਵਧੇਰੇ ਮੁਆਫਕ ਆਈ ਅਤੇ ਮੈ ਦੋਹਾਂ ਵਿਰੋਧੀ ਧਿਰਾਂ ਦੇ ਵਿਚਾਰ ਸੁਣਦਾ ਰਿਹਾ । ਕਿਸੇ ਬਹਿਸ ਵਿੱਚ ਪੈਣਾ ਮੇਰੇ ਲਈ ਖਤਰਨਾਕ ਹੋ ਸਕਦਾ ਸੀ ।

## ਰੰਗੂਨ ਦੀ ਯਾਤਰਾ

---

ਅੰਗਰੇਜਾਂ ਨੇ ਭਾਰਤ ਉਪਰ ਕਬਜਾ ਕਰਕੇ ਆਪਣਾ ਵਪਾਰ ਇੰਡੋਚਾਈਨਾ ਵੱਲ ਵਧਾਉਣਾ ਚਾਹਿਆ ਜਿਸ ਲਈ ਉਨ੍ਹਾਂ ਨੇ ਇਰਾਵਡੀ ਫਲੋਟੀਲਾ ਕੰਪਨੀ ਕਾਇਮ ਕੀਤੀ। ਈਸਟ ਇੰਡੀਆ ਕੰਪਨੀ ਵਾਂਗ ਹੀ ਇਸ ਕੰਪਨੀ ਨੇ ਵਪਾਰ ਦੇ ਬਹਾਨੇ ਬਰਮਾ ਵਿੱਚ ਦਾਖਲ ਹੋ ਕੇ ਹੌਲੀ ਹੌਲੀ ਸਾਰੇ ਦੇ ਉਪਰ ਕਬਜਾ ਕਰ ਲਿਆ । ਮੇਰਾ ਵਿਚਾਰ ਸੀ ਕਿ ਬਰਮਾ, ਆਸਾਮ ਵਾਂਗ ਭਾਰਤ ਦਾ ਇਕ ਪ੍ਰਾਂਤ ਹੀ ਹੋਵੇਗਾ ਜਿਸ ਨੂੰ ਅੰਗਰੇਜਾਂ ਨੇ ਆਪਣੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਹੇਠ ਭਾਰਤ ਤੋਂ ਅਲਹਿਦਾ ਕਰ ਦਿੱਤਾ । ਪਰੰਤੂ ਬਰਮਾ ਦਾ ਇਤਿਹਾਸ ਪੜ੍ਹ ਕੇ ਪਤਾ ਲੱਗਾ ਕਿ ਇਹ ਮੁੱਢ ਕਦੀਮ ਤੋਂ ਹੀ ਆ ਾਦ ਦੇ ਰਿਹਾ ਹੈ ਅਤੇ ਕੇਵਲ ਅੰਗਰੇਜੀ ਰਾਜ ਸਮੇਂ ਹੀ ਇਸ ਭਾਰਤ ਨਾਲ ਜੋੜਿਆ ਗਿਆ ਸੀ । ਬਲਕਿ ਇਹ ਤੱਥ ਵੀ ਉਭਰਕੇ ਸਾਹਮਣੇ ਆਇਆ ਕਿ ਪੰਦਰਵੀਂ ਸਦੀ ਤੱਕ ਬਰਮਾ ਦੇ ਬਾਦ ਾਹ ਨੇ ਭਾਰਤ ਨਾਲ ਕੋਈ ਸਿਆਸੀ ਅਤੇ ਸਭਿਆਚਾਰਕ ਸਬੰਧ ਇਸ ਕਰਕੇ ਨਹੀਂ ਸੀ ਜੋੜੇ ਤਾਂ ਕਿ ਬੁੱਧ ਧਰਮ ਹਿੰਦੂ ਧਰਮ ਦੇ ਗਲਬੇ ਤੋਂ ਬਚਾਇਆ ਜਾ ਸਕੇ । ਭਾਰਤ ਵਿੱਚ ਤਾਂ ਬੁੱਧ ਧਰਮ ਦਾ ਸਫਾਇਆ ਹੋ ਗਿਆ ਪਰੰਤੂ ਲੰਕਾ, ਬਰਮਾ, ਥਾਈਲੈਂਡ ਅਤੇ ਹੋਰ ਕਈ ਦੇ ਾਂ ਵਿੱਚ ਇਸ ਸਰਕਾਰੀ ਸਰਪ੍ਰਸਤੀ ਹਾਸਲ ਹੈ ।

23 ਫਰਵਰੀ 2005 ਮੀਆਂਮਾ ਏਅਰਵੇ ਦੇ ਜਹਾ ਤੇ ਸਵਾਰ ਹੋ ਕੇ ਦਿੱਲੀ ਤੋਂ ਤਿੰਨ ਘੰਟੇ ਦੇ ਹਵਾਈ ਸਫਰ ਬਾਅਦ ਰੰਗੂਨ (ਯੰਗੋਨ) ਦੇ ਅੰਤਰਰਾ ਟਰੀ ਹਵਾਈ ਅੱਡੇ ਤੇ ਜਾ ਉਤਰਿਆ । ਭਾਰਤ ਸਰਕਾਰ ਨੇ ਬਰਮਾ ਤੋਂ ਕੱਚਾ ਤੇਲ ਪ੍ਰਾਪਤ ਕਰਨਾ ਹੈ ਅਤੇ ਇਕ ਵਪਾਰਕ ਸੰਧੀ ਅਧੀਨ ਉਥੇ ਵਿਗਿਆਨ ਅਤੇ ਟੈਕਨਾਲੋਜੀ ਦੀ ਸਿੱਖਿਆ ਦਾ ਪ੍ਰਸਾਰ ਕਰਨਾ ਹੈ । ਇਸ ਸੰਧੀ ਅਧੀਨ ਹੀ ਮੇਰੀ ਸਰਕਾਰੀ ਯਾਤਰਾ ਦਾ ਪ੍ਰਬੰਧ ਕੀਤਾ ਗਿਆ ਸੀ । ਘਰ ਬੈਠੇ ਹੀ ਵੀ ਾ, ਹਵਾਈ ਟਿਕਟ ਅਤੇ ਸਰਕਾਰੀ ਭੱਤਾ ਪ੍ਰਾਪਤ ਹੋ ਗਿਆ । ਰੰਗੂਨ ਹਵਾਈ ਅੱਡੇ ਉਪਰ ਸਰਕਾਰੀ ਮਹਿਮਾਨਾਂ ਵਾਂਗ ਜਹਾਜ ਤੋਂ ਸਿੱਧਾ ਹੀ ਬਾਹਰ ਲੈ ਗਏ ਜਿੱਥੇ ਰੰਗੂਨ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਖੋਜ ਵਿਦਿਆਰਥੀ ਮੇਰਾ ਇੰਤ ਾਰ ਕਰ ਰਹੇ ਸਨ । ਹਵਾਈ ਅੱਡੇ ਤੇ ਦਿੱਲੀ ਵਾਂਗ ਕੋਈ ਚੀਕ ਚਿਹਾੜਾ ਅਤੇ ਭੀੜ ਨਹੀਂ ਸੀ । ਅਸੀਂ ਕਾਰ ਤੇ ਸਵਾਰ ਹੋ ਕੇ ਯੂਨੀਵਰਸਿਟੀ ਦੇ ਅੰਤਰਰਾ ਟਰੀ ਗੈਸਟ ਹਾਊਸ ਵਿੱਚ ਪਹੁੰਚ ਗਏ ਜਿਥੇ ਮੇਰੇ ਠਹਿਰਣ ਦਾ ਇੰਤ ਾਮ ਕੀਤਾ ਗਿਆ ਸੀ । ਰੰਗੂਨ ਵਿੱਚ ਗਰਮੀ ਦਾ ਮੌਸਮ ਹੋਣ ਕਰਕੇ ਗੈਸਟ ਹਾਊਸ ਵਿੱਚ ਵਾਤਾਅਨੁਕੂਲਣ ਦਾ ਸਥਾਈ ਪ੍ਰਬੰਧ ਰਹਿੰਦਾ ਹੈ । ਸਹੂਲਤ ਲਈ ਫਰਿੱ ਅਤੇ ਰਸੋਈ ਦਾ ਸਮਾਨ ਵੀ ਮਿਲ ਗਿਆ । ਭਾ ਾ ਦੀ ਸਮੱਸਿਆ ਕਾਫੀ ਹੈ ਕਿਉਂਕਿ ਬਰਮੀ ਲੋਕ ਅੰਗਰੇ ੀ ਨਹੀਂ ਸਮਝਦੇ ਅਤੇ ਗੁਫਤਗੂ ਆਪਣੀ ਮਾਂ ਬੋਲੀ ਵਿੱਚ ਹੀ ਕਰਦੇ ਹਨ ।

24 ਫਰਵਰੀ ਸਵੇਰੇ ਮਿੱਥੇ ਪ੍ਰੋਗ੍ਰਾਮ ਅਨੁਸਾਰ ਯੂਨੀਵਰਸਿਟੀ ਦੀ ਸਟਾਫ ਕਾਰ ਲੈਣ ਆ ਗਈ । ਰੰਗੂਨ ਯੂਨੀਵਰਸਿਟੀ ਈਂਆ ਝੀਲ ਦੇ ਕਿਨਾਰੇ ਸਥਿਤ ਹੈ ਅਤੇ 1920 ਵਿੱਚ ਕਾਇਮ ਕੀਤੀ ਗਈ ਸੀ । ਕਿਸੇ ਸਮੇਂ ਇਹ ਭਾਰਤ ਦੀਆਂ ਉਘੀਆਂ ਦਸ ਯੂਨੀਵਰਸਿਟੀਆਂ ਵਿੱਚ ਗਿਣੀ ਜਾਂਦੀ ਸੀ । ਬਰਮਾ ਵਿੱਚ ਮਿਲਟਰੀ ਹਕੂਮਤ ਹੈ ਅਤੇ ਪਿਛਲੇ ਚਾਲੀ ਸਾਲਾਂ ਤੋਂ ਲੋਕਤੰਤਰ ਬਹਾਲ ਨਹੀਂ ਹੋ ਸਕਿਆ । ਲੋਕਤੰਤਰ ਲਹਿਰ ਦੀ ਆਗੂ ਵੀ ਇਕ ਬਰਮੀ ਔਰਤ ਹੈ ਜਿਸ ਆਪਣੇ ਹੀ ਘਰ ਵਿੱਚ ਕੈਦ ਕਰ ਰੱਖਿਆ ਹੈ। ਲੋਕਾਂ ਵਿੱਚ ਾਬਤਾ ਬੇਹੱਦ ਦਰਜੇ ਤੱਕ ਕਾਇਮ ਹੈ । ਮ ਾਲ ਹੈ ਕੋਈ ਦੇਰੀ ਨਾਲ ਦਫਤਰ ਪਹੁੰਚੇ, ਟਰੈਫਿਕ ਨਿਯਮਾਂ ਦੀ ਉਲੰਘਣਾ ਕਰੇ ਜਾਂ ਚੋਰੀ ਯਾਰੀ ਕਰੇ । ਬਰਮੀ ਲੋਕ ਗਰੀਬ ਹੋਣ ਦੇ ਬਾਵਜੂਦ ਵੀ ਅਤਿ ਦਰਜੇ ਦੇ ਇਮਾਨਦਾਰ ਹਨ । ਹੇਰਾਫੇਰੀ ਤਾਂ ਭਾਰਤ ਦੇ ਹਿੱਸੇ ਹੀ ਆਈ ਹੋਈ ਹੈ । ਲੋਕਾਂ ਦਾ ਬੁੱਧ ਧਰਮ ਵਿੱਚ ਅਕੀਦਾ ਹੈ ਅਤੇ ਇਹੋ ਹੀ ਸਰਕਾਰੀ ਧਰਮ ਹੈ । ਰੰਗੂਨ ਵਿੱਚ ਕਈ ਬੋਧੀ ਪਗੋਦੇ ਹਨ ਅਤੇ ਸਭ ਤੋਂ ਮ ਹੂਰ ਵੇਦਾਗੋਨ ਪਗੋਦਾ ਹੈ ਜੋ ਸੋਨੇ ਅਤੇ ਹੀਰਿਆਂ ਨਾਲ ਜੜਿਆ ਹੋਇਆ ਦੂਰੋਂ ਹੀ ਲੱਭ ਪੈਂਦਾ ਹੈ । ਮਹਾਤਮਾ ਬੁੱਧ ਦੀਆਂ ਮੂਰਤੀਆਂ ਹਰ ਪਗੋਦੇ ਦਾ ਿਗਾਰ ਹੁੰਦੀਆਂ ਹਨ ਅਤੇ ਬਰਮੀ ਲੋਕ ਆਪਣੇ ਘਰਾਂ ਅਤੇ ਦਫਤਰ ਵਿੱਚ ਵੀ ਪੂਜਾ ਕਰਦੇ ਹਨ । ਜਿਸ ਮਹਾਤਮਾ ਬੁੱਧ ਭਾਰਤੀ ਲੋਕਾਂ ਨੇ ਦੇ ਨਿਕਾਲਾ ਦੇ ਦਿੱਤਾ ਸੀ, ਉਹ ਬਰਮੀ ਲੋਕਾਂ ਦੇ ਦਿਲਾਂ ਦੀ ਧੜਕਣ ਹੈ ।

ਰੰਗੂਨ ਯੂਨੀਵਰਸਿਟੀ ਵਿੱਚ ਮੇਰਾ ਚਾਰ ਹਫਤੇ ਦਾ ਪ੍ਰੋਗਰਾਮ ਪਹਿਲਾਂ ਹੀ ਮਿੱਥਿਆ ਗਿਆ ਸੀ । ਗਿਆਰਾਂ ਖੋਜ ਵਿਦਿਆਰਥੀਆਂ ਦਾ ਇਮਤਿਹਾਨ ਲੈਣਾ ਸੀ ਅਤੇ ਇਕ ਪ੍ਰਯੋਗ ਾਲਾ ਸਥਾਪਿਤ ਕਰਨੀ ਸੀ । ਅੰਗਰੇ ੀ ਦੀ ਸਮੱਸਿਆ ਹਰ ਪੱਧਰ ਉਪਰ ਹਾਵੀ ਹੈ ਪਰੰਤੂ

ਯੂਨੀਵਰਸਿਟੀ ਦੇ ਅਧਿਆਪਕ ਗੁਜਾਰੇ ਜੋਗੀ ਭਾ ਾ ਬੋਲ ਲੈਂਦੇ ਹਨ । ਪੜ੍ਹਾਈ ਦਾ ਮਾਧਿਅਮ ਮਾਤਭਾ ਾ ਹੋਣ ਕਰਕੇ ਇਹ ਸਮੱਸਿਆ ਪੇ ਆਉਂਦੀ ਹੈ । ਸਾਖਰਤਾ ਦੀ ਦਰ ਭਾਰਤ ਤੋਂ ਜਿਆਦਾ ਹੈ ਪਰੰਤੂ ਵਿਗਿਆਨ ਅਤੇ ਤਕਨੀਕੀ ਖੇਤਰ ਵਿੱਚ ਬਰਮਾ ਭਾਰਤ ਤੋਂ ਪੱਛੜਿਆ ਹੋਇਆ ਹੈ । ਵਿਦਿਆਰਥੀਆਂ ਵਿੱਚ ਔਰਤਾਂ ਦੀ ਗਿਣਤੀ ਅੱਸੀ ਪ੍ਰਤੀ ਤ ਹੈ ਅਤੇ ਖੋਜ ਵਿੱਚ ਇਹ ਗਿਣਤੀ ਨੱਬੇ ਪ੍ਰਤੀ ਤ ਹੋ ਜਾਂਦੀ ਹੈ ਜੋ ਇਕ ਵਿ ਵ ਰਿਕਾਰਡ ਹੈ । ਔਰਤਾਂ ਦੀ ਬਰਮੀ ਸਮਾਜ ਵਿੱਚ ਬਹੁਤ ਕਦਰ ਹੈ ਅਤੇ ਜੀਵਨ ਦੇ ਹਰ ਖੇਤਰ ਵਿੱਚ ਉਹ ਮੋਹਰੀ ਹਨ । ਇਸ ਕਰਕੇ ਹੀ ਆ ਾਦੀ ਦੇ ਘੋਲ ਵਿੱਚ ਵੀ ਇਕ ਔਰਤ ਮਿਸ ਅੰਗ ਸਾਨ ਸੂਚੀ ਹੀ ਝੰਡਾ ਬਰਦਾਰ ਹੈ । ਬਰਮਾ ਦੇ ਭਵਿੱਖ ਲਈ ਇਹ ਚੰਗਾ ਸਿੱਧ ਹੋਵੇਗਾ । ਔਰਤਾਂ ਦੀ ਗਿਣਤੀ ਮਰਦਾਂ ਤੋਂ ਵਧੇਰੇ ਹੋਣ ਕਰਕੇ ਬਹੁਤੀਆਂ ਕੁਆਰੀਆਂ ਹੀ ਰਹਿ ਜਾਂਦੀਆਂ ਹਨ । ਕੁੜੀ ਮਾਰਨ ਦੀ ਬਿਰਤੀ ਬਰਮਾ ਵਿੱਚ ਨਹੀਂ ਬਲਕਿ ਪੰਜਾਬੀ ਸਮਾਜ ਵਿੱਚ ਇਹ ਮਾਰੂ ਅਸਰ ਪਾ ਰਹੀ ਹੈ । ਖੋਜ ਦੇ ਕੰਮ ਤੋਂ ਵਿਹਲ ਮਿਲਦੀ ਤਾਂ ਰੰਗੂਨ ਦੀਆਂ ਝੀਲਾਂ ਅਤੇ ਇਤਿਹਾਸਕ ਯਾਦਗਾਰਾਂ ਦੀ ਸੈਰ ਤੇ ਨਿਕਲ ਪੈਂਦਾ ।

ਰੰਗੂਨ ਇਰਾਵਡੀ ਨਦੀ ਦੇ ਡੈਲਟੇ ਉਪਰ ਇਕ ਮ ਹੂਰ ਬੰਦਰਗਾਹ ਹੈ । ਸਮੁੰਦਰੀ ਜਹਾਜ  ਹਿਰ ਦੇ ਧੁਰ ਅੰਦਰ ਆ ਜਾਂਦੇ ਹਨ । ਇਹ ਹਰਿਆ ਭਰਿਆ  ਹਿਰ ਹੈ ਅਤੇ ਇਸ ਵਿੱਚ ਕਿਧਰੇ ਗੰਦਗੀ ਨ ਰ ਨਹੀਂ ਆਉਂਦੀ । ਇਹ ਦੁਨੀਆਂ ਦੇ ਸੁੰਦਰ  ਹਿਰਾਂ ਵਿੱਚ ਗਿਣਿਆ ਜਾਂਦਾ ਹੈ । ਝੁੱਗੀ ਝੌਂਪੜੀ ਤੋਂ ਅਜੇ ਤੱਕ ਮੁਕਤ ਰੱਖਿਆ ਗਿਆ ਹੈ ਅਤੇ ਮਜਦੂਰਾਂ ਦੀਆਂ ਸਰਕਾਰੀ ਬਸਤੀਆਂ  ਹਿਰ ਤੋਂ ਬਾਹਰ ਹਨ । ਬੋਧੀ ਮੰਦਰ ਵੀ ਸਾਫ ਸੁਥਰੇ ਹਨ ਅਤੇ ਭਾਰਤ ਵਾਲੀ ਗੰਦਗੀ ਤੋਂ ਮੁਕਤ ਹਨ । ਰੰਗੂਨ ਵਿੱਚ ਹੀਰੇ ਜਵਾਹਰਾਤ ਦੀ ਖਰੀਦੋ ਫਰੋਖਤ ਹੁੰਦੀ ਹੈ । ਵਿ ਵ ਭਰ ਵਿੱਚ ਇਥੋਂ ਦੇ ਰੂਬੀ ਅਤੇ ਹੋਰ ਕੀਮਤੀ ਪੱਥਰ ਮ ਹੂਰ ਹਨ ।  ਹਿਰ ਵਿੱਚ ਸੈਂਕੜੇ ਬੋਧੀ ਪਗੋਦੇ ਕਾਇਮ ਹਨ, ਇਕ ਦਰਜਨ ਹਿੰਦੂ ਮੰਦਰ, ਸਿੱਖਾਂ ਦੇ ਚਾਰ ਗੁਰਦਵਾਰੇ ਅਤੇ ਦੋ ਦਰਜਨ ਮਸਜਿਦਾਂ ਹਨ । ਧਾਰਮਿਕ ਆ ਾਦੀ ਬਰਕਰਾਰ ਹੈ ਅਤੇ ਸਭ ਧਰਮਾਂ ਦੇ ਲੋਕ ਬਰਮੀ ਸਮਾਜ ਦਾ ਅੰਗ ਬਣ ਕੇ ਰਹਿੰਦੇ ਹਨ । ਭਾ ਾ ਅਤੇ ਪਹਿਰਾਵਾ ਸਭ ਦਾ ਸਾਂਝਾ ਹੈ ਅਤੇ ਪੱਛਮੀ ਸਭਿਆਚਾਰ ਦਾ ਮਾਰੂ ਪ੍ਰਭਾਵ ਕਿਧਰੇ ਵੀ ਨਹੀਂ ਲੱਭਦਾ । ਯੂਨੀਵਰਸਿਟੀ ਅਤੇ ਹੋਰ ਸਭ ਸਰਕਾਰੀ ਅਦਾਰਿਆਂ ਵਿੱਚ ਕੌਮੀ ਭਾ ਾ ਅਤੇ ਪਹਿਰਾਵਾ ਹੀ ਪ੍ਰਵਾਨ ਚੜ੍ਹਦਾ ਹੈ ।

ਮੇਰੀ ਇੱਛਾ ਸੀ ਕਿ ਬਰਮਾ ਦੇ ਪੁਰਾਤਨ ਸਿੱਖਾਂ ਬਾਰੇ ਖੋਜ ਕੀਤੀ ਜਾਵੇ । ਜਦੋਂ ਅੰਗਰੇ ਾਂ ਨੇ ਇੰਡੋਚਾਈਨਾ ਉਪਰ ਕਬਜਾ ਕਰ ਲਿਆ ਤਾਂ ਫੌਜ ਅਤੇ ਪੁਲਿਸ ਵਿੱਚ ਸਿੱਖਾਂ ਦੀ ਭਰਤੀ ਕੀਤੀ ਗਈ । ਬਰਮਾ ਤੋਂ ਲੈ ਕੇ ਿਘਾਈ ਅਤੇ ਹਾਂਗਕਾਂਗ ਤੱਕ ਸਾਰੀ ਅੰਗਰੇਜੀ ਪੁਲਿਸ ਪੰਜਾਬ ਤੋਂ ਭਰਤੀ ਕੀਤੀ ਜਾਂਦੀ ਸੀ। ਦੂਸਰੇ ਵਿ ਵ ਯੁੱਧ ਵਿੱਚ ਜਪਾਨੀਆਂ ਨੇ ਅੰਗਰੇ ਾਂ  ਹਰਾ ਕੇ ਇੰਡੋਚਾਈਨਾ ਉਪਰ ਕਬਜਾ ਕਰ ਲਿਆ ਅਤੇ ਬਹੁਤ ਸਾਰੇ ਸਿੱਖ ਸਿਪਾਹੀ ਕੈਦ ਕਰ ਲਏ ਜਾਂ ਮੌਤ ਦੇ ਘਾਟ ਉਤਾਰ ਦਿੱਤੇ ਗਏ । ਰੰਗੂਨ ਦੇ ਬਾਹਰ ਇਕ ਕਬਰਿਸਤਾਨ ਵਿਚ ਅੰਗਰੇਜਾਂ ਅਤੇ ਸਿਖ ਸਿਪਾਹੀਆਂ ਦੀ ਯਾਦਗਾਰ ਕਾਇਮ ਕੀਤੀ ਗਈ ਹੈ । ਕੁਝ ਭਾਰਤੀ ਸਿਪਹੀ ਬਾਗੀ ਹੋ ਕੇ ਸੁਭਾ  ਚੰਦਰ ਬੋਸ ਦੀ ਅਗਵਾਈ ਹੇਠ ਬਣੀ ਆ ਾਦ ਹਿੰਦ ਫੌਜ ਵਿੱਚ ਅੰਗਰੇਜਾਂ ਵਿਰੁੱਧ ਲੜਦੇ ਰਹੇ । ਇਸ ਫੌਜ ਦਾ ਕੇਂਦਰ ਬਰਮਾ ਦੀ ਪੁਰਾਣੀ ਰਜਧਾਨੀ ਮਾਂਡਲੇ ਬਣ ਗਿਆ । ਇਸ ਦੇ ਜਰਨੈਲ ਕਈ ਸਿੱਖ ਯੋਧੇ ਸਨ । ਇਨ੍ਹਾਂ ਫੌਜੀ ਅਤੇ ਪੁਲਿਸ ਸਿਪਾਹੀਆਂ ਦੀ ਉਲਾਦ ਬਰਮਾ ਦੇ ਕਈ  ਹਿਰਾਂ ਅਤੇ ਪਿੰਡਾਂ ਵਿੱਚ ਆਬਾਦ ਹੋ ਗਈ । ਆਰਥਿਕ ਮੰਦਵਾੜੇ ਕਾਰਨ ਬਹੁਤ ਸਾਰੇ ਸਿੱਖ ਪ੍ਰੀਵਾਰ ਵਿਦੇ ਾਂ ਵਿੱਚ ਜਾ ਵੱਸੇ ਹਨ। ਰੰਗੂਨ ਵਿੱਚ ਲੱਗਭੱਗ ਸੌ ਦੇ ਕਰੀਬ ਸਿੱਖ ਪ੍ਰੀਵਾਰ ਆਪਣਾ ਕਾਰੋਬਾਰ ਕਰ ਰਹੇ ਹਨ । ਦੱਖਣੀ ਭਾਰਤ ਤੋਂ ਵਧੇਰੇ ਗਿਣਤੀ ਵਿੱਚ ਭਾਰਤੀ ਵ ਿਦੇ ਮਿਲ ਜਾਂਦੇ ਹਨ । ਬੰਗਲਾਦੇ ੀ ਮੁਸਲਮਾਨਾਂ ਦੀ ਗਿਣਤੀ ਸਭ ਤੋਂ ਵਧੇਰੇ ਹੈ ।

ਰੰਗੂਨ ਵਿੱਚ ਭਾਰਤ ਦੇ ਆਖਰੀ ਮੁਗਲ ਬਾਦ ਾਹ ਬਹਾਦਰ  ਾਹ  ਫਰ ਦੀ ਯਾਦਗਾਰ ਕਾਇਮ ਹੈ । ਅੰਗਰੇਜਾਂ ਨੇ 1858 ਵਿੱਚ ਬਾਦ ਾਹ  ਕੈਦ ਕਰਕੇ ਰੰਗੂਨ ਲੈ ਆਂਦਾ ਅਤੇ 1862 ਵਿੱਚ ਇਥੇ ਹੀ ਇਸ  ਦਫਨਾਇਆ ਗਿਆ । ਬਹਾਦਰ  ਾਹ  ਫਰ ਦੀ ਕਬਰ ਹਰ ਭਾਰਤੀ ਲਈ ਖਿੱਚ ਦਾ ਕੇਂਦਰ ਹੈ । ਉਹ ਝੂਰਦਾ ਹੀ ਮਰ ਗਿਆ ਕਿ ਭਾਰਤ ਦੀ ਧਰਤੀ ਉਪਰ ਦਫਨਾਇਆ ਜਾਵੇ ਜਿਸ ਕਰਕੇ ਉਸਦੀ ਵੇਦਨਾਭਰੀ ਗ ਲ ਦੇ ਬੰਦ ਕਬਰ ਉਪਰ ਪੜ੍ਹ ਕੇ ਹਰ ਭਾਰਤੀ ਭਾਵਾਤਮਕ ਹੋ ਉਠਦਾ ਹੈ :  ਕਿਤਨੇ ਹੋ ਬਦਨਸੀਬ  ਫਰ ਕਿ ਦੋ ਗਜ  ਮੀਨ ਨਾ ਮਿਲ ਸਕੀ ਕੂਏ ਯਾਰ ਮੇਂ" । ਬਾਦ ਾਹ ਦੀ ਕਬਰ ਨਾਲ ਉਸਦੀ ਬੇਗਮ  ੀਨਤ ਮਹਿਲ ਅਤੇ  ਹਿਜਾਦੀ ਦੀ ਕਬਰ ਵੀ ਕਾਇਮ ਹੈ । ਭਾਰਤ ਸਰਕਾਰ  ਚਾਹੀਦਾ ਹੈ ਕਿ ਇਸ ਕੌਮੀ ਯਾਦਗਾਰ ਦੀ ਸਾਂਭ ਸੰਭਾਲ ਦਾ ਪ੍ਰਬੰਧ ਕੀਤਾ ਜਾਵੇ, ਇਹ ਬਹੁਤ ਹੀ ਖਸਤਾ ਹਾਲਤ ਵਿੱਚ ਹੈ । ਨਾਮਧਾਰੀ ਗੁਰੂ ਰਾਮ ਸਿੰਘ  ਵੀ ਅੰਗਰੇਜਾਂ ਦੀ ਕੈਦ ਵਿੱਚ ਪਹਿਲਾਂ ਮਾਂਡਲੇ ਅਤੇ ਫਿਰ ਰੰਗੂਨ ਲਿਆਂਦਾ ਗਿਆ । ਜਦੋਂ ਪੰਜਾਬ ਤੋਂ ਉਸਦੇ ਕੂਕਿਆਂ ਨੇ ਪਿੱਛਾ ਕਰਨਾ ੁਰੂ ਕਰ ਦਿੱਤਾ ਤਾਂ ਅੰਗਰੇਜਾਂ ਨੇ ਕਿਸੇ ਗੁੰਮਨਾਮ ਜਗ੍ਹਾ ਤੇ ਭੇਜ ਦਿੱਤਾ । ਮੇਰੀ ਪੁੱਛ ਗਿੱਛ ਦੇ ਬਾਵਜੂਦ ਨਾਮਧਾਰੀ ਗੁਰੂ ਦੀ ਯਾਦਗਾਰ ਕਿਧਰੇ ਨਹੀਂ ਲੱਭੀ । ਗੁਰਦਵਾਰੇ ਦੀ ਗ੍ਰੰਥੀ ਬੀਬੀ ਬਲਬੀਰ ਕੌਰ ਨੇ ਦੱਸਿਆ

ਕਿ ਉਹ ਚੀਨ ਦੇ ਨਾਲ ਲਗਦੀ   ਾਨ ਸਟੇਟ  ਦੀ ਵਸਨੀਕ ਹੈ । ਸਿੱਖ ਵਸ੍ਹੋ ਦੇ ਪਿੰਡ ਦੂਰ ਦੁਰਾਡੇ ਇਲਾਕਿਆਂ ਵਿੱਚ ਕਾਇਮ ਹਨ ਅਤੇ ਕਈ ਥਾਂ ਗੁਰਦਵਾਰੇ ਵੀ ਹਨ ।

23 ਮਾਰਚ    ਮੈ ਰੰਗੂਨ ਤ੍ਹੋ ਦਿੱਲੀ ਆਉਣ ਦੀ ਤਿਆਰੀ ਕਰ ਲਈ । ਮੇਰੇ ਖੋਜ ਵਿਦਿਆਰਥੀ ਹਵਾਈ ਅੱਡੇ ਉਪਰ ਅਲਵਿਦਾ ਕਹਿਣ ਲਈ ਆਏ । ਕਈਆਂ ਦੇ ਨੇਤਰ ਸੇਜਲ ਹੋ ਗਏ । ਮੇਰੇ ਲਈ ਇਹ ਬਹੁਤ ਹੀ ਭਾਵ੍ਭਿੰਨੀ ਵਿਦਾਈ ਸੀ । ਵਿਦਿਆਰਥੀਆਂ ਵਿੱਚ ਉਹ ਕੁੜੀ ਵੀ  ਾਮਲ ਸੀ ਜਿਸਦਾ ਦਾ ਦਾਦਾ ਜੈ ਸਿੰਘ ਪੰਜਾਬੀ ਸਿੱਖ ਸੀ ਪਰੰਤੂ ਹੁਣ ਪ੍ਰੀਵਾਰ ਵਿੱਚ੍ਹੋ ਸਿੱਖੀ ਅਲੋਪ ਹੋ ਗਈ ਹੈ । ਉਸਦੀ ਸਤਿ ਸਿਰੀ ਅਕਾਲ ਮੇਰੇ ਕੰਨਾਂ ਵਿੱਚ ਅਜੇ ਤੱਕ ਗੂੰਜਦੀ ਪਈ ਹੈ । ਮਨੁੱਖ ਲਈ ਧਰਮ, ਭਾ ਾ ਅਤੇ ਸਭਿਆਚਾਰ ਇਕ ਸਦੀਵੀ ਹ੍ਹੋਂਦ ਦੀ ਲਖਾਇਕ ਹਨ। ਬਰਮਾ ਬੋਧੀ ਧਰਮ ਦਾ ਪੈਰੋਕਾਰ ਹੈ ਪਰੰਤੂ ਇਸ ਦੀ ਰੂਹ ਭਾਰਤੀ ਹੈ ।

# ਅਫਰੀਕਾ ਦਾ ਫੁੱਲ: ਅਦੀਸ ਅਬਾਬਾ

---

18 ਮਈ 2008 ਨੂੰ ਈਥੋਪੀਆ ਤੋਂ ਇਕ ਈਮਿਲ ਰਾਹੀਂ ਸੱਦਾ ਪੱਤਰ ਆਇਆ ਤਾਂ ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਅਸਲੀ ਹੈ ਜਾਂ ਨਕਲੀ। ਅੱਜ ਕੱਲ੍ਹ ਅਫਰੀਕਾ ਤੋਂ ਕਈ ਜਾਹਲੀ ਕਿਸਮ ਦੇ ਈਮਿਲ ਆਉਂਦੇ ਹਨ ਕਿ ਤੁਹਾਡੇ ਬੈਕ ਅਕਾਊਂਟ ਵਿਚ ਕਰੋੜਾਂ ਡਾਲਰ ਦੀ ਰਾ ੀ ਜਮਾਂ ਕਰਾਵਣੀ ਹੈ। ਖੈਰ ਮੈ ਅਦੀਸ ਅਬਾਬਾ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਦੇ ਮੁਖੀ ਡਾ. ਤਿਲਹਾਨ ਸਫਾਇਆ ਤੋਂ ਪੜਤਾਲ ਕੀਤੀ ਤਾਂ ਪਤਾ ਲਗਾ ਕਿ ਅੰਤਰਰਾ ਟਰੀ ਕਾਨਫਰੰਸ ਵਿਚ ਾਮਲ ਹੋਣ ਲਈ ਨਿਉਤਾ ਉਸ ਨੇ ਹੀ ਭੇਜਿਆ ਸੀ । ਡਾ ਤਿਲਹਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ ਐਚ ਡੀ ਕਰਕੇ ਗਿਆ ਸੀ ਅਤੇ ਮੇਰਾ ਚੰਗਾ ਵਾਕਫਕਾਰ ਸੀ । ਉਸਦੇ ਵਿਭਾਗ ਵਿਚ ਦੋ ਭਾਰਤੀ ਪ੍ਰੋਫੈਸਰ ਮੇਰੇ ਪੁਰਾਣੇ ਜਮਾਤੀ ਅਤੇ ਮਿੱਤਰ ਨਿਕਲ ਪਏ । ਉਨ੍ਹਾਂ ਦੀ ਹੱਲਾ ੇਰੀ ਕਰਕੇ ਮੈ ਈਥੋਪੀਆ ਜਾਣ ਦੀ ਤਿਆਰੀ ਕਰ ਲਈ । ਅਫਰੀਕਾ ਦੀ ਯਾਤਰਾ ਦਾ ਇਹ ਚੰਗਾ ਮੌਕਾ ਜਾਣ ਕੇ ਮੈ ਈਥੋਪੀਆ ਅਤੇ ਮਿਸਰ ਦੇ ਹਿਰ ਕਾਇਰਾ ਦਾ ਟਿਕਟ ਖਰੀਦ ਲਿਆ । ਈਥੋਪੀਆ ਦਾ ਵੀ ਾ ਭਾਰਤੀਆਂ ਲਈ ਅਦੀਸ ਅਬਾਬਾ ਦੇ ਹਵਾਈ ਅੱਡੇ ਤੋਂ ਹੀ ਮਿਲ ਜਾਂਦਾ ਹੈ। ਪਰੰਤੂ ਇਕ ਹੋਰ ਮੁ ਕਲ ਦਾ ਹੱਲ ਲੱਭਣਾ ਰੂਰੀ ਸੀ । ਅਫਰੀਕਾ ਜਾਣ ਲਈ ਯੈਲੋ ਫੀਵਰ (ਢਕ;;ਰਮ ਕਿਡਕਗ) ਦਾ ਟੀਕਾ ਲਗਵਾਣਾ ਰੂਰੀ ਹੈ ਅਤੇ ਇਹ ਟੀਕਾ ਸਿਰਫ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਹੀ ਲੱਗਦਾ ਹੈ ।

ਜੂਨ ਦੇ ਮਹੀਨੇ ਮੈ ਈਥੋਪੀਆ ਜਾਣ ਲਈ ਤਿਆਰੀ _ਰੂ ਕਰ ਦਿੱਤੀ । ਰਾਮ ਮਨੋਹਰ ਲੋਹੀਆ ਹਸਪਤਾਲ ਦਾ ਗੇੜਾ ਲਗਾਇਆ ਤਾਂ ਪਤਾ ਲੱਗਾ ਕਿ ਯੈਲੋ ਫੀਵਰ ਦਾ ਟੀਕਾ ਪਾਲਮ ਹਵਾਈ ਅੱਡੇ ਉਪਰ ਵੀ ਲੱਗਦਾ ਹੈ। ਹਫਤੇ ਵਿਚ ਕੇਵਲ ਦੋ ਦਿਨ ਹੀ ਟੀਕੇ ਲਗਦੇ ਹਨ ਜਿਸ ਕਰਕੇ ਸਵੇਰ ਤੋਂ ਹੀ ਕਤਾਰ ਵਿਚ ਲੱਗਣਾ ਪੈਦਾ ਹੈ । ਮੇਰਾ ਪਾਸਪੋਰਟ ਮਿਸਰ ਦੀ ਐਬੇਸੀ ਵਿਚ ਜਮਾਂ ਕਰ ਲਿਆ ਗਿਆ ਸੀ ਜਿਸ ਕਰਕੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚੋ ਮੈਨੂੰ ਖਾਲੀ ਹੱਥ ਹੀ ਮੁੜਨਾ ਪਿਆ । ਮਿਸਰ ਦੀ ਐਬੇਸੀ ਦਾ ਹਾਲ ਭਾਰਤ ਦੇ ਸਰਕਾਰੀ ਦਫਤਰਾਂ ਵਾਂਗ ਅ ਿਬ ਜਾਪਿਆ । ਮਿਥੇ ਸਮੇ ਤੋਂ ਇਕ ਘੰਟਾ ਬਾਅਦ ਅੰਦਰ ਜਾਣ ਦੀ ਇ ਾ ਤ ਮਿਲੀ ਕਿਉ ਕਿ ਐਬੇਸੀ ਦੇ ਕਾਰਿੰਦੇ ਦੇਰੀ ਨਾਲ ਪਹੁੰਚੇ ਸਨ। ਤੀਸਰੇ ਦਿਨ ਜਦੋ ਵੀ ਾ ਲੱਗਾ ਪਾਸਪੋਰਟ ਮਿਲ ਗਿਆ ਤਾਂ ਮੈ ਏਅਰਪੋਰਟ ਵੱਲ ਰਵਾਨਾ ਹੋ ਪਿਆ । ਮੁ ਕਲ ਨਾਲ ਾਮ ਦੇ ਪੰਜ ਵਜੇ ਮੇਰੀ ਵਾਰੀ ਆਈ ਤਾਂ ਮੈ _ਕਰ ਕੀਤਾ ਕਿ ਇਸ ਟੀਕੇ ਦੀ ਰਤ ਨੂੰ ਵੀ ਪੂਰਾ ਕਰ ਲਿਆ ਹੈ। ਮੇਰੇ ਨਾਲ ਏਜੰਟਾਂ ਦੇ ਢਹੇ ਚੜ੍ਹੇ ਸੌ ਤੋਂ ਵਧੀਕ ਪੰਜਾਬੀ ਮੁੰਡੇ ਵੀ ਟੀਕਾ ਲਗਵਾਣ ਆਏ ਹੋਏ ਸਨ । ਪਤਾ ਲੱਗਾ ਕਿ ਇਹ ਹੁਣ ਅਫਰੀਕਾ ਦੇ ਰਸਤੇ ਯੂਰਪ ਜਾਣ ਦੀ ਤਿਆਰੀ ਕਰ ਰਹੇ ਹਨ।

17 ਜੂਨ ਦੇ ਦਿਨ ਮੈ ਇੰਡੋਕਿੈਨੇਡੀਅਨ ਬੱਸ ਤੇ ਸਵਾਰ ਹੋ ਕੇ ਦਿੱਲੀ ਦੇ ਅੰਤਰਰਾ ਟਰੀ ਹਵਾਈ ਅੱਡੇ ਉਪਰ ਪਹੁੰਚ ਗਿਆ । ਅੱਧੀ ਰਾਤ ਸਮੇ ਈਥੋਪੀਅਨ ਏਅਰਲਾਈਨ ਦੇ ਕਾਊਂਟਰ ਤੇ ਚੈਕਇਨ _ਰੂ ਹੋਇਆ ਤਾਂ ਪਤਾ ਲੱਗਾ ਕਿ ਸਾਡਾ ਜਹਾਜ ਚੀਨ ਤੋਂ ਆ ਰਿਹਾ ਹੈ । 18 ਜੂਨ ਸਵੇਰ ਦੇ ਤਿੰਨ ਵਜੇ ਜਹਾਜ ਨੇ ਉਡਾਨ ਭਰੀ ਤਾਂ ਵੇਖਿਆ ਕਿ ਮੇਰੇ ਆਲੇ ਦੁਆਲੇ ਸਾਰੇ ਚੀਨੀ ਮੁਸਾਫਰ ਹੀ ਬੈਠੇ ਹੋਏ ਹਨ । ਇਕ ਨੌਜਵਾਨ ਜੋ ਅੰਗਰੇ ੀ ਵਿਚ ਚੰਗੀ ਮੁਹਾਰਤ ਰੱਖਦਾ ਸੀ, ਮੈਨੂੰ ਦੱਸਣ ਲੱਗਾ ਕਿ ਉਹ ਇੰਜੀਨੀਅਰ ਹੈ ਅਤੇ ਨਾਏ ੀਰਿਆ ਦੀ ਕਿਸੇ ਕੰਪਨੀ ਲਈ ਚੀਨੀ ਮ ਦੂਰ ਭਰਤੀ ਕਰਕੇ ਲੈ ਜਾ ਰਿਹਾ ਹੈ । ਅੱਜ ਕੱਲ੍ਹ ਚੀਨ ਨੇ ਵਿ ਵ ਭਰ ਦੀ ਮੰਡੀ ਵਿਚ ਚੰਗਾ ਨਾਮਣਾ ਖੱਟਿਆ ਹੈ ਅਤੇ ਚੀਨੀ ਕੰਪਨੀਆਂ ਭਾਰਤ ਅਤੇ ਅਮਰੀਕਾ ਨੂੰ ਵਪਾਰ ਵਿਚ ਪਛਾੜ ਰਹੀਆਂ ਹਨ ।

ਸਵੇਰੇ ਛੇ ਵਜੇ ਦੇ ਕਰੀਬ ਸਾਡਾ ਜਹਾਜ ਅਦੀਸ ਅਬਾਬਾ ਦੇ ਹਵਾਈ ਅੱਡੇ ਉਪਰ ਜਾ ਉਤਰਿਆ । ਬਹੁਤੇ ਮੁਸਾਫਰ ਤਾਂ ਹੋਰ ਦੇ ਾਂ ਵੱਲ ਜਾ ਰਹੇ ਸਨ ਕੇਵਲ ਇਕ ਦਰਜਨ ਦੇ ਕਰੀਬ ਹੀ ਈਥੋਪੀਆ ਆਏ ਸਨ । ਮੈ ਵੀ ਾ ਲੈਣ ਲਈ ਕਤਾਰ ਵਿਚ ਲੱਗ ਗਿਆ। ਮੈਨੂੰ ਉਮੀਦ ਸੀ ਕਿ ਸਰਕਾਰੀ ਮਹਿਮਾਨ ਹੋਣ ਕਰਕੇ ਮੈਨੂੰ ਖਾਸ ਰਿਆਇਤ ਮਿਲੇਗੀ ਪਰੰਤੂ ਇਥੇ ਤਾਂ ਗੋਰੀ ਚਮੜੀ ਵਾਲੇ ਯੂਰਪੀਨ ਪਹਿਲਾਂ ਲੰਘਾਏ ਗਏ ਅਤੇ ਮੇਰੇ ਤੋਂ ਪੂਰੀ ਵੀ ਾ ਫੀਸ ਲੈ ਕੇ ਇਕ ਘੰਟੇ ਬਾਅਦ ਵਾਰੀ ਆਈ । ਅਦੀਸ ਅਬਾਬਾ ਯੂਨੀਵਰਸਿਟੀ ਤੋਂ ਖੋਜ ਵਿਦਿਆਰਥੀ ਅੱਗੋ ਲੈਣ ਆਏ ਹੋਏ ਸਨ ਅਤੇ ਮੇਰਾ ਅਲੀਗੜ੍ਹ ਯੂਨੀਵਰਸਿਟੀ ਦਾ ਜਮਾਤੀ ਅ ੋਕ ਕੁਮਾਰ ਚੌਬੇ ਵੀ ਏਅਰਪੋਰਟ ਤੇ ਮੇਰਾ ਇੰਤ ਾਰ ਕਰ ਰਿਹਾ ਸੀ । ਮੈ ਯੂਨੀਵਰਸਿਟੀ ਦੀ ਕਾਰ ਵਿਚ ਸਵਾਰ ਹੋ ਕੇ ਅਦੀਸ ਅਬਾਬਾ ਯੂਨੀਵਰਸਿਟੀ ਦੇ ਨਵੇ ਕੈਂਪਸ ਵਿਚ ਪਹੁੰਚ ਗਿਆ । ਇਹ ਕੈਂਪਸ ਹਵਾਈ ਅੱਡੇ ਤੋਂ 25 ਕਿਲੋਮੀਟਰ ਦੀ ਦੂਰੀ ਤੇ ਅਦੀਸ ਅਬਾਬਾ ਹਿਰ ਤੋਂ ਬਾਹਰਵਾਰ ਬਣਾਇਆ ਗਿਆ ਹੈ। ਰਸਤੇ ਵਿਚ ਈਥੋਪੀਆ

ਦੀ ਗਰੀਬੀ ਦੇ ਚਿੰਨ ਸਪ ਟ ਲੱਭ ਰਹੇ ਸਨ। ਸੜਕ ਦੇ ਦੋਹੀਂ ਪਾਸੀ ਟੀਨਾਂ ਦੀਆਂ ਛੱਤਾਂ ਵਾਲੇ ਮਕਾਨ ਲੱਭ ਰਹੇ ਸਨ । ਅਦੀਸ ਅਬਾਬਾ ਸੱਤ ਹ ਾਰ ਫੁੱਟ ਦੀ ਉਚਾਈ ਤੇ ਵੱਸਿਆ ਹੋਣ ਕਰਕੇ ਜੂਨ ਦੇ ਮਹੀਨੇ ਵੀ ਿ ਮਲੇ ਵਾਂਗ ਸੁਹਾਵਣਾ ਪ੍ਰਤੀਤ ਹੋ ਰਿਹਾ ਸੀ । ਬਾਰ ਵੀ ਕਾਫੀ ਪੈ ਜਾਂਦੀ ਹੈ ਅਤੇ ਗਰਮੀ ਦਾ ਨਾਮੋ ਨਿ ਾਨ ਨਹੀਂ ਲੱਭਦਾ । ਪੰਜਾਬ ਦੀ ਗਰਮੀ ਤੋਂ ਕਾਫੀ ਰਾਹਤ ਮਿਲ ਗਈ ਸੀ।

ਮੇਰੀ ਰਿਹਾਇ  ਦਾ ਪ੍ਰਬੰਧ ਮਹਿਮਾਨ ਘਰ ਵਿਚ ਕੀਤਾ ਗਿਆ । ਕਮਰੇ ਵਿਚ ਫਰਿੱ  ਅਤੇ ਹੋਰ ਸਹੂਲਤਾਂ ਮੁਹੱਈਆ ਸਨ । ਮਹਿਮਾਨ ਘਰ ਵਿਚ ਇੰਟਰਨੈਟ, ਰੈਸਤੋਰਾਂ ਅਤੇ ਿ ਮ ਦਾ ਪ੍ਰਬੰਧ ਵੀ ਸੀ ਅਤੇ ਮਹਿਮਾਨਾਂ ਲਈ ਅੰਗਰੇ ੀ ਬੋਲਣ ਵਾਲੇ ਦੋਭਾ ੀਏ ਵੀ ਮੌਜੂਦ ਸਨ। ਅਫਰੀਕਾ ਦੇ ਬਹੁਤੇ ਦੇ  ਆਪਣੀ ਭਾ ਾ ਤਾਂ ਬੋਲਦੇ ਹਨ ਪਰੰਤੂ ਇਨ੍ਹਾਂ ਭਾ ਾਵਾਂ ਦੀ ਕੋਈ ਲਿੱਪੀ ਨਹੀਂ ਹੁੰਦੀ । ਈਥੋਪੀਆ ਹੀ ਅਜਿਹਾ ਦੇ  ਹੈ ਜਿਸ ਦੀ ਆਪਣੀ ਵੱਖਰੀ ਭਾ ਾ ਅਤੇ ਵੱਖਰੀ ਲਿੱਪੀ ਕਾਇਮ ਹੈ। ਕਿਸੇ ਸਮੇ ਇਥੇ ਈਸਾਈ ਧਰਮ ਦਾ ਬੋਲਬਾਲਾ ਹੋਇਆ ਕਰਦਾ ਸੀ ਅਤੇ ਰੋਮ ਦਾ ਪੋਪ ਆਪਣੇ ਸੰਤਾਂ ਨੂੰ ਪ੍ਰਚਾਰ ਲਈ ਭੇਜਿਆ ਕਰਦਾ ਸੀ । ਸਤਵੀ ਸਦੀ ਵਿਚ ਅਰਬੀ ਮੁਸਲਮਾਨ ਜਰਨੈਲਾਂ ਨੇ ਈਥੋਪੀਆ ਦੇ ਬਹੁਤ ਸਾਰੇ ਇਲਾਕੇ ਜਿੱਤ ਕੇ ਇਸਲਾਮ ਦਾ ਪ੍ਰਚਾਰ ੁਰੂ ਕਰ ਦਿੱਤਾ । ਹੁਣ ਇਸ ਦੀ ਅਬਾਦੀ ਦੋਹਾਂ ਧਰਮਾਂ ਦਾ ਮਿ ਰਣ ਜਾਪਦੀ ਹੈ ।

19 ਜੂਨ ਨੂੰ ਕਾਨਫਰੰਸ ੁਰੂ ਹੋਈ ਤਾਂ ਪਤਾ ਲੱਗਾ ਕਿ 200 ਤੋਂ ਵਧੀਕ ਡੈਲੀਗੇਟ ਯੂਰਪ ਅਤੇ ਅਮਰੀਕਾ ਤੋਂ ਆਏ ਹਨ। ਭਾਰਤ ਤੋਂ ਮੈ ਇਕੱਲਾ ਹੀ ਹਾ ਰ ਹੋਇਆ ਸਾਂ । ਪਰੰਤੂ ਇਕ ਦਰਜਨ ਦੇ ਕਰੀਬ ਭਾਰਤੀ ਡੈਲੀਗੇਟ ਅਦੀਸ ਅਬਾਬਾ ਯੂਨੀਵਰਸਿਟੀ ਦੇ ਵਿਭਾਗਾਂ ਵਿਚੋਂ ਹੀ ਹਾ ਰ ਹੋਏ ਸਨ । ਦਰਅਸਲ, ਈਥੋਪੀਆ ਵਿਚ ਭਾਰਤੀ ਮੂਲ ਦੇ ਅਧਿਆਪਕ ਪਿਛਲੇ ਪੰਜਾਹ ਸਾਲਾਂ ਤੋਂ ਆ ਰਹੇ ਹਨ। ਅਫਰੀਕਾ ਦੇ ਬਹੁਤ ਸਾਰੇ ਦੇ ਾਂ ਵਿਚ ਭਾਰਤੀ ਮੂਲ ਦੇ ਲੋਕ ਅੰਗਰੇ ਾਂ ਦੀ ਸਰਪ੍ਰਸਤੀ ਹੇਠ ਆਬਾਦ ਹੋਏ ਪਰੰਤੂ ਜਦੋਂ ਅਫਰੀਕਨ ਹਕੂਮਤਾਂ ਹੋਂਦ ਵਿਚ ਆਈਆਂ ਤਾਂ ਉਨ੍ਹਾਂ ਨੇ ਅੰਗਰੇ ਾਂ ਤੋਂ ਬਾਅਦ ਭਾਰਤੀ ਵਾਿ ਦਿਆਂ ਨੂੰ ਵੀ ਤੰਗ ਕਰਨਾ ੁਰੂ ਕਰ ਦਿੱਤਾ । ਫਲਸਰੂਪ ਹੁਣ ਦੱਖਣੀ ਅਫਰੀਕਾ ਅਤੇ ਨਾਈ ੀਰੀਆ ਤੋਂ ਬਗੈਰ ਬਾਕੀ ਅਫਰੀਕਨ ਦੇ ਾਂ ਵਿਚੋਂ ਭਾਰਤੀ ਮੂਲ ਦੇ ਲੋਕ ਪਲਾਇਨ ਕਰ ਗਏ ਹਨ ।

ਅੰਤਰਰਾ ਟਰੀ ਕਾਨਫਰੰਸ ਦਾ ਵਿ ਾ ਕਾਫੀ ਦਿਲਚਸਪ ਰੱਖਿਆ ਗਿਆ ਸੀ । ਈਥੋਪੀਆ ਦੀ ਸਰਕਾਰ ਚਾਹੁੰਦੀ ਹੈ ਕਿ ਵਿਦਿਆ ਦੇ ਖੇਤਰ ਵਿਚ ਈਥੋਪੀਆ ਅਫਰੀਕਾ ਦਾ ਮੋਹਰੀ ਦੇ  ਹੋ ਨਿਬੜੇ । ਇਸ ਕਾਰਜ ਲਈ ਯੂਨੈਸਕੋ ਦੀ ਸਰਪ੍ਰਸਤੀ ਹੇਠ ਇਕ ਪੰਜ ਸਾਲਾ ਪਲੈਨ ਤਿਆਰ ਕੀਤਾ ਗਿਆ ਹੈ ਜਿਸ ਦੇ ਅਧੀਨ 5000 ਪੀ ਐਚ਼ ਡੀ਼ ਪੈਦਾ ਕਰਨ ਲਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਈਥੋਪੀਆ ਦੀ ਆਰਥਿਕ ਹਾਲਤ ਤਾਂ ਨਿਘਰੀ ਹੋਈ ਹੈ ਅਤੇ ਕਈ ਸਾਲ ਤੋਂ ਭਿਆਨਕ ਸੋਕਾ ਅਤੇ ਭੁੱਖਮਰੀ ਦੀ ਲਪੇਟ ਵਿਚ ਆ ਚੁੱਕਾ ਹੈ । ਜਾਪਦਾ ਸੀ ਕਿ ਇਹ ੇਖਚਿਲੀ ਵਾਲੀ ਕਾਨਫਰੰਸ ਕਰਕੇ ਪੱਛਮੀ ਦੇ ਾਂ ਤੋਂ ਕਰੋੜਾਂ ਡਾਲਰ ਦੀ ਗਰਾਂਟ ਇਕੱਠੀ ਕੀਤੀ ਜਾਵੇ । ਜਾਂ ਇਉ ਕਹਿ ਲਉ ਕਿ ਈਥੋਪੀਆ ਦੀ ਸਰਕਾਰ ਠੂਠਾ ਫੜ ਕੇ ਵਿ ਵ ਬੈਕ ਅਤੇ ਯੂਨੈਸਕੋ ਤੋਂ ਮਾਇਆ ਇਕੱਤਰ ਕਰਨ ਦੀ ਸਕੀਮ ਘੜੀ ਬੈਠੀ ਹੈ। ਵਿਗਿਆਨ ਦੀ ਕਮੇਟੀ ਵਿਚ ਮੇਰਾ ਨਾਮ  ਾਮਲ ਕੀਤਾ ਗਿਆ ਅਤੇ ਮੈ ਆਪਣੇ ਤ ਰਬੇ ਦੇ ਅਧਾਰ ਤੇ ਭਾਰਤੀ ਨੁਕਤਾ ਨਿਗਾਹ ਦੀ ਤਰ ਮਾਨੀ ਕੀਤੀ । ਤਿੰਨ ਦਿਨ ਦੀ ਕਾਨਫਰੰਸ ਤੋਂ ਬਾਅਦ ਇਕ ਦਿਨ ਅਦੀਸ ਅਬਾਬਾ ਯੂਨੀਵਰਸਿਟੀ ਦੇ ਪੁਰਾਣੇ ਕੈਂਪਸ ਦਾ ਦੌਰਾ ਰੱਖਿਆ ਗਿਆ । ਇਹ ਕੈਂਪਸ ਬਾਦ ਾਹ ਹੇਲ ਸਲੈਸੀ ਦੇ ਮਹੱਲ ਵਿਚ ਸਥਾਪਿਤ ਕੀਤਾ ਗਿਆ ਹੈ । ਇਸ ਦੇ ਮੇਨ ਗੇਟ ਤੋਂ ਅੰਦਰ ਦਾਖਲ ਹੋ ਕੇ ਪਾਰਕ ਦਾ ਗੇੜਾ ਲਾਇਆ ਅਤੇ ਈਥੋਪੀਆ ਕਲਚਰ ਦਾ ਅਜਾਇਬ ਘਰ ਵੇਖਿਆ ।

ਅਦੀਸ ਅਬਾਬਾ ਦੇ ਬਾ ਾਰਾਂ ਵਿਚ ਕਾਫੀ ਰੌਣਕ ਸੀ । ਮੇਰੇ ਦੋਸਤ ਨੇ ਦੱਸਿਆ ਕਿ ਗਰੀਬੀ ਕਾਰਨ ਚੋਰੀ ਯਾਰੀ ਦਾ ਬੋਲਬਾਲਾ ਹੈ । ਰਾਤ ਵੇਲੇ ਸੈਰ ਕਰਦਿਆਂ ਉਸਦਾ ਮੋਬਾਇਲ ੋਨ ਕਿਸੇ ਖੋਹ ਲਿਆ ਸੀ। ਸੜਕਾਂ ਦੇ ਕਿਨਾਰੇ ਭਿਖਾਰੀਆਂ ਦੀ ਭਰਮਾਰ ਹੈ। ਕਈ ਨੌਜਵਾਨ ਵੀ ਭੀਖ ਮੰਗ ਕੇ ਗੁਜਾਰਾ ਕਰਦੇ ਹਨ । ਉਹ ਬੇਰੁ ਗਾਰੀ ਦਾ ਿ ਕਾਰ ਹਨ ਅਤੇ ਨ ਾ ਵੀ ਕਰਦੇ ਹਨ। ਵੈਸੇ ਅਮੀਰ ਲੋਕ ਆਪਣੇ ਐ ੋ ਇ ਰਤ ਲਈ ਕਲੱਬ ਵੀ ਜਾਂਦੇ ਹਨ । ਵੱਡੇ ਹੋਟਲ ਅਤੇ  ਾਪਿੰਗ ਮਾਲ ਵੀ ਇਨ੍ਹਾਂ ਦੀ ਅਮੀਰੀ ਦੀ ਗਵਾਈ ਭਰਦੇ ਹਨ ।

ਮੇਰੇ ਦੋਸਤ ਚੌਬੇ ਨੇ  ਹਿਰ ਤੋਂ ਬਾਹਰ ਘੁੰਮਣ ਦੀ ਮਨਾਹੀ ਕਰ ਰੱਖੀ ਸੀ । ਇਕ ਤਾਂ ਬੋਲੀ ਦੀ ਸਮੱਸਿਆ ਹੈ ਅਤੇ ਦੂਜੇ ਸਫਾਈ ਦੀ ਘਾਟ ਹੈ। ਬਹੁਤੀ ਵੱਸੋ ਜੰਗਲਾਂ ਵਿਚ ਰਹਿੰਦੀ ਹੈ, ਪੀਣ ਦੇ ਪਾਣੀ ਦੀ ਘਾਟ ਹੈ ਅਤੇ ਵਿਦੇ ੀ ਯਾਤਰੀ ਲੁੱਟੇ ਅਤੇ ਮਾਰੇ ਵੀ ਜਾ ਸਕਦੇ

ਹਨ । ਈਥੋਪੀਆ ਭਾਵੇ ਗਰੀਬ ਦੇ  ਹੈ ਪਰੰਤੂ ਉਲੰਪਿਕ ਖੇਡਾਂ ਵਿਚ ਭਾਰਤ ਤੋ ਹਮੇ ਾਂ ਜਿਆਦਾ ਤਗਮੇ ਜਿੱਤਦਾ ਆ ਰਿਹਾ ਹੈ । ਮੈਰਾਥਾਨ ਦੌੜ ਵਿਚ ਈਥੋਪੀਅਨ ਐਥਲੀਟ ਵਿ ਵ ਭਰ ਵਿਚ ਪ੍ਰਸਿੱਧ ਹਨ। ਹਫਤਾ ਭਰ ਅਦੀਸ ਅਬਾਬਾ ਦੀ ਸੈਰ ਕਰਕੇ ਮੈ ਮਿਸਰ ਦੀ ਰਾਜਧਾਨੀ ਕਾਇਰਾ ਵੱਲ ਰਵਾਨਾ ਹੋ ਗਿਆ ।

# ਮਿਸਰ ਦਾ ਨਗੀਨਾ: ਕਾਇਰਾ

---

24 ਜੂਨ ਸਵੇਰੇ ਚਾਰ ਵਜੇ ਮੇਰਾ ਜਹਾਜ ਕਾਇਰਾ ਦੇ ਅੰਤਰਰਾ ਟਰੀ ਹਵਾਈ ਅੱਡੇ ਉਪਰ ਜਾ ਉਤਰਿਆ । ਅਦੀਸ ਅਬਾਬਾ ਦੇ ਮੁਕਾਬਲੇ ਇੱਥੇ ਗਰਮੀ ਬਹੁਤ ਜਿਆਦਾ ਮਹਿਸੂਸ ਹੋਣ ਲੱਗੀ । ਇਕ ਪ੍ਰਾਈਵੇਟ ਟੈਕਸੀ ਨਾਲ ਕਰਾਇਆ ਤੈਅ ਕਰਕੇ ਮੈ ਆਪਣੇ ਹੋਟਲ ਦਾ ਪਤਾ ਠਿਕਾਣਾ ਦੱਸਿਆ ਅਤੇ ਕਾਇਰਾ ਹਿਰ ਵੱਲ ਰਵਾਨਾ ਹੋ ਪਿਆ । ਦਰਿਆ ਨੀਲ ਦਾ ਪੁਲ ਪਾਰ ਕਰਕੇ ਟੈਕਸੀ ਪਿਰਾਮਿਡ ਰੋਡ ਤੇ ਚੜ੍ਹ ਗਈ ਅਤੇ ਇਕ ਘੰਟੇ ਦੇ ਸ ਰ ਬਾਅਦ ਮੈ ਆਪਣੇ ਹੋਟਲ ਪਹੁੰਚ ਗਿਆ। ਮੇਰਾ ਹੋਟਲ ਕਾਇਰਾ ਦੇ ਾਹੀ ਮਾਰਗ ਉਪਰ ਸਥਿਤ ਹੋਣ ਕਰਕੇ ਖਚਾ ਖਚ ਭਰਿਆ ਹੋਇਆ ਸੀ । ਮੈ ਏ ੀਆ ਟਰੈਵਲ ਏਜੰਸੀ ਰਾਹੀਂ ਭਾਰਤ ਤੋਂ ਚੱਲਣ ਸਮੇ ਹੀ ਹੋਟਲ ਵਿਚ ਕਮਰਾ ਬੁੱਕ ਕਰਵਾ ਲਿਆ ਸੀ । ਇਸ ਤਰ੍ਹਾਂ ਦੀ ਸਹੂਲਤ ਹੁਣ ਇੰਟਰਨੈਟ ਉਪਰ ਉਪਲੱਭਧ ਹੈ ਅਤੇ ਲਗਭਗ ਅੱਧੀ ਕੀਮਤ ਉਪਰ ਬੁੱਕਿੰਗ ਹੋ ਜਾਂਦੀ ਹੈ । ਟੈਕਸੀ ਵਾਲੇ ਨੇ ਪੂਰਾ ਕਰਾਇਆ ਵਸੂਲ ਕਰਕੇ ਦਸ ਡਾਲਰ ਟਿੱਪ ਵੀ ਮੰਗਿਆ ਜੋ ਮਜਬੂਰੀ ਵੱਸ ਦੇਣਾ ਪਿਆ । ਕਾਇਰਾ ਵਿਚ ਸਰਕਾਰੀ ਅਤੇ ਪ੍ਰਾਈਵੇਟ ਟੈਕਸੀਆਂ ਮੌਜੂਦ ਹਨ ਅਤੇ ਕਿਰਾਏ ਲਈ ਭਾਰਤ ਵਾਂਗ ਹੀ ਸੌਦੇਬਾ ੀ ਕਰਨੀ ਪੈਦੀ ਹੈ । ਪ੍ਰਾਈਵੇਟ ਟੈਕਸੀਆਂ ਕਾਫੀ ਸਸਤੀਆਂ ਹਨ ਪਰੰਤੂ ਹਾਲਤ ਬਹੁਤ ਖਸਤਾ ਹੁੰਦੀ ਹੈ । ਯੂਰਪ ਦੇ ਰੋਮ ਅਤੇ ਪੈਰਿਸ ਤੋਂ ਬਾਅਦ ਕਾਇਰਾ ਦੁਨੀਆਂ ਭਰ ਦੇ ਯਾਤਰੀਆਂ ਦਾ ਹਰਮਨ ਪਿਆਰਾ ਹਿਰ ਮੰਨਿਆ ਜਾਂਦਾ ਹੈ। ਇਥੇ ਹਰ ਤਰ੍ਹਾਂ ਦੇ ਹੋਟਲ ਉਪੱਲਭਧ ਹਨ ਅਤੇ ਟਰੈਵਲ ਏਜੰਸੀਆਂ ਦੀ ਮੱਦਦ ਵੀ ਮਿਲ ਜਾਂਦੀ ਹੈ । ਹੋਟਲ ਵਿਚ ਸਮਾਨ ਟਿਕਾ ਕੇ ਮੈ ਅਰਾਮ ਕਰਨਾ ਚਾਹੁੰਦਾ ਸੀ ਪਰੰਤੂ ਭਾਰਤ ਵਾਂਗ ਬਹਿਰੇ ਇਥੇ ਵੀ ਖਹਿੜਾ ਨਹੀਂ ਛੱਡਦੇ ।

ਸਵੇਰ ਦਾ ਨਾ ਤਾ ਕਰਕੇ ਮੈ ਕਾਇਰਾ ਹਿਰ ਘੁੰਮਣ ਦਾ ਪ੍ਰੋਗਰਾਮ ਉਲੀਕਿਆ । ਮੇਰੇ ਹੋਟਲ ਤੋਂ ਮਿਸਰ ਦਾ ਸਭ ਤੋਂ ਮ ਹੂਰ ਯਾਤਰੀ ਹਿਰ ਗੀ ਾ ਪੰਜ ਕਿਲੋਮੀਟਰ ਦੀ ਦੂਰੀ ਤੇ ਸੀ । ਦੁਨੀਆਂ ਭਰ ਵਿਚ ਮ ਹੂਰ ਪਿਰਾਮਿਡ ਇਥੇ ਹੀ ਮੌਜੂਦ ਹਨ । ਟੈਕਸੀ ਵਾਲੇ ਨੇ ਮੈਨੂੰ ਗੀ ਾ ਦੇ ਟਾਂਗਾ ਸਟੈਡ ਉਪਰ ਉਤਾਰ ਦਿੱਤਾ । ਟਾਂਗੇ ਵਾਲੇ ਯਾਤਰੀਆਂ ਨੂੰ ਖੂਬ ਠੱਗਦੇ ਹਨ ਅਤੇ ਜੇਕਰ ਇਨ੍ਹਾਂ ਨਾਲ ਸੌਦੇਬਾ ੀ ਨਾ ਕਰੋ ਤਾਂ ਇਹ ਚੰਗੀ ਛਿੱਲ ਲਾਹੁੰਦੇ ਹਨ । ਮੈ ਟਾਂਗੇ ਤੇ ਸਵਾਰ ਹੋ ਕੇ ਗੀ ਾ ਦੇ ਪਿਰਾਮਿਡ ਵੇਖਣ ਲਈ ਚਾਲੇ ਪਾ ਦਿੱਤੇ । ਦੁਪਹਿਰ ਹੋਣ ਤੋਂ ਪਹਿਲਾਂ ਹੀ ਸੂਰਜ ਦੀ ਤਪ ਲੂਹੀ ਜਾਂਦੀ ਸੀ । ਇਕ ਵੈਰਾਨ ਮਾਰੂਥਲ ਥੇਹ ਉਪਰ ਇਹ ਪਿਰਾਮਿਡ ਕਾਇਮ ਹਨ। ਇਹ ਦੁਨੀਆਂ ਦੇ ਸੱਤ ਅਜੂਬਿਆਂ ਵਿਚ ਾਮਲ ਹਨ । ਦੱਸਿਆ ਜਾਂਦਾ ਹੈ ਕਿ ਮਿਸਰ ਦੇ ਬਾਦ ਾਹ ਆਪਣੀ ਮੌਤ ਤੋਂ ਪਹਿਲਾਂ ਹੀ ਆਪਣੀ ਕਬਰ ਤਿਆਰ ਕਰਵਾ ਲੈਂਦੇ ਸਨ ਅਤੇ ਇਸ ਦੀ ਸੰਭਾਲ ਲਈ ਕਬਰ ਉਪਰ ਤਿਕੋਨੇ ਅਕਾਰ ਦਾ ਪਿਰਾਮਿਡ ਖੜ੍ਹਾ ਕਰ ਦਿੰਦੇ ਸਨ। ਮਿਸਰ ਦੇ ਇਤਿਹਾਸ ਬਾਰੇ ਇਹ ਪਿਰਾਮਿਡ ਵਿ ੇ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਇਨ੍ਹਾਂ ਦੀ ਬਣਤਰ ਲਈ ਵਰਤੇ ਗਏ ਭਾਰੇ ਪੱਥਰ ਕਿਸ ਤਰ੍ਹਾਂ ਜੋੜੇ ਗਏ । ਮ ੀਨੀ ਯੁੱਗ ਲਈ ਇਹ ਇਕ ਅਚੰਭਾ ਜਾਪਦਾ ਹੈ। ਮਿਸਰ ਵਿਚ ਨੀਲ ਵਾਦੀ ਦੀ ਸਭਿਅਤਾ ਬਹੁਤ ਹੀ ਵਿਕਸਤ ਹੋ ਚੁੱਕੀ ਸੀ ਅਤੇ ਇਹ ਪਿਰਾਮਿਡ ਉਸ ਦਾ ਸਬੂਤ ਪੇ ਕਰਦੇ ਹਨ । ਦੋ ਵੱਡੇ ਅਤੇ ਪੰਜ ਛੋਟੇ ਪਿਰਾਮਿਡ ਵੇਖ ਕੇ ਮੈ ੇਰ ਦੇ ਸਰੀਰ ਅਤੇ ਇਸਤਰੀ ਦੇ ਸਿਰ ਵਾਲੀ ਮੂਰਤੀ ਵੇਖੀ ਜਿਸ ਨੂੰ ਸਫਿੰਕਸ (ਛਬੀਜਅਘ) ਕਿਹਾ ਜਾਂਦਾ ਹੈ । ਤੇਜ ਧੁੱਪ ਦੇ ਬਾਵਜੂਦ ਯਾਤਰੀਆਂ ਦਾ ਹ ੂਮ ਇਥੇ ਘੁੰਮ ਰਿਹਾ ਸੀ । ਕਈ ਯਾਤਰੀ ਊਠਾਂ ਦੀ ਸਵਾਰੀ ਕਰ ਰਹੇ ਸਨ। ਇਸ ਥੇਹ ਤੋਂ ਹੇਠਾਂ ਗੀ ਾ ਦਾ ਪੁਰਾਣਾ ਕਸਬਾ ਹੈ। ਜਿਥੇ ਕਈ ਅਜਾਇਬ ਘਰ ਵੇਖਣਯੋਗ ਹਨ । ਦੋ ਘੰਟੇ ਦੀ ਯਾਤਰਾ ਬਾਅਦ ਮੈ ਆਪਣੇ ਹੋਟਲ ਪਰਤ ਆਇਆ ।

ਾਮ ਦੇ ਸਮੇ ਮੈ ਕਾਇਰਾ ਦੀਆਂ ਗਲੀਆਂ ਵਿਚ ਘੁੰਮਣਾ ੁਰੂ ਕਰ ਦਿੱਤਾ । ਰੇੜ੍ਹੇ ਉਪਰ ਤਰਬੂਜ ਵੇਚਣ ਵਾਲਾ ਟੱਕਰ ਗਿਆ ਜਿਸ ਤੋਂ ਸਸਤੇ ਭਾਅ ਖਰਬੂਜੇ ਅਤੇ ਤਰਬੂਜ ਖਰੀਦ ਲਏ । ਸਫਾਈ ਦਾ ਮਿਆਰ ਭਾਰਤ ਦੇ ਹਿਰਾਂ ਤੋਂ ਬਿਹਤਰ ਜਾਪਦਾ ਸੀ ਪਰੰਤੂ ਯੂਰਪ ਦੇ ਮੁਕਾਬਲੇ ਘਟੀਆ । ਗਲੀਆਂ ਵਿਚ ਰੇੜੀ ਵਾਲੇ, ਛੁਰੀਆਂ ਤਿੱਖੀਆਂ ਕਰਨ ਵਾਲੇ ਅਤੇ ਫੇਰੀ ਵਾਲੇ ਭਾਰਤ ਵਾਂਗ ਹੀ ਹੋਕਾ ਦੇ ਰਹੇ ਸਨ। ਇਕ ਰੈਸਤੋਰਾਂ ਵਿਚ ਕਾਫੀ ਪੀਣ ਲਈ ਦਾਖਲ ਹੋਇਆ ਤਾਂ ਵੇਖਿਆ ਕਿ ਨੌਜਵਾਨ ਹੁੱਕੇ ਦਾ ਸੂਟਾ ਲਗਾ ਰਹੇ ਹਨ। ਸਿਗਰਟਨੋ ੀ ਦਾ ਬਹੁਤ ਰਿਵਾਜ ਹੈ ਪਰੰਤੂ ਪੁਰਾਣੇ ਪੰਜਾਬ ਦੇ ਪਿੰਡਾਂ ਵਿਚ ਵੇਖਿਆ ਹੁੱਕਾ ਕਾਇਰਾ ਦੇ ਬ ਾਰਾਂ ਵਿਚ ਅੱਜ ਵੀ ਲੱਭ ਪੈਦਾ ਹੈ। ਾਕਾਹਾਰੀ ਭੋਜਨ ਮਿਲਣਾ ਅਸੰਭਵ ਜਾਪਦਾ ਸੀ । ਸੋ ਮੈ ਰਾਤ ਦੇ ਡਿਨਰ ਲਈ ਫਲ ਅਤੇ ਪੀ ਾ ਖਰੀਦ ਕੇ ਆਪਣੇ ਕਮਰੇ ਵਿਚ ਪਰਤ ਆਇਆ ।

25 ਜੂਨ ਨੂੰ ਮੈ ਕਾਇਰਾ  ਹਿਰ ਦੇ ਪੁਰਾਤਨ ਹਿੱਸੇ ਦਾ ਦੌਰਾ ਕੀਤਾ । ਇਸ ਨੂੰ  ਸਿਟਾਡੈਲ  ਕਹਿੰਦੇ ਹਨ। ਥੇਹ ਉਪਰ ਵੱਸਿਆ  ਹਿਰ ਖੰਡਰ ਬਣ ਗਿਆ ਸੀ ਅਤੇ ਇਸ ਦੀ ਖੁਦਾਈ ਕੀਤੀ ਜਾ ਰਹੀ ਹੈ । ਇਥੇ ਮਿਸਰ ਦੇ ਬਾਦ ਾਹਾਂ ਦੀਆਂ ਕਬਰਾਂ ਅਤੇ ਮਹੱਲ ਖੋਦੇ ਗਏ ਹਨ। ਕਾਇਰਾ ਵਿਚ ਹ ਾਰਾਂ ਦੀ ਗਿਣਤੀ ਵਿਚ ਮਸਜਿ ਦਾਂ ਕਾਇਮ ਹਨ ਅਤੇ ਦੋ ਮ ਹੂਰ ਮਸਜਿ ਦਾਂ ਇਸ ਥੇਹ ਉਪਰ ਮੌਜੂਦ ਹਨ। ਮਸਜਿ ਦ ਵਿਚ ਦਾਖਲ ਹੋਣ ਲੱਗਿਆ ਜੁੱਤੇ ਉਤਾਰਨੇ ਜਰੂਰੀ ਹਨ ਪ੍ਰੰਤੂ ਮੇਰੀ ਪਗੜੀ ਤੋਂ ਅਰਬੀ ਹੋਣ ਦਾ ਭੁਲੇਖਾ ਵੀ ਪੈ ਰਿਹਾ ਸੀ ਜਿਸ ਕਰਕੇ ਹਰ ਮਸਜਿ ਦ ਵਿਚ ਮੇਰਾ ਉਚੇਚਾ ਸਨਮਾਨ ਕੀਤਾ ਗਿਆ। ਇਕ ਮਸਜਿ ਦ ਦੇ ਕਾਰਿੰਦੇ ਨੇ ਦੱਸਿਆ ਕਿ ਛੱਤ ਦੀਆਂ  ਤੀਰੀਆਂ ਸੰਦਲ ਦੀਆਂ ਹਨ ਜੋ ਭਾਰਤ ਦੇ ਮੈਸੂਰ  ਹਿਰ ਤੋਂ ਲਿਆਂਦੀਆਂ ਗਈਆਂ ਸਨ । ਇਸ ਸੰਦਲ ਦੀ ਖੁ ਬੂ ਅਜੇ ਤੱਕ ਬਰਕਰਾਰ ਹੈ। ਇਸ ਥੇਹ ਉਪਰੋ ਕਾਇਰਾ  ਹਿਰ ਦਾ ਨ ਾਰਾ ਵੇਖਿਆ ।  ਹਿਰ ਦਾ ਮ ਹੂਰ ਕਬਰਿਸਤਾਨ ਵੀ ਲੱਭ ਰਿਹਾ ਸੀ ਜੋ ਕਈ ਮੀਲਾਂ ਵਿਚ ਫੈਲਿਆ ਹੋਇਆ ਹੈ। ਮਿਸਰ ਦਾ  ਵਾਰ ਮਿਊ ਿਅਮ  ਵੀ ਵੇਖਿਆ । ਅਬਦੁੱਲ ਨਾਸਰ ਮਿਸਰ ਦਾ ਹਰਮਨ ਪਿਆਰਾ ਨੇਤਾ ਹੋਇਆ ਹੈ। ਉਸ ਦੇ ਜੀਵਨ ਕਾਲ ਦੀਆਂ ਘਟਨਾਵਾਂ, ਸੁਏ  ਨਹਿਰ ਉਪਰ ਕਬ ੇ ਦੀ ਲੜਾਈ, ਮਿਸਰ।ਇ ਰਾਈਲ ਯੁੱਧ ਵਿਚ  ਹੀਦ ਹੋਏ ਫੌਜੀਆਂ ਦੇ ਚਿੱਤਰ ਅਤੇ ਹੋਰ ਜੰਗੀ ਸਮਾਨ ਇਸ ਮਿਊ ਿਅਮ ਵਿਚ ਰੱਖਿਆ ਗਿਆ ਹੈ।

 ਸਿਟਾਡੈਲ  ਤੋਂ ਮੁੜਨ ਲੱਗਿਆ ਮੈ ਨੀਲ ਦਰਿਆ ਦੇ ਕਿਨਾਰੇ ਘੁੰਮਣ ਚਲਾ ਗਿਆ । ਕਾਇਰਾ ਦੇ ਸੁੰਦਰ ਪੰਜਤਾਰਾ ਹੋਟਲ ਨੀਲ ਦੇ ਦੋਹੀ ਪਾਸੀ ਕਾਇਮ ਹਨ । ਰਾਤ ਸਮੇ ਇਸ ਦਰਿਆ ਵਿਚ ਯਾਤਰੀ ਕਿ ਤੀਆਂ ਉਪਰ ਸਵਾਰ ਹੋ ਕੇ  ਹਿਰ ਦੀ ਰੰਗੀਨੀ ਦਾ ਅਨੰਦ ਮਾਣਦੇ ਹਨ। ਰੌ ਨੀ ਵਿਚ ਵੇਖਿਆ ਕਾਇਰਾ ਪੈਰਿਸ ਨੂੰ ਮਾਤ ਪਾ ਰਿਹਾ ਜਾਪਦਾ ਹੈ ।  ਾਮ ਦੇ ਸਮੇ ਮੈ ਕਾਇਰਾ ਦੇ ਮ ਹੂਰ  ਖਾਨ।ਐਲ। ਖਲੀਲੀ  ਬ ਾਰ ਵਿਚ ਪਹੁੰਚ ਗਿਆ। ਇਸ ਦੀਆਂ ਗਲੀਆਂ ਲਾਹੌਰ ਦੇ ਅਨਾਰਕਲੀ ਬ ਾਰ ਦਾ ਭੁਲੇਖਾ ਪਾਉਦੀਆਂ ਹਨ। ਇਸ ਬ ਾਰ ਵਿਚ ਸੋਨੇ ਚਾਂਦੀ ਦੇ ਗਹਿਣੇ, ਸਜਾਵਟ ਦਾ ਸਮਾਨ ਅਤੇ ਹੋਰ ਪੁਰਾਤਨ ਵਸਤਾਂ ਮਿਲਦੀਆਂ ਹਨ। ਕਈ ਜਗਹ ਬ ਾਰ ਛੱਤਿਆ ਹੋਇਆ ਮਿਲਦਾ ਹੈ । ਬ ਾਰ ਦੇ ਨੇੜੇ ਹੀ ਹੁਸੈਨ ਮਸਜਿ ਦ ਹੈ ਜੋ ਯਾਤਰੀਆਂ ਲਈ ਖਿੱਚ ਦਾ ਕਾਰਨ ਹੈ। ਬਗੈਰ ਕਿਸੇ ਖਰੀਦੋ ਫਰੋਖਤ ਦੇ ਮੈ ਬ ਾਰ ਦਾ ਗੇੜਾ ਲਾ ਕੇ ਆਪਣੇ ਹੋਟਲ ਪਰਤ ਆਇਆ ।

26 ਜੂਨ ਮੇਰੀ ਕਾਇਰਾ ਯਾਤਰਾ ਦਾ ਆਖਰੀ ਦਿਨ ਹੋਣ ਕਰਕੇ ਮੈ ਇਥੋ ਦੀ ਯੂਨੀਵਰਸਿਟੀ ਅਤੇ ਅਜਾਇਬ ਘਰ ਵੇਖਣ ਦਾ ਪ੍ਰੋਗਰਾਮ ਬਣਾ ਰੱਖਿਆ ਸੀ । ਟੈਕਸੀ ਤੇ ਸਵਾਰ ਹੋ ਕੇ ਮੈ ਪਹਿਲਾਂ ਅਜਾਇਬ ਘਰ ਪਹੁੰਚ ਗਿਆ। ਇਥੇ ਕਈ ਰੋਕਾਂ ਨੂੰ ਪਾਰ ਕਰਕੇ ਅੰਦਰ ਦਾਖਲ ਹੋਇਆ ਤਾਂ ਯਾਤਰੀਆਂ ਦੀ ਭੀੜ ਨ ਰੀ ਪਈ । ਲੱਗਭੱਗ ਹਰ ਦੇ  ਦਾ ਯਾਤਰੀ ਇਥੇ ਲੱਭ ਰਿਹਾ ਸੀ । ਜਪਾਨੀ, ਅਮਰੀਕਨ, ਇਤਾਲੀਅਨ, ਫਰਾਂਸੀਸੀ ਅਤੇ ਜਰਮਨ ਆਪਣੇ ਗਰੁੱਪਾਂ ਵਿਚ ਘੁੰਮ ਰਹੇ ਸਨ। ਦੋ ਭਾਰਤੀ ਵੀ ਟੱਕਰ ਪਏ ਜੋ ਬੰਬਈ ਤੋਂ ਕਿਸੇ ਸਮੁੰਦਰੀ ਜਹਾ  ਤੇ ਪਧਾਰੇ ਸਨ। ਇਸ ਅਜਾਇਬ ਘਰ ਦੀਆਂ ਕਈ ਗੈਲਰੀਆਂ ਹਨ ਪਰੰਤੂ ਸਭ ਤੋਂ ਵੱਧ ਭੀੜ  ਮੱਮੀਆਂ  ਵਾਲੀ ਗੈਲਰੀ ਵਿਚ ਵੇਖੀ ਗਈ । ਮਿਸਰ ਦੇ ਬਾਦ ਾਹਾਂ ਦੀਆਂ ਮੁਰਦਾ ਦੇਹਾਂ ਨੂੰ ਕਿਸੇ ਐਸੀ ਵਿਧੀ ਨਾਲ ਸੁਰੱਖਿਅਤ ਰੱਖਿਆ ਗਿਆ ਹੈ ਕਿ ਹ ਾਰਾਂ ਸਾਲ ਬਾਅਦ ਵੀ ਇਹ ਜਿਉ ਦੀਆਂ ਤਿਉ ਕਾਇਮ ਹਨ । ਇਹ ਮੁਰਦਾ ਸਰੀਰ ਲੱਕੜ ਦੇ ਕਲਬੂਤ ਵਿਚ ਜੜੇ ਹੁੰਦੇ ਹਨ ਅਤੇ ਇਨ੍ਹਾਂ ਉਪਰ ਹੀਰੇ ਜਵਾਹਰਾਤ ਅਤੇ ਵੰਨ ਸਵੰਨੀ ਮੀਨਾਕਾਰੀ ਕੀਤੀ ਗਈ ਮਿਲਦੀ ਹੈ। ਇਹ ਕਲਬੂਤ ਵੱਡੇ ਸੰਦੂਕਾਂ ਵਿਚ ਰੱਖੇ ਜਾਂਦੇ ਸਨ ਅਤੇ ਮਿਰਤਕ ਦੀ ਹੈਸੀਅਤ ਅਨੁਸਾਰ ਸੋਨੇ ਦੇ ਜੇਵਰ, ਮੋਹਰਾਂ ਅਤੇ ਖਾਣ ਪੀਣ ਦੀਆਂ ਵਸਤਾਂ ਵੀ ਨਾਲ ਹੀ ਦਫਨਾਈਆਂ ਜਾਂਦੀਆਂ ਸਨ। ਇਹੋ ਕਾਰਨ ਹੈ ਕਿ ਮਿਸਰ ਦੇ ਚੋਰਾਂ ਡਾਕੂਆਂ ਨੇ ਇਹ ਕਬਰਾਂ ਪੁੱਟ ਕੇ ਧਨ ਦੌਲਤ ਲੁੱਟਣੀ _ਰੂ ਕਰ ਦਿਤੀ ਸੀ। ਜੋ ਕੁਝ ਬਚ ਗਿਆ ਉਹ ਇਸ ਅਜਾਇਬ ਘਰ ਵਿਚ ਸਾਂਭਿਆ ਗਿਆ ਹੈ।  ਮੱਮੀਆਂ  ਉਪਰ ਵਿਗਿਆਨਕ ਖੋਜ ਦਵਾਰਾ ਮਿਸਰ ਦੇ ਪੁਰਾਤਨ ਇਤਿਹਾਸ ਦੇ ਸਰੋਤਾਂ ਬਾਰੇ ਜਾਣਕਾਰੀ ਮਿਲੀ ਹੈ ।

ਕਾਇਰਾ ਵਿਚ ਮੈਟਰੋ ਰੇਲ ਗੱਡੀ ਵੀ ਚੱਲਦੀ ਹੈ । ਇਕ ਵਿਦਿਆਰਥੀ ਨੇ ਮੇਰੀ ਟਿਕਟ ਖਰੀਦ ਲਈ ਅਤੇ ਅਸੀ ਕਾਇਰੋ ਯੂਨੀਵਰਸਿਟੀ ਦੇ ਸਟੇ ਨ ਉਪਰ ਜਾ ਉਤਰੇ । ਮੈ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਨੂੰ ਮਿਲਿਆ ਅਤੇ ਵਿਭਾਗ ਦੇ ਖੋਜ ਕੰਮਾਂ ਬਾਰੇ ਜਾਣਕਾਰੀ ਹਾਸਲ ਕੀਤੀ । ਕਾਇਰਾ ਵਿਚ ਇਕ ਦਰਜਨ ਦੇ ਕਰੀਬ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਖੁੱਲ੍ਹ ਗਈਆਂ ਹਨ। ਕਾਇਰਾ ਅਫਰੀਕਾ ਦਾ ਸਭ ਤੋਂ ਵੱਡਾ  ਹਿਰ ਹੈ, ਇਹ ਵਿ ਵ ਭਰ ਵਿਚ ਪੁਰਾਤਨ ਮਿਸਰੀ ਸਭਿਅਤਾ ਦਾ ਕੇਦਰ ਮੰਨਿਆ ਜਾਂਦਾ ਹੈ ਅਤੇ  ਮਿਸਰ ਦਾ ਨਗੀਨਾ  ਹੋਣ ਦਾ ਅਧਿਕਾਰੀ ਹੈ। ਸਮੇ ਦੀ ਥੁੜ ਕਾਰਨ ਮੈ ਮਿਸਰ ਦੇ ਦੋ  ਹਿਰ ਸਿਕੰਦਰੀਆ ਅਤੇ ਲਕਸਰ ਨਾ ਵੇਖ ਸਕਿਆ । ਮੇਰੀ ਤਮੰਨਾ ਹੈ ਕਿ ਅਗਲੀ ਯਾਤਰਾ ਦੌਰਾਨ ਮੈ ਪੂਰੇ ਮਿਸਰ ਦਾ ਦੌਰਾ ਕਰਾਂ, ਕਿਉ ਕਿ ਮਿਸਰੀ ਲੋਕ ਭਾਰਤੀਆਂ ਦੀ ਚੰਗੀ ਕਦਰ ਕਰਦੇ ਹਨ ।